








Nineteenth Year of Publication ਨਿਊ ਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 10, March 10, 2018 20451 N. Plum Grove Rd., Palatine, IL 60074 Ph:847-359-0746, Fax:847-705-9388


# ਕੈਪਟਨ ਸਰਕਾਰ ’ਚ ਵੱਡੀ ਹਿਲਜੁਲ ਦੇ ਚਰਚੇ

## ਮਨਪ੍ਰੀਤ ਸਿੰਘ ਬਾਦਲ ਤੋਂ ਨਾਰਾਜ਼ ਹਨ ਮੁੱਖ ਮੰਤਰੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਆਰਥਿਕ ਮੁਹਾਜ਼ ਉਤੇ ਨਕਾਮੀਆਂ ਨਾਲ ਦੋ-ਦੋ ਹੱਥ ਕਰ ਰਹੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਿਚ ਵੱਡੀ ਹਿਲਜੁਲ ਦੇ ਆਸਾਰ ਬਣ ਗਏ ਹਨ। ਸਰਕਾਰ ਬਣਨ ਦੇ ਤਕਰੀਬਨ ਇਕ ਸਾਲ ਪਿੱਛੋਂ ਵੀ ਵਿੱਤੀ ਹਾਲਾਤ ਨੂੰ ਲੀਹੇ ਪਾਉਣ ਵਿਚ ਨਾਕਾਮ ਰਹਿਣਾ ਸਰਕਾਰ ਲਈ ਸਭ ਤੋਂ ਵੱਡੀ ਸਿਰਦਰਦੀ ਬਣੀ ਹੋਈ ਹੈ। ਅਜਿਹੇ ਹਾਲਾਤ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਕੁਰਸੀ ਖੁੱਸਣ ਦੇ ਵੀ ਚਰਚੇ ਹਨ।

ਪਤਾ ਲੱਗਾ ਹੈ ਕਿ ਕੈਪਟਨ ਨੇ ਮੰਤਰੀ ਮੰਡਲ ਵਿਚ ਵਿਸਥਾਰ ਲਈ ਹਾਈਕਮਾਨ ਨੂੰ ਸੂਚੀ ਭੇਜੀ ਹੈ, ਇਸ ਵਿਚ ਵਿੱਤ ਮੰਤਰੀ ਬਦਲਣ ਬਾਰੇ ਵੀ ਸਿਫਾਰਸ਼ ਕੀਤੀ ਗਈ ਹੈ। ਇਹ ਵੀ ਸੂਹ ਹੈ ਕਿ ਕਾਂਗਰਸ ਵਿਧਾਇਕ ਤੇ ਸੀਨੀਅਰ ਆਗੂ, ਵਿੱਤ ਮੰਤਰੀ ਮਨਪ੍ਰੀਤ ਬਾਦਲ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀਆਂ ‘ਆਪਹੁਦਰੀਆਂ’ ਤੋਂ ਕਾਫੀ ਔਖੇ ਹਨ। ਯਾਦ ਰਹੇ ਕਿ ਇਹ ਦੋਵੇਂ ਆਗੂ ਵਿਧਾਨ ਸਭ ਚੋਣਾਂ ਤੋਂ ਐਨ



ਪਹਿਲਾਂ ਕਾਂਗਰਸ ਵਿਚ ਰਲੇ ਸਨ ਤੇ ਦੋਵਾਂ ਕੋਲ ਇਸ ਸਮੇਂ ਅਹਿਮ ਵਿਭਾਗ ਹਨ। ਸਿੱਧੂ ਨੂੰ ਪਿਛਲੇ ਮਹੀਨੇ ਸ਼ਹਿਰੀ ਚੋਣਾਂ ਵਿਚ ਕਾਂਗਰਸ ਨੇ ‘ਔਕਾਤ’ ਵਿਚ ਰਹਿਣ ਦਾ ਸੁਨੇਹਾ ਦਿੱਤਾ ਸੀ। ਹੁਣ ਮਨਪ੍ਰੀਤ ਬਾਦਲ ਦੀ ਵਾਰੀ ਆਉਣ ਬਾਰੇ ਚਰਚੇ ਸਨ।

ਦੱਸ ਦਈਏ ਕਿ ਮਨਪ੍ਰੀਤ ਹੁਣ ਤੱਕ ਵਿੱਤੀ ਕੰਗਾਲੀ ਨੂੰ ਪਿਛਲੀ ਬਾਦਲ ਸਰਕਾਰ ਦੀ ਵਿਰਸੇ ਵਿਚ ਦੇਣ ਦਾ ਰੌਲਾ ਪਾਉਂਦੇ ਆਏ ਹਨ ਪਰ ਹੁਣ ਇਕ ਸਾਲ ਪਿੱਛੋਂ ਅਜਿਹੇ ਬਹਾਨੇ ਚੱਲਣੇ ਮੁਸ਼ਕਿਲ ਹਨ। 800 ਸਕੂਲਾਂ ਦੀ ਤਾਲਾਬੰਦੀ, ਬਠਿੰਡਾ ਥਰਮਲ ਪਲਾਂਟ ਬੰਦ ਕਰਨ ਅਤੇ ਸੇਵਾ ਕੇਂਦਰਾਂ ਨੂੰ ਤਾਲੇ ਮਾਰਨ ਦਾ ਫੈਸਲਾ ਵੀ ਮਨਪ੍ਰੀਤ ਦੇ ਦਿਮਾਗ ਦੀ ਉਪਜ ਦੱਸਿਆ ਜਾ ਰਿਹਾ ਹੈ, ਜਿਸ ਕਾਰਨ ਉਨ੍ਹਾਂ ਨੂੰ ਕਈ ਵਾਰ ਲੋਕ ਰੋਹ ਦਾ ਸਾਹਮਣਾ ਵੀ ਕਰਨਾ ਪਿਆ। ਇਨ੍ਹਾਂ ਫੈਸਲਿਆਂ ਨੇ ਸਰਕਾਰ ਦੀ ਸਾਖ ਨੂੰ ਵੀ ਧੱਬਾ ਲਾਇਆ ਹੈ।

ਕੈਪਟਨ ਅਮਰਿੰਦਰ ਸਿੰਘ, ਮਨਪ੍ਰੀਤ ਬਾਦਲ ਤੋਂ ਇਸ ਲਈ ਵੀ ਨਾਰਾਜ਼ ਹਨ ਕਿ ਹੁਣ ਤੱਕ ਉਹ ਕੇਂਦਰ ਸਰਕਾਰ ਤੋਂ ਕੋਈ ਮਾਲੀ ਰਾਹਤ ਲਿਆਉਣ ਵਿਚ ਨਾਕਾਮ ਰਹੇ ਹਨ। ਅਨਾਜ ਖਰੀਦਣ ਬਦਲੇ ਕੀਤੀਆਂ ਜਾਣ ਵਾਲੀਆਂ ਅਦਾਇਗੀਆਂ ਦੇ ਮਾਮਲੇ ਵਿਚ ਪੰਜਾਬ ਵੱਲੋਂ ਐਫ.ਸੀ.ਆਈ. ਵਾਂਗ ਬਰਾਬਰ ਵਿਆਜ ਦਰਾਂ ਵਸੂਲਣ ਦੀ ਕੀਤੀ ਬੇਨਤੀ ਕੇਂਦਰ ਨੇ ਮਨਜ਼ੂਰ ਨਹੀਂ ਕੀਤੀ ਸੀ। ਅਜੇ ਪਿਛਲੇ ਮਹੀਨੇ ਹੀ ਭਵਨ ਤੇ ਸ਼ਹਿਰੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਤੇ ਨੀਤੀ ਅਯੋਗ ਦੀ ਟੀਮ

*(ਬਾਕੀ ਸਫਾ 6 ਉਤੇ)*

## ਵਾਦੀ ਵਿਚ ਮੁੜ ਤਣਾਅ

**ਸ੍ਰੀਨਗਰ:** ਉਤਰੀ ਕਸ਼ਮੀਰ ਦੇ ਸ਼ੋਪੀਆਂ ਜਿਲ੍ਹੇ ਵਿਚ ਛੇ ਮੌਤਾਂ ਕਾਰਨ ਵਾਦੀ ਵਿਚ ਤਣਾਅ ਵਧ ਗਿਆ ਹੈ। ਫੌਜ ਦਾ ਦਾਅਵਾ ਹੈ ਕਿ ਮਾਰੇ ਗਏ ਸਾਰੇ ਬੰਦੇ ਅਤਿਵਾਦੀ ਸਨ ਪਰ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਫੌਜ ਨੇ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ। ਲੋਕਾਂ ਵਿਚ ਰੋਹ ਉਸ ਸਮੇਂ ਹੋਰ ਵਧ ਗਿਆ ਜਦੋਂ ਸੂਬੇ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਬਿਆਨ ਦੇ ਦਿੱਤਾ ਕਿ ਸ਼ੋਪੀਆਂ ਨੇੜੇ ਹੋਈ ਦੁਵੱਲੀ ਫਾਇਰਿੰਗ ਵਿਚ ਆਮ ਨਾਗਰਿਕਾਂ ਦੀਆਂ ਮੌਤਾਂ ‘ਤੇ ਉਨ੍ਹਾਂ ਬਹੁਤ ਦੁਖ ਹੈ।

ਦੱਸ ਦਈਏ ਕਿ ਫੌਜ ਦੀ ਮੋਬਾਈਲ

*(ਬਾਕੀ ਸਫਾ 6 ਉਤੇ)*

# ਦਰਬਾਰ ਸਾਹਿਬ ‘ਤੇ ਫੌਜੀ ਹਮਲੇ ਬਾਰੇ ਖੁੱਲ੍ਹਣਗੇ ਰਾਜ਼

**ਲੰਡਨ (ਬਿਊਰੋ):** ਦਰਬਾਰ ਸਾਹਿਬ ਅੰਮ੍ਰਿਤਸਰ ਉਤੇ 1984 ਨੂੰ ਫੌਜੀ ਹਮਲੇ (ਉਪਰੇਸ਼ਨ ਬਲਿਊ ਸਟਾਰ) ਵਿਚ ਬਰਤਾਨੀਆ ਸਰਕਾਰ ਦੀ ਭੂਮਿਕਾ ਬਾਰੇ ਚਰਚਾ ਫਿਰ ਭਖ ਗਈ ਹੈ। ਮਾਰਗ੍ਰੇਟ ਥੈਚਰ ਸਰਕਾਰ ਦੀ ਉਪਰੇਸ਼ਨ ਬਲਿਊ ਸਟਾਰ ਵਿਚ ਭੂਮਿਕਾ ਸਬੰਧੀ ਫਾਈਲਾਂ ਮੁੜ ਜਨਤਕ ਕਰਨ ਦੀ ਗੱਲ ਤੁਰ ਪਈ ਹੈ। ਪੱਤਰਕਾਰ ਫਿਲ ਮਿੱਲਰ ਵੱਲੋਂ ਕੇ ਆਰ ਡਬਲਿਊ ਲਾਅ ਨੇ ਬ੍ਰਿਟਿਸ਼ ਟ੍ਰਿਬਿਊਨਲ ਸਾਹਮਣੇ ਇਹ ਮੰਗ ਰੱਖੀ ਹੈ।

ਫਰੀਡਮ ਆਫ ਇਨਫਾਰਮੇਸ਼ਨ ਦੀ ਬੇਨਤੀ ਉਤੇ ਯੂ ਕੇ ਦੀ ਕੈਬਨਿਟ ਦੀਆਂ ਉਸ ਸਮੇਂ ਦੀਆਂ ਫਾਈਲਾਂ ਜਨਤਕ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਹ ਵੀ ਤਰਕ ਦਿੱਤਾ ਜਾ ਰਿਹਾ ਹੈ ਕਿ ਹੁਣ ਤਾਂ ਇਸ ਦਾ ਡਿਪਲੋਮੇਸੀ ‘ਤੇ ਵੀ ਅਸਰ ਨਹੀਂ ਪਵੇਗਾ, ਕਿਉਂਕਿ ਇਹ ਕਹਾਣੀ ਬਹੁਤ ਪੁਰਾਣੀ ਹੋ ਚੁੱਕੀ ਹੈ। ਮਿੱਲਰ ਨੇ ਆਖਿਆ ਹੈ ਕਿ ਇਹ ਗੱਲ ਛੇਤੀ ਤੋਂ ਛੇਤੀ ਜਨਤਕ ਹੋਣੀ ਚਾਹੀਦੀ ਹੈ, ਕਿਉਂਕਿ ਸੂਚਨਾ ਦੇ ਅਧਿਕਾਰ ਜ਼ਰੀਏ ਇਹ ਮੰਗ ਉਠ ਰਹੀ ਹੈ। ਭਾਰਤ ਤੇ ਬਰਤਾਨੀਆ ਦੇ ਕਈ ਸਿਆਸਤਦਾਨ ਵੀ ਇਸ ਪੱਖ ਵਿਚ ਹਨ।

2014 ਵਿਚ ਯੂ ਕੇ ਸਰਕਾਰ ਨੇ ਇਸ ਸਬੰਧੀ ਆਪਣੇ ਕੁਝ ਦਸਤਾਵੇਜ਼ ਜਨਤਕ ਕੀਤੇ ਸਨ ਜਿਨ੍ਹਾਂ ‘ਚ ਸਾਹਮਣੇ ਆਇਆ ਸੀ ਕਿ ਬ੍ਰਿਟਿਸ਼ ਫੌਜ ਨੇ ਇਸ ਸਬੰਧੀ ਭਾਰਤੀ ਸੈਨਾ ਨੂੰ ਸਲਾਹ ਦਿੱਤੀ ਸੀ; ਖਾਸ ਕਰ ਕੇ ਸਪੈਸ਼ਲ ਏਅਰ ਸਰਵਿਸ ਸਬੰਧੀ ਇਹ ਸਲਾਹ ਦਿੱਤੀ ਗਈ ਸੀ। ਉਸ ਪਿਛੋਂ ਬਾਕੀ ਦੇ ਦਸਤਾਵੇਜ਼ ਰਿਲੀਜ਼ ਨਹੀਂ ਹੋਏ ਸਨ।

ਪੱਤਰਕਾਰ ਫਿਲ ਮਿੱਲਰ ਦਾ ਕਹਿਣਾ ਹੈ ਕਿ ਪੂਰੀ ਪਾਰਦਰਸ਼ਤਾ ਨਾਲ ਇਹ ਸੱਚ ਸਾਹਮਣੇ ਆਉਣਾ ਚਾਹੀਦਾ ਹੈ ਕਿ ਬਰਤਾਨੀਆ ਦਾ ਕੀ ਰੋਲ ਸੀ। ਇਹ ਵੀ ਦੋਸ਼ ਲੱਗ ਰਹੇ ਹਨ ਕਿ ਉਦੋਂ ਥੈਚਰ ਸਰਕਾਰ ਨੇ ਭਾਰਤ ਨੂੰ ਮਿਲਟਰੀ ਸਲਾਹਾਂ ਦੇਣ ਬਦਲੇ ਬਰਤਾਨੀਆ ਨੂੰ ਵਪਾਰ ਤੇ ਹਥਿਆਰ ਵੇਚਣ ਦੀਆਂ ਵੱਡੀਆਂ ਡੀਲਾਂ ਮਿਲੀਆਂ ਸਨ। ਯੂ ਕੇ ਕੈਬਨਿਟ ਲਗਾਤਾਰ ਇਹ ਕਹਿ ਕੇ ਫਾਈਲਾਂ ਜਨਤਕ ਕਰਨ ਦੀ ਗੱਲ ਨੂੰ ਰੱਦ ਕਰਦੀ ਆਈ ਹੈ ਕਿ ਇਸ ਨਾਲ ਭਾਰਤ ਤੇ ਬਰਤਾਨੀਆ ਦੇ ਕੌਮਾਂਤਰੀ ਸਬੰਧਾਂ ‘ਤੇ ਵੱਡਾ ਅਸਰ ਪਵੇਗਾ।






# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

ੴ ਸਤਿਗੁਰ ਪ੍ਰਸਾਦਿ॥

# ਸਮੂਹ ਸੰਗਤਾਂ ਨੂੰ

# 550ਵੇਂ ਨਵੇਂ ਸਾਲ ਦੀ ਵਧਾਈ

ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ 550ਵਾਂ ਨਵਾਂ ਸਾਲ 14 ਮਾਰਚ, ਬੁੱਧਵਾਰ ਨੂੰ ਆ ਰਿਹਾ ਹੈ ਜੋ ਸੰਗਤਾਂ ਦੇ ਪਿਆਰ ਤੇ ਉਦਮ ਸਦਕਾ ਸ਼ਰਧਾ ਭਾਵਨਾ ਤੇ ਧੂਮ ਧਾਮ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮ ਦਾ ਵੇਰਵਾ

### 13 ਮਾਰਚ 2018, ਮੰਗਲਵਾਰ

ਸ਼ਾਮ: 5.45 ਤੋਂ ਰਾਤ 12 ਵਜੇ ਤਕ
ਰਾਤ 12 ਵਜੇ ਫੁੱਲਾਂ ਦੀ ਵਰਖਾ ਤੇ ਆਰਤੀ
ਕੀਰਤਨ ਉਪਰੰਤ ਅਰਦਾਸ ਤੇ ਸਮਾਪਤੀ ਹੋਵੇਗੀ

### 14 ਮਾਰਚ 2018, ਬੁੱਧਵਾਰ

ਸਵੇਰ ਤੋਂ ਦੁਪਹਿਰ ਇਕ ਵਜੇ ਤੱਕ ਤੇ ਸ਼ਾਮ ਨੂੰ 8 ਵਜੇ ਤੱਕ ਪ੍ਰੋਗਰਾਮ ਹੋਵੇਗਾ ਜੀ



### ਪਹੁੰਚ ਰਹੇ ਪੰਥ ਪ੍ਰਸਿਧ ਰਾਗੀ, ਢਾਡੀ ਜਥੇ ਅਤੇ ਪ੍ਰਚਾਰਕ

ਭਾਈ ਗੁਰਪ੍ਰੀਤ ਸਿੰਘ ਬੱਲੜ ਵਾਲੇ
ਭਾਈ ਬਲਜੀਤ ਸਿੰਘ ਦਿੱਲੀ ਵਾਲੇ
ਭਾਈ ਹਰਿੰਦਰ ਸਿੰਘ ਬੰਬੇ ਵਾਲੇ
ਭਾਈ ਗੁਰਿੰਦਰਵੀਰ ਸਿੰਘ (ਹਜੂਰੀ ਰਾਗੀ)
ਢਾਡੀ ਜਥਾ: ਬੀਬੀ ਜਸਵਿੰਦਰ ਕੌਰ ਰਾਮਾ ਮੰਡੀ ਵਾਲੇ
ਕਥਾਵਾਚਕ: ਗਿਆਨੀ ਗੁਰਚੇਤਨ ਸਿੰਘ ਹਰਿਆਓ

## ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

*ਲਾਈਵ ਪ੍ਰੋਗਰਾਮ ਯੂ ਟਿਊਬ 'ਤੇ ਦੇਖਿਆ ਜਾ ਸਕੇਗਾ*

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਮੁੱਖ ਸੇਵਾਦਾਰ ਭਾਈ ਸੱਜਣ ਸਿੰਘ** *(ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)*

ਫੋਨ: 718-343-1030

# ਪੰਥਕ ਮਸਲਿਆਂ ਬਾਰੇ ਦੋ ਰੋਜ਼ਾ ਕਨਵੈਨਸ਼ਨ ਹੋਈ

**ਨਿਊ ਯਾਰਕ (ਬਿਊਰੋ):** ਇਥੇ ਹੋਈ ਇਕ ਦੋ ਰੋਜ਼ਾ ਪੰਥਕ ਕਨਵੈਨਸ਼ਨ ਵਿਚ ਦੇਸ਼ ਵਿਦੇਸ਼ ਤੋਂ ਪਹੁੰਚੇ ਸਿੱਖ ਬੁਲਾਰਿਆਂ ਨੇ ਸਿੱਖ ਮਸਲਿਆਂ ਦੇ ਢੁਕਵੇਂ ਹੱਲ ਲਈ 'ਵਰਲਡ ਸਿੱਖ ਪਾਰਲੀਮੈਂਟ' ਦੀ ਹਮਾਇਤ ਵਿਚ ਆਪੋ ਆਪਣੇ



ਵਿਚਾਰ ਪੇਸ਼ ਕੀਤੇ। ਕਨਵੈਨਸ਼ਨ ਵਿਚ ਅਮਰੀਕਾ ਤੇ ਕੈਨੇਡਾ ਤੋਂ ਇਲਾਵਾ ਆਸਟਰੇਲੀਆ, ਨਿਊਜ਼ੀਲੈਂਡ, ਭਾਰਤੀ ਪੰਜਾਬ, ਜਰਮਨ, ਹਾਲੈਂਡ ਅਤੇ ਇਟਲੀ ਤੋਂ ਵੀ ਬੁਲਾਰੇ ਪਹੁੰਚੇ। ਇਸ ਵੇਲੇ ਐਲਾਨ ਕੀਤਾ ਗਿਆ ਕਿ 'ਵਰਲਡ ਸਿੱਖ ਪਾਰਲੀਮੈਂਟ' ਦੀ ਪੰਜਾਬ ਇਕਾਈ ਦੀ 15 ਮੈਂਬਰੀ ਕਮੇਟੀ ਵਿਸਾਖੀ ਮੌਕੇ ਗਠਿਤ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਦੁਨੀਆਂ ਭਰ ਦੇ ਸਿੱਖਾਂ ਦੀ ਸਿਰਮੌਰ ਸੰਸਥਾ 'ਵਰਲਡ ਸਿੱਖ ਪਾਰਲੀਮੈਂਟ' ਬਣਾਉਣ ਦਾ ਐਲਾਨ ਅਗਸਤ 2017 ਵਿਚ ਬਰਮਿੰਘਮ (ਯੂ. ਕੇ.) ਵਿਖੇ ਕੀਤਾ ਗਿਆ ਸੀ। ਇਸ ਦੇ ਮੱਦੇਨਜ਼ਰ ਹੋਈ ਕਨਵੈਨਸ਼ਨ ਵਿਚ ਹਾਜ਼ਰ ਹੋਣ ਦਾ ਸੱਦਾ ਸਿੱਖ ਜਥੇਬੰਦੀਆਂ ਅਤੇ ਗੁਰੂ ਘਰ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਭੇਜਿਆ ਗਿਆ ਸੀ।

ਪ੍ਰੋਗਰਾਮ ਦੀ ਸ਼ੁਰੂਆਤ ਅਰਦਾਸ ਨਾਲ ਹੋਈ। ਉਪਰੰਤ ਪੰਜਾਬ ਤੋਂ ਉਚੇਚਾ ਪਹੁੰਚੇ ਭਾਈ ਅਮਰ ਸਿੰਘ ਚਾਹਲ ਨੇ ਮੁਤਵਾਜੀ ਜਥੇਦਾਰ ਜਗਤਾਰ ਸਿੰਘ ਹਵਾਰਾ ਵਲੋਂ ਕੌਮ ਦੀ ਚੜ੍ਹਦੀ ਕਲਾ, ਵਰਲਡ ਸਿੱਖ ਪਾਰਲੀਮੈਂਟ ਦੀ ਤੁਰੰਤ ਹੋਂਦ ਅਤੇ ਕਨਵੈਨਸ਼ਨ ਦੀ ਕਾਮਯਾਬੀ ਲਈ ਭੇਜਿਆ ਸ਼ੁੱਭ ਇੱਛਾਵਾਂ ਭਰਿਆ ਸੁਨੇਹਾ ਪੜ੍ਹ ਕੇ ਸੁਣਾਇਆ। ਡਾ. ਹਰਜੀਤ ਸਿੰਘ ਨੇ ਦਲ ਖਾਲਸਾ ਦੇ ਮੁਖੀ ਭਾਈ ਹਰਪਾਲ ਸਿੰਘ ਚੀਮਾ ਦਾ ਸੁਨੇਹਾ ਪੜ੍ਹ ਕੇ ਸੁਣਾਇਆ।

ਇਸ ਤੋਂ ਇਲਾਵਾ ਭਾਈ ਰਾਮ ਸਿੰਘ ਦਮਦਮੀ ਟਕਸਾਲ, ਭਾਈ ਜੋਗਿੰਦਰ ਸਿੰਘ ਵੇਦਾਂਤੀ (ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ), ਸਤਨਾਮ ਸਿੰਘ ਖੰਡਾ, ਭਾਈ ਜੋਗਾ ਸਿੰਘ, ਭਾਈ ਮਨਪ੍ਰੀਤ ਸਿੰਘ, ਸਤਿਕਾਰ ਕਮੇਟੀ ਵੈਨਕੂਵਰ, ਰਣਜੀਤ ਸਿੰਘ ਸਰਾਏ, ਅਮਰੀਕ ਸਿੰਘ ਸਹੋਤਾ (ਕੌਂਸਲ ਆਫ ਖਾਲਿਸਤਾਨ, ਯੂ. ਕੇ.), ਅਤਿੰਦਰਪਾਲ ਸਿੰਘ, ਐਡਵੋਕੇਟ ਨਵਕਿਰਨ ਸਿੰਘ ਚੰਡੀਗੜ੍ਹ, ਜੇ. ਐਸ. ਆਹਲੂਵਾਲੀਆ, ਜਸਦੇਵ ਸਿੰਘ (ਮੈਂਬਰ ਸੁਪਰੀਮ ਕੌਂਸਲ, ਗੁਰਦੁਆਰਾ ਫਰੀਮਾਂਟ) ਅਤੇ ਹੋਰ ਅਨੇਕਾਂ ਗੁਰਸਿੱਖਾਂ ਦੇ ਸੁਨੇਹੇ ਪੜ੍ਹ ਕੇ ਸੁਣਾਏ ਗਏ।

ਇਸ ਮੌਕੇ ਬੁਲਾਰਿਆਂ ਨੇ ਸਪਸ਼ਟ ਕੀਤਾ ਕਿ ਸਿੱਖਾਂ ਵਾਸਤੇ ਆਪਣੇ ਆਜ਼ਾਦ ਘਰ 'ਖਾਲਿਸਤਾਨ' ਦੀ ਪ੍ਰਾਪਤੀ ਅਤਿਅੰਤ ਜ਼ਰੂਰੀ ਹੈ। ਬੁਲਾਰਿਆਂ ਨੇ ਕਿਹਾ ਕਿ ਭਾਰਤ ਵਿਚ ਮਜ਼ਦੂਰ, ਅਨੁਸੂਚਿਤ ਤੇ ਪੱਛੜੀਆਂ ਜਾਤਾਂ, ਸਿੱਖਾਂ ਤੇ ਹੋਰ ਘੱਟ ਗਿਣਤੀ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੈ ਅਤੇ ਹਿੰਦੂਤਵ ਰਾਜ ਅੰਦਰ ਜੀਵਨ ਗ਼ੁਲਾਮਾਂ ਤੋਂ ਵੀ ਬਦਤਰ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਿਚ ਵਰਲਡ ਸਿੱਖ ਪਾਰਲੀਮੈਂਟ ਹੀ ਰੌਸ਼ਨੀ ਦੀ ਇੱਕ ਪ੍ਰਤੀਕ ਹੋਵੇਗੀ।

ਕਨਵੈਨਸ਼ਨ ਨੂੰ ਹੋਰਨਾਂ ਤੋਂ ਇਲਾਵਾ ਪੰਜਾਬ ਤੋਂ ਅਮਰ ਸਿੰਘ ਚਾਹਲ, ਸੁਰਿੰਦਰ ਸਿੰਘ, ਡਾ. ਗੁਰਦਰਸ਼ਨ ਸਿੰਘ, ਈਸ਼ਰ ਸਿੰਘ, ਸੁਖਵਿੰਦਰ ਸਿੰਘ ਨਾਗੋਕੇ, ਪ੍ਰੋ. ਹਰਪਾਲ ਸਿੰਘ, ਆਸਟਰੇਲੀਆ ਤੋਂ ਸੁਖਰਾਜਵਿੰਦਰ ਸਿੰਘ, ਕੁਲਦੀਪ ਸਿੰਘ, ਸ਼ਾਮ ਸਿੰਘ, ਮਨਿੰਦਰ ਸਿੰਘ, ਦਲਜਿੰਦਰ ਸਿੰਘ, ਨਿਊਜ਼ੀਲੈਂਡ ਤੋਂ ਗੁਰਮੇਲ ਸਿੰਘ, ਦਲਜਿੰਦਰ ਸਿੰਘ, ਕੈਨੇਡਾ ਤੋਂ ਕੁਲਦੀਪ ਸਿੰਘ, ਸੁਖਦੇਵ ਸਿੰਘ, ਭਗਤ ਸਿੰਘ ਭੰਡਾਲ, ਕੁਲਵੀਰ ਸਿੰਘ, ਯੂ. ਕੇ. ਤੋਂ ਦੁਪਿੰਦਰਜੀਤ ਸਿੰਘ, ਜਗਜੀਤ ਸਿੰਘ, ਜਗਬੀਰ ਸਿੰਘ, ਹਾਲੈਂਡ ਤੋਂ ਜਸਵਿੰਦਰ ਸਿੰਘ, ਜਰਮਨੀ ਤੋਂ ਗੁਰਚਰਨ ਸਿੰਘ ਗੁਰਾਇਆ, ਨਰਿੰਦਰ ਸਿੰਘ ਅਤੇ ਇਟਲੀ ਤੋਂ ਜਸਵੀਰ ਸਿੰਘ ਨੇ ਸੰਬੋਧਨ ਕੀਤਾ।

ਇਸ ਮੌਕੇ ਦੁਪਿੰਦਰਜੀਤ ਸਿੰਘ ਯੂ. ਕੇ. ਨੇ 13 ਮੈਂਬਰਾਂ ਦੇ ਯੂ. ਕੇ. ਤੋਂ ਅਤੇ ਜਸਵਿੰਦਰ ਸਿੰਘ ਹਾਲੈਂਡ ਨੇ 14 ਮੈਂਬਰਾਂ ਦੇ ਨਾਮ ਯੂਰਪ ਤੋਂ ਗਿਣ ਕੇ ਦੱਸੇ।

ਭਾਈ ਅਮਰਦੀਪ ਸਿੰਘ ਯੂ. ਐਸ. ਏ. ਨੇ ਸਟੇਜ ਸੰਭਾਲੀ। ਭਾਈ ਹਿੰਮਤ ਸਿੰਘ ਨੇ ਪਹੁੰਚੇ ਬੁਲਾਰਿਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕੁੱਲ ਮੈਂਬਰਾਂ ਦੀ ਗਿਣਤੀ ਵੱਧ ਕੇ 94 ਤਕ ਪਹੁੰਚ ਗਈ ਹੈ।


## Matrimonials

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 8-11

Wanted US citizen or GC holder life partner for Saini Sikh clean shaven Canadian PR 30, 5'-9" boy. M. Tech from University of Windsor, ON. Working in Automotive Company in Toronto. Family well settled in USA (Midwest). Contact, 765-570-0149 7-10

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com 4-11

### ਵਰ ਦੀ ਲੋੜ

Wanted US/Canadian citizen/green card holder boy for Jatt Sikh girl, fair complexion, 23 yrs, 5'-4" from Chandigarh, Bachelor of Dental Surgery, doing internship, only daughter, father retired sub inspector Chandigarh police. Contact, Ph: 765-760-0581 or 765-702-8255 10-13

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 8-11

*To Advertise with Punjab Times*
**Call: 847-359-0746**


# ਨਗਰ ਕੀਰਤਨ ਸਬੰਧੀ ਮੀਟਿੰਗ 11 ਮਾਰਚ ਨੂੰ

**ਨਿਊ ਯਾਰਕ (ਬਿਊਰੋ):** ਇਥੇ ਮੈਨਹਟਨ ਵਿਚ ਕਰਵਾਈ ਜਾਂਦੀ 31ਵੀਂ ਸਾਲਾਨਾ ਸਿੱਖ ਡੇ ਪਰੇਡ (ਨਗਰ ਕੀਰਤਨ) 28 ਅਪਰੈਲ 2018 ਨੂੰ ਹੋਵੇਗੀ। ਨਗਰ ਕੀਰਤਨ ਸਬੰਧੀ ਇਕ ਤਿਆਰੀ ਮੀਟਿੰਗ 11 ਮਾਰਚ, ਐਤਵਾਰ ਨੂੰ ਸ਼ਾਮ 3 ਵਜੇ ਤੋਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਹੋਵੇਗੀ।

ਚੇਅਰਮੈਨ ਸ. ਸੁਰਜੀਤ ਸਿੰਘ ਮੂਧਲ ਦੀ ਅਗਵਾਈ ਵਿਚ ਹੋਣ ਵਾਲੀ ਇਸ ਮੀਟਿੰਗ ਵਿਚ ਨਗਰ ਕੀਰਤਨ ਸਬੰਧੀ ਹੋਰ ਤਿਆਰੀਆਂ ਤੋਂ ਇਲਾਵਾ ਫਲੋਟ, ਲੰਗਰ, ਮੀਡੀਏ ਵਿਚ ਇਸ਼ਤਿਹਾਰ ਆਦਿ ਬਾਰੇ ਗੱਲਬਾਤ ਹੋਵੇਗੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਕੁਲਦੀਪ ਸਿੰਘ ਢਿੱਲੋਂ ਨੇ ਸਮੂਹ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਜਥੇਬੰਦੀਆਂ ਨੂੰ ਇਸ ਮੀਟਿੰਗ ਵਿਚ ਪਹੁੰਚਣ ਦੀ ਬੇਨਤੀ ਕੀਤੀ ਹੈ।

### ਤਾਰਾ ਸਿੰਘ ਅਣਜਾਣ ਦਾ ਦੇਹਾਂਤ

**ਨਵੀਂ ਦਿੱਲੀ:** ਪੰਜਾਬੀ ਭਾਸ਼ਾ ਦੇ ਮੁੱਦਈ ਤੇ 22 ਤੋਂ ਵੱਧ ਕਿਤਾਬਾਂ ਦੇ ਰਚੇਤਾ ਤਾਰਾ ਸਿੰਘ ਅਣਜਾਣ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਪੰਜਾਬੀ ਅਕਾਦਮੀ ਦਿੱਲੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਨਾਮੀ ਸੰਸਥਾਵਾਂ ਨੇ ਸਮੇਂ-ਸਮੇਂ 'ਤੇ ਪੰਜਾਬੀ ਭਾਸ਼ਾ ਲਈ ਕੀਤੇ ਕਾਰਜਾਂ ਲਈ ਸਨਮਾਨਤ ਕੀਤਾ ਸੀ। ਉਹ ਦਿੱਲੀ ਵਿਚ 78ਵਿਆਂ ਦੌਰਾਨ ਅਜਮੇਰ ਸਿੰਘ ਔਲਖ ਦੇ ਨਾਟਕਾਂ ਨੂੰ ਖਡਾਉਣ ਵਾਲੀ ਟੀਮ 'ਚ ਮੋਢੀ ਸਨ।


## ਕੱਰੀ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਲੌਰਸ, ਕੈਨਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਕੱਰੀ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

*ਰਿਹਾਇਸ਼ ਤੇ ਖਾਣਾ ਫਰੀ; ਚੰਗੀ ਤਨਖਾਹ*

ਫੋਨ:316-305-1818, 918-576-1899 10-13

## House for Sale in Chandigarh

**HIG Independent duplex house around 9 marla in Sector 28 West, Chandigarh for sale.**

***Please contact:***
***Sunny 618-513-7645***

## ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

*ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ*

ਸੰਪਰਕ ਕਰੋ, ਫੋਨ: 608-218-9200
608-320-0062 2-

## ਹਲਵਾਈ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635 8-


## *ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**


**7021 Village Park Way, Dublin, CA 94568**

Email:
Homeomedicine@yahoo.com

# ਏਸ਼ਿਆਈ ਕੁਸ਼ਤੀ ਚੈਂਪੀਅਨਸ਼ਿਪ: ਪੰਜਾਬ ਦੀ ਧੀ ਨੇ ਵਧਾਇਆ ਮਾਣ

## ਸੋਨੇ ਦਾ ਤਗਮਾ ਜਿੱਤ ਕੇ ਸਿਰਜਿਆ ਇਤਿਹਾਸ

**ਬਿਸ਼ਕੇਕ:** ਪੰਜਾਬ ਦੀ ਨਵਜੋਤ ਕੌਰ ਨੇ ਕਿਰਗਿਸਤਾਨ ਦੇ ਸ਼ਹਿਰ ਬਿਸ਼ਕੇਕ ਵਿਚ ਏਸ਼ਿਆਈ ਕੁਸ਼ਤੀ ਚੈਂਪੀਅਨਸ਼ਿਪ ਵਿਚ ਸੋਨੇ



ਦਾ ਤਗਮਾ ਜਿੱਤ ਕੇ ਇਤਿਹਾਸ ਸਿਰਜਿਆ। ਏਸ਼ਿਆਈ ਚੈਂਪੀਅਨਸ਼ਿਪ ਵਿਚ ਸੋਨ ਤਗਮਾ ਜਿੱਤਣ ਵਾਲੀ ਉਹ ਪਹਿਲੀ ਭਾਰਤੀ ਪਹਿਲਵਾਨ ਬਣ ਗਈ ਹੈ। ਉਸ ਨੇ 65 ਕਿਲੋਗ੍ਰਾਮ ਭਾਰ ਵਰਗ ਵਿਚ ਆਪਣੀ ਵਿਰੋਧੀ ਪਹਿਲਵਾਨ ਜਾਪਾਨ ਦੀ ਮਾਇਊ ਇਮਾਈ ਨੂੰ 9-1 ਅੰਕਾਂ ਨਾਲ ਹਰਾ ਦਿੱਤਾ। ਨਵਜੋਤ ਕੌਰ ਤਰਨ ਤਾਰਨ ਦੇ ਪਿੰਡ ਬਾਗੜੀਆਂ ਦੀ ਰਹਿਣ ਵਾਲੀ ਹੈ।

ਇਸ ਪਹਿਲਵਾਨ ਦੀ ਕਾਬਲੀਅਤ ਦਾ ਜਦੋਂ ਪੰਜਾਬ ਸਰਕਾਰ ਨੇ ਕੋਈ ਮੁੱਲ ਨਾ ਪਾਇਆ ਤਾਂ ਉਹ ਭਾਰਤੀ ਰੇਲਵੇ ਵਿਚ ਤਿੰਨ ਸਾਲ ਪਹਿਲਾਂ ਸੀਨੀਅਰ ਕਲਰਕ ਭਰਤੀ ਹੋ ਗਈ। ਉਹ ਅੰਮ੍ਰਿਤਸਰ ਵਿਚ ਤਾਇਨਾਤ ਹੈ। ਨਵਜੋਤ ਨੇ ਛੇਵੀਂ ਵਿਚ ਪੜ੍ਹਦਿਆਂ ਕੁਸ਼ਤੀ ਸ਼ੁਰੂ ਕੀਤੀ ਸੀ। ਉਸ ਦੀ ਵੱਡੀ ਭੈਣ ਨਵਜੀਤ ਨੂੰ ਸੱਟ ਲੱਗਣ ਕਾਰਨ ਕੁਸ਼ਤੀ ਨਾਲ ਮੋਹ ਛੱਡਣਾ ਪਿਆ ਸੀ। ਉਸ ਨੇ 2014 ਵਿਚ ਰਾਸ਼ਟਰ ਮੰਡਲ ਖੇਡਾਂ ਵਿਚ ਕਾਂਸੀ ਦਾ ਤਗਮਾ ਜਿੱਤਿਆ ਸੀ ਤੇ ਪਿੱਠ ਵਿਚ ਸੱਟ ਲੱਗਣ ਕਾਰਨ ਮਜਬੂਰੀ ਵਿਚ ਕੁਸ਼ਤੀ ਛੱਡ ਦਿੱਤੀ ਸੀ।


2016 ਵਿਚ ਉਹ ਰੀਓ ਓਲੰਪਿਕ ਵਿਚ ਹਿੱਸਾ ਨਾ ਲੈ ਸਕੀ। ਠੀਕ ਹੋਣ ਬਾਅਦ ਉਸ ਨੇ 67 ਕਿੱਲੋ ਤੋਂ 65 ਕਿਲੋਗ੍ਰਾਮ ਵਿਚ ਆਪਣੀ ਕਿਸਮਤ ਅਜ਼ਮਾਈ ਪਰ ਉਹ ਟਰਾਇਲਾਂ ਵਿਚ ਹਾਰ ਗਈ ਤੇ ਭਾਰਤੀ ਟੀਮ ਦੀ ਮੈਂਬਰ ਨਾ ਬਣ ਸਕੀ।

### ਨਵਜੋਤ ਨੂੰ ਆਪਣੀ ਸਫਲਤਾ 'ਤੇ ਫਖਰ

ਉਤਸ਼ਾਹ ਨਾਲ ਭਰੀ ਨਵਜੋਤ ਨੇ ਕਿਹਾ ਕਿ ਇਹ ਮੇਰੇ ਜੀਵਨ ਦਾ ਵੱਡਾ ਦਿਨ ਹੈ। ਪਿਛਲੇ ਚਾਰ ਸਾਲ ਵਿਚ ਮੇਰੀ ਕੋਈ ਪ੍ਰਾਪਤੀ ਨਹੀਂ ਸੀ। ਹੁਣ ਮੈਂ 2020 ਦੀਆਂ ਉਲੰਪਿਕ ਖੇਡਾਂ ਵਿਚ ਹਿੱਸਾ ਲੈਣ ਦੀ ਚਾਹਵਾਨ ਹਾਂ। ਨਵਜੋਤ 2007 ਤੋਂ 2009 ਤੱਕ ਤਿੰਨ ਵਾਰ ਜੂਨੀਅਰ ਨੈਸ਼ਨਲ ਚੈਂਪੀਅਨ ਵੀ ਰਹੀ ਹੈ।

ਉਸ ਨੇ 2009 ਵਿਚ ਜੂਨੀਅਰ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਗਮਾ ਜਿੱਤਿਆ ਹੈ। 2013 ਵਿਚ ਉਸ ਨੇ ਏਸ਼ੀਅਨ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਗਮਾ ਤੇ 2014 ਰਾਸ਼ਟਰ ਮੰਡਲ ਖੇਡਾਂ ਵਿਚ ਵੀ ਕਾਂਸੀ ਦਾ ਤਗਮਾ ਜਿੱਤਿਆ।

# ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਗੁਰਦੁਆਰੇ ਦਾ ਮਸਲਾ ਮੁੜ ਭਖਿਆ




**ਸੰਗਰੂਰ:** ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰਸ਼ੋਤਮ ਸਿੰਘ ਫੱਗੂਵਾਲਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਕ ਹਫਤੇ ਅੰਦਰ ਮਸਤੂਆਣਾ ਸਾਹਿਬ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਬਣ ਰਹੇ ਗੁਰਦੁਆਰੇ ਦੀ ਦਿੱਖ ਬਦਲਣ ਲਈ ਅਕਾਲ ਤਖਤ ਤੋਂ ਜਾਰੀ ਹੁਕਮਨਾਮਾ ਲਾਗੂ ਨਾ ਕਰਵਾਇਆ ਗਿਆ ਤਾਂ ਉਹ ਅੰਮ੍ਰਿਤਸਰ ਵਿਚ ਐਸ.ਜੀ.ਪੀ.ਸੀ. ਦੇ ਮੁੱਖ ਦਫਤਰ ਅੱਗੇ ਮਰਨ ਵਰਤ ਸ਼ੁਰੂ ਕਰਨਗੇ। ਸ੍ਰੀ ਫੱਗੂਵਾਲਾ ਨੇ ਦੋਸ਼ ਲਾਇਆ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ ਉਤੇ ਗੁਰਦੁਆਰਾ ਬਣਾਉਣ ਪਿੱਛੇ ਆਰ.ਐਸ.ਐਸ. ਦਾ ਹੱਥ ਹੈ ਜਿਸ ਦੀ ਸਾਜ਼ਿਸ਼ ਕਾਨਪੁਰ ਵਿਚ ਰਚੀ ਗਈ ਸੀ।

ਉਨ੍ਹਾਂ ਮੰਗ ਕੀਤੀ ਕਿ ਐਸ.ਜੀ.ਪੀ.ਸੀ. ਵੱਲੋਂ ਬਣਾਈ ਗਈ ਚਾਰ ਮੈਂਬਰੀ ਕਮੇਟੀ ਦੀ ਜਾਂਚ ਰਿਪੋਰਟ ਜਨਤਕ ਕੀਤੀ ਜਾਵੇ ਅਤੇ ਹੁਕਮਨਾਮਾ ਤੁਰਤ ਲਾਗੂ ਕਰਵਾਇਆ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਐਸ.ਜੀ.ਪੀ.ਸੀ. ਪ੍ਰਧਾਨ ਨੇ ਉਸ ਦਾ ਮਰਨ ਵਰਤ ਖਤਮ ਕਰਵਾ ਕੇ ਉਸ ਨਾਲ ਧੋਖਾ ਕੀਤਾ ਹੈ ਅਤੇ ਚਾਰ ਮੈਂਬਰੀ ਕਮੇਟੀ ਦੀ ਜਾਂਚ ਰਿਪੋਰਟ ਠੰਢੇ ਬਸਤੇ ਵਿਚ ਪਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖਤ ਵੱਲੋਂ 20 ਜੂਨ 2009 ਨੂੰ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਪਰ 9 ਸਾਲ ਬੀਤਣ ਦੇ ਬਾਵਜੂਦ ਐਸ.ਜੀ.ਪੀ.ਸੀ. ਹੁਕਮਨਾਮਾ ਲਾਗੂ ਨਹੀਂ ਕਰਵਾ ਸਕੀ।

**ਆਰ.ਐਸ.ਐਸ. ਬਾਰੇ ਦੋਸ਼ ਬੇਬੁਨਿਆਦ: ਲੌਂਗੋਵਾਲ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਚਾਰ ਮੈਂਬਰੀ ਕਮੇਟੀ ਵੱਲੋਂ ਪ੍ਰਾਪਤ ਹੋਈ ਜਾਂਚ ਰਿਪੋਰਟ ਮਗਰੋਂ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਨੂੰ ਹੁਕਮਨਾਮੇ ਅਨੁਸਾਰ ਲੋੜੀਂਦੀਆਂ ਤਬਦੀਲੀਆਂ ਕਰਨ ਲਈ ਆਖ ਦਿੱਤਾ ਹੈ। ਉਨ੍ਹਾਂ ਆਰ.ਐਸ.ਐਸ. ਨਾਲ ਸਬੰਧਤ ਲਾਏ ਦੋਸ਼ਾਂ ਨੂੰ ਨਕਾਰਦਿਆਂ ਇਸ ਨੂੰ ਬੇਬੁਨਿਆਦ ਕਰਾਰ ਦਿੱਤਾ।

# ਰਾਮ ਰਹੀਮ ਦੀ ਧੱਕੇਸ਼ਾਹੀ ਬਾਰੇ ਇਕ ਹੋਰ ਖੁਲਾਸਾ

**ਚੰਡੀਗੜ੍ਹ:** ਪੰਚਕੂਲਾ ਪੁਲਿਸ ਨੇ ਡੇਰਾ ਸਿਰਸਾ ਮੁਖੀ ਰਾਮ ਰਹੀਮ ਦੇ ਵਕੀਲ ਐਸ.ਕੇ. ਨਰਵਾਣਾ ਸਮੇਤ 40 ਲੋਕਾਂ ਉਤੇ ਜਬਰੀ ਵਸੂਲੀ ਦਾ ਕੇਸ ਦਰਜ ਕੀਤਾ ਹੈ। ਕਾਲੋਨਾਈਜਰ ਨੇ ਰਾਮ ਰਹੀਮ, ਉਸ ਦੇ ਵਕੀਲ ਤੇ ਭਗਤਾਂ ਉਤੇ ਡਰਾ ਧਮਕਾ ਕੇ ਜ਼ਮੀਨ ਹੜੱਪਣ ਦੇ ਇਲਜ਼ਾਮ ਲਾਏ



ਹਨ। ਇੰਨਾ ਹੀ ਨਹੀਂ ਰਾਮ ਰਹੀਮ ਦੇ ਖਾਸ ਚਮਕੌਰ ਸਿੰਘ ਤੇ ਰਾਮ ਮੂਰਤੀ ਨੇ ਉਸ ਬਿਲਡਰ ਤੋਂ 50 ਲੱਖ ਰੁਪਏ ਵੀ ਲਏ ਤੇ ਇਕ ਫਲੈਟ ਵੀ ਜ਼ਬਰਦਸਤੀ ਤੋਹਫੇ ਵਜੋਂ ਲਿਆ। ਮਾਮਲੇ ਦੀ ਸ਼ਿਕਾਇਤ ਅਜੇਵੀਰ ਸਹਿਗਲ ਨੇ ਪੰਚਕੂਲਾ ਪੁਲਿਸ ਨੂੰ ਦਿੱਤੀ ਜਿਸ ਦੀ ਤਿੰਨ ਮਹੀਨੇ ਦੀ ਮੁਢਲੀ ਜਾਂਚ ਤੋਂ ਬਾਅਦ 40 ਲੋਕਾਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ।

ਪੰਚਕੂਲਾ ਦੇ ਇਕ ਕਾਲੋਨਾਈਜਰ ਨੇ ਬਾਬਾ ਤੇ ਉਸ ਦੇ ਭਗਤਾਂ 'ਤੇ 80 ਕਰੋੜ ਰੁਪਏ ਦੀ ਜ਼ਮੀਨ ਹੜੱਪਣ ਤੇ ਜਬਰੀ ਵਸੂਲੀ ਦਾ ਇਲਜ਼ਾਮ ਲਾਇਆ ਹੈ। ਪੁਲਿਸ ਨੇ ਡੇਰਾ ਦੇ ਵਕੀਲ ਐਸ.ਕੇ. ਨਰਵਾਣਾ ਤੇ ਬਾਬਾ ਦੇ ਦੋ ਖਾਸ ਭਗਤਾਂ ਸਮੇਤ 40 ਲੋਕਾਂ ਖਿਲਾਫ਼ ਧੋਖਾਧੜੀ ਤੇ ਧਮਕਾਉਣ ਦੀ ਐਫ.ਆਈ.ਆਰ. ਦਰਜ ਕੀਤੀ ਹੈ। ਅਜੇਵੀਰ ਦੇ ਦੱਸਣ ਮੁਤਾਬਕ ਜਦੋਂ ਓਪੇਰਾ ਗਾਰਡਨ ਦਾ ਦੂਜਾ ਹਿੱਸਾ ਬਣਾਉਣ ਦੀ ਸ਼ੁਰੂਆਤ ਕੀਤੀ ਤਾਂ ਬਾਬੇ ਦੇ ਬੰਦੇ ਨੇ ਜ਼ਮੀਨ 'ਤੇ ਵਿਵਾਦ ਖੜ੍ਹਾ ਕਰ ਦਿੱਤਾ। ਅਜੇਵੀਰ ਨੇ ਕਿਹਾ ਕਿ ਚਮਕੌਰ ਰਾਹੀਂ ਉਸ ਨੇ ਮਾਮਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਤੇ ਅਜੇਵੀਰ ਨੂੰ ਰਾਮ ਰਹੀਮ ਕੋਲ ਲਿਜਾਇਆ ਗਿਆ।

ਰਾਮ ਰਹੀਮ ਨੇ ਅਜੇਵੀਰ ਨੂੰ ਐਸ.ਕੇ. ਨਰਵਾਣਾ ਕੋਲ ਭੇਜ ਦਿੱਤਾ ਜਿਸ ਨੇ ਉਸ ਨੂੰ ਧਮਕਾਇਆ। ਅਜੇਵੀਰ ਨੇ ਕਿਹਾ ਚਮਕੌਰ ਤੇ ਰਾਮ ਮੂਰਤੀ ਨੇ ਉਸ ਨੂੰ ਧਮਕਾਉਣ 'ਚ ਕੋਈ ਕਸਰ ਨਹੀਂ ਛੱਡੀ। ਮਾਮਲਾ ਇਥੇ ਹੀ ਖਤਮ ਨਹੀਂ ਹੋਇਆ, ਅਜੇਵੀਰ ਤੋਂ ਇਕ ਫਲੈਟ ਤੋਹਫੇ ਵਜੋਂ ਵੀ ਲਿਆ ਜਿਸ ਦੀ ਕੀਮਤ ਤਕਰੀਬਨ 50 ਲੱਖ ਹੈ।

# ਲੰਗਾਹ 'ਤੇ ਦੋਸ਼ ਲਾਉਣ ਵਾਲੀ ਮਹਿਲਾ ਬਿਆਨਾਂ ਤੋਂ ਮੁੱਕਰੀ

**ਗੁਰਦਾਸਪੁਰ:** ਜਬਰ ਜਨਾਹ ਅਤੇ ਧੋਖਾਧੜੀ ਵਰਗੇ ਦੋਸ਼ਾਂ ਵਿਚ ਘਿਰੇ ਸਾਬਕਾ ਅਕਾਲੀ ਮੰਤਰੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਦੇ ਮਾਮਲੇ ਵਿਚ ਉਸ ਸਮੇਂ ਨਵਾਂ ਮੋੜ ਆ ਗਿਆ ਜਦੋਂ ਲੰਗਾਹ ਉਤੇ ਗੰਭੀਰ ਦੋਸ਼ ਲਾਉਣ ਵਾਲੀ ਮਹਿਲਾ ਪੁਲਿਸ ਕਰਮੀ ਆਪਣੇ ਬਿਆਨਾਂ ਤੋਂ ਮੁੱਕਰ ਗਈ। ਲੰਗਾਹ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 12 ਮਾਰਚ ਤੈਅ ਕੀਤੀ ਹੈ। ਅਦਾਲਤ ਵਿਚ ਹੀ ਸ਼ਿਕਾਇਤਕਰਤਾ ਮਹਿਲਾ ਸਮੇਤ ਹੋਰਾਂ ਦੇ ਬਿਆਨ ਦਰਜ ਕੀਤੇ ਜਾਣੇ ਸਨ।




ਸ਼ਿਕਾਇਤਕਰਤਾ ਮਹਿਲਾ ਨੇ ਬਿਆਨ ਦਿੱਤਾ ਕਿ ਅਸ਼ਲੀਲ ਵੀਡੀਓ ਵਿਚ ਨਜ਼ਰ ਆਉਣ ਵਾਲੀ ਮਹਿਲਾ ਉਹ ਨਹੀਂ ਹੈ। ਅਜਿਹੀ ਸਥਿਤੀ ਵਿਚ ਲੰਗਾਹ ਨੂੰ ਰਾਹਤ ਮਿਲਣ ਦੀ ਆਸ ਬੱਝ ਗਈ ਹੈ। ਜ਼ਿਕਰਯੋਗ ਹੈ ਕਿ ਵਿਜੀਲੈਂਸ ਵਿਭਾਗ ਪਠਾਨਕੋਟ ਵਿਚ ਤਾਇਨਾਤ ਸੋਹਲ ਵਾਸੀ ਮਹਿਲਾ ਨੇ ਪੁਲਿਸ ਨੂੰ ਅਸ਼ਲੀਲ ਵੀਡੀਓ ਅਤੇ ਸ਼ਿਕਾਇਤ ਸੌਂਪ ਕੇ ਸੁੱਚਾ ਸਿੰਘ ਲੰਗਾਹ ਉਤੇ ਦੋਸ਼ ਲਗਾਇਆ ਸੀ ਕਿ ਸਾਲ 2009 ਤੋਂ ਉਹ ਉਸ ਦਾ ਸਰੀਰਕ ਸ਼ੋਸ਼ਣ ਕਰ ਰਿਹਾ ਸੀ। ਇਸ ਤੋਂ ਇਲਾਵਾ ਧੋਖਾਧੜੀ ਕਰਨ ਦੇ ਇਲਜ਼ਾਮ ਵੀ ਲਾਏ ਸਨ।

ਸਿਟੀ ਪੁਲਿਸ ਨੇ 28 ਸਤੰਬਰ 2017 ਨੂੰ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਵਿਧਾਨ ਸਭਾ ਚੋਣਾਂ ਦੌਰਾਨ ਇਹ ਮੁੱਦਾ ਛਾਇਆ ਰਿਹਾ ਸੀ। ਮਹਿਲਾ ਵੱਲੋਂ ਬਿਆਨਾਂ ਤੋਂ ਪਲਟਣ ਉਪਰੰਤ ਲੰਗਾਹ ਦੇ ਚਿਹਰੇ ਉਤੇ ਖੁਸ਼ੀ ਸਪੱਸ਼ਟ ਨਜ਼ਰ ਆ ਰਹੀ ਸੀ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਪਰੇਸ਼ਨ ਹੋਣ ਦੇ ਬਾਵਜੂਦ ਪੁਲਿਸ ਉਸ ਨੂੰ ਧੱਕੇ ਨਾਲ ਇਥੇ ਲੈ ਕੇ ਆਈ ਹੈ। ਅਦਾਲਤ ਤੋਂ ਇਨਸਾਫ ਮਿਲਣ ਦੀ ਆਸ ਜਤਾਉਂਦਿਆਂ ਉਨ੍ਹਾਂ ਕਿਹਾ ਕਿ ਸਾਰੀ ਕਰਤੂਤ ਹੁਣ ਸਾਹਮਣੇ ਆ ਰਹੀ ਹੈ।

# ਕ੍ਰਿਕਟਰ ਹਰਮਨਦੀਪ ਬਣੀ ਡੀ. ਐਸ. ਪੀ.

**ਚੰਡੀਗੜ੍ਹ:** ਕ੍ਰਿਕਟਰ ਹਰਮਨਦੀਪ ਕੌਰ ਪੰਜਾਬ ਪੁਲਿਸ ਵਿਚ ਡੀ.ਐਸ.ਪੀ. ਬਣ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਡੀ.ਜੀ.ਪੀ. ਸੁਰੇਸ਼ ਕੁਮਾਰ ਨੇ ਹਰਮਨਦੀਪ ਦੀ ਵਰਦੀ ਉਤੇ ਸਟਾਰ ਲਾਏ।

ਕੈਪਟਨ ਅਮਰਿੰਦਰ ਨੇ ਟਵੀਟ ਕਰ ਕੇ ਇਸ ਦੀ ਜਾਣਕਾਰੀ ਦਿੱਤੀ। ਦਰਅਸਲ, ਹਰਮਨ ਦੀ ਨਿਯੁਕਤੀ 'ਚ ਰੇਲਵੇ ਨੇ ਅੜਿੱਕਾ ਲਾਇਆ ਸੀ ਪਰ ਪਿਛਲੇ ਹਫਤੇ ਰੇਲਵੇ ਵਿਭਾਗ ਨੇ ਨੌਕਰੀ ਛੱਡਣ ਤੋਂ ਪਹਿਲਾਂ 27 ਲੱਖ ਰੁਪਏ ਦਾ ਬਾਂਡ




ਭਰਨ ਦੀ ਸ਼ਰਤ ਖਤਮ ਕਰ ਦਿੱਤੀ ਸੀ।

ਕੈਪਟਨ ਅਮਰਿੰਦਰ ਸਿੰਘ ਨੇ 27 ਲੱਖ ਰੁਪਏ ਦੀ ਸ਼ਰਤ ਹਟਵਾਉਣ ਲਈ ਕਾਫੀ ਜ਼ੋਰ ਲਾਇਆ ਸੀ। ਉਨ੍ਹਾਂ ਕੇਂਦਰੀ ਰੇਲਵੇ ਮੰਤਰੀ ਨੂੰ ਵੀ ਇਸ ਸਬੰਧੀ ਪੱਤਰ ਲਿਖਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਖੁਸ਼ੀ ਹੈ ਕਿ ਮੰਨੀ-ਪ੍ਰਮੰਨੀ ਕ੍ਰਿਕਟਰ ਪੰਜਾਬ ਪੁਲਿਸ ਦਾ ਹਿੱਸਾ ਬਣੀ ਹੈ। ਉਨ੍ਹਾਂ ਕਿਹਾ ਕਿ ਹਰਮਨ 'ਚ ਬਹੁਤ ਆਤਮ ਵਿਸ਼ਵਾਸ ਹੈ ਤੇ ਉਸ ਦੇ ਵਿਭਾਗ 'ਚ ਆਉਣ ਨਾਲ ਵਿਭਾਗ ਨੂੰ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਕੇਂਦਰੀ ਮੰਤਰੀ ਪਿਯੂਸ਼ ਗੋਇਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੁਹਾਡੇ ਵਿਭਾਗ ਨੇ ਬਹੁਤ ਵਧੀਆ ਫੈਸਲਾ ਲਿਆ ਹੈ ਤੇ ਅਸੀਂ ਤੁਹਾਡੇ ਬਹੁਤ ਬਹੁਤ ਧੰਨਵਾਦੀ ਹਾਂ। ਹਰਮਨਦੀਪ ਕ੍ਰਿਕਟ ਦੀ ਮੰਨੀ ਪ੍ਰਮੰਨੀ ਖਿਡਾਰੀ ਹੈ। ਉਸ ਨੇ ਵਿਸ਼ਵ ਕਿਕਟ ਕੱਪ ਵਿਚ ਬਹੁਤ ਚੰਗਾ ਪ੍ਰਦਰਸ਼ਨ ਕੀਤਾ ਸੀ।

# ਖਹਿਰਾ ਨੇ ਮੁੜ ਖੋਲ੍ਹਿਆ ਰਾਣਾ ਖਿਲਾਫ ਮੋਰਚਾ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਬਿਜਲੀ ਤੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਭਤੀਜੇ ਦੀ ਇਕ ਜ਼ਮੀਨੀ ਵਿਵਾਦ 'ਚ ਗ੍ਰਿਫਤਾਰੀ ਪਿੱਛੋਂ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਰਾਣਾ ਖਿਲਾਫ ਮੁੜ ਮੋਰਚਾ ਖੋਲ੍ਹ ਦਿੱਤਾ ਹੈ। ਖਹਿਰਾ ਨੇ ਕਿਹਾ ਕਿ ਰਾਣਾ ਗੁਰਜੀਤ ਯੂ.ਪੀ. ਦਾ ਚੋਰ ਹੈ, ਜੋ ਪੰਜਾਬ ਨੂੰ ਲੁੱਟਣ ਆਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਇਸ ਮੁੱਦੇ ਨੂੰ ਵਿਧਾਨ ਸਭ 'ਚ ਵੀ ਚੁੱਕਣਗੇ।



ਖਹਿਰਾ ਨੇ ਇਹ ਵੀ ਕਿਹਾ ਕਿ ਰਾਣਾ ਗੁਰਜੀਤ ਦਾ ਉਸ ਦੇ ਭਰਾ ਰਾਣਾ ਮਹਿੰਦਰਜੀਤ ਸਿੰਘ ਤੇ ਉਸ ਦੇ ਪੁੱਤਰਾਂ ਨਾਲ ਸਾਂਝਾ ਕਾਰੋਬਾਰ ਹੈ ਤੇ ਉਨ੍ਹਾਂ ਮਿਲੀਭੁਗਤ ਕਰ ਕੇ ਅਜਿਹੇ ਕੰਮਾਂ ਨੂੰ ਅੰਜਾਮ ਦਿੱਤਾ। ਮੰਤਰੀ ਹੁੰਦਿਆਂ ਰਾਣਾ ਨੇ ਇਨ੍ਹਾਂ ਦੀ ਖੂਬ ਮਦਦ ਵੀ ਕੀਤੀ ਹੈ ਤੇ ਉਸ ਦੇ ਦਬਾਅ ਹੇਠ ਹੀ ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਵਿਚ ਢਿੱਲ ਵਰਤੀ ਹੈ। ਮੁੱਲਾਂਪੁਰ ਪੁਲਿਸ ਨੇ ਰਾਣਾ ਗੁਰਜੀਤ ਸਿੰਘ ਦੇ ਭਤੀਜੇ ਰਾਣਾ ਹਰਦੀਪ ਸਿੰਘ ਨੂੰ 2 ਕਰੋੜ ਦੇ ਜ਼ਮੀਨ ਘੁਟਾਲੇ ਦੇ ਇਲਜ਼ਾਮ 'ਚ ਗ੍ਰਿਫਤਾਰ ਕੀਤਾ ਹੈ। ਰਾਣਾ ਹਰਦੀਪ ਸਿੰਘ ਖਿਲਾਫ ਦੋ ਕਰੋੜ 25 ਲੱਖ ਰੁਪਏ ਹੜੱਪਣ ਦੇ ਇਲਜ਼ਾਮ 'ਚ ਥਾਣਾ ਮੁੱਲਾਂਪੁਰ ਵਿਚ ਕੇਸ ਦਰਜ ਕੀਤਾ ਗਿਆ ਹੈ।


# ਹੋਲੇ ਮਹੱਲੇ ਮੌਕੇ ਨਜ਼ਰ ਆਇਆ ਖਾਲਸਾਈ ਜਾਹੋ-ਜਲਾਲ

**ਸ੍ਰੀ ਆਨੰਦਪੁਰ ਸਾਹਿਬ:** ਹੋਲੇ ਮਹੱਲੇ ਮੌਕੇ ਪਵਿੱਤਰ ਨਗਰੀ ਆਨੰਦਪੁਰ ਸਾਹਿਬ ਪੂਰੇ ਖਾਲਸਈ ਰੰਗ ਵਿਚ ਰੰਗੀ ਨਜ਼ਰ ਆਈ। ਚਾਰੇ ਪਾਸੇ ਨੀਲੇ ਤੇ ਕੇਸਰੀ ਦਸਤਾਰਾਂ ਵਾਲੇ ਸਿੰਘ ਅਤੇ ਸਿੰਘਣੀਆਂ ਖਾਲਸਈ ਜਾਹੋ-ਜਲਾਲ ਦਾ ਅਹਿਸਾਸ ਕਰਵਾ ਰਹੇ ਸਨ।

ਹੋਲਾ ਮਹੱਲਾ ਪੂਰੇ ਖਾਲਸਈ ਜਾਹੋ ਜਲਾਲ ਨਾਲ ਸਮਾਪਤ ਹੋਇਆ। ਆਖਰੀ ਦਿਨ ਜਿਥੇ ਤਖਤ ਕੇਸਗੜ੍ਹ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ, ਉਥੇ ਅਕਾਲ ਤਖਤ ਦੇ ਜਥੇਦਾਰ ਵੱਲੋਂ ਕੌਮ ਦੇ ਨਾਮ ਸੰਦੇਸ਼ ਜਾਰੀ ਕੀਤਾ ਗਿਆ। ਇਸ ਤੋਂ ਇਲਾਵਾ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸਜਾਇਆ ਗਿਆ।

ਹੋਲੇ ਮਹੱਲੇ ਦੌਰਾਨ 25 ਲੱਖ ਤੋਂ ਵੱਧ ਸ਼ਰਧਾਲੂ ਤਖਤ ਕੇਸਗੜ੍ਹ ਸਾਹਿਬ ਦੇ ਵੱਖ-ਵੱਖ ਗੁਰਦੁਆਰਿਆਂ ਵਿਖੇ ਨਤਮਸਤਕ ਹੋਏ। ਸ਼ਰਧਾਲੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਸੁਚੱਜੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ।

ਹੋਲੇ ਮਹੱਲੇ ਵਿਚ ਸ਼ਰਧਾਲੂਆਂ ਦੀ ਗਿਣਤੀ 25 ਲੱਖ ਤੋਂ ਟੱਪ ਗਈ ਤੇ ਸ਼੍ਰੋਮਣੀ ਕਮੇਟੀ ਵੱਲੋਂ ਤਖਤ ਸਾਹਿਬ ਦੇ ਪ੍ਰਬੰਧ ਅਧੀਨ ਆਉਂਦੇ 500 ਰਿਹਾਇਸ਼ੀ ਕਮਰਿਆਂ ਅਤੇ ਆਰਜ਼ੀ ਟੈਂਟਾਂ ਦੀ ਮਦਦ ਨਾਲ ਵੱਧ ਤੋਂ ਵੱਧ ਸੰਗਤ ਨੂੰ ਰਿਹਾਇਸ਼ ਦੀ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ। ਸ਼੍ਰੋਮਣੀ ਕਮੇਟੀ ਵੱਲੋਂ ਪਹਿਲੀ ਵਾਰ ਗੁਲਾਬ ਦੇ ਫੁੱਲਾਂ ਦੀ ਵਰਖਾ ਕਰ ਕੇ ਨਗਰ ਕੀਰਤਨ ਵਿਚ ਸ਼ਾਮਲ ਸੰਗਤ ਦਾ ਸਵਾਗਤ ਕੀਤਾ ਗਿਆ। ਤਖਤ ਸਾਹਿਬ ਵਿਖੇ ਕੀਤੀ ਫੁੱਲਾਂ ਦੀ ਸਜਾਵਟ ਸਲਾਹੁਣਯੋਗ ਸੀ।



ਇਸੇ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਹੋਲੇ ਮਹੱਲੇ ਦੇ ਇਤਿਹਾਸ ਵਿਚ ਪਹਿਲੀ ਵਾਰ ਸਮੁੱਚੇ ਮਹੱਲਾ ਖੇਤਰ ਨੂੰ ਵਾਹਨ ਮੁਕਤ, ਸ਼ੋਰ ਪ੍ਰਦੂਸ਼ਣ ਤੇ ਹੁੱਲੜਬਾਜ਼ਾਂ ਤੋਂ ਮੁਕਤ ਰੱਖਿਆ। ਚਰਨਗੰਗਾ ਸਟੇਡੀਅਮ ਵਿਚ ਕੀਤੇ ਵਿਸ਼ੇਸ਼ ਪ੍ਰਬੰਧਾਂ ਕਰ ਕੇ ਹੋਲੇ ਮਹੱਲੇ ਦਾ ਅੰਤਿਮ ਪੜਾਅ ਵੀ 1-2 ਛੋਟੀਆਂ ਘਟਨਾਵਾਂ ਨੂੰ ਛੱਡ ਕੇ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ।

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿਚ ਗੁਰਦੁਆਰਾ ਗੁਰੂ ਕਾ ਬਾਗ ਛਾਉਣੀ ਨਿਹੰਗ ਸਿੰਘਾਂ ਵਿਖੇ ਕਰਵਾਏ ਕੌਮਾਂਤਰੀ ਗਤਕਾ ਮੁਕਾਬਲਿਆਂ ਦੀ ਸਮਾਪਤੀ ਮੌਕੇ ਪੰਥ ਦੀਆਂ ਨਾਮਵਰ ਧਾਰਮਿਕ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਨ੍ਹਾਂ ਵਿਚੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਹੈੱਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਤੇ ਜਥੇਦਾਰ ਬਾਬਾ ਦਯਾ ਸਿੰਘ ਟਾਹਲੀ ਸਾਹਿਬ ਵਾਲਿਆਂ ਨੂੰ ਜਥੇਦਾਰ ਅਕਾਲੀ ਫੂਲਾ ਸਿੰਘ ਪੁਰਸਕਾਰ ਦਿੱਤਾ ਗਿਆ।

## ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਵਿਖਾਏ ਜੌਹਰ

ਬਾਬਾ ਬੁੱਢਾ ਦਲ ਦੇ ਮੁਖੀ ਬਾਬਾ ਬਲਵੀਰ ਸਿੰਘ 96ਵੇਂ ਕਰੋੜੀ ਦੀ ਅਗਵਾਈ ਵਿਚ ਨਿਹੰਗ ਸਿੰਘ ਜਥੇਬੰਦੀਆਂ ਨੇ ਆਪਣੇ ਘੋੜਿਆਂ ਉਤੇ ਸਵਾਰ ਹੋ ਕੇ ਮਹੱਲਾ ਕੱਢਿਆ, ਜੋ ਗੁਰਦੁਆਰਾ ਸ਼ਹੀਦੀ ਬਾਗ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਮਾਤਾ ਜੀਤੋ ਜੀ ਅਗੰਮਪੁਰ ਵਿਖੇ ਹੁੰਦਾ ਹੋਇਆ ਚਰਨਗੰਗਾ ਸਟੇਡੀਅਮ ਪੁੱਜਿਆ।

ਇਸ ਮੌਕੇ ਪੰਜਾਬ ਸਣੇ ਦੇਸ਼ ਅਤੇ ਵਿਦੇਸ਼ਾਂ ਤੋਂ ਆਏ ਸ਼ਰਧਾਲੂਆਂ ਨਾਲ ਖਾਲਸਈ ਰੰਗ ਵਿਚ ਰੰਗੇ ਸਟੇਡੀਅਮ ਵਿਚ ਨਿਹੰਗ ਸਿੰਘ ਫੌਜਾਂ ਨੇ ਜੰਗਜੂ ਕਰਤਬ ਵਿਖਾਏ। ਇਸ ਮੌਕੇ ਗਿਆਨੀ ਰਘੁਬੀਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਪੰਥ ਅਕਾਲੀ ਦਲ ਬੁੱਢਾ ਦਲ ਵੱਲੋਂ ਗਤਕੇ ਨੂੰ ਨੌਜਵਾਨਾਂ ਵਿਚ ਹਰਮਨ ਪਿਆਰਾ ਬਣਾਉਣ ਲਈ ਇੰਟਰਨੈਸ਼ਨਲ ਗਤਕਾ ਮੁਕਾਬਲੇ ਕਰਵਾ ਕੇ ਸ਼ਲਾਘਾਯੋਗ ਉਪਰਾਲਾ ਕੀਤਾ ਜਾ ਰਿਹਾ ਹੈ।

# ਹੋਲਾ ਮਹੱਲਾ: ਦੂਸ਼ਣਬਾਜ਼ੀ ਤੋਂ ਮੂੜ ਨਾ ਟਲਿਆ ਬਾਦਲ ਧੜਾ

## ਕਾਂਗਰਸ ਤੇ 'ਆਪ' ਰਹੀਆਂ ਸਿਆਸੀ ਕਾਨਫਰੰਸਾਂ ਤੋਂ ਦੂਰ



**ਸ੍ਰੀ ਆਨੰਦਪੁਰ ਸਾਹਿਬ:** ਹੋਲਾ ਮਹੱਲਾ ਵਿਚ ਜਿਥੇ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਸਿਆਸੀ ਕਾਨਫਰੰਸਾਂ ਨਾ ਕਰਨ ਦੇ ਫੈਸਲੇ ਉਤੇ ਕਾਇਮ ਰਹੀਆਂ, ਉਥੇ ਸ਼੍ਰੋਮਣੀ ਅਕਾਲੀ ਦਲ ਬਾਦਲ ਸਿਆਸੀ ਦੂਸ਼ਣਬਾਜ਼ੀ ਤੋਂ ਨਾ ਟਲਿਆ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਰੋਧੀ ਧਿਰਾਂ ਨੂੰ ਖੁੱਲ੍ਹ ਕੇ ਰਗੜੇ ਲਾਏ। ਹੋਲੇ ਮਹੱਲੇ ਦੇ ਦੂਜੇ ਦਿਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿਆਸੀ ਕਾਨਫਰੰਸ ਕੀਤੀ ਗਈ। ਉਂਜ ਪਾਰਟੀ ਦੀ ਰਵਾਇਤ ਦੇ ਉਲਟ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਾਨਫਰੰਸ ਵਿਚੋਂ ਗੈਰਹਾਜ਼ਰ ਰਹੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਕ ਵਾਰ ਬਿਮਾਰ ਹੋਣ ਕਰ ਕੇ ਉਹ ਕਾਨਫਰੰਸ ਵਿਚ ਹਾਜ਼ਰ ਨਹੀਂ ਹੋ ਸਕੇ ਸਨ।

ਕਾਂਗਰਸ ਸਰਕਾਰ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਦੇਣੀ ਜਾਰੀ ਰੱਖੀ ਸੀ ਜਦਕਿ ਕਾਂਗਰਸ ਸਰਕਾਰ ਬਿੱਲ ਲਾਉਣ ਦੀ ਤਿਆਰੀ ਕਰੀ ਬੈਠੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਸਾਰੀਆਂ ਲੋਕ ਭਲਾਈ ਸਕੀਮਾਂ, ਇਹ ਚਾਹੇ ਬੁਢਾਪਾ ਪੈਨਸ਼ਨ, ਸ਼ਗਨ ਸਕੀਮ ਜਾਂ ਫਿਰ ਦਲਿਤ ਵਿਦਿਆਰਥੀਆਂ ਲਈ ਵਜ਼ੀਫੇ ਹੋਣ, ਨੂੰ ਬੰਦ ਕਰ ਦਿੱਤਾ ਹੈ। ਮੌਜੂਦਾ ਸਰਕਾਰ ਨੇ 800 ਸਕੂਲਾਂ ਨੂੰ ਵੀ ਤਾਲਾ ਜੜ ਦਿੱਤਾ ਹੈ। ਕਾਂਗਰਸ ਸਰਕਾਰ ਪੰਜਾਬ ਵਿਚ ਹੋਣ ਵਾਲਾ ਸਾਲਾਨਾ ਵਿਸ਼ਵ ਕਬੱਡੀ ਕੱਪ ਕਰਾਉਣ ਤੋਂ ਵੀ ਇਨਕਾਰ ਕਰ ਰਹੀ ਹੈ। ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਕਾਂਗਰਸ ਸਰਕਾਰ ਦੀਆਂ ਨੀਤੀਆਂ ਨੂੰ ਲੋਕ ਮਾਰੂ ਦੱਸਿਆ ਅਤੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਕਿ ਕੈਬਨਿਟ ਦੇ ਵਿਸਥਾਰ ਮੌਕੇ ਕਾਬਲ ਵਿਧਾਇਕਾਂ ਨੂੰ ਮੰਤਰੀ ਬਣਾਇਆ ਜਾਵੇ। ਉਨ੍ਹਾਂ ਸਿੱਖ ਭਾਈਚਾਰੇ ਨੂੰ ਪੰਜਾਬੀਆਂ ਦੀ ਸ਼ਾਨ ਦੱਸਦਿਆਂ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ ਤੋਂ ਸੇਧ ਲੈਣੀ ਚਾਹੀਦੀ ਹੈ। ਸ੍ਰੀ ਆਨੰਦਪੁਰ ਸਾਹਿਬ ਦੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਆਪਣੀਆਂ ਪ੍ਰਾਪਤੀਆਂ ਲੋਕਾਂ ਨੂੰ ਗਿਣਵਾਉਣ ਤੋਂ ਪਿੱਛੇ ਨਹੀਂ ਰਹੇ। ਸਾਬਕਾ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਕਿਸ ਤਰ੍ਹਾਂ ਸਰਕਾਰ ਲੋਕਾਂ ਨਾਲ ਕੀਤੇ ਮੁਕੰਮਲ ਕਰਜ਼ਾ ਮੁਆਫੀ, ਘਰ-ਘਰ ਨੌਕਰੀ ਅਤੇ ਸਮਾਜ ਭਲਾਈ ਦੇ ਲਾਭਾਂ ਵਿਚ ਵਾਧੇ ਆਦਿ ਜਿਹੇ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ।

## ਸਮਰਾਲਾ: ਪਰਿਵਾਰ ਦੇ ਤਿੰਨ ਜੀਆਂ ਦੀ ਹੱਤਿਆ

**ਸਮਰਾਲਾ:** ਪਿੰਡ ਚਹਿਲਾਂ ਵਿਚ ਅਣਪਛਾਤਿਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਇਕੋ ਪਰਿਵਾਰ ਦੇ ਤਿੰਨ ਜੀਆਂ ਦਾ ਕਤਲ ਕਰ ਦਿੱਤਾ ਗਿਆ।

ਮ੍ਰਿਤਕਾਂ 'ਚ ਘਰ ਦਾ ਮੁਖੀ ਸੁਖਦੇਵ ਸਿੰਘ (50), ਉਸ ਦੀ ਪਤਨੀ ਗੁਰਮੀਤ ਕੌਰ (46) ਤੇ ਛੋਟਾ ਬੇਟਾ ਹਰਜੋਤ ਸਿੰਘ (22) ਸ਼ਾਮਲ ਹੈ। ਪਰਿਵਾਰ ਦਾ ਵੱਡਾ ਬੇਟਾ ਜਤਿੰਦਰ ਸਿੰਘ (26) ਘਟਨਾ ਵਾਲੇ ਦਿਨ ਕੰਮ ਉਤੇ ਗਿਆ ਹੋਇਆ ਸੀ।

## ਬਾਦਲਾਂ ਨੇ ਕੀਤਾ ਸਭ ਤੋਂ ਵੱਧ ਸਿੱਖੀ ਦਾ ਘਾਣ: ਸਿਮਰਨਜੀਤ ਸਿੰਘ ਮਾਨ

ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕੀਤੀ ਕਾਨਫਰੰਸ ਵਿਚ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਕੌਮੀ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ ਨੇ ਕਾਂਗਰਸ ਸਰਕਾਰ ਤੋਂ ਮੰਗ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਛੇਤੀ ਤੋਂ ਛੇਤੀ ਗ੍ਰਿਫਤਾਰ ਕੀਤਾ ਜਾਵੇ। ਸ. ਮਾਨ ਨੇ ਪੰਜਾਬ ਵਿਚ ਨਸ਼ਿਆਂ ਦੇ ਵਗ ਰਹੇ ਛੇਵੇਂ ਦਰਿਆ ਨੂੰ ਰੋਕਣ ਦੇ



ਉਪਰਾਲੇ ਕਰਨ ਲਈ ਵੀ ਕਿਹਾ।

ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ 10 ਸਾਲਾਂ ਦੇ ਰਾਜਕਾਲ ਦੌਰਾਨ ਸਿੱਖਾਂ ਅਤੇ ਸਿੱਖੀ ਦਾ ਬਹੁਤ ਵੱਡਾ ਘਾਣ ਕੀਤਾ ਗਿਆ ਅਤੇ ਸਿੱਖ ਕੌਮ ਉਨ੍ਹਾਂ ਨੂੰ ਕਦੇ ਵੀ ਮੁਆਫ ਨਹੀਂ ਕਰੇਗੀ। ਪਾਰਟੀ ਦੇ ਯੂਥ ਵਿੰਗ ਪੰਜਾਬ ਦੇ ਸਰਪ੍ਰਸਤ ਇਮਾਨ ਸਿੰਘ ਮਾਨ ਨੇ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਦੌਰਾਨ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਨਾ ਦੇ ਕੇ ਸਿੱਖ ਕੌਮ ਨੂੰ ਕੈਨੇਡਾ ਸਰਕਾਰ ਤੋਂ ਦੂਰ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ।

# ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ ਚੋਣ ਲਈ ਚੋਣ ਅਮਲ ਮੁੜ ਸ਼ੁਰੂ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਪ੍ਰਧਾਨ, ਮੀਤ ਪ੍ਰਧਾਨ ਅਤੇ ਆਨਰੇਰੀ ਸਕੱਤਰ ਦੇ ਅਹੁਦੇ ਵਾਸਤੇ ਚੋਣ ਲਈ ਪ੍ਰਕਿਰਿਆ ਮੁੜ ਸ਼ੁਰੂ ਹੋ ਗਈ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਚੋਣ ਪ੍ਰਕਿਰਿਆ ਸ਼ੁਰੂ ਹੋਈ ਸੀ ਅਤੇ ਤਿੰਨਾਂ ਅਹੁਦਿਆਂ ਵਾਸਤੇ ਕੁੱਲ 11 ਨਾਮਜ਼ਦਗੀਆਂ ਦਾਖਲ ਹੋਈਆਂ ਸਨ। ਇਨ੍ਹਾਂ ਅਹੁਦਿਆਂ ਵਾਸਤੇ ਚਾਰ ਮਾਰਚ ਨੂੰ ਵੋਟਾਂ ਪਾਈਆਂ ਜਾਣੀਆਂ ਸਨ ਪਰ 26 ਫਰਵਰੀ ਨੂੰ ਸੰਸਥਾ ਦੀ ਕਾਰਜਸਾਧਕ ਕਮੇਟੀ ਦੀ ਹੋਈ ਮੀਟਿੰਗ ਵਿਚ ਚੋਣ ਸਬੰਧੀ ਜਨਰਲ ਇਜਲਾਸ ਨੂੰ ਮੁਲਤਵੀ ਕਰਦਿਆਂ ਇਹ ਚੋਣ ਇਜਲਾਸ 25 ਮਾਰਚ ਨੂੰ ਕਰਾਉਣ ਦਾ ਐਲਾਨ ਕੀਤਾ ਗਿਆ ਸੀ।

ਨਵੇਂ ਪ੍ਰੋਗਰਾਮ ਤਹਿਤ ਨਾਮਜ਼ਦਗੀਆਂ ਤਿੰਨ ਮਾਰਚ ਤੋਂ 13 ਮਾਰਚ ਤੱਕ ਹੋਣਗੀਆਂ, 14 ਮਾਰਚ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਅਤੇ 16 ਮਾਰਚ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖਰੀ ਮਿਤੀ ਹੈ। ਤਿੰਨਾਂ ਅਹੁਦਿਆਂ ਵਾਸਤੇ ਚੋਣ 25 ਮਾਰਚ ਨੂੰ ਦੁਪਹਿਰ ਡੇਢ ਵਜੇ ਚੀਫ ਖਾਲਸਾ ਦੀਵਾਨ ਦੇ ਕੈਂਪਸ 'ਚ ਬੈਲਟ ਪੇਪਰ ਰਾਹੀਂ ਹੋਵੇਗੀ। ਵੋਟਾਂ ਪੈਣ ਪਿਛੋਂ ਗਿਣਤੀ ਕੀਤੀ ਜਾਵੇਗੀ ਅਤੇ ਉਸੇ ਦਿਨ ਨਤੀਜੇ ਦਾ ਐਲਾਨ ਹੋਵੇਗਾ। ਚੀਫ ਖਾਲਸਾ ਦੀਵਾਨ ਦੇ ਮੈਂਬਰਾਂ ਦੀ ਸੂਚੀ ਹੀ ਵੋਟਰ ਸੂਚੀ ਹੋਵੇਗੀ ਅਤੇ ਵੋਟ ਪਾਉਣ ਵਾਲਾ ਵਿਅਕਤੀ ਆਪਣੇ ਨਾਲ ਸ਼ਨਾਖਤੀ ਕਾਰਡ ਲੈ ਕੇ ਆਵੇਗਾ। ਮੈਂਬਰਸ਼ਿਪ ਦੀ ਬਕਾਇਆ ਰਹਿੰਦੀ ਫੀਸ ਦੇ ਭੁਗਤਾਨ ਮਗਰੋਂ ਹੀ ਮੈਂਬਰ ਨੂੰ ਵੋਟ ਪਾਉਣ ਦਾ ਹੱਕ ਹੋਵੇਗਾ। ਚੀਫ ਖਾਲਸਾ ਦੀਵਾਨ ਦੇ ਮੈਂਬਰਾਂ ਦੀ ਗਿਣਤੀ ਲਗਭਗ 520 ਹੈ।

ਦੱਸਣਯੋਗ ਹੈ ਕਿ ਚੀਫ ਖਾਲਸਾ ਦੀਵਾਨ ਦੇ ਸਾਬਕਾ ਆਗੂ ਚਰਨਜੀਤ ਸਿੰਘ ਚੱਢਾ ਦੀ ਇਤਰਾਜ਼ਯੋਗ ਵੀਡੀਓ ਵਾਇਰਲ ਹੋਣ ਮਗਰੋਂ ਉਨ੍ਹਾਂ ਇਹ ਅਹੁਦਾ ਛੱਡ ਦਿੱਤਾ ਸੀ ਅਤੇ ਅਕਾਲ ਤਖਤ ਦੇ ਆਦੇਸ਼ਾਂ 'ਤੇ ਉਨ੍ਹਾਂ ਦੀ ਮੁੱਢਲੀ ਮੈਂਬਰਸ਼ਿਪ ਵੀ ਰੱਦ ਕਰ ਦਿੱਤੀ ਗਈ ਸੀ।

**Punjab Times**
**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜੰਗ-ਏ-ਆਜ਼ਾਦੀ ਸਮਾਰਕ ਦਾ ਦੂਜਾ ਪੜਾਅ ਲੋਕ ਅਰਪਣ

**ਕਰਤਾਰਪੁਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜੰਗ-ਏ-ਆਜ਼ਾਦੀ ਸਮਾਰਕ ਦੇ ਦੂਜੇ ਪੜਾਅ ਦੀਆਂ 6 ਗੈਲਰੀਆਂ ਲੋਕ ਅਰਪਣ ਕੀਤੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਤੀਜੇ ਪੜਾਅ ਲਈ ਆਉਂਦੇ ਬਜਟ ਵਿਚ 25 ਕਰੋੜ ਰੁਪਏ ਰੱਖੇ ਜਾਣਗੇ। ਉਨ੍ਹਾਂ ਜੰਗ-ਏ-ਆਜ਼ਾਦੀ ਫਾਊਂਡੇਸ਼ਨ ਸਾਹਮਣੇ ਸਮਾਰਕ ਵਿਚ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਲਈ ਮੁਫਤ ਦਾਖਲੇ ਦਾ ਪ੍ਰਸਤਾਵ ਰੱਖਿਆ। ਦੱਸਣਯੋਗ ਹੈ ਕਿ ਪਹਿਲੇ ਪੜਾਅ ਲਈ 9.5 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕਰਤਾਰਪੁਰ ਸਮਾਰਕ ਅਤੇ ਅੰਮ੍ਰਿਤਸਰ ਵਿਚ ਵਿਰਾਸਤੀ ਅਜਾਇਬ ਘਰ ਬਣਾ ਕੇ ਨੌਜਵਾਨ ਪੀੜ੍ਹੀ ਨੂੰ ਆਜ਼ਾਦੀ ਵਿਚ ਯੋਗਦਾਨ ਪਾਉਣ ਵਾਲੇ ਸਾਡੇ ਪੁਰਖਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ ਹੈ।

ਅੰਡੇਮਾਨ ਦੀ ਸੈਲੂਲਰ ਜੇਲ੍ਹ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਥੇ 600 ਕੈਦੀ ਬੰਦ ਸਨ, ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਨ। ਉਨ੍ਹਾਂ ਬਾਰੇ ਪੰਜਾਬ ਵਾਸੀਆਂ ਨੂੰ ਬਹੁਤੀ ਜਾਣਕਾਰੀ ਨਹੀਂ ਸੀ। ਉਨ੍ਹਾਂ ਦੀ ਯਾਦਗਾਰ ਬਣਾਉਣ ਲਈ ਉਥੇ ਦੋ ਟਾਪੂ ਲਾਏ ਸਨ, ਜੋ ਕਿ ਸੁਨਾਮੀ ਨੇ ਤਬਾਹ ਕਰ ਦਿੱਤੇ। ਉਨ੍ਹਾਂ ਦੀ ਜਾਣਕਾਰੀ ਲੈ ਕੇ ਨਾਂ ਤੇ ਪਤੇ ਇਥੇ ਦਰਜ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇਗਾ।




ਸਮਾਰੋਹ ਦੌਰਾਨ ਜੰਗ-ਏ-ਆਜ਼ਾਦੀ ਫਾਊਂਡੇਸ਼ਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਸਮਾਰਕ ਉਤਮ ਕਲਾ ਦਾ ਨਮੂਨਾ ਹੈ, ਜਿਸ ਨੂੰ ਨਾਮਵਰ ਸ਼ਿਲਪਕਾਰ ਰਾਜ ਰਿਵਾਲ ਨੇ ਤਿਆਰ ਕੀਤਾ ਹੈ।

ਇਸ ਯਾਦਗਾਰ ਵਿਚ 100 ਸਾਲਾਂ ਦੇ ਆਜ਼ਾਦੀ ਦੇ ਇਤਿਹਾਸ ਨੂੰ ਹਰ ਨਜ਼ਰੀਏ ਤੋਂ ਦੇਖ ਕੇ ਇਸ ਸਬੰਧੀ ਪੂਰਾ ਸੰਕਲਪ ਤਿਆਰ ਕਰਨ ਲਈ ਇਤਿਹਾਸਕਾਰਾਂ ਦੀ ਕਮੇਟੀ ਵਿਚ ਡਾ. ਕਿਰਪਾਲ ਸਿੰਘ, ਡਾ. ਜੇ.ਐਸ. ਗਰੇਵਾਲ, ਡਾ. ਜਸਪਾਲ ਸਿੰਘ, ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਡਾ. ਕੇ.ਐਲ. ਟੁਟੇਜਾ ਅਤੇ ਡਾ. ਹਰੀਸ਼ ਸ਼ਰਮਾ ਸ਼ਾਮਲ ਕੀਤਾ ਗਿਆ ਸੀ। ਇਸ ਦੇ ਇਤਿਹਾਸ ਨੂੰ ਰੂਪਮਾਨ ਕਰਨ ਲਈ ਫਿਲਮ ਜਗਤ ਦੇ ਨਿਰਦੇਸ਼ਕ ਸ਼ਿਆਮ ਬੈਨੇਗਲ ਦੀਆਂ ਸੇਵਾਵਾਂ ਲਈਆਂ ਗਈਆਂ ਹਨ।

## ਜਦੋਂ ਕੈਪਟਨ ਨੇ ਅੱਖੀਂ ਦੇਖੀ ਗੈਰ-ਕਾਨੂੰਨੀ ਮਾਈਨਿੰਗ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੈਲੀਕਾਪਟਰ ਰਾਹੀਂ ਜਦੋਂ ਜੰਗ-ਏ-ਆਜ਼ਾਦੀ ਯਾਦਗਾਰ ਦੇ ਉਦਘਾਟਨੀ ਸਮਾਗਮ ਵਿਚ ਸ਼ਾਮਲ ਹੋਣ ਆ ਰਹੇ ਸਨ ਤਾਂ ਸਤਲੁਜ ਦਰਿਆ ਕੰਢੇ ਹੋ ਰਹੀ ਗੈਰ-ਕਾਨੂੰਨੀ ਮਾਈਨਿੰਗ ਨੂੰ ਉਨ੍ਹਾਂ ਪਹਿਲੀ ਵਾਰ ਅੱਖੀਂ ਦੇਖਿਆ।

ਜਾਣਕਾਰੀ ਅਨੁਸਾਰ ਸਤਲੁਜ ਦਰਿਆ ਤੋਂ ਲੰਘਦਿਆਂ ਉਨ੍ਹਾਂ ਹੋ ਰਹੀ ਗੈਰ-ਕਾਨੂੰਨੀ ਮਾਈਨਿੰਗ ਨੂੰ ਹੋਰ ਨੇੜਿਉਂ ਦੇਖਣ ਲਈ ਹੈਲੀਕਾਪਟਰ ਨੂੰ ਹੇਠਾਂ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ। ਸਤਲੁਜ ਦਰਿਆ ਦੇ ਕੰਢਿਆਂ ਦੁਆਲੇ ਲੱਗੀਆਂ ਕਰੇਨਾਂ, ਟਿੱਪਰ, ਜੇ.ਸੀ.ਬੀ. ਮਸ਼ੀਨਾਂ ਤੇ ਟਰੈਕਟਰ ਟਰਾਲੀਆਂ ਦੇਖਣ ਤੋਂ ਬਾਅਦ ਮੁੱਖ ਮੰਤਰੀ ਨੇ ਜਲੰਧਰ ਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਐਸ.ਐਸ.ਪੀਜ਼. ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਇਸ ਵਿਰੁੱਧ ਤੁਰਤ ਕਾਰਵਾਈ ਕਰਨ। ਮੁੱਖ ਮੰਤਰੀ ਵੱਲੋਂ ਮਾਈਨਿੰਗ ਵਿਰੁੱਧ ਮਿਲੇ ਆਦੇਸ਼ਾਂ ਕਾਰਨ ਅਧਿਕਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ।

## ਗੌਰੀ ਲੰਕੇਸ਼ ਕਤਲ ਮਾਮਲੇ 'ਚ ਵੱਡੀ ਸਫਲਤਾ ਮਿਲਣ ਦਾ ਦਾਅਵਾ

**ਨਵੀਂ ਦਿੱਲੀ:** ਵਿਸ਼ੇਸ਼ ਜਾਂਚ ਦਲ ਨੂੰ ਸੀਨੀਅਰ ਪੱਤਰਕਾਰ ਅਤੇ ਸੋਸ਼ਲ ਵਰਕਰ ਗੌਰੀ ਲੰਕੇਸ਼ ਕਤਲ ਮਾਮਲੇ ਵਿਚ ਵੱਡੀ ਕਾਮਯਾਬੀ ਮਿਲੀ ਹੈ। ਇਸ ਕੇਸ ਵਿਚ ਪੁਲਿਸ ਨੇ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ, ਜਿਸ ਤੋਂ ਖੁਲਾਸੇ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ।

ਇਸ ਮਾਮਲੇ ਦੇ ਜਾਂਚ ਅਧਿਕਾਰੀ ਡਿਪਟੀ ਕਮਿਸ਼ਨਰ ਐਮ.ਐਨ. ਅਨੁਚੇਥ ਨੇ ਦੱਸਿਆ ਕਿ ਟੀ.ਨਵੀਨ ਕੁਮਾਰ ਉਰਫ ਹੋਤੇ ਮਾਂਜਾ ਨੂੰ 8 ਦਿਨ ਲਈ ਹਿਰਾਸਤ 'ਚ ਲਿਆ ਗਿਆ ਹੈ। ਕੁਮਾਰ ਨੂੰ ਪਹਿਲਾਂ ਹੀ ਇਕ ਹੋਰ ਮਾਮਲੇ ਲਈ ਨਿਆਇਕ ਰਿਮਾਂਡ 'ਤੇ ਲਿਆ ਹੈ। ਹਾਲਾਂਕਿ ਉਨ੍ਹਾਂ ਨੇ ਇਸ ਮਾਮਲੇ 'ਚ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਪਿਛਲੇ ਸਾਲ 5 ਸਤੰਬਰ ਨੂੰ ਗੌਰੀ ਲੰਕੇਸ਼ (55) ਦੀ ਉਨ੍ਹਾਂ ਦੇ ਘਰ ਦੇ ਬਾਹਰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

# ਨਹਿਰੂ ਤੇ ਪਟੇਲ ਦੀ ਵਜ੍ਹਾ ਨਾਲ ਬਣਿਆ ਪਾਕਿਸਤਾਨ: ਫਾਰੂਕ

**ਸ੍ਰੀਨਗਰ:** ਭਾਰਤ ਤੇ ਪਾਕਿਸਤਾਨ ਦੇ ਤਣਾਅਪੂਰਣ ਸਬੰਧਾਂ ਦੌਰਾਨ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਹੈਰਾਨੀਜਨਕ ਬਿਆਨ ਦਿੰਦਿਆਂ ਕਿਹਾ ਹੈ ਕਿ ਉਹ ਮੁਹੰਮਦ ਅਲੀ ਜਿਨਾਹ ਨੂੰ ਭਾਰਤ-ਪਾਕਿਸਤਾਨ ਵੰਡ ਲਈ ਜ਼ਿੰਮੇਵਾਰ ਨਹੀਂ ਮੰਨਦੇ, ਸਗੋਂ ਇਹ ਬਟਵਾਰਾ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਤੇ ਮੌਲਾਨਾ ਆਜ਼ਾਦ ਦੀ ਵਜ੍ਹਾ ਕਾਰਨ ਹੋਇਆ ਹੈ।

ਜੰਮੂ-ਕਸ਼ਮੀਰ ਵਿਚ ਚੈਂਬਰ ਆਫ ਕਾਮਰਸ ਵੱਲੋਂ ਕਰਵਾਏ ਸਮਾਗਮ ਦੌਰਾਨ ਭਾਰਤ-ਪਾਕਿ ਵੰਡ ਸਬੰਧੀ ਜ਼ਿਕਰ ਕਰਦਿਆ ਫਾਰੂਕ ਅਬਦੁੱਲਾ ਨੇ ਕਿਹਾ ਕਿ ਜਿਨਾਹ ਸਿਰਫ ਉਸ ਕਮਿਸ਼ਨ ਬਣਾਉਣ ਦੇ ਪੱਖ 'ਚ ਸਨ ਜਿਸ 'ਚ ਮੁਸਲਮਾਨਾਂ, ਸਿੱਖਾਂ ਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਨੂੰ ਵਿਸ਼ੇਸ਼ ਅਧਿਕਾਰ ਦੇਣ ਦੀ ਸਹਿਮਤੀ ਹੋਵੇ।

ਅਬਦੁੱਲਾ ਮੁਤਾਬਕ ਨਹਿਰੂ, ਪਟੇਲ ਤੇ ਮੌਲਾਨਾ ਆਜ਼ਾਦ ਨੇ ਅਜਿਹੇ ਕਮਿਸ਼ਨ ਦੀਆਂ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਕਮਿਸ਼ਨ ਵੱਲੋਂ ਹਿੰਦੁਸਤਾਨ ਦੇ ਬਟਵਾਰੇ ਦੀ ਬਜਾਏ ਮੁਸਲਮਾਨਾਂ ਨੂੰ ਵੱਖਰੇ ਤੌਰ 'ਤੇ ਲੀਡਰਸ਼ਿਪ ਵਿਚ ਜਗ੍ਹਾ ਦੇਣ ਦੀ ਗੱਲ ਕਹੀ ਗਈ ਸੀ ਤੇ ਜਿਨਾਹ ਇਸ ਨੂੰ ਮੰਨਣ ਲਈ ਤਿਆਰ ਸਨ ਪਰ ਉਕਤ ਤਿੰਨੇ ਵੱਡੇ ਨੇਤਾ ਇਸ ਲਈ ਵੀ ਤਿਆਰ ਨਹੀਂ ਹੋਏ ਤੇ ਇਸ ਤੋਂ ਬਾਅਦ ਜਿਨਾਹ ਪਾਕਿਸਤਾਨ ਦੀ ਮੰਗ ਉਤੇ ਅੜ ਗਏ।

## ਸੰਸਦ 'ਚ ਮੁੜ ਗੂੰਜਿਆ ਮੁਹਾਲੀ ਹਵਾਈ ਅੱਡੇ ਦੇ ਨਾਂ ਦਾ ਮੁੱਦਾ

**ਨਵੀਂ ਦਿੱਲੀ;** ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕੌਮਾਂਤਰੀ ਹਵਾਈ ਅੱਡੇ, ਮੁਹਾਲੀ ਦਾ ਨਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਨਾਮ ਉਤੇ ਰੱਖਣ ਦੀ ਮੰਗ ਕੀਤੀ।

ਲੋਕ ਸਭਾ ਵਿਚ ਮੁੱਦਾ ਉਠਾਉਂਦਿਆਂ ਸ੍ਰੀ ਚੰਦੂਮਾਜਰਾ ਨੇ ਚੇਤੇ ਕਰਵਾਇਆ ਕਿ ਇਸ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਰੱਖਣ ਸਬੰਧੀ ਪੰਜਾਬ ਦੀ ਪਿਛਲੀ ਬਾਦਲ ਸਰਕਾਰ ਵੱਲੋਂ ਸਿਫਾਰਸ਼ ਭੇਜੀ ਗਈ ਸੀ, ਪਰ ਦੂਜੇ ਹਿੱਸੇਦਾਰਾਂ ਹਰਿਆਣਾ ਅਤੇ ਚੰਡੀਗੜ੍ਹ ਵੱਲੋਂ ਹੋਰ ਨਾਮ ਦੀ ਸਿਫਾਰਸ਼ ਕਰ ਦੇਣ ਕਾਰਨ ਇਹ ਮਾਮਲਾ ਅਜੇ ਤੱਕ ਲਟਕ ਰਿਹਾ ਹੈ, ਜਿਸ ਦਾ ਛੇਤੀ ਨਿਪਟਾਰਾ ਹੋਣਾ ਚਾਹੀਦਾ ਹੈ।

# ਕੈਪਟਨ ਸਰਕਾਰ 'ਚ ਵੱਡੀ ਹਿਲਜੁਲ ਦੇ ਚਰਚੇ

*(ਸਫਾ ਇਕ ਦੀ ਬਾਕੀ)*

ਕੇਂਦਰੀ ਯੋਜਨਾਵਾਂ 'ਚ ਢਿਲਮੱਠ 'ਤੇ ਪੰਜਾਬ ਸਰਕਾਰ ਨੂੰ ਝਾੜ ਪਾ ਕੇ ਗਈ ਹੈ। ਨੀਤੀ ਅਯੋਗ ਦੀ ਟੀਮ ਨੇ ਤਾਂ ਕੈਪਟਨ ਸਰਕਾਰ ਨੂੰ 'ਆਪਣਾ ਘਰ ਆਪ ਸੰਭਾਲਣ' ਦੀ ਸਲਾਹ ਤੱਕ ਦੇ ਦਿੱਤੀ ਸੀ।

ਵਿੱਤ ਮੰਤਰੀ ਨੇ ਜੀ.ਐਸ.ਟੀ. ਦੇ ਸੋਹਲੇ ਵੀ ਗਾਏ ਸਨ ਤੇ ਸੂਬੇ ਨੂੰ ਇਸ ਤੋਂ ਵੱਡੇ ਲਾਭ ਦੇ ਦਾਅਵੇ ਕੀਤੇ ਸਨ ਪਰ ਸਰਕਾਰ ਦੇ ਅੰਦਾਜ਼ੇ ਧਰੇ ਧਰਾਏ ਰਹਿ ਗਏ। ਕੈਪਟਨ ਸਰਕਾਰ ਦੀ ਕਮਾਈ ਦਾ ਵੱਡਾ ਹਿੱਸਾ ਤਨਖਾਹਾਂ ਦੇ ਭੁਗਤਾਨ ਅਤੇ ਕਰਜ਼ੇ ਦੀਆਂ ਕਿਸ਼ਤਾਂ ਮੋੜਨ 'ਤੇ ਖਰਚ ਹੋ ਰਿਹਾ ਹੈ। ਪੰਜਾਬ ਸਰਕਾਰ ਸਿਰ ਕਰਜ਼ੇ ਦਾ ਭਾਰ 31 ਮਾਰਚ ਤੱਕ ਇਕ ਲੱਖ 95 ਹਜ਼ਾਰ ਕਰੋੜ ਰੁਪਏ ਤੱਕ ਅੱਪੜ ਜਾਵੇਗਾ। ਕੇਂਦਰੀ ਸਕੀਮਾਂ ਦਾ ਪੈਸਾ ਜਾਰੀ ਨਾ ਹੋਣ ਕਾਰਨ ਕੇਂਦਰ ਸਰਕਾਰ ਨੇ ਹੋਰ ਕਿਸ਼ਤਾਂ ਜਾਰੀ ਕਰਨ ਤੋਂ ਹੱਥ ਖਿੱਚਣੇ ਸ਼ੁਰੂ ਕਰ ਦਿੱਤੇ ਹਨ। ਵਿਕਾਸ ਕਾਰਜ ਤਾਂ ਦੂਰ ਦੀ ਗੱਲ ਬੁਢਾਪਾ ਪੈਨਸ਼ਨਾਂ, ਸੇਵਾ ਮੁਕਤੀ ਦੇ ਲਾਭ, ਜੀ.ਪੀ.ਐਫ., ਬਿਜਲੀ ਸਬਸਿਡੀ ਅਤੇ ਹੋਰ ਅਦਾਇਗੀਆਂ ਵੀ ਇਕ ਤਰ੍ਹਾਂ ਨਾਲ ਠੱਪ ਹੀ ਪਈਆਂ ਹਨ। ਕੇਂਦਰ ਸਰਕਾਰ ਨੇ ਸੂਬੇ ਵਿਚ ਰੁਜ਼ਗਾਰ ਉਤਪਤੀ ਲਈ 51.62 ਕਰੋੜ ਰੁਪਏ ਦਿੱਤੇ ਹਨ ਜਦੋਂਕਿ ਇਕ ਪੈਸਾ ਵੀ ਜਾਰੀ ਨਹੀਂ ਹੋ ਸਕਿਆ। ਉਧਰ, ਕਰਜ਼ਾ ਮੁਆਫੀ ਦੀ ਪਹਿਲੀ ਕਿਸ਼ਤ ਨੇ ਸਰਕਾਰ ਨੂੰ ਸਾਹੋ ਸਾਹ ਕਰ ਦਿੱਤਾ ਹੈ। ਹੁਣ ਸਰਕਾਰ ਦੂਜੀ ਕਿਸ਼ਤ ਤੋਂ ਟਾਲੇ ਦੀਆਂ ਸਕੀਮਾਂ ਘੜ ਰਹੀ ਹੈ।

ਸਰਕਾਰ ਦੀ ਹਾਲਾਤ ਇੰਨੀ ਪਤਲੀ ਹੋ ਗਏ ਹੈ ਕਿ ਵਿੱਤ ਵਿਭਾਗ ਨੇ ਵੱਖ-ਵੱਖ ਵਿਭਾਗਾਂ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਕਿਸੇ ਨਵੇਂ ਕੰਮ-ਕਾਜ ਲਈ ਅਗਲੇ ਵਿੱਤੀ ਵਰ੍ਹੇ 'ਚ ਰਾਸ਼ੀ ਨਹੀਂ ਮਿਲੇਗੀ। ਸਿੱਖਿਆ ਵਿਭਾਗ ਵਿਚ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.), ਮਿਡ ਡੇ ਮੀਲ, ਰਮਸਾ ਅਤੇ ਆਈ.ਸੀ.ਟੀ. (ਕੰਪਿਊਟਰ ਸਿਸਟਮ) ਕੇਂਦਰੀ ਸਕੀਮਾਂ ਚੱਲਦੀਆਂ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਇਸ ਵਰ੍ਹੇ ਹੁਣ ਤੱਕ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਕੀਮਾਂ ਅਧੀਨ ਆਪਣੇ ਹਿੱਸੇ ਵਿਚੋਂ 37 ਅਤੇ ਕੇਂਦਰ ਸਰਕਾਰ ਨੇ ਸਿਰਫ 50 ਫੀਸਦੀ ਗਰਾਂਟਾਂ ਹੀ ਜਾਰੀ ਕੀਤੀਆਂ ਹਨ ਜਦਕਿ ਇਹ ਵਰ੍ਹਾ ਖਤਮ ਹੋਣ ਕਿਨਾਰੇ ਹੈ।

## ਗੈਂਗਸਟਰ ਸਰਾਜ ਸੰਧੂ ਉਰਫ ਮਿੰਟੂ ਗ੍ਰਿਫਤਾਰ

**ਜਲੰਧਰ:** ਪੁਲਿਸ ਨੇ ਗੈਂਗਸਟਰ ਸਰਾਜ ਸੰਧੂ ਉਰਫ ਮਿੰਟੂ ਨੂੰ ਬਿਧੀਪੁਰ ਫਾਟਕ ਨੇੜਿਉਂ ਗ੍ਰਿਫਤਾਰ ਕਰ ਲਿਆ ਹੈ। ਸਰਾਜ ਸੰਧੂ ਨੇ ਹਿੰਦੂ ਸੰਘਰਸ਼ ਸੈਨਾ ਦੇ ਆਗੂ ਵਿਪਨ ਸ਼ਰਮਾ ਦਾ 30 ਅਕਤੂਬਰ 2017 ਨੂੰ ਕਤਲ ਕੀਤਾ ਸੀ ਤੇ ਉਸ ਦੇ ਸਿਰ ਪੰਜ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਹੋਇਆ ਸੀ। ਉਹ ਸੋਸ਼ਲ ਮੀਡੀਆ 'ਤੇ ਵੀ ਕਾਫੀ ਸਰਗਰਮ ਸੀ।

ਵਿਪਨ ਸ਼ਰਮਾ ਦਾ ਕਤਲ ਕਰਨ ਤੋਂ ਬਾਅਦ ਉਸ ਨੇ ਫੇਸਬੁੱਕ 'ਤੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ। ਪੁਲਿਸ ਮੁਤਾਬਕ ਸਰਾਜ ਮਿੰਟੂ ਹੁਣ ਤੱਕ ਪੰਜ ਕਤਲ ਅਤੇ ਦੋ ਬੈਂਕ ਲੁੱਟ ਚੁੱਕਾ ਹੈ। 2015 ਤੋਂ ਅਪਰਾਧ ਦੀ ਦੁਨੀਆਂ 'ਚ ਸਰਗਰਮ ਮਿੰਟੂ ਦਾ ਨਾਂ ਵਿਪਨ ਸ਼ਰਮਾ ਦੇ ਕਤਲ ਤੋਂ ਬਾਅਦ ਹੀ ਚਰਚਾ 'ਚ ਆਇਆ ਸੀ ਤੇ ਉਹ ਹੁਣ 'ਏ' ਸ਼੍ਰੇਣੀ ਦੇ ਗੈਂਗਸਟਰ ਵਜੋਂ ਸਥਾਪਤ ਹੋ ਗਿਆ ਸੀ।

## ਵਾਦੀ ਵਿਚ ਮੁੜ ਤਣਾਅ

*(ਸਫਾ ਇਕ ਦੀ ਬਾਕੀ)*

ਗਸ਼ਤੀ ਗੱਡੀ 'ਤੇ ਕੁਝ ਹਥਿਆਰਬੰਦਾਂ ਨੇ ਹਮਲਾ ਕਰ ਦਿੱਤਾ ਸੀ। ਦੁਵੱਲੀ ਗੋਲੀਬਾਰੀ ਵਿਚ ਛੇ ਲੋਕ ਮਾਰੇ ਗਏ ਸਨ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਫੌਜ ਨੇ ਆਮ ਲੋਕਾਂ ਨੂੰ ਵੀ ਨਿਸ਼ਾਨਾ ਬਣਾ ਦਿੱਤਾ। ਫੌਜ ਨੂੰ ਦੋ ਲਾਸ਼ਾਂ ਹਮਲੇ ਤੋਂ ਅਗਲੇ ਦਿਨ ਬਰਾਮਦ ਹੋਈਆਂ ਸਨ। ਇਹ ਲਾਸ਼ਾਂ ਹੁਸੈਨ ਭੱਟ ਵਾਸੀ ਰੱਖ ਕਾਪਰਨ ਅਤੇ ਗੌਹਰ ਅਹਿਮਦ ਲੋਨ ਵਾਸੀ ਚਿਤਰਾ ਗਾਮ ਸ਼ੋਪੀਆਂ ਦੀਆਂ ਸਨ। ਇਸ ਪਿੱਛੋਂ ਲੋਕ ਸੜਕਾਂ 'ਤੇ ਉਤਰ ਆਏ। ਕਈ ਥਾਂਵਾਂ ਉਤੇ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਹਿੰਸਕ ਝੜਪਾਂ ਹੋਈਆਂ। ਦੱਖਣੀ ਕਸ਼ਮੀਰ ਵਿਚ ਇੰਟਰਨੈੱਟ ਮੋਬਾਈਲ ਸੇਵਾ ਮੁਅੱਤਲ ਕਰਨੀਆਂ ਪਈਆਂ। ਪ੍ਰਸ਼ਾਸਨ ਵੱਲੋਂ ਹਿੰਸਾ ਰੋਕਣ ਲਈ ਪੁਰਾਣੇ ਸ੍ਰੀਨਗਰ ਸ਼ਹਿਰ ਦੇ 8 ਸੰਵੇਦਨਸ਼ੀਲ ਇਲਾਕਿਆਂ ਸਮੇਤ ਦੱਖਣੀ ਕਸ਼ਮੀਰ ਦੇ ਕੁਲਗਾਮ, ਪੁਲਵਾਮਾ, ਸ਼ੋਪੀਆਂ ਕਸਬਿਆਂ ਵਿਚ ਸਖਤੀ ਨਾਲ ਧਾਰਾ 144 ਲਗਾਈ ਗਈ। ਮੌਲਵੀ ਉਮਰ ਫਰੂਕ, ਸਈਦ ਅਲੀ ਸ਼ਾਹ ਗਿਲਾਨੀ ਸਮੇਤ ਕਈ ਵੱਖਵਾਦੀ ਆਗੂ ਘਰਾਂ 'ਚ ਨਜ਼ਰਬੰਦ ਰਹੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਬਾਦਲਾਂ ਦੀਆਂ ਬੱਸ ਕੰਪਨੀਆਂ 'ਚ ਜਜ਼ਬ ਹੋਣ ਲੱਗੇ ਛੋਟੇ ਟਰਾਂਸਪੋਰਟ

**ਚੰਡੀਗੜ੍ਹ:** ਬਾਦਲ ਪਰਿਵਾਰ ਦੀਆਂ ਬੱਸਾਂ ਨੇ ਛੋਟੇ ਟਰਾਂਸਪੋਰਟਰਾਂ ਨੂੰ ਖੂੰਜੇ ਲਾ ਦਿੱਤਾ ਹੈ। ਸੱਤਾਹੀਣ ਹੋਣ ਦੇ ਬਾਵਜੂਦ ਬਾਦਲਾਂ ਦੀਆਂ ਬੱਸਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਪਤਾ ਲੱਗਾ ਹੈ ਕਿ ਬਾਦਲਾਂ ਦੀ ਕੰਪਨੀ ਨੇ ਇਕ ਟਰਾਂਸਪੋਰਟ ਦੇ ਸਾਰੇ ਬੱਸ ਪਰਮਿਟ ਆਪਣੇ ਕੰਟਰੋਲ ਵਿਚ ਲੈ ਲਏ ਹਨ ਜਦਕਿ ਤਿੰਨ ਹੋਰ ਟਰਾਂਸਪੋਰਟਾਂ ਦੇ ਪਰਮਿਟ ਹਾਸਲ ਕਰਨ ਲਈ ਗੱਲਬਾਤ ਅੰਤਮ ਦੌਰ ਵਿਚ ਹੈ। ਕੁੱਲ ਮਿਲਾ ਕੇ ਬਾਦਲ ਪਰਿਵਾਰ ਦੀ ਮਾਲਕੀ ਵਾਲੀਆਂ ਕੰਪਨੀਆਂ 'ਚ ਤਕਰੀਬਨ 40 ਹੋਰ ਬੱਸਾਂ ਜੁੜਨ ਜਾ ਰਹੀਆਂ ਹਨ। ਬਾਦਲ ਪਰਿਵਾਰ ਦੀ ਮਾਲਕੀ ਵਾਲੀਆਂ ਕੰਪਨੀਆਂ ਦੇ ਮੈਨੇਜਰ ਭਾਵੇਂ ਖਾਮੋਸ਼ ਹਨ ਪਰ ਡੀ. ਐਮ. ਐਸ. ਬੱਸ ਟਰਾਂਸਪੋਰਟ ਕੰਪਨੀ ਦੇ ਮਾਲਕ ਅਮਰਜੀਤ ਸਮਰਾ (ਜਲੰਧਰ ਤੋਂ ਸਾਬਕਾ ਕਾਂਗਰਸ ਮੰਤਰੀ) ਨੇ ਸੌਦਿਆਂ ਦੀ ਤਸਦੀਕ ਕੀਤੀ ਹੈ। ਸ੍ਰੀ ਸਮਰਾ ਨੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਬਾਦਲਾਂ ਨੂੰ ਸਾਰੀਆਂ 14 ਬੱਸਾਂ ਦੇ ਪਰਮਿਟ ਵੇਚ ਰਹੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਛੋਟੇ ਟਰਾਂਸਪੋਰਟਰਾਂ ਲਈ ਹੁਣ ਇਹ ਮੁਨਾਫੇ ਵਾਲਾ ਕਾਰੋਬਾਰ ਨਹੀਂ ਰਿਹਾ। ਉਂਜ ਉਨ੍ਹਾਂ ਪ੍ਰਿੰਸ ਬੱਸ ਸਰਵਿਸ ਦੀਆਂ ਬੱਸਾਂ ਦੇ ਸੌਦੇ ਤੋਂ ਇਨਕਾਰ ਕਰ ਦਿੱਤਾ ਜਿਸ ਵਿਚ ਪਰਿਵਾਰ ਦੀ ਹੋਰ ਟਰਾਂਸਪੋਰਟਰ ਨਾਲ ਹਿੱਸੇਦਾਰੀ ਹੈ। ਇਸੇ ਤਰ੍ਹਾਂ ਮਾਨਸਾ ਅਧਾਰਤ ਪੰਜਾਬ ਬੱਸ ਸਰਵਿਸ ਅਤੇ ਲਾਡੀ ਟਰਾਂਸਪੋਰਟ ਤੇ ਜਲੰਧਰ ਆਧਾਰਿਤ ਰਾਜਦੀਪ ਟਰਾਂਸਪੋਰਟ ਨੇ ਵੀ ਸੌਦਿਆਂ ਦੀ ਗੱਲਬਾਤ ਹੋਣ ਤੋਂ ਇਨਕਾਰ ਕੀਤਾ ਹੈ। ਉਧਰ, ਇਨ੍ਹਾਂ ਕੰਪਨੀਆਂ ਦੇ ਕੁਝ ਓਪਰੇਟਰਾਂ ਅਤੇ ਮੈਨੇਜਰਾਂ ਨੇ ਖੁਲਾਸਾ ਕੀਤਾ ਹੈ ਕਿ ਉਹ ਆਪਣੇ 'ਨਵੇਂ ਮਾਲਕਾਂ' ਨੂੰ ਰਿਪੋਰਟ ਦੇ ਰਹੇ ਹਨ। ਪੰਜਾਬ ਬੱਸ ਸਰਵਿਸ ਦੇ ਤੇਜਾ ਸਿੰਘ ਨੇ ਆਪਣੀਆਂ ਬੱਸਾਂ ਦੀ ਵਿਕਰੀ ਦੀਆਂ ਰਿਪੋਰਟਾਂ ਨੂੰ ਅਫਵਾਹ ਕਰਾਰ ਦਿੱਤਾ। ਟਰਾਂਸਪੋਰਟ ਗਜ਼ਟ ਵੀਕਲੀ ਨੇ ਆਪਣੇ ਪਿਛਲੇ ਹਫਤੇ ਦੇ ਅੰਕ 'ਚ ਇਨ੍ਹਾਂ ਸੌਦਿਆਂ ਬਾਰੇ ਵਿਸਥਾਰਤ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਸੂਤਰਾਂ ਮੁਤਾਬਕ ਸੌਦਾ ਤਾਂ ਹੀ ਸਿਰੇ ਚੜ੍ਹੇਗਾ ਜਦੋਂ ਪੂਰੀ ਰਕਮ ਦੀ ਅਦਾਇਗੀ ਹੋ ਜਾਵੇਗੀ।




ਨਿਯਮਾਂ ਤਹਿਤ ਬੱਸ ਰੂਟ ਪਰਮਿਟਾਂ ਦੀ ਮਾਲਕੀ ਵਿਚ ਬਦਲਾਅ ਦਾ ਨੋਟੀਫਿਕੇਸ਼ਨ ਅਖਬਾਰਾਂ ਵਿਚ ਪ੍ਰਕਾਸ਼ਿਤ ਕਰਨਾ ਪੈਂਦਾ ਹੈ ਅਤੇ ਸਾਰੇ ਨੋਟੀਫਿਕੇਸ਼ਨ ਟਰਾਂਸਪੋਰਟ ਗਜ਼ਟ 'ਚ ਛਪੇ ਜਾਂਦੇ ਹਨ। ਇਨ੍ਹਾਂ ਸੌਦਿਆਂ ਨੇ ਛੋਟੇ ਟਰਾਂਸਪੋਰਟਰਾਂ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਮਿੰਨੀ ਬੱਸ ਓਪਰੇਟਰਜ਼ ਯੂਨੀਅਨ ਦੇ ਪ੍ਰਧਾਨ ਜੇ.ਐਸ. ਗਰੇਵਾਲ ਨੇ ਚੋਣਵੀਆਂ ਕੰਪਨੀਆਂ ਦੇ ਵਧਦੇ ਬੱਸ ਟਰਾਂਸਪੋਰਟ ਧੰਦੇ ਦੀ ਸੀ.ਬੀ.ਆਈ. ਜਾਂਚ ਮੰਗੀ ਹੈ। ਸ੍ਰੀ ਗਰੇਵਾਲ ਨੇ ਕਿਹਾ ਕਿ ਕਾਂਗਰਸ ਨੇ ਸਾਰੇ ਟਰਾਂਸਪੋਰਟਰਾਂ ਨੂੰ ਇਕਸਾਰ ਮੌਕਾ ਦੇਣ ਦਾ ਵਾਅਦਾ ਕੀਤਾ ਸੀ ਪਰ ਹਕੀਕਤ 'ਚ ਕੋਈ ਫਰਕ ਦਿਖਾਈ ਨਹੀਂ ਦੇ ਰਿਹਾ। ਉਹ ਨਵੀਂ ਟਰਾਂਸਪੋਰਟ ਨੀਤੀ ਲਿਆਉਣ ਵਿਚ ਨਾਕਾਮ ਰਹੇ ਜਿਸ ਕਾਰਨ ਕੁਝ ਟਰਾਂਸਪੋਰਟਰ ਮੁਨਾਫਾ ਖੱਟ ਰਹੇ ਹਨ। ਕਈ ਹੋਰ ਟਰਾਂਸਪੋਰਟਰਾਂ ਅਤੇ ਯੂਨੀਅਨ ਦੇ ਨੁਮਾਇੰਦਿਆਂ ਨੇ ਕਿਹਾ ਕਿ ਬਾਦਲਾਂ ਦੀ ਮਾਲਕੀ ਵਾਲੀਆਂ ਟਰਾਂਸਪੋਰਟ ਕੰਪਨੀਆਂ ਨੂੰ ਬੱਸ ਟਾਈਮ ਟੇਬਲ 'ਚ ਵੀ ਲਾਹਾ ਮਿਲਦਾ ਹੈ ਜਿਥੇ ਉਨ੍ਹਾਂ ਦੀਆਂ ਬੱਸਾਂ ਨੂੰ ਅੱਡਿਆਂ ਉਤੇ 10 ਮਿੰਟ ਤੱਕ ਰੁਕਣ ਦਾ ਸਮਾਂ ਮਿਲਦਾ ਹੈ।

## 'ਆਪ' ਨੇ ਖੋਲ੍ਹਿਆ ਬਾਦਲਾਂ ਦੀਆਂ ਬੱਸਾਂ ਖਿਲਾਫ ਮੋਰਚਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਬਾਦਲਾਂ ਦੀਆਂ ਬੱਸਾਂ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਪਾਰਟੀ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਤੇ ਸੂਬਾ ਸਹਿ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ 'ਸ਼ਾਰਕ ਮੱਛੀ' ਦਾ ਰੂਪ ਧਾਰਨ ਕਰ ਚੁੱਕੀਆਂ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਵੱਲੋਂ ਅਕਾਲੀ-ਭਾਜਪਾ ਸਰਕਾਰ ਮੌਕੇ ਮਚਾਈ ਗਈ ਅੱਤ ਸਮਝ ਆਉਂਦੀ ਹੈ, ਪਰ ਕੈਪਟਨ ਦੀ ਕਾਂਗਰਸ ਸਰਕਾਰ ਦੌਰਾਨ ਵੀ ਬਾਦਲ ਪਰਿਵਾਰ ਦਾ ਟਰਾਂਸਪੋਰਟ ਕਾਰੋਬਾਰ ਉਸੇ 'ਸਟਾਈਲ ਤੇ ਸਪੀਡ' ਨਾਲ ਕਿਵੇਂ ਵਧੀ ਜਾ ਰਿਹਾ ਹੈ।

## ਬਾਦਲਾਂ ਨੇ ਹਿਮਾਚਲ ਵਿਚ ਵੀ ਪੈਰ ਪਸਾਰੇ

**ਧਰਮਸਾਲਾ:** ਪੰਜਾਬ ਵਿਚ ਟਰਾਂਸਪੋਰਟ ਵਪਾਰ ਵਿਚ ਕਾਮਯਾਬੀ ਦੇ ਨਾਲ-ਨਾਲ ਬਾਦਲਾਂ ਨੇ ਹੁਣ ਹਿਮਾਚਲ ਵਿਚ ਵੀ ਆਪਣਾ ਕਾਰੋਬਾਰ ਭਖਾ ਲਿਆ ਹੈ। ਇਥੋਂ ਦੀ ਇੰਡੋ ਕੈਨੇਡੀਅਨ ਕੰਪਨੀ ਦੇ ਸੂਤਰਾਂ ਅਨੁਸਾਰ ਬਾਦਲ ਪਰਿਵਾਰ ਦੀਆਂ ਰੋਜ਼ਾਨਾ ਹਿਮਾਚਲ ਤੋਂ ਦਿੱਲੀ ਲਈ ਕਈ ਛੋਟੀਆਂ ਤੇ ਦਰਮਿਆਨੀਆਂ ਵਾਲਵੋ ਬੱਸਾਂ ਚੱਲ ਰਹੀਆਂ ਹਨ। ਮੈਟਰੋ ਈਕੋ ਗਰੀਨ ਰਿਜ਼ੋਰਟਸ ਲਿਮਟਿਡ ਨੇ ਇਥੇ ਕਈ ਟਰਾਂਸਪੋਰਟ ਫਰਮਾਂ ਜਿਵੇਂ ਸਵਾਗਤਮ, ਲਕਸ਼ਮੀ ਹਾਲੀਡੇਅ, ਨਾਰਦਰਨ ਟ੍ਰੈਵਲਜ਼, ਲੀਓ ਟ੍ਰੈਵਲਜ਼, ਤਨਿਸ਼ਕ ਟ੍ਰੈਵਲਜ਼ ਅਤੇ ਅਪਸਰਾ ਟ੍ਰੈਵਲਜ਼ ਖਰੀਦ ਲਈਆਂ ਹਨ। ਇਨ੍ਹਾਂ ਕੰਪਨੀਆਂ ਵੱਲੋਂ ਰੋਜ਼ਾਨਾ ਚਾਰ ਤੋਂ ਵੀਹ ਬੱਸਾਂ ਮਨਾਲੀ, ਧਰਮਸਾਲਾ ਅਤੇ ਦਿੱਲੀ ਨੂੰ ਚਲਾਈਆਂ ਜਾ ਰਹੀਆਂ ਹਨ।

# ਵਿਵਾਦ ਦੇ ਬਾਵਜੂਦ ਨਵੇਂ ਵਰ੍ਹੇ ਦਾ ਨਾਨਕਸ਼ਾਹੀ ਕੈਲੰਡਰ ਜਾਰੀ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਨਵੇਂ ਵਰ੍ਹੇ 2018-19 ਦਾ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ। ਅਕਾਲ ਤਖਤ ਦੇ ਸਕੱਤਰੇਤ ਵਿਚ ਵਿਵਾਦ ਨੂੰ ਖਤਮ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ ਜਦੋਂਕਿ ਬੀਤੇ ਵਰ੍ਹੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਕਿਰਪਾਲ ਸਿੰਘ ਬਡੂੰਗਰ ਨਿਯੁਕਤ ਸਨ।



ਨਾਨਕਸ਼ਾਹੀ ਸੰਮਤ 550 (2018-19) ਦਾ ਕੈਲੰਡਰ ਜਾਰੀ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਸਾਲ ਦਾ ਨਾਨਕਸ਼ਾਹੀ ਕੈਲੰਡਰ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਕੀਤਾ ਗਿਆ ਹੈ। ਉਨ੍ਹਾਂ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤੇ ਗਏ ਇਸ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਮਨਾਉਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਹੁੰਦਿਆਂ ਗੁਰੂ ਸਾਹਿਬਾਨ ਦੇ ਫਲਸਫੇ ਦੇ ਪ੍ਰਚਾਰ-ਪ੍ਰਸਾਰ ਲਈ ਸੰਯੁਕਤ ਹੰਭਲਾ ਮਾਰਨ। ਉਨ੍ਹਾਂ ਦੱਸਿਆ ਕਿ ਸੰਗਤ ਦੀ ਸਹੂਲਤ ਲਈ ਜਲਦੀ ਹੀ ਨਾਨਕਸ਼ਾਹੀ ਜੰਤਰੀ ਅਤੇ ਡਾਇਰੀ ਵੀ ਸੰਗਤ ਲਈ ਅਰਪਣ ਕੀਤੀ ਜਾਵੇਗੀ।

ਦੱਸਣਯੋਗ ਹੈ ਕਿ ਬੀਤੇ ਵਰ੍ਹੇ ਵੀ ਸੋਧਿਆ ਹੋਇਆ ਇਹ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਵਿਚ ਆਪਸੀ ਵੰਡ ਅਤੇ ਵਿਵਾਦ ਦਾ ਵਿਸ਼ਾ ਬਣਿਆ ਰਿਹਾ ਹੈ। ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਦੋਵਾਂ ਸਿੱਖ ਸੰਸਥਾਵਾਂ ਵੱਲੋਂ ਹੀ ਇਸ ਸਬੰਧੀ ਉਨ੍ਹਾਂ ਦੇ 2003 ਦੇ ਕਾਰਜਕਾਲ ਵੇਲੇ ਮੂਲ ਨਾਨਕਸ਼ਾਹੀ ਕੈਲੰਡਰ ਰਿਲੀਜ਼ ਹੋਇਆ ਸੀ। ਇਸ ਕਰ ਕੇ ਉਨ੍ਹਾਂ ਦੀ ਨਿਯੁਕਤੀ ਵੇਲੇ ਸਿੱਖ ਕੌਮ ਵੱਲੋਂ ਉਮੀਦ ਕੀਤੀ ਜਾ ਰਹੀ ਸੀ ਕਿ ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਨੂੰ ਖਤਮ ਕਰਨ ਲਈ ਯਤਨ ਹੋਵੇਗਾ ਪਰ ਅਜਿਹਾ ਕੁਝ ਨਹੀਂ ਕੀਤਾ ਗਿਆ। ਨਵੰਬਰ 2017 ਵਿਚ ਉਨ੍ਹਾਂ ਦੀ ਥਾਂ ਉਤੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਪਰ ਉਨ੍ਹਾਂ ਨੇ ਵੀ ਇਸ ਮਸਲੇ ਨੂੰ ਹੁਣ ਤੱਕ ਠੰਢੇ ਬਸਤੇ ਵਿਚ ਪਾਇਆ ਹੋਇਆ ਹੈ। ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਸਿੱਖ ਕੌਮ ਵੱਲੋਂ ਵਧੇਰੇ ਗੁਰਪੁਰਬ ਦੋ-ਦੋ ਵਾਰ ਮਨਾਏ ਜਾ ਰਹੇ ਹਨ।

# ਕੇਂਦਰੀ ਸਿੱਖ ਅਜਾਇਬ ਘਰ 'ਚ ਤਿੰਨ ਹੋਰ ਤਸਵੀਰਾਂ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖਤ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਮੱਲ ਸਿੰਘ, ਯੂ.ਪੀ. ਸਿੱਖ ਮਿਸ਼ਨ ਹਾਪੜ ਦੇ ਸਾਬਕਾ ਇੰਚਾਰਜ ਗਿਆਨੀ ਬਾਦਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਅੰਤ੍ਰਿੰਗ ਕਮੇਟੀ ਮੈਂਬਰ ਮਾਸਟਰ ਗੁਰਦਿੱਤ ਸਿੰਘ ਜਲਵੇਹੜਾ ਦੀਆਂ ਤਸਵੀਰਾਂ ਇਥੇ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸਥਾਪਤ ਕੀਤੀਆਂ ਗਈਆਂ ਹਨ।

ਇਸ ਮੌਕੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਤਸਵੀਰਾਂ ਤੋਂ ਪਰਦਾ ਹਟਾਇਆ। ਇਸ ਮੌਕੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਸੰਗਤ ਨੂੰ ਆਪਣੇ ਇਤਿਹਾਸ ਅਤੇ ਵਿਰਾਸਤ ਨਾਲ ਜੋੜਨ ਵਿਚ ਵੱਡੀ ਭੂਮਿਕਾ ਨਿਭਾ ਰਿਹਾ ਹੈ ਅਤੇ ਇਥੇ ਸੁਸ਼ੋਭਿਤ ਤਸਵੀਰਾਂ ਵਰਤਮਾਨ ਪੀੜ੍ਹੀ ਨੂੰ ਪ੍ਰੇਰਣਾ ਦਿੰਦੀਆਂ ਹਨ। ਕੇਂਦਰੀ ਸਿੱਖ ਅਜਾਇਬ ਘਰ ਵਿਚ ਸਿੱਖ ਕੌਮ ਦੇ ਗੁਰੂ ਸਾਹਿਬਾਨ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਦਾ ਇਤਿਹਾਸ ਸੰਭਾਲਿਆ ਹੋਇਆ ਹੈ।



ਉਨ੍ਹਾਂ ਗਿਆਨੀ ਮੱਲ ਸਿੰਘ, ਗਿਆਨੀ ਬਾਦਲ ਸਿੰਘ ਅਤੇ ਮਾਸਟਰ ਗੁਰਦਿੱਤ ਸਿੰਘ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਣ ਮੌਕੇ ਆਪਣੇ ਬੱਚਿਆਂ ਨੂੰ ਕੇਂਦਰੀ ਸਿੱਖ ਅਜਾਇਬ ਘਰ ਜ਼ਰੂਰ ਲਿਆਉਣ। ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਮੱਲ ਸਿੰਘ, ਮਾਸਟਰ ਗੁਰਦਿੱਤ ਸਿੰਘ ਤੇ ਗਿਆਨੀ ਬਾਦਲ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪੇ ਦਿੱਤੇ ਗਏ।

## ਸਮੇਂ ਸਿਰ ਹੋਣਗੀਆਂ ਹਰਿਆਣਾ ਚੋਣਾਂ: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸਾਰੀਆਂ ਕਿਆਸਅਰਾਈਆਂ ਰੱਦ ਕਰਦਿਆਂ ਕਿਹਾ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਆਪਣੀ ਮਿਆਦ ਪੂਰੀ ਕਰਨ ਉਪਰੰਤ ਹੀ ਹੋਣਗੀਆਂ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੂੰ ਵੀ ਕੇਂਦਰ ਅਤੇ ਸੂਬਾਈ ਚੋਣਾਂ ਇਕ ਸਮੇਂ ਕਰਵਾਉਣ ਬਾਰੇ ਪੁੱਛਿਆ ਗਿਆ ਸੀ। ਪਰ ਉਨ੍ਹਾਂ ਸਪਸ਼ਟ ਕੀਤਾ ਕਿ ਅਜਿਹਾ ਸਾਰੀਆਂ ਸਿਆਸੀ ਪਾਰਟੀਆਂ ਦੀ ਸਾਂਝੀ ਰਾਇ ਬਣਨ ਤੋਂ ਬਾਅਦ ਹੀ ਸੰਭਵ ਹੈ।

# 118 ਸਾਲਾ ਦੀ ਉਮਰੇ ਜਹਾਨੋਂ ਰੁਖਸਤ ਹੋਇਆ ਭਗਵਾਨ ਸਿੰਘ

**ਨਥਾਣਾ:** ਪਿੰਡ ਗੋਬਿੰਦਪੁਰਾ ਦੇ ਬਜ਼ੁਰਗ ਭਗਵਾਨ ਸਿੰਘ ਭਾਨਾ ਦਾ 118 ਸਾਲ ਦੀ ਲੰਮੀ ਉਮਰ ਭੋਗ ਕੇ ਦੇਹਾਂਤ ਹੋ ਗਿਆ। ਉਸ ਦੀ 121 ਸਾਲਾ ਪਤਨੀ ਧੰਨ ਕੌਰ ਹਾਲੇ ਵੀ ਤੰਦਰੁਸਤ ਹੈ। ਇਸ ਜੋੜੇ ਦੀ ਲੰਮੀ ਉਮਰ ਨੂੰ ਕੁਦਰਤ ਦਾ ਵਰਦਾਨ ਹੀ ਮੰਨਿਆ ਜਾ ਸਕਦਾ ਹੈ। ਇਕ ਜਾਣਕਾਰੀ ਮੁਤਾਬਕ ਇੰਗਲੈਂਡ ਦੇ ਪੰਜਾਬੀ ਜੋੜੇ ਕਰਮਚੰਦ (110 ਸਾਲ) ਅਤੇ ਉਸ ਦੀ ਪਤਨੀ ਕਰਤਾਰੀ ਦੇਵੀ (103 ਸਾਲ) ਨੇ ਸਭ ਤੋਂ ਲੰਮੀ ਉਮਰ ਦੇ ਜੋੜੇ ਦਾ ਵਿਸ਼ਵ ਰਿਕਾਰਡ ਬਣਾਇਆ ਸੀ ਪਰ ਗੋਬਿੰਦਪੁਰਾ ਵਾਸੀ ਭਗਵਾਨ ਸਿੰਘ ਭਾਨਾ ਅਤੇ ਧੰਨ ਕੌਰ ਨੂੰ ਇਸ ਇਲਾਕੇ ਵਿਚ ਲੰਮੀ ਉਮਰ ਦਾ ਵਿਸ਼ਵ ਰਿਕਾਰਡ ਵਾਲਾ ਜੋੜਾ ਮੰਨਿਆ ਜਾਂਦਾ ਰਿਹਾ।

ਪਰਜਾਪਤ ਜਾਤੀ ਨਾਲ ਸਬੰਧਤ ਭਗਵਾਨ ਸਿੰਘ ਭਾਨਾ ਦੇ ਆਧਾਰ ਕਾਰਡ ਮੁਤਾਬਕ ਉਸ ਦੀ ਜਨਮ ਮਿਤੀ ਪਹਿਲੀ ਜਨਵਰੀ 1900 ਹੈ। ਇਸੇ 4 ਫਰਵਰੀ ਨੂੰ ਇਸ ਜੋੜੇ ਨੇ ਆਪਣੇ ਜਿਉਂਦੇ ਜੀਅ ਮਰਨ ਵਾਲੀਆਂ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ ਸਨ। ਉਸ ਸਮੇਂ ਉਨ੍ਹਾਂ ਅਖੰਡ ਪਾਠ ਕਰਵਾ ਕੇ ਲੱਡੂ-ਜਲੇਬੀਆਂ ਵੰਡੇ ਸਨ। ਇਸ ਦਿਨ ਨੂੰ ਇਹ ਜੋੜਾ ਆਪਣੇ ਵਿਆਹ ਦੀ 98ਵੀਂ ਵਰ੍ਹੇਗੰਢ ਵੀ ਦੱਸਦਾ ਸੀ।



ਇਸ ਜੋੜੇ ਦੇ ਪੰਜ ਧੀਆਂ ਅਤੇ ਇਕ ਪੁੱਤਰ ਤੋਂ ਫੈਲਿਆ ਪਰਿਵਾਰ ਪੰਜ ਪੀੜ੍ਹੀਆਂ ਤੱਕ ਪੁੱਜ ਕੇ 65 ਜੀਆਂ ਦਾ ਹੋ ਗਿਆ ਹੈ। ਬਾਬਾ ਭਗਵਾਨ ਸਿੰਘ ਭਾਨਾ ਦੀ ਵੱਡੀ ਧੀ ਗੁਰਨਾਮ ਕੌਰ ਦੀ ਉਮਰ 90 ਸਾਲ ਹੈ ਅਤੇ ਉਹ ਸਹੀ ਸਲਾਮਤ ਹੈ। ਇਕੋ-ਇਕ ਪੁੱਤਰ ਨੱਥਾ ਸਿੰਘ ਕਰੀਬ 60 ਸਾਲ ਦਾ ਹੈ। ਬਾਬਾ ਭਗਵਾਨ ਸਿੰਘ ਦਾ ਗੋਬਿੰਦਪੁਰਾ ਵਿਚ ਸਸਕਾਰ ਕਰ ਦਿੱਤਾ ਗਿਆ।

# ਪੰਜਾਬ ਵਿਚ ਰੇਲਾਂ ਥੱਲੇ ਆਉਣ ਕਾਰਨ ਰੋਜ਼ਾਨਾ ਹੁੰਦੀਆਂ ਨੇ ਚਾਰ ਮੌਤਾਂ

**ਪਟਿਆਲਾ:** ਰੇਲ ਗੱਡੀਆਂ ਜਿਥੇ ਲੋਕਾਂ ਨੂੰ ਉਨ੍ਹਾਂ ਦੀ ਮੰਜ਼ਲਾਂ 'ਤੇ ਪਹੁੰਚਾਉਂਦੀਆਂ ਹਨ, ਉਥੇ ਇਹ ਪੰਜਾਬ ਵਿਚ ਰੋਜ਼ਾਨਾ ਚਾਰ ਜਣਿਆਂ ਨੂੰ ਨਿਗਲ ਜਾਂਦੀਆਂ ਹਨ। ਲੁਧਿਆਣਾ ਜ਼ਿਲ੍ਹੇ ਵਿਚ ਰੇਲਵੇ ਲਾਈਨਾਂ ਉਤੇ ਪੰਜਾਬ ਵਿਚੋਂ ਸਭ ਤੋਂ ਵੱਧ ਮੌਤਾਂ ਹੋਈਆਂ ਹਨ ਜਦੋਂਕਿ ਸਭ ਤੋਂ ਘੱਟ ਮੌਤਾਂ ਅਬੋਹਰ ਖੇਤਰ ਵਿਚ ਹੁੰਦੀਆਂ ਹਨ। ਪੰਜਾਬ ਵਿਚ ਪਿਛਲੇ ਸਾਲਾਂ ਵਿਚ 1465 ਮੌਤਾਂ ਹੋਈਆਂ, ਇਸ ਹਿਸਾਬ ਨਾਲ ਰੋਜ਼ਾਨਾ ਚਾਰ ਮੌਤਾਂ ਰੇਲ ਗੱਡੀਆਂ ਕਾਰਨ ਹੋਣ ਦੇ ਅੰਕੜੇ ਸਾਹਮਣੇ ਆਏ ਹਨ।

ਸੂਤਰਾਂ ਅਨੁਸਾਰ ਰੇਲ ਗੱਡੀ ਹੇਠ ਆ ਕੇ ਖੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਬਠਿੰਡਾ ਜ਼ਿਲ੍ਹੇ ਵਿਚ ਸਭ ਤੋਂ ਵੱਧ ਹੈ ਜਦੋਂਕਿ ਫਿਰੋਜ਼ਪੁਰ ਵਿਚ ਇਹ ਗਿਣਤੀ ਸਭ ਤੋਂ ਘੱਟ ਹੈ। ਪਿਛਲੇ ਸਾਲ ਜਲੰਧਰ ਵਿਚ ਰੇਲਵੇ ਟਰੈਕ ਉਤੇ 273 ਮੌਤਾਂ, ਅੰਮ੍ਰਿਤਸਰ ਵਿਚ 168, ਲੁਧਿਆਣਾ ਵਿਚ 320, ਪਠਾਨਕੋਟ ਵਿਚ 78, ਪਟਿਆਲਾ ਵਿਚ 121, ਸਰਹਿੰਦ ਵਿਚ 144, ਸੰਗਰੂਰ ਵਿਚ 74, ਫਿਰੋਜ਼ਪੁਰ ਵਿਚ 47, ਫਰੀਦਕੋਟ ਵਿਚ 49, ਬਠਿੰਡਾ ਵਿਚ 161, ਅਬੋਹਰ ਵਿਚ 34 ਮੌਤਾਂ ਹੋਈਆਂ। ਇਨ੍ਹਾਂ ਕੁੱਲ ਮੌਤਾਂ ਵਿਚੋਂ ਰੇਲਵੇ ਦੁਰਘਟਨਾ ਨਾਲ 809 ਮੌਤਾਂ ਹੋਈਆਂ ਜਦਕਿ ਖੁਦਕੁਸ਼ੀ ਕਰਨ ਨਾਲ 384 ਮੌਤਾਂ ਹੋਈਆਂ।


ਇਸੇ ਤਰ੍ਹਾਂ ਹੋਰ ਕਾਰਨਾਂ ਕਰ ਕੇ 272 ਮੌਤਾਂ ਰੇਲਵੇ ਲਾਈਨਾਂ ਉਤੇ ਹੋਈਆਂ ਹਨ। ਜਾਣਕਾਰੀ ਅਨੁਸਾਰ ਇਨ੍ਹਾਂ ਵਿਚੋਂ ਕੁਝ ਮੌਤਾਂ ਅਜਿਹੀਆਂ ਵੀ ਹਨ, ਜਿਨ੍ਹਾਂ ਨੂੰ ਦੁਸ਼ਮਣੀ ਕਾਰਨ ਹੱਥ ਪੈਰ ਬੰਨ੍ਹ ਕੇ ਰੇਲਵੇ ਲਾਈਨਾਂ ਉਤੇ ਸੁੱਟਿਆ ਗਿਆ। ਇਸ ਤੋਂ ਇਲਾਵਾ ਕੁਝ ਮੌਤਾਂ ਚੱਲਦੀ ਰੇਲ ਗੱਡੀ ਵਿਚੋਂ ਡਿੱਗਣ ਕਾਰਨ ਹੋਈਆਂ। ਅਜਿਹੇ ਕੇਸਾਂ ਵਿਚ ਰੇਲਵੇ ਵੱਲੋਂ ਘੱਟੋ ਘੱਟ ਦੋ ਲੱਖ ਮੁਆਵਜ਼ਾ ਵੀ ਦਿੱਤਾ ਜਾਂਦਾ ਹੈ।

## ਜਬਰ ਜਨਾਹ ਪਿੱਛੋਂ 7 ਸਾਲਾ ਬੱਚੀ ਦੀ ਹੱਤਿਆ

**ਗੁਰਾਇਆ:** ਬੜਾ ਪਿੰਡ ਵਿਚ ਜਬਰ ਜਨਾਹ ਉਪਰੰਤ 7 ਸਾਲਾ ਬੱਚੀ ਦੀ ਹੱਤਿਆ ਕਰ ਦਿੱਤੀ ਗਈ। ਲਾਪਤਾ ਲੜਕੀ ਦੀ ਲਾਸ਼ ਖੇਤਾਂ ਵਿਚੋਂ ਮਿਲੀ। ਪੀੜਤ ਲੜਕੀ ਦਾ ਪਿਤਾ ਉਤਰ ਪ੍ਰਦੇਸ਼ ਦੇ ਸੀਤਾਪੁਰ ਦੇ ਰਹਿਣ ਵਾਲਾ ਹੈ। ਇਹ ਲੜਕੀ ਘਰੋਂ ਬਾਹਰ ਖੇਡਣ ਲਈ ਗਈ ਸੀ ਪਰ ਦੇਰ ਸ਼ਾਮ ਤੱਕ ਘਰ ਨਹੀਂ ਪੁੱਜੀ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜਬਰ ਜਨਾਹ ਕਰ ਕੇ ਗਲਾ ਘੁੱਟ ਕੇ ਉਸ ਦੀ ਹੱਤਿਆ ਕੀਤੀ ਗਈ।

# ਹੁਣ 3200 ਕਰੋੜ ਦਾ ਟੀ. ਡੀ. ਐਸ. ਘੁਟਾਲਾ

**ਮੁੰਬਈ:** ਆਮਦਨ ਕਰ ਵਿਭਾਗ ਨੇ 3200 ਕਰੋੜ ਰੁਪਏ ਦੇ ਟੀ.ਡੀ.ਐਸ. ਘੁਟਾਲੇ ਦਾ ਪਰਦਾਫਾਸ਼ ਕੀਤਾ ਹੈ। ਆਮਦਨ ਕਰ ਵਿਭਾਗ ਨੇ ਅਜਿਹੀਆਂ 447 ਕੰਪਨੀਆਂ ਦਾ ਪਤਾ




ਲਾਇਆ ਹੈ ਜਿਨ੍ਹਾਂ ਨੇ ਆਪਣੇ ਕਰਮਚਾਰੀਆਂ ਦਾ ਟੈਕਸ ਤਾਂ ਕੱਟ ਲਿਆ ਪਰ ਉਸ ਨੂੰ ਸਰਕਾਰ ਕੋਲ ਜਮ੍ਹਾਂ ਨਹੀਂ ਕਰਵਾਇਆ। ਇਨ੍ਹਾਂ ਕੰਪਨੀਆਂ ਨੇ ਕਰਮਚਾਰੀਆਂ ਦੇ ਕੱਟੇ ਗਏ ਟੀ.ਡੀ.ਐਸ. ਨੂੰ ਆਪਣੇ ਕਾਰੋਬਾਰ 'ਚ ਹੀ ਨਿਵੇਸ਼ ਕਰ ਦਿੱਤਾ। ਸੂਤਰਾਂ ਨੇ ਦੱਸਿਆ ਕਿ ਆਮਦਨ ਕਰ ਵਿਭਾਗ ਦੀ ਟੀ.ਡੀ.ਐਸ. ਸ਼ਾਖਾ ਨੇ ਇਨ੍ਹਾਂ ਕੰਪਨੀਆਂ ਖਿਲਾਫ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਕਈ ਮਾਮਲਿਆਂ ਵਿਚ ਵਾਰੰਟ ਵੀ ਜਾਰੀ ਕਰ ਦਿੱਤੇ ਗਏ ਹਨ।

ਆਮਦਨ ਕਰ ਐਕਟ ਦੇ ਤਹਿਤ ਇਨ੍ਹਾਂ ਮਾਮਲਿਆਂ 'ਚ ਤਿੰਨ ਮਹੀਨੇ ਤੋਂ ਲੈ ਕੇ ਜੁਰਮਾਨੇ ਦੇ ਨਾਲ 7 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਕੰਪਨੀਆਂ ਅਤੇ ਮਾਲਕਾਂ ਖਿਲਾਫ ਆਈ.ਟੀ. ਐਕਟ ਦੇ ਸੈਕਸ਼ਨ 276ਬੀ ਦੇ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ। ਆਮਦਨ ਕਰ ਵਿਭਾਗ ਆਈ.ਪੀ.ਸੀ. ਦੀਆਂ ਧਾਰਾਵਾਂ ਤਹਿਤ ਧੋਖਾਧੜੀ ਅਤੇ ਅਪਰਾਧਕ ਮਾਮਲੇ ਵੀ ਦਰਜ ਕਰ ਰਿਹਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਸ ਘੁਟਾਲੇ 'ਚ ਕਰਮਚਾਰੀਆਂ ਨਾਲ ਧੋਖਾ ਕੀਤਾ ਗਿਆ ਹੈ, ਇਸ ਲਈ ਆਈ.ਪੀ.ਸੀ. ਦੀਆਂ ਧਾਰਾਵਾਂ ਵੀ ਲਗਾਈਆਂ ਜਾਣਗੀਆਂ।

ਅਪਰਾਧੀਆਂ ਵਿਚ ਇਕ ਨਾਮੀ ਬਿਲਡਰ ਵੀ ਹੈ, ਜੋ ਰਾਜਨੀਤੀ ਨਾਲ ਜੁੜਿਆ ਹੈ। ਕਰਮਚਾਰੀਆਂ ਦੇ ਕੱਟੇ ਗਏ 100 ਕਰੋੜ ਟੀ.ਡੀ.ਐਸ. ਨੂੰ ਬਿਲਡਰ ਨੇ ਆਪਣੇ ਹੀ ਕਾਰੋਬਾਰ 'ਚ ਨਿਵੇਸ਼ ਕਰ ਦਿੱਤਾ। ਹੋਰਨਾਂ ਦੋਸ਼ੀਆਂ ਵਿਚ ਪ੍ਰੋਡਕਸ਼ਨ ਹਾਊਸ ਤੋਂ ਲੈ ਕੇ ਤਕਨੀਕੀ ਕੰਪਨੀਆਂ ਦੇ ਮਾਲਕ ਤੱਕ ਸ਼ਾਮਲ ਹਨ।

ਇਕ ਅਧਿਕਾਰੀ ਨੇ ਦੱਸਿਆ ਕਿ ਹਾਲ ਹੀ ਵਿਚ ਕੀਤੇ ਗਏ ਪ੍ਰਮਾਣਿਕਤਾ ਸਰਵੇਖਣ 'ਚ ਅਜਿਹੇ 447 ਕੇਸ ਸਾਹਮਣੇ ਆਏ। ਕੰਪਨੀਆਂ ਨੇ ਕਰਮਚਾਰੀਆਂ ਦੇ ਟੀ.ਡੀ.ਐਸ. ਦੇ 3200 ਕਰੋੜ ਕੱਟੇ, ਪਰ ਉਸ ਨੂੰ ਸਰਕਾਰ ਦੇ ਖਾਤੇ ਵਿਚ ਜਮ੍ਹਾਂ ਨਹੀਂ ਕਰਵਾਇਆ। ਇਹ ਅੰਕੜਾ ਅਪਰੈਲ 2017 ਤੋਂ ਮਾਰਚ 2018 ਤੱਕ ਦਾ ਹੈ।

# ਭਾਜਪਾ ਨੇ ਉਤਰ-ਪੂਰਬ ਵੱਲ ਵੀ ਪਸਾਰੇ ਪੈਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2014 ਵਿਚ 'ਕਾਂਗਰਸ ਮੁਕਤ' ਭਾਰਤ ਦਾ ਜੋ ਨਾਅਰਾ ਦਿੱਤਾ ਸੀ, ਉਸ ਮਿਸ਼ਨ ਵਿਚ ਭਾਰਤੀ ਜਨਤਾ ਪਾਰਟੀ ਹੁਣ ਕੁਝ ਹੋਰ ਅੱਗੇ ਨਿਕਲ ਗਈ ਹੈ। ਤ੍ਰਿਪੁਰਾ, ਨਾਗਾਲੈਂਡ ਤੇ ਮੇਘਾਲਿਆ ਵਿਚ ਹੋਈਆਂ ਚੋਣਾਂ ਵਿਚ ਮੋਦੀ ਤੇ ਸ਼ਾਹ ਦੀ ਜੋੜੀ ਨੇ ਮੁੜ ਆਪਣਾ ਕਮਾਲ ਦਿਖਾ ਦਿੱਤਾ ਹੈ। 2014 ਵਿਚ ਯੂ.ਪੀ.ਏ. ਦਾ ਤਕਰੀਬਨ 35 ਫੀਸਦੀ ਆਬਾਦੀ 'ਤੇ ਰਾਜ ਸੀ ਤੇ ਐਨ.ਡੀ.ਏ. ਸਿਰਫ 22 ਫੀਸਦੀ ਆਬਾਦੀ ਤੱਕ ਸੀਮਤ ਸੀ, ਪਰ ਹੁਣ ਚਾਰ ਸਾਲ ਬਾਅਦ ਐਨ.ਡੀ.ਏ. 68 ਫੀਸਦੀ ਆਬਾਦੀ 'ਤੇ ਰਾਜ ਕਰਦੀ ਹੈ, ਜਦਕਿ ਯੂ.ਪੀ.ਏ. ਸਿਰਫ ਅੱਠ ਫੀਸਦੀ ਤੱਕ ਸੁੰਗੜ ਗਈ ਹੈ। ਹਾਲਾਂਕਿ, ਭਾਜਪਾ ਨੂੰ ਸਪੱਸ਼ਟ ਬਹੁਮਤ ਸਿਰਫ ਤ੍ਰਿਪੁਰਾ ਵਿਚ ਹੀ ਹਾਸਲ ਹੋਇਆ ਹੈ।

ਤ੍ਰਿਪੁਰਾ ਵਿਚ ਭਾਜਪਾ ਨੇ 43 ਸੀਟਾਂ ਜਿੱਤ ਕੇ 25 ਸਾਲਾਂ ਤੋਂ ਚੱਲੀ ਆ ਰਹੀ ਸੀ.ਪੀ.ਐਮ. ਦੀ ਜੇਤੂ ਲੜੀ ਨੂੰ ਤਬਾਹ ਕਰ ਦਿੱਤਾ ਹੈ। ਭਾਜਪਾ ਨੂੰ 59 ਵਿਚੋਂ 43 ਸੀਟਾਂ ਹਾਸਲ ਹੋਈਆਂ ਜਦਕਿ ਸੀ.ਪੀ.ਐਮ. ਨੂੰ 16 ਸੀਟਾਂ ਨਾਲ ਸਬਰ ਕਰਨਾ ਪਿਆ। ਉਧਰ ਮੇਘਾਲਿਆ ਵਿਚ 60 ਵਿਚੋਂ 59 ਸੀਟਾਂ ਉਤੇ ਵੋਟਿੰਗ ਹੋਈ ਸੀ, ਜਿਸ ਵਿਚੋਂ ਭਾਜਪਾ ਸਿਰਫ ਦੋ ਸੀਟਾਂ ਹੀ ਜਿੱਤ ਸਕੀ। ਇਥੇ ਕਾਂਗਰਸ ਇਕ ਵੱਡੀ ਪਾਰਟੀ ਬਣ ਕੇ ਉਭਰੀ ਹੈ। ਕਾਂਗਰਸ ਨੇ ਸਭ ਤੋਂ ਵੱਧ 21 ਸੀਟਾਂ ਜਿੱਤੀਆਂ। ਹਾਲਾਂਕਿ, ਕੋਈ ਵੀ ਪਾਰਟੀ ਇਥੇ ਸਪੱਸ਼ਟ ਬਹੁਮਤ ਹਾਸਲ ਨਹੀਂ ਕਰ ਸਕੀ।

ਆਪਣੀ ਜੇਤੂ ਲੈਅ ਬਰਕਰਾਰ ਰਖਦਿਆਂ ਭਾਜਪਾ ਨੇ ਖੱਬੇ ਪੱਖੀਆਂ ਦੇ ਆਖਰੀ ਗੜ੍ਹ ਤ੍ਰਿਪੁਰਾ ਉਤੇ ਵੀ ਕਬਜ਼ਾ ਜਮਾ ਲਿਆ। ਪੰਜ ਸਾਲ ਪਹਿਲਾਂ



## ਸਿਫਰ ਤੋਂ ਸਿਖਰ ਤੱਕ ਦਾ ਸਫਰ ਤੈਅ ਕੀਤਾ: ਮੋਦੀ

**ਨਵੀਂ ਦਿੱਲੀ:** ਤ੍ਰਿਪੁਰਾ 'ਚ ਇਤਿਹਾਸਕ ਜਿੱਤ ਮਗਰੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਹ 'ਸਿਫਰ ਤੋਂ ਸਿਖਰ' ਤੱਕ ਦਾ ਸਫਰ ਹੈ। ਉਨ੍ਹਾਂ ਪਾਰਟੀ ਦੀ ਜੇਤੂ ਲੈਅ ਲਈ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ 'ਰੂਹੇ ਰਵਾਂ' ਕਰਾਰ ਦਿੱਤਾ। ਪ੍ਰਧਾਨ ਮੰਤਰੀ ਨੇ ਕਾਂਗਰਸ 'ਤੇ ਵਰ੍ਹਦਿਆਂ ਕਿਹਾ ਕਿ ਉਹ ਪਹਿਲਾਂ ਕਦੇ ਹੁਣ ਵਰਗੀ ਕਮਜ਼ੋਰ ਨਹੀਂ ਸੀ।

ਤ੍ਰਿਪੁਰਾ 'ਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਇਕ ਵੀ ਸੀਟ ਨਸੀਬ ਨਹੀਂ ਹੋਈ ਸੀ ਪਰ ਐਤਕੀਂ ਉਸ ਨੇ ਆਪਣੇ ਦਮ 'ਤੇ 35 ਸੀਟਾਂ ਜਿੱਤ ਕੇ ਬਹੁਮਤ ਹਾਸਲ ਕਰ ਲਿਆ ਹੈ ਪਰ ਭਾਜਪਾ ਦੀ ਭਾਈਵਾਲ ਇੰਡੀਜਿਨਸ ਪੀਪਲਜ਼ ਫਰੰਟ ਆਫ ਤ੍ਰਿਪੁਰਾ (ਆਈ.ਪੀ.ਐਫ.ਟੀ.) ਨੂੰ ਅੱਠ ਸੀਟਾਂ ਮਿਲੀਆਂ ਹਨ ਜਿਸ ਨਾਲ ਗਠਜੋੜ ਨੇ 59 ਵਿਚੋਂ ਕੁਲ 43 ਸੀਟਾਂ ਹਾਸਲ ਕੀਤੀਆਂ ਹਨ। ਭਾਜਪਾ ਨੇ ਨਾਗਾਲੈਂਡ 'ਚ ਚੋਣਾਂ ਤੋਂ ਐਨ ਪਹਿਲਾਂ ਐਨ.ਪੀ.ਐਫ. ਤੋਂ ਨਾਤਾ ਤੋੜ ਕੇ ਨਵੀਂ ਬਣੀ ਐਨ ਰੀਓ ਦੀ ਐਨ.ਡੀ.ਪੀ.ਪੀ. ਨਾਲ ਗਠਜੋੜ ਕਰ ਲਿਆ ਸੀ। ਉਧਰ, ਮੇਘਾਲਿਆ (59 ਸੀਟਾਂ) ਵਿਚ ਮਈ 2009 ਤੋਂ ਸੱਤਾ ਵਿਚ ਰਹੀ ਕਾਂਗਰਸ ਬਹੁਮਤ ਹਾਸਲ ਕਰਨ 'ਚ ਨਾਕਾਮ ਰਹੀ ਪਰ 21 ਸੀਟਾਂ ਜਿੱਤ ਕੇ ਉਹ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ।

# ਹਿੰਦੂ ਔਰਤ ਬਣੀ ਪਾਕਿਸਤਾਨ ਸੈਨੇਟ ਦੀ ਮੈਂਬਰ

**ਕਰਾਚੀ:** ਪਾਕਿਸਤਾਨ ਪੀਪਲਜ਼ ਪਾਰਟੀ ਦੀ ਟਿਕਟ ਉਤੇ ਸੂਬਾ ਸਿੰਧ ਤੋਂ ਇਕ ਹਿੰਦੂ ਔਰਤ ਕ੍ਰਿਸ਼ਨਾ ਕੁਮਾਰੀ ਕੋਹਲੀ ਨੂੰ ਪਾਕਿਸਤਾਨ ਸੈਨੇਟ ਦੀ ਮੈਂਬਰ ਚੁਣੇ ਜਾਣ ਦਾ ਮਾਣ ਹਾਸਲ ਹੋਇਆ ਹੈ। ਉਹ ਪਹਿਲੀ ਦਲਿਤ ਹਿੰਦੂ ਔਰਤ ਹੈ, ਜੋ ਦੇਸ਼ ਦੀ ਸੈਨੇਟ ਮੈਂਬਰ ਚੁਣੀ ਗਈ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਸੰਵਿਧਾਨ ਅਨੁਸਾਰ ਕੋਹਲੀ ਘੱਟ ਗਿਣਤੀ ਨੂੰ ਅਨੁਸੂਚਿਤ ਸ਼੍ਰੇਣੀ ਵਿਚ ਰੱਖਿਆ ਗਿਆ ਹੈ।

ਕ੍ਰਿਸ਼ਨਾ ਕੁਮਾਰੀ (39 ਸਾਲ) ਸੂਬਾ ਸਿੰਧ ਦੇ ਨਗਰਪਾਰਕਰ ਦੇ ਦੂਰ-ਦਰਾਜ ਪਿੰਡ ਧਾਨਾ ਗਾਂਵ ਦੀ ਵਸਨੀਕ ਹੈ ਤੇ ਬਿਲਾਵਲ ਭੁੱਟੋ ਜ਼ਰਦਾਰੀ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਦੀ ਮੈਂਬਰ ਹੈ। ਸ੍ਰੀਮਤੀ ਕੋਹਲੀ ਦੀ ਚੋਣ ਉਤੇ ਟਿੱਪਣੀ ਕਰਦਿਆਂ ਬਿਲਾਵਲ ਭੁੱਟੋ ਨੇ ਕਿਹਾ ਕਿ ਘੱਟ ਗਿਣਤੀ ਸੀਟ ਤੋਂ ਸ੍ਰੀਮਤੀ ਕ੍ਰਿਸ਼ਨਾ ਕੋਹਲੀ ਦੀ ਚੋਣ ਇਹ ਦਰਸਾਉਂਦੀ ਹੈ ਕਿ ਦੇਸ਼ ਵਿਚ ਘੱਟ ਗਿਣਤੀਆਂ ਦੇ ਵੀ ਅਧਿਕਾਰ ਹਨ ਤੇ ਉਹ ਪਾਕਿਸਤਾਨ ਦੀ ਰਾਜਨੀਤੀ ਵਿਚ ਅਹਿਮ ਰੋਲ ਨਿਭਾਅ ਸਕਦੀਆਂ ਹਨ।

ਸ੍ਰੀਮਤੀ ਨੇ ਕੋਹਲੀ ਨੇ ਆਪਣੀ ਚੋਣ ਉਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪਾਰਟੀ ਨੇ ਉਸ ਵਿਚ ਵਿਸ਼ਵਾਸ ਪ੍ਰਗਟਾਇਆ ਹੈ, ਇਸ ਲਈ ਉਹ ਧੰਨਵਾਦੀ ਹੈ। ਉਨ੍ਹਾਂ ਕਿਹਾ ਕਿ ਉਹ



ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਕਾਰਕੁਨ ਹੈ ਤੇ ਹੁਣ ਉਹ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਘੱਟ ਗਿਣਤੀਆਂ ਖਾਸ ਤੌਰ ਉਤੇ ਹਿੰਦੂਆਂ ਦੀਆਂ ਸਮੱਸਿਆਵਾਂ ਨੂੰ ਸੰਸਦ ਵਿਚ ਉਭਾਰੇਗੀ। ਜ਼ਿਕਰਯੋਗ ਹੈ ਕਿ ਕੋਹਲੀ ਨੇ ਬੰਧੂਆ ਮਜ਼ਦੂਰ ਵਜੋਂ ਵੀ ਕੰਮ ਕੀਤਾ ਹੈ ਤੇ ਇਸ ਕਰ ਕੇ ਉਹ ਗਰੀਬਾਂ ਦੇ ਦੁੱਖ ਤੋਂ ਜਾਣੂ ਹੈ।

# ਜ਼ਿਮਨੀ ਚੋਣਾਂ ਵਿਚ ਭਾਜਪਾ ਨੂੰ ਝਟਕੇ

**ਨਵੀਂ ਦਿੱਲੀ:** ਤਿੰਨ ਉਤਰੀ ਪੂਰਬੀ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਚੰਗੀ ਕਾਰਗੁਜ਼ਾਰੀ ਦੀਆਂ ਪੇਸ਼ੀਨਗੋਈਆਂ ਦਰਮਿਆਨ ਮੱਧ ਪ੍ਰਦੇਸ਼ ਵਿਧਾਨ ਸਭਾ ਦੀਆਂ ਦੋ ਅਤੇ ਉੜੀਸਾ ਦੀ ਇਕ ਸੀਟ ਦੀ ਜ਼ਿਮਨੀ ਚੋਣ ਵਿਚ ਭਾਜਪਾ ਨੂੰ ਹਾਰ ਮਿਲੀ। ਮੱਧ ਪ੍ਰਦੇਸ਼ ਭਾਰਤੀ ਜਨਤਾ ਪਾਰਟੀ ਦਾ ਗੜ੍ਹ ਮੰਨਿਆ ਜਾਂਦਾ ਹੈ। ਇਥੇ ਪੰਦਰਾਂ ਸਾਲਾਂ ਤੋਂ ਇਹ ਪਾਰਟੀ ਰਾਜ ਕਰਦੀ ਆ ਰਹੀ ਹੈ। ਇਸ ਰਾਜ ਵਿਚ ਵਿਧਾਨ ਸਭਾ ਦੀਆਂ ਆਮ ਚੋਣਾਂ ਇਸ ਸਾਲ ਦੇ ਅੰਤ ਤੱਕ ਹੋਣੀਆਂ ਹਨ।

ਸੂਬੇ ਦੇ ਕੋਲਾਰਸ ਤੇ ਮੁੰਗਾਉਲੀ ਵਿਧਾਨ ਸਭਾ ਹਲਕਿਆਂ ਉਤੇ ਵਿਰੋਧੀ ਧਿਰ ਕਾਂਗਰਸ ਨੇ ਆਪਣਾ ਕਬਜ਼ਾ ਬਰਕਰਾਰ ਰੱਖਿਆ ਹੈ। ਪਿਛਲੇ ਮਹੀਨੇ ਭਾਜਪਾ ਰਾਜਸਥਾਨ ਵਿਚ ਵੀ ਜ਼ਿਮਨੀ ਚੋਣ ਹਾਰ ਗਈ ਸੀ।

ਮੱਧ ਪ੍ਰਦੇਸ਼ ਵਿਚ ਜ਼ਿਮਨੀ ਚੋਣਾਂ 24 ਫਰਵਰੀ ਨੂੰ ਹੋਈਆਂ ਸਨ। ਮੱਧ ਪ੍ਰਦੇਸ਼ ਦੇ ਕੋਲਾਰਸ ਹਲਕੇ ਤੋਂ ਕਾਂਗਰਸੀ ਉਮੀਦਵਾਰ ਮਹੇਂਦਰ ਸਿੰਘ ਯਾਦਵ ਨੇ ਹਾਕਮ ਭਾਜਪਾ ਦੇ ਦਵੇਂਦਰ ਜੈਨ ਨੂੰ 8083 ਵੋਟਾਂ ਨਾਲ ਹਰਾ ਦਿੱਤਾ। ਮੁੰਗਾਉਲੀ ਤੋਂ ਵੀ ਕਾਂਗਰਸ ਦਾ ਬ੍ਰਜੇਂਦਰ ਸਿੰਘ ਯਾਦਵ, ਭਾਜਪਾ ਦੇ ਭਾਈ ਸਾਹਿਬ ਯਾਦਵ ਨੂੰ 2124 ਵੋਟਾਂ ਨਾਲ ਹਰਾ ਕੇ ਜੇਤੂ ਰਿਹਾ।

# ਚਿਦੰਬਰਮ ਦੇ ਮੁੰਡੇ ਦੀ ਗ੍ਰਿਫਤਾਰੀ ਮਗਰੋਂ ਮੋਦੀ ਸਰਕਾਰ ਘਿਰੀ

**ਨਵੀਂ ਦਿੱਲੀ:** ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਦੇ ਬੇਟੇ ਕਾਰਤੀ ਚਿਦੰਬਰਮ ਦੀ ਗ੍ਰਿਫਤਾਰੀ ਮਗਰੋਂ ਭਾਜਪਾ ਸਰਕਾਰ ਤੇ ਸੀ.ਬੀ.ਆਈ. ਉਪਰ ਸਵਾਲ ਉਠੇ ਹਨ। ਕਾਂਗਰਸ ਨੇ ਕਿਹਾ ਹੈ ਕਿ ਭਾਜਪਾ ਸਰਕਾਰ ਆਪਣੇ ਘੁਟਾਲਿਆਂ ਨੂੰ ਲੁਕਾਉਣ ਲਈ ਵਿਰੋਧੀਆਂ ਦੀ ਜ਼ੁਬਾਨ ਬੰਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਵਿਰੋਧੀ ਧਿਰ ਦੇ ਇਲਜ਼ਾਮਾਂ ਤੋਂ ਬਾਅਦ ਭਾਜਪਾ ਸਰਕਾਰ ਤੇ ਸੀ.ਬੀ.ਆਈ. ਨੇ ਸਫਾਈ ਦਿੱਤੀ ਹੈ। ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਹੈ ਕਿ ਇਹ ਕੋਈ ਬਦਲੇ ਦੀ ਕਾਰਵਾਈ ਨਹੀਂ।

ਸੀ.ਬੀ.ਆਈ. ਸਬੂਤਾਂ ਦੇ ਆਧਾਰ ਉਤੇ ਹੀ ਕਾਰਵਾਈ ਕਰ ਰਹੀ ਹੈ। ਇਸ ਬਾਰੇ ਸੀ.ਬੀ.ਆਈ. ਹੀ ਜ਼ਿਆਦਾ ਜਾਣਕਾਰੀ ਦੇਵੇਗੀ। ਉਧਰ, ਸੀ.ਬੀ.ਆਈ. ਨੇ ਅਦਾਲਤ ਵਿਚ ਦੱਸਿਆ ਕਿ ਕਾਰਤੀ ਜਾਂਚ ਵਿਚ ਸਹਿਯੋਗ ਨਹੀਂ ਦੇ ਰਿਹਾ। ਉਹ ਲਗਾਤਾਰ ਵਿਦੇਸ਼ ਯਾਤਰਾ ਕਰ ਰਿਹਾ ਸੀ। ਅਜਿਹੇ ਵਿਚ ਸਬੂਤਾਂ ਨਾਲ ਛੇੜਛਾੜ ਸੰਭਵ ਹੈ। ਇਸ ਦੇ ਜਵਾਬ ਵਿਚ ਕਾਰਤੀ ਦੇ ਵਕੀਲ ਨੇ ਕਿਹਾ ਕਿ ਏਜੰਸੀ ਨੇ ਪਿਛਲੇ ਛੇ ਮਹੀਨਿਆਂ ਵਿਚ ਉਸ ਨੂੰ ਸੰਮਨ ਹੀ ਨਹੀਂ ਕੀਤਾ। ਕਾਬਲੇਗੌਰ ਹੈ ਕਿ ਜਿਵੇਂ ਹੀ ਕਾਰਤੀ ਚਿਦੰਬਰਮ ਲੰਡਨ ਤੋਂ ਪਰਤੇ, ਏਅਰਪੋਰਟ ਤੋਂ ਹੀ ਸੀ.ਬੀ.ਆਈ. ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਜਾਂਚ ਏਜੰਸੀ ਨੇ ਪੀਟਰ ਤੇ ਇੰਦਰਾਣੀ ਮੁਖਰਜੀ ਦੀ ਕੰਪਨੀ ਆਈ.ਐਨ.ਐਕਸ. ਮੀਡੀਆ ਦੇ ਮਨੀ ਲਾਂਡਰਿੰਗ ਮਾਮਲੇ ਵਿਚ ਕਾਰਤੀ ਨੂੰ ਗ੍ਰਿਫਤਾਰ ਕੀਤਾ ਹੈ। ਕਾਰਤੀ 'ਤੇ ਕੰਮ ਬਦਲੇ ਪੈਸੇ ਲੈਣ ਦਾ ਇਲਜ਼ਾਮ ਹੈ। ਇਸ ਤੋਂ ਪਹਿਲਾਂ ਇਸ ਮਾਮਲੇ ਵਿਚ ਈ.ਡੀ. ਨੇ ਕਾਰਤੀ ਚਿਦੰਬਰਮ ਦੇ ਚਾਰਟਿਡ ਅਕਾਊਂਟੈਂਟ ਐਸ. ਭਾਸਕਰਰਮਨ ਨੂੰ ਗ੍ਰਿਫਤਾਰ ਕੀਤਾ ਸੀ।



ਬਾਅਦ ਵਿਚ ਦਿੱਲੀ ਦੀ ਅਦਾਲਤ ਨੇ ਸੀ.ਏ. ਨੂੰ ਪੰਜ ਦਿਨਾਂ ਲਈ ਈ.ਡੀ. ਦੀ ਹਿਰਾਸਤ ਵਿਚ ਭੇਜ ਦਿੱਤਾ ਸੀ। ਕੁਝ ਦਿਨ ਪਹਿਲਾਂ ਈ.ਡੀ. ਨੇ ਕਾਰਤੀ ਚਿਦੰਬਰਮ ਦੇ ਦਿੱਲੀ ਤੇ ਚੇਨਈ ਦੇ ਟਿਕਾਣਿਆਂ ਉਤੇ ਛਾਪੇਮਾਰੀ ਕੀਤੀ ਸੀ। ਈ.ਡੀ. ਨੇ ਏਅਰਸੈਲ-ਮੈਕਸਿਸ ਡੀਲ ਵਿਚ ਚੱਲ ਰਹੀ ਜਾਂਚ ਦੇ ਸਿਲਸਿਲੇ ਵਿਚ ਛਾਪੇ ਮਾਰੇ ਸਨ। ਇਸ ਮਾਮਲੇ ਵਿਚ ਕਾਰਤੀ ਦੇ ਪਿਤਾ ਪੀ. ਚਿਦੰਬਰਮ ਲਈ ਮੁਸ਼ਕਲਾਂ ਵਧ ਸਕਦੀਆਂ ਹਨ ਕਿਉਂਕਿ ਇਲਜ਼ਾਮ ਹੈ ਕਿ ਵਿੱਤ ਮੰਤਰੀ ਦੇ ਤੌਰ 'ਤੇ ਚਿਦੰਬਰਮ ਨੇ ਹੀ ਦੋ ਵਾਰ ਪ੍ਰਾਈਵੇਟ ਕੰਪਨੀ ਨੂੰ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦਿੱਤੀ ਸੀ।

## ਤਾਇਵਾਨ ਨਾਲ ਸਬੰਧ ਵਧਾਉਣ ਵਾਲੇ ਅਮਰੀਕੀ ਬਿੱਲ ਤੋਂ ਭੜਕਿਆ ਚੀਨ


**ਪੇਈਚਿੰਗ:** ਅਮਰੀਕਾ ਵੱਲੋਂ ਤਾਇਵਾਨ ਨਾਲ ਸਬੰਧ ਵਧਾਉਣ ਵਾਲਾ ਬਿੱਲ ਸੈਨੇਟ ਵਿਚ ਪਾਸ ਕੀਤੇ ਜਾਣ ਮਗਰੋਂ ਚੀਨ ਨੇ ਇਸ ਦਾ ਤਿੱਖਾ ਵਿਰੋਧ ਕੀਤਾ ਹੈ। ਸੈਨੇਟ ਨੇ ਤਾਇਵਾਨ ਟਰੈਵਲ ਐਕਟ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਿਸ ਤਹਿਤ ਅਮਰੀਕਾ ਤੇ ਤਾਇਵਾਨ ਵਿਚਾਲੇ ਹਰ ਪੱਧਰ 'ਤੇ ਦੌਰੇ ਉਤਸ਼ਾਹਿਤ ਕੀਤੇ ਜਾਣਗੇ।

ਇਸ ਬਿੱਲ ਨੂੰ ਜਨਵਰੀ ਵਿਚ ਪ੍ਰਤੀਨਿਧ ਸਭਾ ਨੇ ਪ੍ਰਵਾਨਗੀ ਦਿੱਤੀ ਸੀ। ਬਿੱਲ ਤਹਿਤ ਤਾਇਵਾਨੀ ਅਧਿਕਾਰੀ ਅਮਰੀਕਾ ਵਿਚ ਦਾਖਲ ਹੋ ਸਕਣਗੇ ਅਤੇ ਅਮਰੀਕੀ ਅਧਿਕਾਰੀਆਂ ਨਾਲ ਮੁਲਾਕਾਤ ਤੋਂ ਇਲਾਵਾ ਉਹ ਮੁਲਕ 'ਚ ਕਾਰੋਬਾਰ ਵੀ ਕਰ ਸਕਣਗੇ। ਵਾਸ਼ਿੰਗਟਨ ਨੇ 1979 ਵਿਚ ਤਾਇਵਾਨ ਨਾਲ ਕੂਟਨੀਤਕ ਸਬੰਧ ਤੋੜ ਲਏ ਸਨ ਅਤੇ ਇਸ ਨੂੰ ਚੀਨ ਦਾ ਹਿੱਸਾ ਕਰਾਰ ਦਿੱਤਾ ਸੀ। ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਹੁਆ ਚੁਨਯਿੰਗ ਨੇ ਕਿਹਾ ਕਿ ਨਵੇਂ ਬਿੱਲ ਦੀਆਂ ਕੁਝ ਧਾਰਾਵਾਂ ਕਾਨੂੰਨੀ ਤੌਰ 'ਤੇ ਲਾਗੂ ਨਹੀਂ ਹੁੰਦੀਆਂ ਕਿਉਂਕਿ ਇਹ 'ਇਕ ਚੀਨ' ਦੇ ਸਿਧਾਂਤ ਦੀ ਉਲੰਘਣਾ ਕਰਦੀਆਂ ਹਨ।

# ਨੀਰਵ ਤੇ ਚੋਕਸੀ ਦੇ ਗੈਰ ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ

**ਮੁੰਬਈ:** ਅਦਾਲਤ ਨੇ ਫਰਾਰ ਹੀਰਾ ਕਾਰੋਬਾਰੀਆਂ ਨੀਰਵ ਮੋਦੀ ਤੇ ਮੇਹੁਲ ਚੋਕਸੀ ਖਿਲਾਫ ਗੈਰ ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਇਨ੍ਹਾਂ ਉਤੇ ਦੇਸ਼ ਦੇ ਸਭ ਤੋਂ ਵੱਡੇ ਬੈਂਕਿੰਗ ਘਪਲੇ ਰਾਹੀਂ ਮੁਲਕ ਦੇ ਦੂਜੇ ਵੱਡੇ ਈ.ਡੀ. ਨੇ ਇਸ ਤੋਂ ਪਹਿਲਾਂ ਘਪਲੇ ਦੇ ਇਨ੍ਹਾਂ ਦੋਵਾਂ ਮੁੱਖ ਮੁਲਜ਼ਮਾਂ ਨੂੰ ਜਾਂਚ ਲਈ ਪੇਸ਼ ਹੋਣ ਵਾਸਤੇ ਸੰਮਨ ਜਾਰੀ ਕੀਤੇ ਸਨ।

ਸਮਝਿਆ ਜਾਂਦਾ ਹੈ ਕਿ ਇਹ ਦੋਵੇਂ ਮੁਲਜ਼ਮ ਆਪਣੇ ਖਿਲਾਫ ਕੇਸ ਦਰਜ ਹੋਣ ਤੋਂ ਪਹਿਲਾਂ ਹੀ






ਕੌਮੀਕ੍ਰਿਤ ਬੈਂਕ ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਨੂੰ 12700 ਕਰੋੜ ਰੁਪਏ ਦਾ ਚੂਨਾ ਲਾਉਣ ਦੇ ਦੋਸ਼ ਹਨ।

ਮਨੀ ਲਾਂਡਰਿੰਗ ਰੋਕੂ ਐਕਟ (ਪੀ.ਐਮ.ਐਲ.ਏ.) ਤਹਿਤ ਕਾਇਮ ਵਿਸ਼ੇਸ਼ ਅਦਾਲਤ ਨੇ ਇਹ ਵਾਰੰਟ ਮਾਮਲੇ ਦੀ ਜਾਂਚ ਕਰ ਰਹੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਬੇਨਤੀ ਉਤੇ ਜਾਰੀ ਕੀਤੇ ਹਨ। ਇਸ ਘਪਲੇ ਸਬੰਧੀ ਕੇਸ ਬੀਤੇ ਮਹੀਨੇ ਦਰਜ ਕੀਤੇ ਗਏ ਸਨ। ਦੇਸ਼ ਤੋਂ ਫਰਾਰ ਹੋ ਚੁੱਕੇ ਸਨ। ਇਸ ਕਾਰਨ ਉਹ ਈ.ਡੀ. ਦੇ ਸੰਮਨਾਂ ਦੇ ਜਵਾਬ ਵਿਚ ਜਾਂਚ ਲਈ ਪੇਸ਼ ਨਹੀਂ ਹੋਏ। ਈਡੀ ਨੇ ਇਸ ਸਬੰਧੀ 27 ਫਰਵਰੀ ਨੂੰ ਅਦਾਲਤ ਦਾ ਬੂਹਾ ਖੜਕਾਇਆ ਸੀ। ਏਜੰਸੀ ਵੱਲੋਂ ਪੇਸ਼ ਸਰਕਾਰੀ ਵਕੀਲ ਹੀਤੇਨ ਵੇਨੇਗਾਓਂਕਰ ਨੇ ਅਦਾਲਤ ਨੂੰ ਦੱਸਿਆ ਕਿ ਮੋਦੀ ਤੇ ਚੋਕਸੀ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ ਤਿੰਨ ਵਾਰ ਸੰਮਨ ਜਾਰੀ ਕਰ ਚੁੱਕੀ ਹੈ, ਪਰ ਉਨ੍ਹਾਂ ਕੋਈ ਪਰਵਾਹ ਨਹੀਂ ਕੀਤੀ।

# ਕੈਪਟਨ ਦੀ ਵਾਅਦਾਖਿਲਾਫੀ 'ਤੇ ਕਾਂਗਰਸੀ ਵਿਧਾਇਕ ਹੀ ਔਖੇ

**ਚੰਡੀਗੜ੍ਹ:** ਆਪਣੇ ਸ਼ਾਸਨ ਦਾ ਪਹਿਲਾ ਵਰ੍ਹਾ ਪੂਰਾ ਕਰਨ ਜਾ ਰਹੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਤੋਂ ਕਾਂਗਰਸੀ ਵਿਧਾਇਕ ਹੀ ਔਖੇ ਹਨ। ਚੋਣਾਂ ਸਮੇਂ ਕੀਤੇ ਵਾਅਦਿਆਂ ਤੋਂ ਪਿੱਛੇ ਹਟਣ ਕਾਰਨ ਕਾਂਗਰਸੀ ਵਿਧਾਇਕਾਂ ਤੇ ਸੀਨੀਅਰ ਆਗੂਆਂ ਨੇ ਮੁੱਖ ਮੰਤਰੀ ਕੋਲ ਡਾਢੇ ਗਿਲੇ ਕੀਤੇ ਹਨ। ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਨੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਨੂੰ ਸੱਤਾ ਵਿਚ ਆਇਆਂ ਇਕ ਸਾਲ ਪੂਰਾ ਹੋਣ ਵਾਲਾ ਹੈ ਅਤੇ ਇਕ ਸਾਲ ਵਿਚ ਚੋਣ ਵਾਅਦੇ ਪੂਰੇ ਨਹੀਂ ਕੀਤੇ ਗਏ ਹਨ। ਗੁੰਡਾ ਟੈਕਸ ਤੋਂ ਲੈ ਕੇ ਰੇਤ ਮਾਫੀਆ ਤੱਕ ਹਰ ਤਰ੍ਹਾਂ ਦੇ ਮਾਫੀਆ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਲੋਕ ਪੱਖੀ ਬਜਟ ਪੇਸ਼ ਕਰਨਾ ਚਾਹੀਦਾ ਹੈ ਜਿਸ ਵਿਚ ਚੋਣ ਵਾਅਦੇ ਪੂਰੇ ਕਰਨ ਦੀ ਝਲਕ ਮਿਲਦੀ ਹੋਵੇ ਤਾਂ ਜੋ ਅਗਲੇ ਸਾਲ ਲੋਕ ਸਭਾ ਚੋਣਾਂ ਦਾ ਡੱਟ ਕੇ ਸਾਹਮਣਾ ਕੀਤਾ ਜਾ ਸਕੇ। ਬਜਟ ਤੋਂ ਪਹਿਲਾਂ ਸੱਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੇ ਪੈਨਸ਼ਨਾਂ, ਦਲਿਤਾਂ ਅਤੇ ਪਛੜੀਆਂ ਜਾਤਾਂ ਲਈ ਭਲਾਈ ਸਕੀਮਾਂ ਲਈ ਗਰਾਂਟਾਂ ਦੇਣ ਅਤੇ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਦੇ ਵੀ ਮੁੱਦੇ ਉਠਾਏ।

ਕੈਪਟਨ ਅਮਰਿੰਦਰ ਸਿੰਘ ਦੇ ਜਰਨੈਲਾਂ ਦੀ ਜਨਤਾ ਉਪਰ ਟੈਕਸ ਲਾਉਣ ਦੇ ਮਾਮਲੇ ਵਿਚ ਵੱਖ-ਵੱਖ ਰਾਇ ਹੈ। ਸੀਨੀਅਰ ਆਗੂ ਰਾਣਾ ਗੁਰਮੀਤ ਸਿੰਘ ਸੋਢੀ ਜਿਥੇ ਟੈਕਸ ਨਾ ਲਾਏ ਜਾਣ ਦੀ ਗੱਲ ਕਹਿ ਰਹੇ ਹਨ, ਉਥੇ ਪੰਜਾਬ ਕਾਂਗਰਸ ਦੇ ਮੁੱਖ ਬੁਲਾਰੇ ਰਾਜ ਕੁਮਾਰ ਵੇਰਕਾ ਨੇ ਕਿਹਾ ਹੈ ਕਿ ਟੈਕਸ ਤਾਂ ਲੱਗਣਗੇ ਹੀ। ਵੇਰਕਾ ਨੇ ਕਿਹਾ ਹੈ ਕਿ ਬਜਟ ਤੋਂ ਬਾਅਦ ਕਈ ਖੇਤਰਾਂ ਵਿਚ ਟੈਕਸ ਲੱਗੇਗਾ। ਇਹ ਟੈਕਸ ਉਥੇ ਲੱਗੇਗਾ ਜਿਥੇ ਲੋਕਾਂ ਉਤੇ ਜ਼ਿਆਦਾ ਬੋਝ ਨਾ ਪਵੇ। ਰਾਜ ਦੀ ਆਮਦਨ ਵਧਾਉਣ ਲਈ ਹੀ ਟੈਕਸ ਲਾਇਆ ਜਾਵੇਗਾ। ਹਾਲਾਂਕਿ ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਸੀ ਕਿ ਪੰਜਾਬ ਦਾ ਖਾਲੀ ਖਜ਼ਾਨਾ ਭਰਾਂਗੇ ਪਰ ਟੈਕਸ ਨਹੀਂ ਲਾਵਾਂਗੇ। ਹੋਰ ਸਾਧਨਾਂ ਨਾਲ ਖਜ਼ਾਨਾ ਭਰਨ ਦੇ ਯਤਨ ਕਰ ਰਹੇ ਹਾਂ। ਵੇਰਕਾ ਨੇ ਕਿਹਾ ਕਿ ਗੁੰਡਾ ਟੈਕਸ 'ਤੇ ਕੈਪਟਨ ਨੇ ਪਹਿਲਾਂ ਹੀ ਸਖਤ ਹਦਾਇਤ ਦਿੱਤੀ ਹੈ ਤੇ ਕੋਈ ਵੀ ਇਸ ਤਰ੍ਹਾਂ ਦਾ ਕੰਮ ਕਰਨ ਵਾਲਾ ਬਖਸ਼ਿਆ ਨਹੀਂ ਜਾਵੇਗਾ।

ਮੀਟਿੰਗ ਵਿਚ ਪੁੱਜੇ ਸ਼ਮਸ਼ੇਰ ਸਿੰਘ ਦੂਲੋ ਵੱਲੋਂ ਆਪਣੀ ਹੀ ਸਰਕਾਰ 'ਤੇ ਵੱਡਾ ਹਮਲਾ ਬੋਲਿਆ ਗਿਆ। ਉਨ੍ਹਾਂ ਕਿਹਾ ਹੈ ਕਿ ਸਰਕਾਰ ਵਿਚ ਮਾਫੀਆ ਤੇ ਗੁੰਡਾ ਟੈਕਸ ਦਾ ਰਾਜ ਜਾਰੀ ਹੈ। ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੀ ਅਜਿਹੇ ਇਲਜ਼ਾਮ ਲਾ ਚੁੱਕੇ ਹਨ। ਦੂਲੋ ਨੇ ਗੁੰਡਾ ਟੈਕਸ ਖਿਲਾਫ ਆਵਾਜ਼ ਉਠਾਉਂਦਿਆਂ ਕਿਹਾ ਕਿ ਸਿਆਸੀ ਲੋਕਾਂ ਤੇ ਪੁਲਿਸ ਦੇ ਗਠਜੋੜ ਨਾਲ ਸਭ ਜਾਰੀ ਹੈ। ਕਾਂਗਰਸ ਦੇ ਸਿਆਸਤਦਾਨਾਂ ਨੇ ਵੀ ਰਾਜਨੀਤੀ ਨੂੰ ਕਾਰੋਬਾਰ ਬਣਾਇਆ ਹੈ।

### ਕੈਪਟਨ ਵੱਲੋਂ ਹਰ ਵਾਅਦਾ ਪੂਰਾ ਕਰਨ ਦਾ ਭਰੋਸਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਚੋਣਾਂ ਤੋਂ ਪਹਿਲਾਂ ਕੀਤੇ ਗਏ ਇਕ-ਇਕ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਮੋਬਾਈਲ ਵੰਡਣ ਦੀ ਪ੍ਰਕਿਰਿਆ ਆਉਂਦੇ ਮਾਲੀ ਸਾਲ ਵਿਚ ਸ਼ੁਰੂ ਹੋ ਜਾਵੇਗੀ ਜਦੋਂਕਿ ਰਾਜ ਸਰਕਾਰ ਵੱਲੋਂ ਬੁਢਾਪਾ ਤੇ ਵਿਧਵਾ ਪੈਨਸ਼ਨਾਂ ਲਈ ਹਰ ਮਹੀਨੇ ਨਿਯਮਤ 128 ਕਰੋੜ ਰੁਪਏ ਜਾਰੀ ਕਰਨ ਦਾ ਫੈਸਲਾ ਲਿਆ ਹੈ ਤਾਂ ਜੋ ਪੈਨਸ਼ਨਾਂ ਦੀ ਵੰਡ ਲਟਕਣ ਦੀ ਸੰਭਾਵਨਾ ਖਤਮ ਹੋ ਜਾਵੇ। ਉਨ੍ਹਾਂ ਦੀ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਸ਼ਤਾਬਦੀ ਨੂੰ ਕੌਮੀ ਪੱਧਰ 'ਤੇ ਮਨਾਉਣ ਲਈ ਮਾਮਲਾ ਪ੍ਰਧਾਨ

ਮੰਤਰੀ ਨਾਲ ਵੀ ਉਠਾਇਆ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ 11 ਮਾਰਚ ਨੂੰ ਉਨ੍ਹਾਂ ਦੀ ਸਰਕਾਰ ਵੱਲੋਂ ਲਗਾਏ ਜਾ ਰਹੇ ਰੁਜ਼ਗਾਰ ਮੇਲੇ ਵਿਚ 40,000 ਨੌਜਵਾਨਾਂ ਨੂੰ ਰੁਜ਼ਗਾਰ ਦਿੱਤੇ ਜਾਣਗੇ, ਜਦੋਂਕਿ ਕਰਜ਼ਾ ਮੁਆਫੀ ਦੇ ਅਗਲੇ ਪੜਾਅ ਵਿਚ 1,00,000 ਹੋਰ ਕਿਸਾਨਾਂ ਨੂੰ ਕਰਜ਼ਾ ਮੁਆਫੀ ਦੇ ਸਰਟੀਫਿਕੇਟ ਪ੍ਰਦਾਨ ਕੀਤੇ ਜਾਣਗੇ।

# ਅਕਾਲੀ ਦਲ ਬਾਦਲ ਦੀਆਂ ਹਰਿਆਣਾ 'ਚ ਸਰਗਰਮੀਆਂ

**ਡੱਬਵਾਲੀ:** ਸ਼੍ਰੋਮਣੀ ਅਕਾਲੀ ਦਲ ਦੀਆਂ ਹਰਿਆਣਾ ਵਿਚ ਸਰਗਰਮੀਆਂ ਦੀ ਚਰਚਾ ਹੈ। ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤੇਜਾਖੇੜਾ ਫਾਰਮ ਹਾਊਸ ਉਤੇ ਇਨੈਲੋ ਦੇ ਸੁਪਰੀਮੋ ਚੌਧਰੀ ਓਮ



ਪ੍ਰਕਾਸ਼ ਚੌਟਾਲਾ ਨਾਲ ਸਵਾ ਘੰਟਾ ਮੁਲਾਕਾਤ ਕੀਤੀ। ਇਸ ਮੌਕੇ ਹਰਿਆਣਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਭੈ ਸਿੰਘ ਚੌਟਾਲਾ ਵੀ ਮੌਜੂਦ ਸਨ। ਮੰਨਿਆ ਜਾ ਰਿਹਾ ਹੈ ਕਿ ਇਸ ਮੁਲਾਕਾਤ ਦੌਰਾਨ ਲੋਕ ਸਭਾ ਚੋਣਾਂ ਅਤੇ ਅਕਾਲੀ ਦਲ ਦੀਆਂ ਹਰਿਆਣਾ ਵਿਚ ਸਿਆਸੀ ਸਰਗਰਮੀਆਂ ਉਤੇ ਚਰਚਾ ਹੋਈ ਹੈ, ਹਾਲਾਂਕਿ ਪਰਿਵਾਰਕ ਸੂਤਰਾਂ ਨੇ ਬਾਦਲ-ਚੌਟਾਲਾ ਮਿਲਣੀ ਨੂੰ ਆਮ ਪਰਿਵਾਰਕ ਮੁਲਾਕਾਤ ਦੱਸਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਦੋਹਾਂ ਆਗੂਆਂ ਵਿਚਾਲੇ ਦੇਸ਼ ਵਿਚ ਕਿਸਾਨੀ ਦੀ ਮਾੜੀ ਹਾਲਤ ਤੋਂ ਲੈ ਕੇ ਪੀ.ਐਨ.ਬੀ. ਘੁਟਾਲੇ ਉਤੇ ਚਰਚਾ ਹੋਈ।

ਦੱਸਣਯੋਗ ਹੈ ਕਿ ਕਾਲਾਂਵਾਲੀ (ਰਾਖਵੇਂ) ਹਲਕੇ ਤੋਂ ਅਕਾਲੀ ਦਲ ਦੀ ਟਿਕਟ ਉਤੇ ਬਲਕੌਰ ਸਿੰਘ (ਇਨੈਲੋ ਆਗੂ) ਵੀ ਇਨੈਲੋ ਦੇ ਵੋਟ ਬੈਂਕ ਸਹਾਰੇ ਵਿਧਾਇਕ ਚੁਣੇ ਗਏ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਡੱਬਵਾਲੀ ਹਲਕੇ ਤੋਂ ਇਨੈਲੋ ਵਰਕਰ ਜਗਸੀਰ ਸਿੰਘ ਮਾਂਗੇਆਣਾ ਅਕਾਲੀ ਦਲ ਦੀ ਟਿਕਟ ਉਤੇ ਮੈਂਬਰ ਚੁਣੇ ਗਏ ਸਨ। ਹਰਿਆਣੇ ਦੀ ਵੱਖਰੀ ਗੁਰਦੁਆਰਾ ਕਮੇਟੀ ਖਿਲਾਫ ਸੁਪਰੀਮ ਕੋਰਟ ਵਿਚ ਕੇਸ ਲਿਜਾਣ ਕਰ ਕੇ ਅਕਾਲੀ ਦਲ ਖਿਲਾਫ ਹਰਿਆਣਵੀ ਸਿੱਖਾਂ ਵਿਚ ਜ਼ਮੀਨੀ ਪੱਧਰ 'ਤੇ ਕਾਫੀ ਰੋਸ ਹੈ। ਅਕਾਲੀ ਦਲ ਨੂੰ ਇਲਮ ਹੈ ਕਿ ਇਸ ਰੋਸੇ ਨੂੰ ਇਨੈਲੋ ਦੇ ਵੋਟ ਬੈਂਕ ਸਹਾਰੇ ਨਜਿੱਠਿਆ ਜਾ ਸਕਦਾ ਹੈ।

# ਪੰਜਾਬ ਵਿਚ ਏਡਜ਼ ਦੇ ਮਰੀਜ਼ਾਂ ਦਾ ਤੇਜ਼ੀ ਨਾਲ ਵਾਧਾ

**ਪਟਿਆਲਾ:** ਏਡਜ਼ ਵਰਗੀ ਲਾਇਲਾਜ ਬਿਮਾਰੀ ਨੂੰ ਠੱਲ੍ਹ ਪਾਉਣ ਲਈ ਭਾਵੇਂ ਸਿਹਤ ਵਿਭਾਗ ਵੱਲੋਂ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਫਿਰ ਵੀ ਪੰਜਾਬ ਵਿਚ ਐਚ.ਆਈ.ਵੀ.




ਅਤੇ ਏਡਜ਼ ਦੇ ਕੇਸਾਂ ਵਿਚ ਵਾਧਾ ਹੋ ਰਿਹਾ ਹੈ।

ਪੰਜਾਬ ਏਡਜ਼ ਰੋਕਥਾਮ ਸੁਸਾਇਟੀ ਦੇ ਅੰਕੜਿਆਂ ਅਨੁਸਾਰ 2015 ਵਿਚ ਐਚ. ਆਈ. ਵੀ. ਅਤੇ ਏਡਜ਼ ਤੋਂ ਪੀੜਤ ਬਾਲਗਾਂ ਦੇ 36,794 ਕੇਸ ਸਰਕਾਰੀ ਹਸਪਤਾਲਾਂ 'ਚ ਸਾਹਮਣੇ ਆਏ ਸਨ ਅਤੇ 2017 ਇਹ ਅੰਕੜਾ 61,945 ਤੋਂ ਟੱਪ ਗਿਆ ਹੈ, ਜਿਨ੍ਹਾਂ ਵਿਚੋਂ 6745 ਵਿਅਕਤੀਆਂ ਦੀ ਦਸੰਬਰ 2017 ਤੱਕ ਮੌਤ ਹੋ ਚੁਕੀ ਹੈ। ਇਹ ਸਿਰਫ ਉਨ੍ਹਾਂ ਮਰੀਜ਼ਾਂ ਦਾ ਅੰਕੜਾ ਹੈ, ਜੋ ਪੰਜਾਬ ਦੇ ਸਰਕਾਰੀ ਹਸਪਤਾਲਾਂ 'ਚ ਇਲਾਜ ਕਰਵਾ ਰਹੇ ਹਨ, ਜਦੋਂਕਿ ਗੈਰ ਸਰਕਾਰੀ ਹਸਪਤਾਲਾਂ ਵਿਚ ਇਲਾਜ ਕਰਵਾਉਂਦੇ ਮਰੀਜ਼ ਇਸ ਤੋਂ ਵੱਖ ਹਨ। ਪੰਜਾਬ ਏਡਜ਼ ਰੋਕਥਾਮ ਸੁਸਾਇਟੀ ਦੇ ਅੰਕੜਿਆਂ ਅਨੁਸਾਰ ਐਚ.ਆਈ.ਵੀ. ਤੇ ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਸ੍ਰੀ ਅੰਮ੍ਰਿਤਸਰ ਵਿਚ ਸਭ ਤੋਂ ਵੱਧ ਤੇ ਫਾਜ਼ਿਲਕਾ 'ਚ ਸਭ ਤੋਂ ਘੱਟ ਹੈ।

ਅੰਕੜਿਆਂ ਅਨੁਸਾਰ ਪੰਜਾਬ ਦੇ ਜ਼ਿਲ੍ਹਿਆਂ 'ਚ ਐਚ.ਆਈ.ਵੀ. ਅਤੇ ਏਡਜ਼ ਦੇ ਪਾਜ਼ੇਟਿਵ ਮਰੀਜ਼ਾਂ ਦੀ ਗਿਣਤੀ ਅੰਮ੍ਰਿਤਸਰ 'ਚ 14929, ਬਰਨਾਲਾ 608, ਬਠਿੰਡਾ 2607, ਫਰੀਦਕੋਟ 1920, ਫਤਿਹਗੜ੍ਹ ਸਾਹਿਬ 582, ਫਾਜ਼ਿਲਕਾ 376, ਫਿਰੋਜ਼ਪੁਰ 2067, ਗੁਰਦਾਸਪੁਰ 2916, ਹੁਸ਼ਿਆਰਪੁਰ 2191, ਜਲੰਧਰ 6442, ਕਪੂਰਥਲਾ 1601, ਲੁਧਿਆਣਾ 7210, ਮਾਨਸਾ ਵਿਚ 782, ਮੋਗਾ 1693, ਮੋਹਾਲੀ 812, ਮੁਕਤਸਰ 642, ਨਵਾਂ ਸ਼ਹਿਰ 929, ਪਠਾਨਕੋਟ 1624, ਪਟਿਆਲਾ 6635, ਰੂਪਨਗਰ 1379 ਤੇ ਸੰਗਰੂਰ ਵਿਚ 1518 ਹੈ।

### ਨਸ਼ਾ ਤਸਕਰਾਂ ਨੂੰ ਸਜ਼ਾ-ਏ-ਮੌਤ ਲਈ ਕਾਨੂੰਨ ਲਿਆਵਾਂਗੇ: ਸਿੱਧੂ

**ਫਿਰੋਜ਼ਪੁਰ:** ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਆਖਿਆ ਹੈ ਕਿ ਨਸ਼ਾ ਖੋਰੀ ਨੂੰ ਠੱਲ੍ਹ ਪਾਉਣ ਅਤੇ ਮਾਵਾਂ ਦੇ ਪੁੱਤ ਬਚਾਉਣ ਲਈ ਅਮਰੀਕਾ, ਸਿੰਘਾਪੁਰ ਆਦਿ ਦੇਸ਼ਾਂ ਦੀ ਤਰਜ਼ 'ਤੇ ਨਸ਼ਾ ਤਸਕਰਾਂ ਨੂੰ ਸਜ਼ਾ-ਏ-ਮੌਤ ਦੇਣ ਲਈ ਕਾਨੂੰਨ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਖਟਕੜ ਕਲਾਂ ਵਿਚ ਯੂਥ ਇੰਪਾਵਰਮੈਂਟ ਦਿਨ ਮਨਾਇਆ ਜਾਵੇਗਾ, ਜਿਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਜ਼ਾਰਾਂ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ ਸਹੁੰ ਚੁਕਾਉਣਗੇ।

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖੇਤਾਂ ਵਿਚ ਚੱਲਦੇ ਟਿਊਬਵੈੱਲਾਂ ਦਾ ਕੋਈ ਬਿੱਲ ਨਹੀਂ ਲੱਗੇਗਾ ਤੇ ਹਰ ਚੋਣ ਵਾਅਦਾ ਪੂਰਾ ਕਰਾਂਗੇ। ਅਕਾਲੀ ਦਲ ਦੀਆਂ ਪੋਲ ਖੋਲ੍ਹ ਰੈਲੀਆਂ ਦੀ ਆਲੋਚਨਾ ਕਰਦਿਆਂ ਸਿੱਧੂ ਕਿਹਾ ਕਿ 10 ਸਾਲ ਲੁੱਟਣ, ਕੁੱਟਣ ਤੇ ਜਬਰ ਕਰਨ ਵਾਲਿਆਂ ਦੇ ਪੱਲੇ ਕੀ ਹੈ, ਜੇ ਸੁਖਬੀਰ ਸਿੰਘ ਬਾਦਲ 'ਚ ਹਿੰਮਤ ਹੈ ਤਾਂ ਉਹ ਮੇਜ਼ ਉਤੇ ਬੈਠ ਕੇ ਵਿਕਾਸ ਆਦਿ ਮੁੱਦਿਆਂ 'ਤੇ ਖੁੱਲ੍ਹੀ ਬਹਿਸ ਕਰੇ, ਜੇ ਮੈਂ ਹਾਰ ਗਿਆ ਤਾਂ ਸਿਆਸਤ ਛੱਡ ਦੇਵਾਂਗਾ।

# ਗੈਂਗਸਟਰ ਗੌਂਡਰ ਦਾ ਸਾਥੀ ਤੀਰਥ ਢਿੱਲਵਾਂ ਗ੍ਰਿਫਤਾਰ

**ਜਲੰਧਰ:** ਪੰਜਾਬ ਪੁਲਿਸ ਨੇ ਗੈਂਗਸਟਰਾਂ ਉਤੇ ਸ਼ਿਕੰਜਾ ਕੱਸਦਿਆਂ ਵਿੱਕੀ ਗੌਂਡਰ ਅਤੇ ਪ੍ਰੇਮਾ ਲਹੌਰੀਆ ਤੋਂ ਬਾਅਦ ਚੋਟੀ ਦੇ ਗੈਂਗਸਟਰ ਮੰਨੇ ਜਾਂਦੇ ਅਪਰਾਧੀ ਤੀਰਥ ਸਿੰਘ ਢਿੱਲਵਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਕੋਲੋਂ 30 ਬੋਰ ਦੀ ਇਕ ਪਿਸਤੌਲ ਤੇ 6 ਕਾਰਤੂਸ ਬਰਾਮਦ ਹੋਏ ਹਨ। ਪੁਲਿਸ ਨੇ ਸੂਹ 'ਤੇ ਕਾਰਵਾਈ ਕਰਦਿਆਂ ਗੈਂਗਸਟਰ ਤੀਰਥ ਸਿੰਘ ਨੂੰ ਕਾਬੂ ਕੀਤਾ ਹੈ। ਉਸ ਦੇ ਸਿਰ ਦੋ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਹੋਇਆ ਸੀ।



ਉਸ ਵਿਰੁੱਧ ਵੱਖ-ਵੱਖ ਥਾਣਿਆਂ 'ਚ ਕਤਲ, ਲੁੱਟ ਖੋਹ ਤੇ ਫਿਰੌਤੀ ਵਸੂਲਣ ਆਦਿ ਦੇ 15 ਦੇ ਕਰੀਬ ਕੇਸ ਦਰਜ ਹਨ। ਪੁਲਿਸ ਨੇ ਦਾਅਵਾ ਕੀਤਾ ਕਿ ਤੀਰਥ ਢਿਲਵਾਂ ਆਪਣੇ ਜੀਜੇ ਦੇ ਕਤਲ ਦੇ ਮਾਮਲੇ ਵਿਚ ਵੀ ਲੋੜੀਂਦਾ ਸੀ ਤੇ ਉਸ ਨੇ ਵਿੱਕੀ ਗੌਂਡਰ ਨਾਲ ਮਿਲ ਕੇ ਗੈਂਗਸਟਰ ਸੁੱਖਾ ਕਾਹਲਵਾਂ ਦਾ ਕਤਲ ਵੀ ਕੀਤਾ ਸੀ। ਤੀਰਥ ਨੂੰ ਖੰਨਾ ਪੁਲਿਸ ਨੇ ਕਾਬੂ ਕੀਤਾ ਹੈ।

### ਗੈਂਗਸਟਰ ਹਥਿਆਰ ਸੁੱਟਣ ਜਾਂ ਨਤੀਜੇ ਭੁਗਤਣ: ਕੈਪਟਨ

**ਜਲੰਧਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੈਂਗਸਟਰਾਂ ਨੂੰ ਮੁੜ ਸਖਤ ਚਿਤਾਵਨੀ ਦਿੱਤੀ ਹੈ। ਕੈਪਟਨ ਨੇ ਕਿਹਾ ਕਿ ਹੁਣ ਗੈਂਗਸਟਰਾਂ ਕੋਲ ਸਿਰਫ ਦੋ ਹੀ ਰਸਤੇ ਹਨ ਜਾਂ ਤਾਂ ਉਹ ਹਥਿਆਰ ਸੁੱਟ ਦੇਣ ਅਤੇ ਜਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹਿਣ।

### ਰਮਨਜੀਤ ਸਿੰਘ ਦੀ ਹਾਂਗ ਕਾਂਗ ਵਿਚ ਜ਼ਮਾਨਤ ਰੱਦ

**ਹਾਂਗ ਕਾਂਗ:** ਭਾਰਤ ਵਿਚ ਜੇਲ੍ਹ ਬਰੇਕ ਤੋਂ ਲੈ ਕੇ ਦਹਿਸ਼ਤਗਰਦਾਂ ਨੂੰ ਮਾਲੀ ਸਹਾਇਤਾ ਮੁਹੱਈਆ ਕਰਾਉਣ ਜਿਹੇ ਜੁਰਮਾਂ ਲਈ ਲੋੜੀਂਦੇ ਭਗੌੜੇ ਰਮਨਜੀਤ ਸਿੰਘ ਰੋਮੀ (29) ਦੀ ਹਾਂਗ ਕਾਂਗ 'ਚ ਜ਼ਮਾਨਤ ਰੱਦ ਕਰ ਦਿੱਤੀ ਗਈ ਹੈ। ਉਥੇ ਉਹ ਡਕੈਤੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਹਾਂਗ ਕਾਂਗ 'ਚ ਇਸ ਕੇਸ ਦੀ ਅਗਲੀ ਸੁਣਵਾਈ ਅਪਰੈਲ ਵਿਚ ਹੋਵੇਗੀ।

# ਰੈਸਲਰ ਗ੍ਰੇਟ ਖਲੀ ਨੂੰ ਸੰਮਨ

**ਗਿੱਦੜਬਾਹਾ:** ਸਟੇਟ ਬੈਂਕ ਆਫ ਇੰਡੀਆ ਵਿਚ ਬਤੌਰ ਕੈਸ਼ੀਅਰ ਕੰਮ ਕਰਦੇ ਅਤੇ ਲੇਖਕ ਵਿਨੀਤ ਬਾਂਸਲ ਨਾਮੀ ਵਿਅਕਤੀ ਨੇ ਮੰਨੇ-ਪ੍ਰਮੰਨੇ



ਰੈਸਲਰ ਗ੍ਰੇਟ ਖਲੀ ਵਿਰੁੱਧ ਆਪਣੇ ਵਕੀਲ ਰਾਹੀਂ ਗਿੱਦੜਬਾਹਾ ਕੋਰਟ ਵਿਚ ਕੇਸ ਦਾਇਰ ਕੀਤਾ ਹੈ। ਲੇਖਕ ਨੇ ਮਹੀਨਾ ਪਹਿਲਾਂ ਖਲੀ ਨੂੰ ਕਾਨੂੰਨੀ ਨੋਟਿਸ ਭੇਜਿਆ ਸੀ, ਜਿਸ ਦਾ ਜਵਾਬ ਨਾ ਮਿਲਣ ਪਿੱਛੋਂ ਉਨ੍ਹਾਂ ਅਦਾਲਤ ਦਾ ਦਰਵਾਜ਼ਾ ਖੜਕਾਇਆ। ਅਦਾਲਤ ਨੇ ਗ੍ਰੇਟ ਖਲੀ ਨੂੰ 2 ਅਪਰੈਲ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਵਿਨੀਤ ਬਾਂਸਲ ਨੇ ਦੱਸਿਆ ਕਿ ਤਕਰੀਬਨ ਤਿੰਨ ਸਾਲ ਪਹਿਲਾਂ ਉਹ ਜਲੰਧਰ ਵਿਚ ਸਟੇਟ ਬੈਂਕ ਦੀ ਐਨ.ਆਰ.ਆਈ. ਸ਼ਾਖਾ ਵਿਚ ਕੰਮ ਕਰਦੇ ਸਨ ਜਿਸ ਦੌਰਾਨ ਖਲੀ ਨੇ ਉਨ੍ਹਾਂ ਨੂੰ ਆਪਣੇ ਜੀਵਨ ਉਤੇ ਆਤਮ ਕਥਾ ਲਿਖਣ ਲਈ ਕਿਹਾ ਸੀ। ਉਨ੍ਹਾਂ ਦੱਸਿਆ ਕਿ ਉਸ ਸਮੇਂ ਉਨ੍ਹਾਂ ਵੱਲੋਂ ਲਿਖੀਆਂ 7-8 ਪੁਸਤਕਾਂ ਆ ਚੁੱਕੀਆਂ ਸਨ। ਖਲੀ ਨਾਲ ਲਿਖਣ ਸਮੇਂ ਉਨ੍ਹਾਂ ਦਾ ਇਕ ਸਮਝੌਤਾ ਸਹੀਬੱਧ ਹੋਇਆ ਸੀ, ਜਿਸ ਤਹਿਤ ਆਤਮ ਕਥਾ ਤੋਂ ਹੋਣ ਵਾਲੀ ਆਮਦਨ ਵਿਚੋਂ 70 ਫੀਸਦੀ ਖਲੀ ਅਤੇ 30 ਫੀਸਦੀ ਹਿੱਸਾ ਉਨ੍ਹਾਂ ਨੂੰ ਮਿਲਣਾ ਸੀ। ਕੁਝ ਸਮਾਂ ਪਹਿਲਾਂ ਖਲੀ ਨੇ ਉਨ੍ਹਾਂ ਨੂੰ ਬਿਨਾਂ ਪੁੱਛਿਆਂ ਆਤਮ ਕਥਾ ਦੇ ਰਾਈਟਸ ਫੋਕਸ ਸਟਾਰ ਸਟੂਡੀਓ ਨੂੰ ਵੇਚ ਦਿੱਤੀ ਜਦੋਂ ਉਨ੍ਹਾਂ ਇਸ ਸਬੰਧੀ ਖਲੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕੋਈ ਤਸੱਲੀਬਖਸ਼ ਜਵਾਬ ਨਾ ਦਿੱਤਾ।

# ਗੈਰ ਪੰਜਾਬੀ ਨੂੰ ਸਿੱਖਿਆ ਬੋਰਡ ਦਾ ਚੇਅਰਮੈਨ ਲਾਉਣ 'ਤੇ ਵਿਵਾਦ

**ਚੰਡੀਗੜ੍ਹ:** ਰਾਜਸਥਾਨ ਦੇ ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਮਨੋਹਰ ਕਾਂਤ ਕਾਲੋਹੀਆ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਚੇਅਰਮੈਨ ਲਾਏ ਜਾਣ ਪਿੱਛੋਂ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ।

ਪੰਜਾਬ ਸਰਕਾਰ ਦੇ ਇਸ ਫੈਸਲੇ ਉਤੇ ਸੁਆਲ ਉਠਣ ਲੱਗੇ ਹਨ ਕਿ ਇਕ ਗੈਰ ਪੰਜਾਬੀ ਨੂੰ ਸਿੱਖਿਆ ਦੇ ਮਹੱਤਵਪੂਰਨ ਅਹੁਦੇ ਉਤੇ ਕਿਉਂ ਲਾਇਆ ਗਿਆ ਹੈ। ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਮੰਗ ਕੀਤੀ ਹੈ ਕਿ ਪੰਜਾਬੀ ਸ਼ਖਸੀਅਤ ਨੂੰ ਇਸ ਕੁਰਸੀ 'ਤੇ ਬਿਠਾਇਆ ਜਾਵੇ, ਨਹੀਂ ਤਾਂ ਉਹ ਵਿਧਾਨ ਸਭਾ ਦੇ ਬਜਟ ਇਜਲਾਸ ਵਿਚ ਇਹ ਮਾਮਲਾ ਉਠਾਉਣਗੇ।

ਆਮ ਆਦਮੀ ਪਾਰਟੀ ਦੇ ਇਕ ਹੋਰ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਵੀ ਇਕ ਰਾਜਸਥਾਨੀ ਸੇਵਾ ਮੁਕਤ ਅਧਿਕਾਰੀ ਨੂੰ ਚੇਅਰਮੈਨ ਲਾਉਣ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਪੰਜਾਬ 'ਚ ਅਜਿਹਾ ਕੋਈ ਅਧਿਕਾਰੀ ਨਹੀਂ ਜੋ ਕੈਪਟਨ ਹੋਰ ਸੂਬੇ ਵੱਲ ਰੁਖ ਕਰਨਾ ਪਿਆ। ਕਈ ਪੰਜਾਬੀ ਲੇਖਕਾਂ ਤੇ ਸਾਹਿਤਕਾਰਾਂ ਨੇ ਵੀ ਨਵੀਂ ਨਿਯੁਕਤੀ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਕੀ ਕੋਈ ਪੰਜਾਬੀ ਪ੍ਰੋਫੈਸਰ ਜਾਂ ਪੀ.ਐਚ.ਡੀ. ਡਾਕਟਰ ਰਾਜ ਸਰਕਾਰ ਨੂੰ ਲੱਭਾ ਹੀ ਨਹੀਂ?

### ਮੈਂ ਪੰਜਾਬ ਦਾ ਜੰਮਪਲ: ਕਾਲੋਹੀਆ

ਮਨੋਹਰ ਕਾਂਤ ਕਾਲੋਹੀਆ ਨੇ ਕਿਹਾ ਕਿ ਉਹ ਗੁਰਦਾਸਪੁਰ ਦੇ ਜੰਮਪਲ ਹਨ। ਉਨ੍ਹਾਂ ਨੇ ਲੁਧਿਆਣਾ ਅਤੇ ਅੰਮ੍ਰਿਤਸਰ ਵਿਚ ਪੜ੍ਹਾਈ ਕੀਤੀ ਹੈ। ਆਈ.ਏ.ਐਸ. ਦੀ ਪ੍ਰੀਖਿਆ ਤੋਂ ਬਾਅਦ ਉਨ੍ਹਾਂ ਨੂੰ ਰਾਜਸਥਾਨ ਕਾਡਰ ਮਿਲਿਆ, ਜਿਥੇ ਉਨ੍ਹਾਂ ਨੇ ਵਾਈ ਸਾਲ ਤੱਕ ਡੀ.ਪੀ.ਆਈ. ਵਜੋਂ ਸੇਵਾਵਾਂ ਨਿਭਾਈ ਹੈ। ਉਹ ਸਿੱਖਿਆ ਖੇਤਰ ਦੀਆਂ ਮੁਸ਼ਕਲਾਂ ਬਾਰੇ ਚੰਗੀ ਤਰ੍ਹਾਂ ਜਾਣੂ ਹਨ।

# ਸੀਰੀਆ: ਅਤਿਵਾਦ ਵਿਰੋਧੀ ਕਾਰਵਾਈਆਂ ਬਹਾਨੇ ਮਨੁੱਖਤਾ ਦਾ ਘਾਣ

## ਬੱਚੇ ਤੇ ਬੁੱਢੇ ਵੀ ਬਣੇ ਹਵਾਈ ਹਮਲਿਆਂ ਵਿਚ ਨਿਸ਼ਾਨਾ

**ਹਾਮਾ:** ਅਤਿਵਾਦੀ ਵਿਰੋਧੀ ਕਾਰਵਾਈਆਂ ਦੇ ਨਾਂ 'ਤੇ ਸੀਰੀਆ ਵਿਚ ਕੀਤੇ ਜਾ ਰਹੇ ਹਵਾਈ ਹਮਲਿਆਂ ਨੇ ਮਨੁੱਖਤਾ ਦਾ ਰੂਹ ਕੰਬਾਊ ਘਾਣ ਕੀਤਾ ਹੈ। ਸਭ ਤੋਂ ਵੱਧ ਮਾਰ ਸੀਰੀਆ ਦੇ ਸ਼ਹਿਰ ਘੋਟਾ ਦੇ ਪੂਰਬੀ ਹਿੱਸੇ ਨੂੰ ਪਈ ਹੈ। ਇਹ ਇਲਾਕਾ ਸੀਰੀਆ ਦੀ ਰਾਜਧਾਨੀ ਦਮਿਸ਼ਕ ਨੇੜੇ ਹੈ। ਇਥੇ ਚਾਰ ਲੱਖ ਲੋਕ ਹਰ ਪਲ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਹਵਾਈ ਹਮਲਿਆਂ ਨੇ ਸ਼ਹਿਰ ਨੂੰ ਕੰਕਰੀਟ ਵਿਚ ਬਦਲ ਦਿੱਤਾ ਹੈ। ਇਸੇ ਕਾਰਨ ਇਸ ਨੂੰ ਧਰਤੀ ਦਾ ਨਰਕ ਕਿਹਾ ਜਾਣ ਲੱਗਾ ਹੈ। ਸੀਰੀਆ ਵਿਚ ਪਿਛਲੇ ਅੱਠ ਸਾਲਾਂ ਤੋਂ ਘਰੇਲੂ ਜੰਗ ਚੱਲ ਰਹੀ ਹੈ।



ਘੋਟਾ ਸ਼ਹਿਰ ਵਿਦਰੋਹੀਆਂ ਦੇ ਕਬਜ਼ੇ ਦਾ ਆਖਰੀ ਸ਼ਹਿਰ ਹੈ। ਇਸ ਨੂੰ ਮਲੀਆਮੇਟ ਕਰਨ ਲਈ ਸੀਰੀਆ ਦੇ ਰਾਸ਼ਟਰਪਤੀ (ਜਿਸ ਨੂੰ ਤਾਨਾਸ਼ਾਹ ਵਜੋਂ ਜਾਣਿਆ ਜਾਂਦਾ ਹੈ) ਨੇ ਰੂਸ ਨਾਲ ਮਿਲ ਕੇ ਇਨਸਾਨੀਅਤ ਹੀ ਦਾਅ 'ਤੇ ਲਾ ਦਿੱਤੀ। ਇਕ ਰਿਪੋਰਟ ਮੁਤਾਬਕ ਪਿਛਲੇ ਤਿੰਨਾਂ ਮਹੀਨਿਆਂ ਵਿਚ ਈਸਟਰਨ ਘੋਟਾ ਵਿਚ 850 ਲੋਕਾਂ ਨੇ ਜਾਨ ਗਵਾਈ ਹੈ, ਜਿਨ੍ਹਾਂ ਵਿਚ 185 ਬੱਚੇ, 109 ਔਰਤਾਂ ਸ਼ਾਮਲ ਹਨ।

104 ਸੁਕੇਅਰ ਕਿੱਲੋਮੀਟਰ ਵਿਚ ਫੈਲੇ ਚਾਰ ਲੱਖ ਲੋਕਾਂ ਵਾਲੇ ਇਸ ਸ਼ਹਿਰ ਵਿਚ ਅੱਧੀ ਆਬਾਦੀ ਸਿਰਫ ਬੱਚਿਆਂ ਦੀ ਹੈ, ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ। ਸਾਲ 2013 ਤੋਂ ਸੀਰੀਆ ਸ਼ਾਸਨ ਤੇ ਵਿਦਰੋਹੀਆਂ ਵਿਚ ਘੋਟਾ ਪੀਸਿਆ ਹੋਇਆ ਹੈ। ਹੁਣ ਤੱਕ ਹਾਲਤ ਇਹ ਹੈ ਕਿ ਦੂਸਰੇ ਵਿਸ਼ਵ ਯੁੱਧ ਦੌਰਾਨ ਕਈ ਸ਼ਹਿਰਾਂ ਤੋਂ ਵੀ ਮਾੜੀ ਸਥਿਤੀ ਹੋ ਰਹੀ ਹੈ।

ਸ਼ਹਿਰ ਵਿਚ ਨਾ ਤਾਂ ਦਵਾਈ ਹੈ ਤੇ ਨਾ ਹੀ ਖਾਣ ਨੂੰ ਸਾਮਾਨ ਬਚਿਆ ਹੈ। ਹੱਦ ਤਾਂ ਇਹ ਹੈ ਕਿ ਹਸਪਤਾਲਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 2017 ਵਿਚ ਰੂਸ ਤੇ ਇਰਾਨ ਨੇ ਰਜ਼ਾਮੰਦੀ ਜਤਾਈ ਸੀ ਕਿ ਇਸ ਇਲਾਕੇ ਵਿਚ ਹਿੰਸਾ ਤੋਂ ਦੂਰੀ ਬਣਾ ਕੇ ਰੱਖਣਗੇ ਪਰ ਬੀਤੀ 19 ਫਰਵਰੀ ਨੂੰ ਰੂਸੀ ਜਹਾਜ਼ਾਂ ਉਤੇ ਸਵਾਰ ਹੋ ਕੇ ਸੀਰੀਆਈ ਏਅਰਫੋਰਸ ਨੇ ਸ਼ਹਿਰ ਵਿਚ ਬੰਬਾਂ ਦਾ ਹੜ੍ਹ ਲਿਆ ਦਿੱਤਾ। ਜਾਣਕਾਰੀ ਮੁਤਾਬਕ ਇਨ੍ਹਾਂ ਬੰਬਾਂ ਵਿਚ ਬਤਕ ਮੋਰਟਰ, ਬੈਰਲ ਬੰਬ, ਕਲਸਟਰ ਬੰਬ ਤੇ ਬੰਕਰ ਤਬਾਹ ਕਰਨ ਵਾਲੇ ਬੰਬਾਂ ਦਾ ਇਸਤੇਮਾਲ ਕੀਤਾ ਗਿਆ ਹੈ। ਬੀਤੀ 25 ਫਰਵਰੀ ਨੂੰ ਸੰਯੁਕਤ ਰਾਸ਼ਟਰ ਵੱਲੋਂ 30 ਦਿਨਾਂ ਦੀ ਗੋਲੀਬੰਦੀ ਉਤੇ ਰੂਸ ਸਮੇਤ ਤਮਾਮ ਦੇਸ਼ਾਂ ਨੇ ਸਹਿਮਤੀ ਜਤਾਈ ਸੀ ਪਰ ਫਿਰ ਵੀ 26 ਫਰਵਰੀ ਤੋਂ ਸੀਰੀਆਈ ਫੌਜ ਕਬਜ਼ੇ ਲਈ ਅੱਗੇ ਵੱਧ ਰਹੀ ਹੈ। ਇਸ ਬੰਬਾਰੀ ਨਾਲ ਛੇ ਹਸਪਤਾਲ ਤੇ ਸ਼ਹਿਰ ਦੇ ਸਾਰੇ ਮੈਡੀਕਲ ਸੈਂਟਰ ਵੀ ਤਬਾਹ ਕਰ ਦਿੱਤੇ ਗਏ ਹਨ।

ਸੀਰੀਆ ਦੀ ਸਰਕਾਰੀ ਖਬਰ ਏਜੰਸੀ ਸਾਨਾ ਨੇ ਕਿਹਾ ਕਿ ਦੇਸ਼ ਦੇ ਪੂਰਬੀ ਡੇਰ ਅਲ-ਜੋਰ ਦੇ ਸੁਫੇਹ ਤੇ ਜੇਹਰਤ ਅਲੋਨੀ ਵਿਚ ਅਮਰੀਕਾ ਵੱਲੋਂ ਕੀਤੇ ਤਾਜ਼ਾ ਹਮਲੇ ਵਿਚ 29 ਲੋਕਾਂ ਦੀ ਮੌਤ ਹੋ ਗਈ ਤੇ ਕਈ ਹੋਰ ਫੱਟੜ ਹੋ ਗਏ। ਅਮਰੀਕਾ ਦੀ ਅਗਵਾਈ ਵਿਚ ਕੁਰਦਿਸ਼ ਲੋਕ ਵੀ ਸੰਗਠਿਤ ਹੋ ਕੇ ਆਈ.ਐਸ. ਨੂੰ ਯੂਫ੍ਰੇਟਸ ਨਦੀ ਤੋਂ ਪਿੱਛੇ ਧੱਕਣ ਦੀ ਕਾਰਵਾਈ ਦਾ ਸਮਰਥਨ ਕਰ ਰਹੇ ਹਨ। ਇਸ ਖੇਤਰ ਵਿਚ ਵੱਡੀ ਮਾਤਰਾ ਵਿਚ ਤੇਲ ਤੇ ਗੈਸ ਦੇ ਮੈਦਾਨ ਹਨ।

ਫਰਾਂਸ ਤੇ ਜਰਮਨੀ ਨੇ ਕਿਹਾ ਕਿ ਉਹ ਸੀਰੀਆ ਵਿਚ ਸੰਘਰਸ਼ ਦੀ ਸਮਾਪਤੀ ਲਈ ਰੂਸ ਤੇ ਆਪਣੇ ਯੂਰਪੀ ਸਹਿਯੋਗੀਆਂ ਨਾਲ ਕੰਮ ਕਰਨ ਲਈ ਤਿਆਰ ਹਨ।

## ਖਾਲਸਾ ਏਡ ਨੇ ਫੜ੍ਹੀ ਨਿਆਸਰਿਆਂ ਦੀ ਬਾਂਹ

**ਦਮਿਸ਼ਕ:** ਸੀਰੀਆ ਦੀ ਰਾਜਧਾਨੀ ਦਮਿਸ਼ਕ ਨੇੜੇ ਘੋਟਾ ਸ਼ਹਿਰ ਵਿਚ ਸਰਕਾਰ ਵੱਲੋਂ ਬਾਗੀਆਂ ਦੇ ਖਾਤਮੇ ਦੇ ਬਹਾਨੇ ਸ਼ਹਿਰ ਵਾਸੀਆਂ ਦਾ ਖੂਨ ਵਹਾਇਆ ਜਾ ਰਿਹਾ ਹੈ। ਪਿਛਲੇ ਤਕਰੀਬਨ ਦੋ ਹਫਤਿਆਂ ਵਿਚ ਹੋਏ ਬੰਬ ਧਮਾਕੇ ਵਿਚ 1000 ਦੇ ਕਰੀਬ ਮਨੁੱਖੀ ਜਾਨਾਂ ਗਈਆਂ ਹਨ। ਭਾਰੀ ਬੰਬਾਰੀ ਕਾਰਨ, ਵੱਸਦਾ ਸ਼ਹਿਰ ਕੰਕਰੀਟ ਦੀ ਢੇਰੀ ਬਣ ਚੁੱਕਾ ਹੈ। ਲੋਕ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਹਾਲਤ ਇਹ ਹੈ ਕਿ ਬੰਬਾਰੀ ਨੇ ਜਿਥੇ ਲੋਕਾਂ ਦੇ ਖਾਣ ਦੇ ਵਸੀਲੇ ਤੇ ਹੈਲਥ ਸੈਂਟਰ ਤਬਾਹ ਕਰ ਦਿੱਤੇ ਹਨ। ਅਜਿਹੀ ਹਾਲਤ ਵਿਚ ਖਾਲਸਾ ਏਡ ਲੋਕਾਂ ਲਈ ਰੱਬ ਬਣ ਕੇ ਅੱਪੜਿਆ ਹੈ। ਖਾਲਸਾ ਏਡ ਇਸ ਖੂਨ ਖਰਾਬੇ ਵਿਚ ਸੀਰੀਆ ਦੇ ਲੋਕਾਂ ਦੀ ਮਦਦ ਲਈ ਆਇਆ ਹੈ।



ਸੰਸਥਾ ਵੱਲੋਂ ਲੋਕਾਂ ਨੂੰ ਬਚਾਉਣ ਲਈ ਮੁਫਤ ਸਿਹਤ ਸਹੂਲਤਾਂ ਤੇ ਭੋਜਨ ਦਿੱਤਾ ਜਾ ਰਿਹਾ ਹੈ। ਪੀੜਤ ਲੋਕਾਂ ਦੇ ਰਹਿਣ ਬਸੇਰੇ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਟਵੀਟਰ ਉਤੇ ਖਾਲਸਾ ਏਡ ਦੀ ਇਸ ਕਾਰਵਾਈ ਦੀ ਵੱਡੇ ਪੱਧਰ ਉਤੇ ਸ਼ਲਾਘਾ ਹੋ ਰਹੀ ਹੈ। ਇਸ ਤੋਂ ਪਹਿਲਾਂ ਵੀ ਖਾਲਸਾ ਏਡ ਮਿਆਂਮਾਰ ਦੇ ਰੋਹਿੰਗਿਆ ਦੀ ਸਹਾਇਤਾ ਕਰਨ ਵਜੋਂ ਅੰਤਰਰਾਸ਼ਟਰੀ ਮੀਡੀਆ ਵਿਚ ਕਾਫੀ ਚਰਚਾ ਵਿਚ ਰਿਹਾ ਸੀ।

ਖਾਲਸਾ ਏਡ ਅੰਤਰਰਾਸ਼ਟਰੀ ਗੈਰ ਮੁਨਾਫਾ ਸਹਾਇਤਾ ਤੇ ਰਾਹਤ ਸੰਗਠਨ ਦੀ ਸਥਾਪਨਾ ਸਿੱਖ ਅਸੂਲਾਂ, ਨਿਰਸਵਾਰਥ ਸੇਵਾ ਤੇ ਵਿਸ਼ਵ-ਵਿਆਪੀ ਪਿਆਰ ਉਤੇ ਅਧਾਰਤ ਹੈ। ਇਹ ਬਰਤਾਨਵੀ ਰਜਿਸਟਰਡ ਚੈਰਿਟੀ ਦੀ 1999 ਵਿਚ ਸਥਾਪਨਾ ਕੀਤੀ ਗਈ ਤੇ ਬਰਤਾਨੀਆ ਚੈਰਿਟੀ ਕਮਿਸ਼ਨ ਤੋਂ ਮਾਨਤਾ ਪ੍ਰਾਪਤ ਹੈ। ਇਹ ਨਿਰਸਵਾਰਥ ,ਉਤਰੀ ਅਮਰੀਕਾ ਤੇ ਏਸ਼ੀਆ ਵਿਚ ਸੇਵਾ ਕਰ ਰਹੀ ਹੈ। ਖਾਲਸਾ ਏਡ ਨੇ ਸੰਸਾਰ ਭਰ ਵਿਚ ਤਬਾਹੀ, ਯੁੱਧ ਤੇ ਹੋਰ ਦੁਖਦਾਈ ਘਟਨਾਵਾਂ ਦੇ ਪੀੜਤਾਂ ਨੂੰ ਰਾਹਤ ਮਦਦ ਮੁਹੱਈਆ ਕੀਤੀ ਹੈ।

## ਰਾਹਤ ਕੈਂਪਾਂ ਵਿਚ ਔਰਤਾਂ ਨਾਲ ਧੱਕਾ

**ਹਾਮਾ:** ਸੀਰੀਆ ਦੇ ਰਾਹਤ ਕੈਂਪਾਂ ਵਿਚ ਔਰਤਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਕ ਨਿਊਜ਼ ਚੈਨਲ ਮੁਤਾਬਕ ਯੂ.ਐਨ.ਓ. ਅਤੇ ਅੰਤਰਰਾਸ਼ਟਰੀ ਸੰਗਠਨਾਂ ਵੱਲੋਂ ਮਦਦ ਭੇਜ ਰਹੇ ਮਰਦ ਰਾਹਤ ਕਰਮੀਆਂ ਵੱਲੋਂ ਔਰਤਾਂ ਨਾਲ ਸ਼ੋਸ਼ਣ ਕੀਤਾ ਗਿਆ ਹੈ। ਰਾਹਤ ਕਰਮੀਆਂ ਨੇ ਕਿਹਾ ਕਿ ਮਰਦ ਕਰਮੀ ਸੈਕਸ ਦੇ ਬਦਲੇ ਭੋਜਨ ਵੇਚਦੇ ਹਨ ਅਤੇ ਤਿੰਨ ਸਾਲ ਪਹਿਲਾਂ ਦਿੱਤੀ ਗਈ ਚਿਤਾਵਨੀ ਦੇ ਬਾਵਜੂਦ ਇਕ ਨਵੀਂ ਰਿਪੋਰਟ ਇਹ ਸਪੱਸ਼ਟ ਕਰਦੀ ਹੈ ਕਿ ਦੇਸ਼ ਦੇ ਦੱਖਣੀ ਹਿੱਸੇ ਵਿਚ ਇਹ ਸ਼ੋਸ਼ਣ ਹਾਲੇ ਵੀ ਜਾਰੀ ਹੈ।

ਇਸੇ ਸਬੰਧੀ ਯੂ.ਐਨ.ਓ. ਅਤੇ ਹੋਰਨਾਂ ਦਾ ਕਹਿਣਾ ਹੈ ਕਿ ਇਸ ਖੇਤਰ ਵਿਚ ਕੰਮ ਕਰਦੇ ਸਹਿਯੋਗੀ ਸੰਗਠਨਾਂ ਖਿਲਾਫ ਕੋਈ ਸ਼ਿਕਾਇਤ ਨਹੀਂ ਮਿਲੀ। ਰਾਹਤ ਕਰਮੀਆਂ ਨੇ ਦੱਸਿਆ ਕਿ ਔਰਤਾਂ ਨਾਲ ਸ਼ੋਸ਼ਣ ਵੱਡੇ ਪੱਧਰ ਉਤੇ ਹੋ ਰਿਹਾ ਹੈ, ਜਿਸ ਕਾਰਨ ਸੀਰੀਆਈ ਔਰਤਾਂ ਖੁਰਾਕ ਵੰਡ ਕੇਂਦਰ ਜਾਣ ਤੋਂ ਇਨਕਾਰ ਕਰਦੀਆਂ ਹਨ। 'ਵਾਇਸ ਫ੍ਰਾਮ ਸੀਰੀਆ 2018' ਨਾਂ ਦੀ ਰਿਪੋਰਟ ਵਿਚ ਇਹ ਖੁਲਾਸਾ ਕੀਤਾ ਗਿਆ ਹੈ।

# ਸ਼ਾਂਤੀ ਵਾਰਤਾ ਨੂੰ ਤਾਲਿਬਾਨ ਵੱਲੋਂ ਮੱਠਾ ਹੁੰਗਾਰਾ

**ਕਾਬੁਲ:** ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਵੱਲੋਂ ਤਾਲਿਬਾਨ ਨੂੰ ਸ਼ਾਂਤੀ ਵਾਰਤਾ ਲਈ ਕੀਤੀ ਪੇਸ਼ਕਸ਼ ਸਬੰਧੀ ਤਾਲਿਬਾਨ ਦਾ ਹੁੰਗਾਰਾ ਮੱਠਾ ਰਿਹਾ ਹੈ। ਸ੍ਰੀ ਗਨੀ ਨੇ ਬਾਗੀਆਂ ਨੂੰ ਮਾਨਤਾ ਦਿੰਦਿਆਂ ਕਿਹਾ ਸੀ ਕਿ ਬਾਗੀ ਗੱਲਬਾਤ ਵਿਚ ਇਕ ਅਧਿਕਾਰਤ ਧਿਰ ਹਨ।

ਦੂਜੇ ਪਾਸੇ ਤਾਲਿਬਾਨ ਨੇ ਭਾਵੇਂ ਹਾਲੇ ਗਨੀ ਸੱਦੇ ਦਾ ਕੋਈ ਰਸਮੀ ਜਵਾਬ ਨਹੀਂ ਦਿੱਤਾ ਪਰ ਇਕ ਖੁੱਲ੍ਹਾ ਪੱਤਰ ਲਿਖ ਕੇ ਆਪਣੇ ਇਰਾਦੇ ਪ੍ਰਗਟਾਏ ਹਨ। 16 ਸਾਲ ਪੁਰਾਣੀ ਖਾਨਾਜੰਗੀ ਨੂੰ ਖਤਮ ਕਰਨ ਲਈ ਅਫਗਾਨਿਸਤਾਨ ਦੇ ਅਧਿਕਾਰੀਆਂ ਨੇ 'ਕਾਬੁਲ ਪ੍ਰੋਸੈਸ' ਦੇ ਤਹਿਤ ਗੱਲਬਾਤ ਦੇ ਮੰਚ ਦੀ ਉਸਾਰੀ ਲਈ ਮੁਹਿੰਮ ਅਰੰਭੀ ਹੈ।



ਇਸ ਮੁਹਿੰਮ ਦਾ ਤਾਲਿਬਾਨ ਦੇ ਬੁਲਾਰੇ ਵੱਲੋਂ ਇਕ ਖੁੱਲ੍ਹੇ ਪੱਤਰ ਦੇ ਰਾਹੀਂ ਜਵਾਬ ਦਿੱਤਾ ਗਿਆ ਹੈ। ਇਹ ਪੱਤਰ ਬਰਨੈੱਟ ਰੁਬਿਨ ਦੇ ਮੈਗਜ਼ੀਨ 'ਨਿਊ ਯੌਰਕਰ' ਵਿਚ ਪ੍ਰਕਾਸ਼ਿਤ ਹੋਇਆ ਹੈ। ਅਫਗਾਨ ਰਾਜਨੀਤੀ ਵਿਚ ਕਾਫੀ ਨਾਮਣਾ ਖੱਟ ਚੁੱਕੇ ਇਸ ਮੈਗਜ਼ੀਨ ਵਿਚ ਤਾਲਿਬਾਨ ਦੇ ਬੁਲਾਰੇ ਨੇ ਸਰਕਾਰ ਦੀਆਂ ਨੀਤੀਆਂ ਦੀ ਖਿੱਲੀ ਉਡਾਉਂਦਿਆਂ ਗੱਲਬਾਤ ਦਾ ਸੱਦਾ ਸਵੀਕਾਰ ਕਰ ਲੈਣ ਦੀ ਵਕਾਲਤ ਕੀਤੀ ਹੈ। ਤਾਲਿਬਾਨ ਦੇ ਬੁਲਾਰੇ ਨੇ ਲਿਖਿਆ ਹੈ ਕਿ ਸਾਡੇ ਦੇਸ਼ ਉਤੇ ਕਬਜ਼ਾ ਹੋ ਚੁੱਕਾ ਹੈ। ਸਾਡੇ ਉਤੇ ਅਮਰੀਕਾ ਦੀ ਕਠਪੁਤਲੀ ਸਰਕਾਰ ਠੋਸੀ ਗਈ ਹੈ।

ਬੁਲਾਰੇ ਨੇ ਕਿਹਾ ਕਿ ਗੱਲਬਾਤ ਦੀ ਪੇਸ਼ਕਸ਼ ਮੰਨਣਾ ਅਮਰੀਕਾ ਪੱਖੀ ਸਰਕਾਰ ਨੂੰ ਮਾਨਤਾ ਦੇਣਾ ਹੈ ਤੇ ਇਹ ਹੀ ਢੰਗ ਅਮਰੀਕਾ ਵੱਲੋਂ ਜੰਗ ਜਿੱਤਣ ਲਈ ਵਰਤਿਆ ਗਿਆ ਹੈ। ਤਾਲਿਬਾਨ ਦੇ ਬੁਲਾਰੇ ਦੀ ਇਸ ਟਿੱਪਣੀ ਤੋਂ ਇਕ ਮਹੀਨਾ ਪਹਿਲਾਂ ਤਾਲਿਬਾਨ ਨੇ ਕਾਬੁਲ ਵਿਚ ਇਕ ਭਿਆਨਕ ਹਮਲਾ ਕੀਤਾ ਸੀ ਜਿਸ ਵਿਚ ਬਾਰੂਦ ਨਾਲ ਭਰੀ ਐਂਬੂਲੈਂਸ ਨਾਲ ਧਮਾਕਾ ਕੀਤਾ ਗਿਆ ਸੀ ਤੇ ਕਰੀਬ ਇਕ ਸੌ ਵਿਅਕਤੀ ਮਾਰੇ ਗਏ ਸਨ।

# ਮੋਦੀ ਸਰਕਾਰ ਨੂੰ ਆਰਥਕ ਮੁਹਾਜ਼ 'ਤੇ ਥੋੜ੍ਹੀ ਢਾਰਸ

**ਨਵੀਂ ਦਿੱਲੀ:** ਬੈਂਕ ਘੁਟਾਲਿਆਂ ਵਿਚ ਘਿਰੀ ਨਰੇਂਦਰ ਮੋਦੀ ਸਰਕਾਰ ਨੂੰ ਆਰਥਿਕ ਮੁਹਾਜ਼ ਤੋਂ ਕੁਝ ਰਾਹ ਮਿਲੀ ਹੈ। ਭਾਰਤੀ ਅਰਥਚਾਰੇ ਵਿਚ ਅਕਤੂਬਰ ਤੋਂ ਦਸੰਬਰ ਦੇ ਵਕਫੇ ਦੌਰਾਨ 7.2 ਫੀਸਦੀ ਵਿਕਾਸ ਦਰ ਦਰਜ ਹੋਈ ਹੈ ਜੋ ਪਿਛਲੀਆਂ ਪੰਜ ਤਿਮਾਹੀਆਂ ਵਿਚ ਸਭ ਤੋਂ ਵਧ ਹੈ। ਖੇਤੀਬਾੜੀ, ਉਸਾਰੀ ਅਤੇ ਮੈਨੂਫੈਕਚਰਿੰਗ ਵਰਗੇ ਅਹਿਮ ਖੇਤਰਾਂ 'ਚ




ਵਧੀਆ ਰੁਝਾਨ ਦਿੱਸਣ ਕਰ ਕੇ ਵਿਕਾਸ ਦਰ 'ਚ ਵਾਧਾ ਦਰਜ ਹੋਇਆ ਹੈ। ਇਸ ਤੋਂ ਇਲਾਵਾ ਕੋਲਾ, ਸਟੀਲ, ਸੀਮਿੰਟ ਅਤੇ ਪੈਟਰੋਲੀਅਮ ਸਮੇਤ ਅੱਠ ਮੁੱਖ ਸੈਕਟਰਾਂ 'ਚ ਜਨਵਰੀ ਲਈ 6.7 ਫੀਸਦੀ ਦੀ ਦਰ ਨਾਲ ਸੁਧਾਰ ਦੇਖਿਆ ਗਿਆ ਜਦਕਿ ਇਸੇ ਮਹੀਨੇ ਦੌਰਾਨ ਇਕ ਸਾਲ ਪਹਿਲਾਂ ਇਹ ਦਰ 3.4 ਫੀਸਦੀ ਸੀ।

ਕੇਂਦਰੀ ਅੰਕੜਾ ਸੰਗਠਨ (ਸੀ.ਐਸ.ਓ.) ਵੱਲੋਂ ਜਾਰੀ ਅੰਕੜਿਆਂ ਅਨੁਸਾਰ ਚਲੰਤ ਵਿੱਤੀ ਵਰ੍ਹੇ (2017-18) ਦੀ ਤੀਜੀ ਤਿਮਾਹੀ ਦੌਰਾਨ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਅਗਾਊਂ ਅਨੁਮਾਨਾਂ ਨਾਲੋਂ ਬਿਹਤਰ ਦਰ (7.2 ਫੀਸਦੀ) ਨਾਲ ਵਧਿਆ। 7.2 ਫੀਸਦੀ ਦੀ ਵਿਕਾਸ ਦਰ ਪੰਜ ਤਿਮਾਹੀਆਂ ਬਾਅਦ ਸੰਭਵ ਹੋਈ ਹੈ ਜਿਸ ਤੋਂ ਆਰਥਿਕ ਹਲਕਿਆਂ ਵਿਚ ਚੁਸਤੀ ਤੇ ਸਕ੍ਰਿਅਤਾ ਆਉਣੀ ਸੁਭਾਵਿਕ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਨੋਟਬੰਦੀ ਤੇ ਜੀ.ਐਸ.ਟੀ. ਲਾਗੂ ਕੀਤੇ ਜਾਣ ਦੇ ਨਾਂਹ ਪੱਖੀ ਪ੍ਰਭਾਵ ਹੁਣ ਖਤਮ ਹੁੰਦੇ ਜਾ ਰਹੇ ਹਨ। ਨਵੇਂ ਅੰਕੜੇ ਨਿਰਮਾਣ ਤੇ ਨਿਵੇਸ਼ ਨਾਲ ਜੁੜੇ ਖੇਤਰਾਂ ਵਿਚ ਸਰਗਰਮੀ ਵਧਣ ਅਤੇ ਖੇਤੀ ਦੀ ਵਿਕਾਸ ਦਰ ਵੀ 4.1 ਫੀਸਦੀ ਰਹਿਣ ਸਦਕਾ ਸੰਭਵ ਹੋਏ ਹਨ।

ਸਰਕਾਰ ਵੱਲੋਂ ਖਜ਼ਾਨੇ ਦਾ ਮੂੰਹ ਖੋਲ੍ਹ ਕੇ ਵੱਧ ਖੁੱਲ੍ਹਦਿਲੀ ਨਾਲ ਖਰਚ ਕਰਨਾ ਵੀ ਆਰਥਿਕ ਸਰਗਰਮੀ ਦੇ ਜ਼ੋਰ ਫੜਨ ਦੀ ਵਜ੍ਹਾ ਸਾਬਤ ਹੋਇਆ ਹੈ, ਪਰ ਅਜਿਹੀਆਂ ਗਤੀਵਿਧੀਆਂ ਦੇ ਨਾਂਹ ਪੱਖੀ ਪ੍ਰਭਾਵ ਵੀ ਹਨ ਜਿਵੇਂ ਕਿ ਰਾਜਕੋਸ਼ੀ ਘਾਟਾ ਪਿਛਲੇ ਬਜਟ (2016-17) ਵਿਚ ਮਿਥੇ ਟੀਚਿਆਂ ਨਾਲੋਂ 13.7 ਪ੍ਰਤੀਸ਼ਤ ਉਪਰ ਜਾ ਚੁੱਕਾ ਹੈ। ਰਾਜਕੋਸ਼ੀ ਘਾਟਾ ਵਧਣ ਤੋਂ ਭਾਵ ਹੈ ਕਿ ਸਰਕਾਰ ਆਪਣੇ ਵਸੀਲਿਆਂ ਨਾਲੋਂ ਵੱਧ ਰਕਮਾਂ ਖਰਚ ਕਰ ਰਹੀ ਹੈ।

# ਭਾਰਤ ਵਿਚ ਅਰਬਪਤੀਆਂ ਦੀ ਗਿਣਤੀ 131 ਹੋਈ

**ਨਵੀਂ ਦਿੱਲੀ:** ਭਾਰਤ ਵਿਚ ਅਰਬਪਤੀਆਂ ਦੀ ਗਿਣਤੀ 131 ਹੋ ਗਈ ਹੈ। ਇਸ ਸਾਲ ਸੂਚੀ 'ਚ 31 ਨਵੇਂ ਭਾਰਤੀ ਸ਼ਾਮਲ ਹੋਏ ਹਨ। 2018 ਦੀ ਹਿਰੂਨ ਗਲੋਬਲ ਰਿੱਚ ਲਿਸਟ ਵਿਚ ਇਹ ਖੁਲਾਸਾ ਕੀਤਾ ਗਿਆ ਹੈ। ਸੂਚੀ ਅਨੁਸਾਰ ਮੁਕੇਸ਼ ਅੰਬਾਨੀ ਦੀ ਜਾਇਦਾਦ 2.92 ਲੱਖ ਕਰੋੜ ਰੁਪਏ ਦੀ ਹੈ। ਉਹ ਸਾਰੇ ਸੰਸਾਰ ਵਿਚ ਸਭ ਤੋਂ ਅਮੀਰ ਭਾਰਤੀ ਹੈ ਤੇ ਵਿਸ਼ਵ ਸੂਚੀ ਵਿਚ 19ਵੇਂ ਸਥਾਨ ਉਤੇ ਹਨ।

ਐਮੇਜ਼ੋਨ ਦੇ ਜੈਫ ਬੇਜ਼ੋਸ 7.99 ਮਿਲੀਅਨ ਕਰੋੜ ਨਾਲ ਦੁਨੀਆਂ ਦਾ ਸਭ ਤੋਂ ਅਮੀਰ ਹੈ। ਹਿਰੂਨ ਦੀ ਸੂਚੀ ਵਿਚ 68 ਦੇਸ਼ਾਂ ਦੇ 2,157 ਕੰਪਨੀਆਂ ਵਿਚੋਂ 2,694 ਅਰਬਪਤੀ ਹਨ। ਉਨ੍ਹਾਂ ਦੀ ਸੰਪਤੀ ਵਿਚ 31 ਫੀਸਦੀ ਵਾਧਾ ਹੋਇਆ ਹੈ। ਉਨ੍ਹਾਂ ਦੀ ਕੁੱਲ ਜਾਇਦਾਦ ਵਿਸ਼ਵ ਆਲਮੀ ਜੀ.ਡੀ.ਪੀ. ਦਾ 13.2% ਹੈ। ਰਿਪੋਰਟ ਅਨੁਸਾਰ, ਇਕ ਵਿਅਕਤੀ ਪਿਛਲੇ ਸਾਲ ਹਰ ਰੋਜ਼ ਅਰਬਪਤੀ ਬਣਿਆ ਹੈ। ਚੀਨ ਵਿਚ ਹਰ ਹਫਤੇ 4 ਅਰਬਪਤੀ ਬਣੇ ਹਨ। ਇਥੇ ਅਰਬਪਤੀ ਦਾ ਮਤਲਬ ਘੱਟੋ-ਘੱਟ ਇਕ ਅਰਬ ਡਾਲਰ (6,500 ਕਰੋੜ ਰੁਪਏ) ਦੀ ਜਾਇਦਾਦ ਵਾਲਾ ਹੈ।

### ਦੁਨੀਆਂ ਵਿਚ ਚੋਟੀ ਦੇ 5 ਅਮੀਰ ਭਾਰਤੀ


ਮੁਕੇਸ਼ ਅੰਬਾਨੀ (2.92 ਲੱਖ ਕਰੋੜ), ਲਕਸ਼ਮੀ ਮਿੱਤਲ (1.17 ਲੱਖ



ਕਰੋੜ), ਦਿਲੀਪ ਸੰਘਵੀ (96.2 ਹਜ਼ਾਰ ਕਰੋੜ), ਸ਼ਿਵ ਨਾਦਰ (91.7 ਹਜ਼ਾਰ ਕਰੋੜ) ਤੇ ਗੌਤਮ ਅਦਾਨੀ (86.2 ਹਜ਼ਾਰ ਕਰੋੜ)।

# ਸਿਆਸਤ ਬਰਾਸਤਾ ਪੰਜਾਬ

ਭਾਰਤ ਦੀ ਸਿਆਸਤ ਵਿਚ ਸਦਾ ਹੀ ਪੰਜਾਬ ਇਕ ਤੋਂ ਵੱਧ ਕਾਰਨਾਂ ਕਰਕੇ ਸੂਬਾਈ ਸਿਆਸਤ ਵਜੋਂ ਸਾਹਮਣੇ ਆਉਂਦਾ ਰਿਹਾ ਹੈ। ਪਰ ਜਿਸ ਤਰ੍ਹਾਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤੀ ਫੇਰੀ ਦੇ ਹਵਾਲੇ ਨਾਲ ਸਿੱਖ ਭਾਈਚਾਰੇ ਨੂੰ ਲੈ ਕੇ ਸਿਆਸਤ ਗਰਮਾ ਗਈ ਹੈ, ਇਸ ਨਾਲ ਸਿੱਖ ਸਿਆਸਤ ਦੀ ਖਾਲਿਸਤਾਨੀ ਪਰਤ ਚਰਚਾ ਦੇ ਕੇਂਦਰ ਵਿਚ ਆ ਗਈ ਹੈ। ਪੰਜਾਬ ਵਿਚ ਖਾੜਕੂ ਵਰਤਾਰਾ ਬਹੁਤ ਦੇਰ ਦਾ ਹਿਜਰਤ ਕਰ ਚੁਕਾ ਹੈ ਅਤੇ ਇਸ ਦੇ ਹਵਾਲੇ ਨਾਲ ਦੇਸ ਪੰਜਾਬ ਦੀ ਗੱਲ ਕਿਸੇ ਨਾ ਕਿਸੇ ਰੂਪ ਵਿਚ ਚੱਲਦੀ ਰਹਿੰਦੀ ਹੈ। ਪ੍ਰਧਾਨ ਮੰਤਰੀ ਟਰੂਡੋ ਪੰਜਾਬ ਆਉਣ ਤੋਂ ਪਹਿਲਾਂ ਦਿੱਲੀ, ਮਹਾਂਰਾਸ਼ਟਰ, ਯੂ. ਪੀ. ਅਤੇ ਗੁਜਰਾਤ ਵਿਚ ਬਿਨਾ ਸੁਆਗਤ ਜਾ ਚੁਕਾ ਸੀ ਕਿਉਂਕਿ ਭਾਰਤੀ ਮੀਡੀਆ ਵਿਚ ਇਸ ਫੇਰੀ ਨੂੰ 'ਖਾਲਿਸਤਾਨ ਖਾਲਿਸਤਾਨ' ਕਿਹਾ ਜਾ ਚੁਕਾ ਸੀ।



ਪ੍ਰੋ. ਬਲਕਾਰ ਸਿੰਘ ਪਟਿਆਲਾ
ਫੋਨ: 91-93163-01328


ਵਿਸਥਾਰ ਵਿਚ ਜਾਏ ਬਿਨਾ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ 2014 ਦੀ ਮੋਦੀ ਹਨੇਰੀ ਨੂੰ ਪੰਜਾਬ ਨੇ ਨੇੜੇ ਨਹੀਂ ਸੀ ਆਉਣ ਦਿੱਤਾ, ਉਸੇ ਤਰ੍ਹਾਂ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਦੌਰੇ ਨੂੰ ਲੈ ਕੇ ਵੀ ਪੰਜਾਬ ਨੇ ਸੁਤੰਤਰ ਸਿਆਸੀ ਪੈਂਤੜਾ ਲੈ ਕੇ ਦੱਸ ਦਿੱਤਾ ਹੈ ਕਿ ਪੰਜਾਬ ਪੰਜਾਬੀ ਸੂਬੇ ਦੀ ਸ਼ਕਲ ਵਿਚ ਵੀ ਦੇਸ ਪੰਜਾਬ ਦੀ ਭੂਮਿਕਾ ਨਿਭਾ ਸਕਦਾ ਹੈ। ਆਪਣੀ ਇਸ ਵਿਲੱਖਣਤਾ ਦੀ ਕੀਮਤ ਜੋ ਪੰਜਾਬ ਅਤੇ ਪੰਜਾਬੀਆਂ ਨੂੰ ਚੁਕਾਉਣੀ ਪੈਂਦੀ ਰਹੀ ਹੈ, ਉਸ ਨੂੰ ਸਿਆਸੀ ਰੋਟੀਆਂ ਸੇਕਣ ਲਈ ਜਿਸ ਬੇਦਰਦੀ ਨਾਲ ਸਿਆਸਤਦਾਨ ਲਗਾਤਾਰ ਵਰਤ ਰਹੇ ਹਨ, ਉਸ ਦੇ ਹਵਾਲੇ ਨਾਲ ਹੀ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ ਨੂੰ ਸਮਝੇ ਜਾਣ ਦੀ ਲੋੜ ਹੈ।

ਭਾਰਤ ਸਰਕਾਰ ਦੀ ਬੇਰੁਖੀ ਨੂੰ ਲੈ ਕੇ ਜੋ ਕੂਟਨੀਤਕ ਟਿਪਣੀਆਂ ਸਾਹਮਣੇ ਆਈਆਂ, ਉਸ ਉਤੇ ਭਾਜਪਾਈ ਟਿਪਣੀ 'ਉਲਟਾ ਚੋਰ ਕੋਤਵਾਲ ਨੂੰ ਡਾਂਟੇ' ਨਾਲ ਟਰੂਡੋ ਫੇਰੀ ਨੂੰ ਸੈਰ ਸਪਾਟਾ ਜਾਂ ਛੁੱਟੀ ਸਪਤਾਹ ਵੀ ਕਿਹਾ ਜਾ ਰਿਹਾ ਹੈ। ਕੁਝ ਵੀ ਹੋਵੇ, ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਓਹੀ ਕੀਤਾ, ਜੋ ਦੋਹਾਂ ਦੀ ਸਿਆਸਤ ਨੂੰ ਠੀਕ ਬੈਠਦਾ ਸੀ, ਪਰ ਇਸ ਨਾਲ ਖਾਲਿਸਤਾਨ ਦਾ ਮੁੱਦਾ ਇਕ ਵਾਰ ਫਿਰ ਉਭਰ ਆਇਆ ਹੈ। ਕਹਿਣ ਨੂੰ ਭਾਵੇਂ ਕੁਝ ਵੀ ਕਹੀ ਜਾਈਏ ਪਰ ਸਿੱਖ ਭਾਈਚਾਰੇ ਨੂੰ ਇਹ ਸਾਬਤ ਕਰਨ ਦਾ ਮੌਕਾ ਮਿਲ ਗਿਆ ਹੈ ਕਿ ਕਿਸੇ ਵੀ ਦੇਸ਼ ਦੀ ਵਿਧਾਨਕਤਾ ਦੇ ਮਾਣ ਸਤਿਕਾਰ ਨਾਲ ਨਿਭਣ ਦਾ ਸਲੀਕਾ ਜਿਵੇਂ ਸਿੱਖਾਂ ਨੇ ਦੁਨੀਆਂ ਭਰ ਵਿਚ ਪ੍ਰਗਟਾਇਆ ਹੈ, ਉਸ ਨੂੰ ਧਿਆਨ ਵਿਚ ਰੱਖ ਕੇ ਵੱਖਵਾਦ ਵਰਗਾ ਠੱਪਾ ਸਿੱਖਾਂ 'ਤੇ ਨਹੀਂ ਲਾਇਆ ਜਾ ਸਕਦਾ। ਸਿੱਖਾਂ ਦੀ ਨਾਬਰੀ ਨੈਤਿਕਤਾ ਨੂੰ ਸਿੱਖ ਪ੍ਰਸੰਗ 'ਚੋਂ ਕੱਢ ਕੇ ਵੱਖਵਾਦੀ ਸਿਆਸਤ ਸਮਝਣ ਦੀ ਗਲਤੀ ਕਰਾਂਗੇ ਤਾਂ ਨਤੀਜੇ ਉਹੋ ਨਿਕਲਣਗੇ ਜੋ ਖਾਲਿਸਤਾਨੀਆਂ ਦੇ ਬਹਾਨੇ ਭਾਰਤ ਨੂੰ ਤੋੜਨ ਦੀਆਂ ਟਿੱਪਣੀਆਂ ਵਿਚ ਲਿਆਂਦੇ ਜਾ ਰਹੇ ਹਨ। ਅਜਿਹਾ ਕਰਨ ਵਾਲਿਆਂ ਤੋਂ ਇਹ ਪੁੱਛਿਆ ਜਾ ਸਕਦਾ ਹੈ ਕਿ ਕੈਨੇਡੀਅਨ ਵਿਧਾਨ ਵਿਚ ਖਾਲਿਸਤਾਨੀਆਂ ਬਾਰੇ ਜਿਹੋ ਜਿਹੀ ਵਿਵਸਥਾ ਹੈ, ਉਹੋ ਜਿਹੀ ਭਾਰਤੀ ਵਿਧਾਨ ਵਿਚ ਵੀ ਹੈ।

ਭਾਰਤ ਦੀ ਭਾਜਪਾਈ ਪਹੁੰਚ ਤਾਂ ਟਰੂਡੋ ਫੇਰੀ ਨੂੰ ਭਾਰਤ ਵਿਰੋਧੀ ਕਹਿਣ ਦੀ ਥਾਂ ਮੋਦੀ ਵਿਰੋਧੀ ਆਖੀ ਜਾ ਰਹੀ ਹੈ। ਜੋ ਸਿਆਸਤਦਾਨ ਚੇਸ਼ਟਾ ਨੂੰ ਚੇਤਨਾ ਸਮਝਣ ਦਾ ਭਰਮ ਪਾਲਣਗੇ, ਉਨ੍ਹਾਂ ਨੂੰ ਤਾਂ ਏਹੀ ਲੱਗੇਗਾ ਕਿ ਟਰੂਡੋ ਫੇਰੀ ਵੱਲ ਪਿੱਠ ਕਰਕੇ ਜਿੱਤ ਹਾਸਲ ਕਰ ਲਈ ਹੈ।

ਮੋਦੀ ਨੂੰ ਤਾਂ ਉਸ ਦੀ ਚੜ੍ਹਤ ਵੇਲੇ 2014 ਵਿਚ ਬਹੁਤ ਸਾਰੇ ਸੂਬਿਆਂ ਨੇ ਨੇੜੇ ਨਹੀਂ ਫਟਕਣ ਦਿੱਤਾ ਸੀ, ਪਰ ਸੂਬਾਈ ਸਿਆਸਤ ਨਾਲ ਜੁੜੇ ਮੁੱਦਿਆਂ ਨੂੰ ਪੰਜਾਬ ਵਾਂਗ ਭਾਰਤ ਦੇ ਕਿਸੇ ਵੀ ਹੋਰ ਸੂਬੇ ਨੇ ਲਿਆ ਹੋਵੇ, ਕਿਧਰੇ ਨਜ਼ਰ ਨਹੀਂ ਆਉਂਦਾ। ਸੂਬਾਈ ਸਿਆਸਤ ਨੂੰ ਲੈ ਕੇ ਜੋ ਮੁੱਦਾ 'ਅਨੰਦਪੁਰ ਸਾਹਿਬ ਦੇ ਮਤੇ' ਰਾਹੀਂ ਪੰਜਾਬ ਨੇ ਉਭਾਰਿਆ ਸੀ, ਉਹ ਜੇ ਖਾਲਿਸਤਾਨੀ ਸਿਆਸਤ ਦੀ ਭੇਟ ਨਾ ਚੜ੍ਹਦਾ ਤਾਂ ਸੂਬਾਈ ਸਿਆਸਤ ਵਲੋਂ ਕੇਂਦਰੀਕਰਣ ਦੀ ਰਾਜਨੀਤੀ ਤੋਂ ਮੁਕਤੀ ਪ੍ਰਾਪਤ ਕਰਨ ਦਾ ਰਾਹ ਪੱਧਰਾ ਹੋ ਸਕਦਾ ਸੀ। ਸਪਸ਼ਟ ਹੈ ਕਿ ਛਾਂਗੇ ਹੋਏ ਪੰਜਾਬ 'ਚ ਵੀ ਵਿਰਾਸਤੀ ਪੰਜਾਬ ਵਾਲਾ ਫਖਰ ਅੰਗੜਾਈਆਂ ਲੈਂਦਾ ਰਿਹਾ ਹੈ।

ਕੈਨੇਡੀਅਨ ਰਾਜਨੀਤੀ ਵਿਚ ਸਿੱਖ ਭੂਮਿਕਾ ਦਾ ਜੋ ਪ੍ਰਗਟਾਵਾ ਟਰੂਡੋ ਸਰਕਾਰ ਵਿਚ ਨਜ਼ਰ ਆ ਰਿਹਾ ਹੈ, ਇਸ ਨਾਲ ਸਿੱਖਾਂ ਨੂੰ ਅਜਿਹੀ ਸਿਆਸਤ ਤੋਂ ਪਾਸੇ ਹੋਣ ਦੀ ਲੋੜ ਮਹਿਸੂਸ ਹੋਣ ਲੱਗੀ ਹੈ, ਜਿਸ ਨਾਲ ਸਿੱਖ ਭਾਈਚਾਰੇ ਨੂੰ ਇਸਲਾਮੀ ਸਿਆਸਤ ਵਾਲੇ ਰਾਹ ਪੈਣ ਤੋਂ ਰੋਕਿਆ ਜਾ ਸਕੇ। ਇਸ ਪੱਖੋਂ ਭਾਰਤ ਦੀ ਟਰੂਡੋ ਫੇਰੀ ਦੀ ਅਹਿਮੀਅਤ ਸਿੱਖ ਭਾਈਚਾਰੇ ਲਈ ਅਹਿਮ ਲੱਗਣ ਲੱਗੀ ਹੈ। ਹਰ ਰੰਗ ਦੇ ਸਿੱਖ, ਕੈਨੇਡੀਅਨ ਪ੍ਰਧਾਨ ਮੰਤਰੀ ਬਾਰੇ ਜੋ ਦਿੱਲੀ ਅਤੇ ਬੰਬਈ ਵਿਚ ਨਹੀਂ ਕਰ ਸਕੇ ਸਨ, ਉਹ ਪੰਜਾਬ ਵਿਚ ਹੋਇਆ ਵੇਖਣ ਦੀ ਰੀਝ ਪਾਲ ਰਹੇ ਸਨ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਮੌਕੇ ਨੂੰ ਸ਼ਾਨਾਂਮੱਤੇ ਢੰਗ ਨਾਲ ਸੰਭਾਲ ਕੇ ਦੁਨੀਆਂ ਭਰ ਦੇ ਪੰਜਾਬੀਆਂ ਦੀ ਵਾਹ ਵਾਹ ਖੱਟ ਲਈ ਹੈ। ਇਸ ਨਾਲ ਇਹ ਨੁਕਤਾ ਵੀ ਉਭਰਿਆ ਹੈ ਕਿ ਜੋ ਸਿਆਸੀ ਪੈਂਤੜਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੇ ਹਵਾਲੇ ਨਾਲ ਲਿਆ ਸੀ, ਉਹ ਸਿੱਖ ਸਿਆਸਤ ਵਿਚ ਖਾਲਿਸਤਾਨੀ ਦਖਲ ਦੀ ਭੂਮਿਕਾ ਨੂੰ ਸਮਝਣ ਵਾਸਤੇ ਕਿੰਨਾ ਅਹਿਮ ਸੀ। ਇਸੇ ਨੂੰ ਨਾਲ ਲੈ ਕੇ ਮੁੱਖ ਮੰਤਰੀ ਦੀ ਮੀਟਿੰਗ ਜਸਟਿਨ ਟਰੂਡੋ ਨਾਲ ਹੋਈ ਸੀ ਅਤੇ ਸ. ਸੱਜਣ ਵੀ ਉਸ ਦਾ ਹਿੱਸਾ ਸਨ। ਇਸੇ ਨਿਰੰਤਰਤਾ 'ਚ ਕੈਨੇਡੀਅਨ ਸੰਸਦ ਵਿਚ ਕਨਜ਼ਰਵੇਟਿਵ ਪਾਰਟੀ ਮਤਾ ਲਿਆ ਰਹੀ ਹੈ ਕਿ ਕੈਨੇਡਾ ਜਿਵੇਂ ਭਾਰਤ ਵਿਰੋਧੀ ਨਹੀਂ ਹੈ, ਉਸੇ ਤਰ੍ਹਾਂ ਖਾਲਿਸਤਾਨ ਹਮਾਇਤੀ ਵੀ ਨਹੀਂ ਹੈ।



ਖਾਲਿਸਤਾਨੀ ਸਿਆਸਤ ਦੇ ਹਵਾਲੇ ਨਾਲ ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਧਰਮਾਂ ਦੇ ਪ੍ਰਸੰਗ ਵਿਚ ਸਿੱਖ ਧਰਮ ਸਦਾ ਹੀ ਲੋਕਤੰਤਰੀ ਕੀਮਤਾਂ ਦਾ ਮੁੱਦਈ ਰਿਹਾ ਹੈ। ਫਿਰ ਵੀ ਮੰਨ ਲੈਣਾ ਚਾਹੀਦਾ ਹੈ ਕਿ ਲੋਕ ਰਾਜ ਵਿਚੋਂ ਸ਼ੈਤਾਨੀਅਤ ਦੀ ਘੁਸਪੈਠ ਰੋਕੀ ਨਹੀਂ ਜਾ ਸਕਦੀ। ਸਿੱਖ ਬਹੁਗਿਣਤੀ ਖਾਲਿਸਤਾਨ ਬਾਰੇ ਕੁਝ ਨਹੀਂ ਜਾਣਦੀ ਅਤੇ ਜੋ ਜਾਣਦੇ ਹਨ, ਉਨ੍ਹਾਂ ਵਿਚੋਂ ਖਾਲਿਸਤਾਨੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇਸ ਹਾਲਤ ਵਿਚ ਖਾਲਿਸਤਾਨੀ ਮੁੱਦਾ ਜੇ ਜਿਉਂਦਾ ਵੀ ਰਹੇ ਤਾਂ ਵੀ ਇਸ ਨੂੰ ਸਿੱਖ ਮੁੱਦੇ ਵਜੋਂ ਮਾਨਤਾ ਨਹੀਂ ਮਿਲ ਸਕਦੀ। ਅਜਿਹੇ ਵਿਚ ਵੀ ਜੋ ਰੈਫਰੈਂਡਮ ਦੀ ਗੱਲ ਕਰਦੇ ਹਨ, ਉਨ੍ਹਾਂ ਦੇ ਧਿਆਨ ਵਿਚ ਰਹੇ ਕਿ ਪੰਜਾਬ ਵਿਚ ਅਜਿਹਾ ਤਿੰਨ ਵਾਰ ਹੁੰਦਾ ਹੈ-ਪਹਿਲਾ ਵਿਧਾਨ ਸਭਾ ਚੋਣਾਂ ਵੇਲੇ, ਦੂਜਾ ਪਾਰਲੀਮੈਂਟ ਚੋਣਾਂ ਵੇਲੇ ਅਤੇ ਤੀਜਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵੇਲੇ। ਸਿੱਖ ਆਮ ਕਰ ਕੇ ਅਤੇ ਪੰਜਾਬੀ ਖਾਸ ਕਰ ਕੇ ਕਿਸੇ ਵੀ ਕਿਸਮ ਦੀ ਵੱਖਵਾਦੀ ਸਿਆਸਤ ਦੇ ਵਿਰੁਧ ਭੁਗਤਦੇ ਰਹੇ ਹਨ।

ਤ੍ਰਾਸਦੀ ਇਹ ਹੈ ਕਿ ਭਾਰਤ ਵਿਚ ਸੱਚ ਦੀ ਵੀ ਸਿਆਸਤ ਹੁੰਦੀ ਰਹੀ ਹੈ ਅਤੇ ਪੰਜਾਬ ਦੀ ਖਾੜਕੂ ਲਹਿਰ ਨੂੰ ਸੰਭਾਲਣ ਦੀ ਥਾਂ ਇਸ ਨੂੰ ਬੇਲਗਾਮ ਹੋ ਜਾਣ ਵਾਲੇ ਹਾਲਾਤ ਪੈਦਾ ਕੀਤੇ ਜਾਂਦੇ ਰਹੇ ਹਨ। ਇਸ ਬਾਰੇ ਪੁਸਤਕੀ ਹਵਾਲੇ ਮਸਲੇ ਦੀ ਜੜ੍ਹ ਫੜ੍ਹਨ ਦੀ ਥਾਂ 1984 ਦੇ ਸਿੱਖ ਕਤਲੇਆਮ ਵੱਲ ਜਾਂਦੇ ਹਾਲਾਤ ਪੈਦਾ ਕਰਦੇ ਰਹੇ ਸਨ। ਇਸ ਨਾਲ ਸਿੱਖ ਭਾਈਚਾਰੇ ਦੇ ਗਲ ਵਿਚ ਅਜਿਹੇ ਮਸਲੇ ਪੈਂਦੇ ਰਹੇ ਹਨ, ਜਿਨ੍ਹਾਂ ਤੋਂ ਚਾਹੁਣ 'ਤੇ ਵੀ ਬਚਣਾ ਮੁਸ਼ਕਿਲ ਹੁੰਦਾ ਰਿਹਾ ਹੈ। ਇਸੇ ਦੀਆਂ ਬਹੁਤ ਸਾਰੀਆਂ ਪਰਤਾਂ ਟਰੂਡੋ ਫੇਰੀ ਨਾਲ ਇਕ ਵਾਰ ਫਿਰ ਸਾਹਮਣੇ ਆਉਣ ਲੱਗੀਆਂ ਹਨ। ਭਾਰਤੀ ਏਜੰਸੀਆਂ ਦੇ ਓਹੀ ਕਾਰਕੁਨ ਜੋ ਖਾੜਕੂ ਲਹਿਰ ਵੇਲੇ ਸ਼ਹਿ ਦੇਣ ਦੀ ਭੂਮਿਕਾ ਨਿਭਾਉਂਦੇ ਰਹੇ ਸਨ, ਟਰੂਡੋ ਫੇਰੀ ਨੂੰ ਖਾਲਿਸਤਾਨੀ ਸਿਆਸਤ ਵਿਚ ਉਲਝਾਉਣ ਦੀ ਕੋਸ਼ਿਸ਼ ਕਰਦੇ ਰਹੇ। ਇਸ ਦੀ ਸ਼ੁਰੂਆਤ ਭਾਰਤੀ ਮੀਡੀਆ ਵਿਚ 'ਖਾਲਿਸਤਾਨ ਖਾਲਿਸਤਾਨ' ਨਾਲ ਕੀਤੀ ਗਈ ਸੀ। ਜੋ ਅੰਨ੍ਹੀ ਸ਼ਰਧਾ ਵਾਲੀ ਸਿਆਸਤ ਦੀ ਲੜਾਈ ਪਾਕਿਸਤਾਨ ਸਿੱਖਾਂ ਦੇ ਗਲ ਪਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ, ਉਹੀ ਸਿਆਸਤ ਜੇ ਕਿਸੇ ਵੀ ਬਹਾਨੇ ਭਾਰਤੀ ਹੁਕਮਰਾਨ ਕਰ ਰਹੇ ਹੋਣਗੇ ਤਾਂ ਨਿੱਕੀਆਂ ਪ੍ਰਾਪਤੀਆਂ ਲਈ ਵੱਡੇ ਨੁਕਸਾਨ ਕਰ ਰਹੇ ਹੋਣਗੇ।

ਹੁਣ ਤਾਂ ਇਹ ਹਵਾਲੇ ਵੀ ਮਿਲਣ ਲੱਗੇ ਹਨ ਕਿ ਸ਼ਾਂਤਮਈ ਸੰਘਰਸ਼ ਦੀਆਂ ਜੋ ਪੈੜਾਂ ਸਿੱਖਾਂ ਨੇ ਪਾਈਆਂ ਹਨ, ਉਸ ਦੀ ਰੌਸ਼ਨੀ ਵਿਚ ਖਾਲਿਸਤਾਨੀ ਠੱਪੇਬੰਦੀ ਵਾਲੀ ਸਿਆਸਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕਿਸ ਨੂੰ ਸਮਝਾਈਏ ਕਿ ਸਿੱਖ ਸਿਆਸਤ ਵਿਚ ਖਾਲਿਸਤਾਨੀ ਰੰਗ ਬਹੁਤ ਹੀ ਮੱਧਮ ਪੈ ਚੁਕਾ ਹੈ ਅਤੇ ਇਸ ਦੇ ਹਵਾਲੇ ਨਾਲ ਸਿੱਖਾਂ ਨੂੰ ਬਦਨਾਮ ਕਰਕੇ ਕੁੱਟਣ ਦੀ ਸਿਆਸਤ ਉਸ ਤਰ੍ਹਾਂ ਨਹੀਂ ਕਰਨੀ ਚਾਹੀਦੀ, ਜਿਸ ਤਰ੍ਹਾਂ ਟਰੂਡੋ ਫੇਰੀ ਦੇ ਹਵਾਲੇ ਨਾਲ ਹੁੰਦੀ ਨਜ਼ਰ ਆਉਣ ਲੱਗ ਪਈ ਹੈ।

ਕੈਨੇਡਾ ਵਿਚ ਸਿੱਖਾਂ ਦੀ ਗਿਣਤੀ ਉਸੇ ਤਰ੍ਹਾਂ ਬਹੁਤ ਘੱਟ ਹੈ ਜਿਵੇਂ ਭਾਰਤ ਵਿਚ। ਦੋਹਾਂ ਹੀ ਦੇਸ਼ਾਂ ਦੇ ਲੋਕ ਰਾਜ 'ਚ ਸਿੱਖਾਂ ਦੀ ਅਹਿਮ ਭੂਮਿਕਾ ਹੈ। ਇਸ ਦੇ ਕਾਰਨਾਂ ਦੇ ਵਿਸਥਾਰ ਵਿਚ ਜਾਏ ਬਿਨਾ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਨੂੰ ਹਰ ਮੈਦਾਨ ਫਤਿਹ ਗੁਰੂ ਨੇ ਬਖਸ਼ੀ ਹੋਈ ਹੈ। ਕੈਨੇਡੀਅਨ ਸਿੱਖਾਂ ਦੀ ਸਿਆਸੀ ਭੂਮਿਕਾ ਤੋਂ ਭਾਰਤੀ ਸਿੱਖਾਂ ਨੂੰ ਸਿੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਵੱਖਵਾਦੀ ਸਿਆਸਤ ਸਿੱਖ ਦੇ ਸੁਭਾ ਦਾ ਹਿੱਸਾ ਨਹੀਂ ਹੈ। ਸਿੱਖ ਪ੍ਰਾਪਤੀਆਂ ਨੂੰ ਖਾਲਿਸਤਾਨੀ ਹਵਾਲੇ ਨਾਲ ਲੀਹੋਂ ਲਾਹੁਣ ਦੀਆਂ ਕੋਸ਼ਿਸ਼ਾਂ ਚੁਫੇਰਿਓਂ ਹੋ ਰਹੀਆਂ ਹਨ। ਇਸ ਬਾਰੇ ਸਿੱਖ ਭਾਈਚਾਰੇ ਨੂੰ ਆਪਸੀ ਸੰਵਾਦ ਛੇੜ ਕੇ ਕਿਸੇ ਸਾਂਝੀ ਸਮਝ 'ਤੇ ਪਹੁੰਚਣ ਦੀ ਕੋਸ਼ਿਸ਼ ਜ਼ਰੂਰ ਕਰਨੀ ਚਾਹੀਦੀ ਹੈ। ਬਹੁਲਵਾਦ ਦੇ ਇਸ ਯੁਗ ਵਿਚ ਕਿਸੇ ਕਿਸਮ ਦੇ ਕੱਟੜਵਾਦ ਲਈ ਕੋਈ ਥਾਂ ਨਹੀਂ ਹੈ। ਇਸ ਰਾਹੇ ਪੈਣ ਵਾਲਿਆਂ ਦੇ ਉਜਾੜੇ ਸਭ ਦੇ ਸਾਹਮਣੇ ਹਨ। ਟਰੂਡੋ ਫੇਰੀ ਨਾਲ ਪੈਦਾ ਹੋਏ ਸੰਕੇਤ ਵੀ ਇਸੇ ਤਰ੍ਹਾਂ ਦੇ ਹਨ ਕਿ ਉਜਾੜੇ ਦਾ ਰਾਹ ਘਰਾਂ ਵੱਲ ਨਹੀਂ ਜਾਂਦਾ। ਦੋਖੀਆਂ ਨਾਲ ਜੂਝਣ ਵਾਸਤੇ ਆਪਣਿਆਂ ਦੀ ਬਲੀ ਦੇਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਨਹੀਂ ਸੰਭਲਾਂਗੇ ਤਾਂ ਇਹ ਯਾਦ ਰਹਿਣਾ ਚਾਹੀਦਾ ਹੈ:

ਦੀਵਾਰ ਕਿਆ ਗਿਰੀ ਮੇਰੇ ਖਸਤਾ ਮਕਾਨ ਕੀ
ਲੋਗੋਂ ਨੇ ਮੇਰੇ ਸਿਹਨ ਸੇ ਰਸਤੇ ਬਨਾ ਲੀਏ।

---

# ਅੰਦਰਲਾ ਇਸ਼ਨਾਨ

ਚਾਹ ਵਿਚ ਕੋਈ ਨਸ਼ਾ ਹੁੰਦਾ ਹੈ, ਇਹ ਤਾਂ ਮੈਨੂੰ ਪਤਾ ਨਹੀਂ ਕਿਉਂਕਿ ਜੱਗ ਭਰ ਕੇ ਪੀਣ ਪਿਛੋਂ ਵੀ ਮੈਂ ਕਦੀ ਆਊਟ ਨਹੀਂ ਹੋਇਆ। ਇਹਨੂੰ ਆਦਤ ਤਾਂ ਕਹਿ ਸਕਦੇ ਹਾਂ ਪਰ ਚੰਗੀ ਹੈ ਕਿ ਮਾੜੀ, ਚਾਹ ਦਾ ਇਉਂ ਕਿਸੇ ਸਦਾਚਾਰ ਨਾਲ ਕੋਈ ਸਬੰਧ ਨਹੀਂ। ਤਕੜੇ ਪ੍ਰਹੇਜ਼ਗਾਰ ਦੁੱਧ ਦਾ ਗਲਾਸ ਕੱਪੜੇ ਨਾਲ ਫੜ੍ਹਦੇ ਦੇਖੇ ਹਨ। ਇਸ ਕਰਕੇ ਨਹੀਂ ਕਿ ਦੁੱਧ ਗਰਮ ਸੀ ਸਗੋਂ ਇਸ ਕਰਕੇ ਕਿ ਅਜਿਹਾ ਕਰਨਾ ਪਵਿੱਤਰ ਹੁੰਦਾ ਹੈ। ਅਜਿਹੇ ਧਰਮੀ ਜੀਉੜੇ ਚਾਹ ਪੀਣਿਆਂ ਦਾ ਤ੍ਰਿਸਕਾਰ ਕਰਨ ਦੇ ਪੂਰੇ ਹੱਕਦਾਰ ਹਨ। ਮੈਨੂੰ ਇੱਕ ਵਾਰ ਨਾਗਸੈਨ ਨੇ ਕਿਹਾ ਸੀ ਕਿ ਜੋ ਬੰਦੇ ਪੂਰੇ ਪ੍ਰਹੇਜ਼ਗਾਰ ਹੋਣ, ਨਾ ਝੂਠ ਬੋਲਣ, ਨਾ ਚੋਰੀ ਕਰਨ ਯਾਨਿ ਜਿਨ੍ਹਾਂ ਵਿਚ ਕੋਈ ਕਮਜ਼ੋਰੀ



ਹਰਪਾਲ ਸਿੰਘ ਪੰਨੂ
ਫੋਨ: 91-94642-51454

ਨਹੀਂ ਹੁੰਦੀ, ਉਨ੍ਹਾਂ ਤੋਂ ਬਚ ਕੇ ਰਹੀਂ ਕਿਉਂਕਿ ਉਹ ਮਾਫ ਨਹੀਂ ਕਰਦੇ, ਉਹ ਦੋਸਤ ਨਹੀਂ ਹੁੰਦੇ। ਮਾੜੀ ਮੋਟੀ ਭੁਲ ਚੁਕ ਕਰਨ ਵਾਲੇ ਬੰਦੇ ਬੜੇ ਕੰਮ ਆਉਂਦੇ ਹਨ।

ਗੱਲ ਕਰ ਰਹੇ ਸਾਂ ਚਾਹ ਦੀ, ਪਰ ਤੁਰ ਹੋਰ ਪਾਸੇ ਗਈ। ਅੱਜ ਕੱਲ੍ਹ ਖੋਖਿਆਂ ਵਾਲੇ ਚੁਪਕੇ ਜਿਹੇ ਚਾਹ ਦੇ ਕੱਪ ਧਰ ਜਾਂਦੇ ਹਨ। ਇੱਕ ਜ਼ਮਾਨਾ ਸੀ ਜਦੋਂ ਦੋਹਾਂ ਹੱਥਾਂ ਵਿਚ ਦੋ ਪਿੱਤਲ ਦੇ ਤੂੰਬੇ ਫੜ੍ਹ ਕੇ ਹਲਵਾਈ ਦੋ ਦੋ ਗਜ ਦੇ ਲੰਮੇ ਤਰੜੇ ਦਿਆ ਕਰਦੇ ਸਨ। ਇੱਕ ਚਾਹ ਪੀਣੇ ਨੇ ਹਲਵਾਈ ਦੇ ਖੂੰਡਾ ਜੜ ਦਿੱਤਾ, ਕਾਰਨ ਇਹ ਕਿ ਨਾਲ ਵਾਲੇ ਗਾਹਕ ਦੀ ਚਾਹ ਨੂੰ ਪੂਰਾ ਤਰੜਾ ਦਿੱਤਾ, ਪਰ ਖੂੰਡੇਮਾਰ ਦੀ ਚਾਹ ਕੇਵਲ ਗਿੱਠ ਕੁ ਤੋਂ ਤਰੜਾਈ। ਨਸ਼ਾ ਸੁਆਹ ਰਹਿ ਗਿਆ ਫੇਰ? ਜਦੋਂ ਪੈਸੇ ਪੂਰੇ ਦੇਣੇ ਨੇ ਫੇਰ ਲੰਡੂ ਚਾਹ ਕਿਉਂ ਪਿਆਉਂਦੈ ਇਹ?

ਚੰਡੀਗੜ੍ਹ ਦਾ ਉਸਰੱਈਆ ਲੀ ਕਾਰਬੂਜ਼ੀਅਰ ਆਪਣੇ ਵਕਤ ਸੰਸਾਰ ਦੇ ਉਚਕੋਟੀ ਦੇ ਭਵਨ ਨਿਰਮਾਤਿਆਂ ਵਿਚੋਂ ਸੀ। ਇਹ ਸੋਚ ਕੇ ਕਿ ਨਵਾਂ ਉਸਰ ਰਿਹਾ ਸੋਵੀਅਤ ਦੇਸ਼ ਉਸ ਦੀ ਕਦਰ ਪਾਏਗਾ, ਰੂਸ ਵੀ ਗਿਆ ਸੀ ਪਰ ਉਥੋਂ ਦੀ ਨੌਕਰਸ਼ਾਹੀ ਤੋਂ ਤੰਗ ਆ ਕੇ ਮੁੜ ਆਇਆ। ਉਸ ਦੇ ਨਕਸ਼ਿਆਂ ਨੂੰ ਬੁਰਜੁਆ ਰੁਚੀਆਂ ਆਖ ਕੇ ਰੱਦ ਕੀਤਾ ਜਾਂਦਾ ਸੀ। ਜਦੋਂ ਕੰਮ ਕਰਦਾ ਕਰਦਾ ਥੱਕ ਜਾਂਦਾ, ਉਹ ਉਸਰ ਰਹੇ ਚੰਡੀਗੜ੍ਹ ਦੇ ਖੋਖੇ ਦਾ ਗੇੜਾ ਲਾਉਣ ਕੇਵਲ ਇਸ ਕਰਕੇ ਜਾਂਦਾ ਕਿ ਚਾਹ, ਲੱਸੀ ਤੇ ਦੁੱਧ ਦੇ ਏਨੇ ਲੰਮੇ ਤਰੜੇ ਉਸ ਨੇ ਕਿਧਰੇ ਦੇਖੇ ਨਹੀਂ ਸਨ। ਉਹ ਹੱਸ-ਹੱਸ ਲੋਟ-ਪੋਟ ਹੋਈ ਜਾਂਦਾ, ਕਹਿੰਦਾ, "ਜ਼ਾਹਰਾ ਕਰਾਮਾਤ ਹੈ, ਇੱਕ ਬੂੰਦ ਨਹੀਂ ਡੁੱਲ੍ਹਣ ਦਿੰਦੇ, ਗਜ਼ਬ।" ਕਦੀ ਕਦੀ ਤਾਂ ਇਉਂ ਵੀ ਹੁੰਦਾ ਕਿ ਜੇ ਕੋਈ ਗਾਹਕ ਨਹੀਂ, ਚਾਹ ਵਾਲਾ ਵਿਹਲਾ ਬੈਠਾ ਹੈ, ਉਹ ਆਪਣੇ ਕੋਲੋਂ ਪੈਸੇ ਖਰਚ ਕੇ ਮਜਦੂਰਾਂ ਨੂੰ ਚਾਹ ਪਿਲਾਉਂਦਾ ਤਾਂ ਕਿ ਤਰੜਿਆਂ ਦਾ ਜ਼ਾਇਕਾ ਲੈ ਸਕੇ। ਹੋ ਸਕਦੈ ਉਸ ਨੇ ਕਦੀ ਖੁਦ ਇਹ ਤਜਰਬਾ ਕਰਨ ਦਾ ਯਤਨ ਵੀ ਕੀਤਾ ਹੋਵੇ।

ਸਰਕਸ ਦੇਖ ਕੇ ਨਿਆਣੇ ਜਦੋਂ ਘਰ ਆਉਂਦੇ ਹਨ ਤਾਂ ਸਰਕਸ ਦੇ ਕਲਾਕਾਰਾਂ ਦੀ ਨਕਲ ਕਰਕੇ ਲੱਤ ਬਾਂਹ ਵੀ ਤੁੜਵਾ ਬੈਠਦੇ ਹਨ। ਸਪਾਈਡਰਮੈਨ ਬਣੇ ਇੱਕ ਬੱਚੇ ਦੀ ਛੱਤ ਤੋਂ ਡਿੱਗ ਕੇ ਮੌਤ ਹੋ ਗਈ ਸੀ। ਸਰਦੀਆਂ ਦੀ ਸਵੇਰ ਖੇਸੀ ਦੇ ਪੱਲੇ ਨਾਲ ਪਿੱਤਲ ਦਾ ਚਾਹ ਵਾਲਾ ਗਲਾਸ ਫੜ੍ਹ ਕੇ ਦਰਵਾਜੇ ਅੱਗੇ ਖਲੋ ਜਾਣਾ, ਇਧਰ-ਉਧਰ ਦੀਆਂ ਗੱਲਾਂ ਵੀ ਹੁੰਦੀਆਂ ਤੇ ਸੁੜਾਕੇ ਮਾਰ ਮਾਰ ਚਾਹ ਵੀ ਛਕਣੀ, ਇਹ ਨਜ਼ਾਰੇ ਹੁਣ ਨਹੀਂ ਦਿਸਦੇ।

ਸੁੜਾਕੇ ਤੋਂ ਯਾਦ ਆਈ ਗੱਲ। ਪਾਕਿਸਤਾਨੀ ਸੀਰੀਅਲ 'ਸੋਨਾ-ਚਾਂਦੀ' ਵਿਚ ਇੱਕ ਰਈਸ ਟੱਬਰ ਦੀ ਬੀਵੀ ਤੇ ਖਾਵੰਦ ਵੱਡੀ ਹਵੇਲੀ ਦੇ ਹਰੇ ਕਚੂਰ ਵਿਹੜੇ 'ਚ ਸਵੇਰ ਦੀ ਚਾਹ ਪੀ ਰਹੇ ਹਨ। ਬੀਵੀ ਦੀ ਸ਼ਕਲ, ਸੂਰਤ, ਰੁਅਬਦਾਬ ਵਾਲੀ ਨਿਗਾਹ-ਸਭ ਸਾਬਤ ਕਰ ਰਹੇ ਹਨ ਕਿ ਜਗੀਰਦਾਰ ਅਜਿਹੇ ਹੁੰਦੇ ਹਨ। ਮਾਲਕ ਨੂੰ ਸੁੜਾਕਾ ਮਾਰ ਕੇ ਚਾਹ ਪੀਣ ਦੀ ਆਦਤ ਹੈ ਜੋ ਬੀਵੀ ਨੂੰ ਪਸੰਦ ਨਹੀਂ। ਸੁੜਾਕਾ ਸੁਣ ਕੇ ਉਹ ਟੇਢੀ ਤੇ ਗੁਸੈਲ ਨਜ਼ਰ ਨਾਲ ਖਾਵੰਦ ਵਲ ਦੇਖ ਆਖਦੀ ਹੈ, "ਤਮੀਜ਼ ਨਾਲ, ਸਲੀਕੇ ਨਾਲ। ਸਮਝੇ?" ਅੱਗੇ ਵੀ ਕਈ ਵਾਰ ਹੋ ਚੁਕੀ ਹੈ ਗੱਲ। ਖਾਵੰਦ ਧੀਰਜ ਨਾਲ ਆਖਦਾ ਹੈ, "ਬੇਗਮ ਸਾਹਿਬਾ, ਕੀ ਫਰਕ ਪੈਂਦੈ ਆਖਰ? ਜਿਵੇਂ ਮਰਜੀ ਕੋਈ ਖਾਏ, ਜਿਵੇਂ ਮਰਜ਼ੀ ਪੀਏ। ਮੌਜ ਲਵੇ।" ਬੇਗਮ ਫਿਰ ਗੁੱਸੇ ਨਾਲ ਆਖਦੀ ਹੈ, "ਮੁਝੇ ਬਹਿਸ ਪਸੰਦ ਨਹੀਂ।" ਮਾਲਕ ਬੋਲਦਾ ਹੈ, "ਤੁਮ੍ਹੇਂ ਬਹਿਸ ਪਸੰਦ ਕਰਨੀ ਚਾਹੀਏ ਭੀ ਨਹੀਂ ਕਿਉਂਕਿ ਅਕਸਰ ਹਾਰਤੀ ਹੋ।"

ਜਪਾਨ ਦਾ ਸ਼ਾਇਰ ਤੇ ਫਿਲਾਸਫਰ ਸੀ, ਕਾਕੂਜ਼ੋ ਓਕਾਕੁਰਾ। ਪ੍ਰੋ. ਪੂਰਨ ਸਿੰਘ ਦਾ ਦੋਸਤ। ਉਸ ਨੇ ਚਾਹ ਉਤੇ ਹੀ ਕਿਤਾਬ ਲਿਖ ਮਾਰੀ, ਬੁੱਕ ਆਫ ਟੀ। ਚਾਹ ਦਾ ਏਡਾ ਮੁਰੀਦ ਮੈਂ ਨਹੀਂ ਦੇਖਿਆ। ਲੈਲਾ ਲਈ ਮਜਨੂੰ ਏਨਾ ਪਾਗਲ ਨਹੀਂ ਸੀ, ਜਿੰਨਾ ਕਾਕੂਜ਼ੋ ਚਾਹ ਵਾਸਤੇ। ਲਿਖਦਾ ਹੈ: ਚਾਹ ਦਾ ਬੂਟਾ ਕਿਥੇ ਉਗਿਆ, ਪਹਿਲੀ ਵਾਰ ਇਸ ਨੂੰ ਕਿਸ ਨੇ ਪਛਾਣਿਆ, ਪਤਾ ਕਰੀਏ। ਕਿਸੇ ਵਣ ਵਿਗਿਆਨੀ ਤੋਂ ਪਤਾ ਨਾ ਲੱਗਾ, ਕਿਸੇ ਇਤਿਹਾਸਕਾਰ ਨੇ ਦੱਸ ਨਾ ਪਾਈ। ਜਦੋਂ ਵਿਦਵਾਨ ਫੇਲ੍ਹ ਹੋ ਜਾਣ, ਬੰਦਾ ਸਾਧ ਦੀ ਤਲਾਸ਼ ਕਰਦਾ ਹੈ। ਮੈਂ ਕਿਸੇ ਮਹਾਨ, ਤਪੱਸਵੀ ਸਾਧੂ ਦੀ ਤਲਾਸ਼ ਵਿਚ ਘਰ ਬਾਰ ਛੱਡ ਦਿੱਤਾ। ਮਹੀਨਿਆਂ, ਸਾਲਾਂ ਦੀ ਖੋਜ ਪਿਛੋਂ ਮਹਾਮੁਨੀ ਦੇ ਦੀਦਾਰ ਹੋਏ, ਸਮਾਧੀ ਵਿਚ ਸਨ, ਚੇਲਿਆਂ ਨੇ ਦੱਸਿਆ ਜਦੋਂ ਸਮਾਧੀ ਖੁਲ੍ਹੇਗੀ, ਉਦੋਂ ਪੁਛ ਲੈਣਾ ਜੋ ਪੁਛਣਾ ਹੋਵੇ। ਕਈ ਦਿਨਾਂ ਪਿਛੋਂ ਸਮਾਧੀ ਖੁੱਲ੍ਹੀ। ਹੱਥ ਜੋੜ ਕੇ ਪੁਛਿਆ, "ਮਹਾਰਾਜ ਚਾਹ ਦੇ ਬੂਟੇ ਦਾ ਇਤਿਹਾਸ ਪੁੱਛਣ ਆਇਆਂ। ਕਿਰਪਾ ਕਰੋ।"

ਸਾਧੂ ਮੁਸਕਰਾਇਆ, "ਤੇਰੇ ਜਿਹਾ ਇੱਕ ਜੁਆਨ ਮੇਰੀ ਨਿਗਰਾਨੀ ਵਿਚ ਬੰਦਗੀ ਕਰਿਆ ਕਰਦਾ ਸੀ। ਬੰਦਗੀ ਕਰਦਿਆਂ ਉਸ ਨੂੰ ਨੀਂਦ ਆ ਜਾਂਦੀ। ਇੱਕ ਵਾਰ, ਦੋ ਵਾਰ-ਜਦੋਂ ਅਜਿਹਾ ਹੁੰਦਾ ਰਿਹਾ, ਗੁੱਸੇ ਵਿਚ ਆ ਕੇ ਉਸ ਨੇ ਛੁਰੀ ਚੁੱਕੀ ਤੇ ਆਪਣੀਆਂ ਅੱਖਾਂ ਦੀਆਂ ਪਲਕਾਂ ਕੱਟ ਕੇ ਅਹੁ ਸਾਹਮਣੇ ਘਾਟੀ ਵਿਚ ਵਗਾਹ ਦਿੱਤੀਆਂ। ਜਿਥੇ ਪਲਕਾਂ ਡਿੱਗੀਆਂ, ਉਥੋਂ ਚਾਹ ਦੇ ਬੂਟੇ ਉਗੇ। ਦੇਖ ਲੈ ਬੇਸ਼ਕ। ਚਾਹ ਦੀਆਂ ਪੱਤੀਆਂ ਅੱਖਾਂ ਦੀਆਂ ਪਲਕਾਂ ਵਰਗੀਆਂ ਨੇ। ਇਸ ਤਰ੍ਹਾਂ ਹੇ ਜਗਿਆਸੂ, ਕੋਈ ਕੋਈ ਨੇਕ ਬੰਦਾ ਕਸ਼ਟ ਕਰਦਾ ਹੈ ਤੇ ਉਸ ਦੀ ਬਦੌਲਤ ਹੁਣ ਪੜ੍ਹਾਕੂਆਂ ਨੂੰ ਚਾਹ ਪੀ ਕੇ ਨੀਂਦ ਨਹੀਂ ਆਉਂਦੀ।"

ਪ੍ਰੋ. ਪੂਰਨ ਸਿੰਘ ਨੇ ਘਰ ਅਖੰਡ ਪਾਠ ਖੁਲ੍ਹਵਾਇਆ। ਪਾਠੀ ਸਿੰਘ ਬਹੁਤ ਸਵਖਤੇ ਪੂਰਨ ਸਿੰਘ ਨੂੰ ਜਗਾ ਕੇ ਪੁੱਛਣ ਲੱਗਾ, "ਜੀ ਇਸ਼ਨਾਨ ਕਰਨ ਲਈ ਜਗ੍ਹਾ ਕਿਧਰ ਹੈ?" ਪ੍ਰੋ. ਪੂਰਨ ਸਿੰਘ ਨੂੰ ਏਨੀ ਛੇਤੀ ਉਠਣ ਦੀ ਆਦਤ ਨਹੀਂ ਸੀ, ਗੁੱਸੇ ਵਿਚ ਕਿਹਾ, "ਪਹਿਲਾਂ ਅੰਦਰਲਾ ਇਸ਼ਨਾਨ ਕਰੀਦਾ ਹੈ, ਭਾਈ ਸਾਹਿਬ! ਸਮਝੇ?"

ਭਾਈ ਚਲਾ ਗਿਆ। ਕਿਸੇ ਹੋਰ ਤੋਂ ਥਾਂ ਪੁੱਛ ਕੇ ਇਸ਼ਨਾਨ ਕਰ ਲਿਆ। ਦਿਨ ਵਿਚ ਦੋ ਤਿੰਨ ਹੋਰ ਪਾਠੀ ਸਿੰਘਾਂ ਨੂੰ ਨਾਲ ਲਿਜਾ ਕੇ ਨਿਮਰਤਾ ਸਹਿਤ ਪੁੱਛਣ ਲੱਗਾ, "ਜੀ ਤੁਸੀਂ ਗੁਣੀ ਵਿਦਵਾਨ ਹੋ। ਸਵੇਰੇ ਅੰਦਰਲੇ ਇਸ਼ਨਾਨ ਬਾਬਤ ਆਪ ਨੇ ਹੁਕਮ ਕੀਤਾ ਸੀ। ਸਾਨੂੰ ਇਸ ਦਾ ਪਤਾ ਨਹੀਂ ਕਿਵੇਂ ਕਰੀਦਾ ਹੈ। ਕਿਰਪਾ ਕਰਕੇ ਦੱਸਣਾ ਜੀ।"

ਪ੍ਰੋ. ਪੂਰਨ ਸਿੰਘ ਨੇ ਕਿਹਾ, "ਚਾਹ ਪੀਓ, ਹੋਰ ਕਿਵੇਂ ਹੁੰਦੈ, ਅੰਦਰਲਾ ਇਸ਼ਨਾਨ? ਏਨਾ ਤਾਂ ਸੌਖਾ ਕੰਮ ਐਂ ਇਹ।"

ਆਪਣੇ ਵਕੀਲ ਨਾਲ ਮੈਂ ਹਾਈ ਕੋਰਟ ਵਿਚ ਬੈਠਾ ਸਾਂ ਤਾਂ ਚਾਹ ਆ ਗਈ। ਡਿੱਪ ਟੀ। ਮੈਂ ਕੁਝ ਝਿਜਕਦਿਆਂ ਪੁੱਛਿਆ, "ਜੇ ਇਤਰਾਜ਼ ਨਾ ਹੋਵੇ ਤਾਂ ਚੁਟਕੀ ਨਾਲ ਚਾਹ ਦੀ ਪੋਟਲੀ ਨਿਚੋੜ ਲਵਾਂ?" ਵਕੀਲ ਬੋਲਿਆ, "ਇਸ ਵਿਚ ਇਤਰਾਜ਼ ਦੀ ਕੀ ਗੱਲ? ਮੈਂ ਵੀ ਨਿਚੋੜਿਆ ਕਰਦਾਂ।" ਮੈਂ ਦੱਸਿਆ ਕਿ ਪਟਿਆਲੇ ਯੂਨੀਵਰਸਿਟੀ ਵਿਚ ਮੇਰਾ ਦੋਸਤ ਗਰੇਵਾਲ ਮੇਰੀ ਇਸ ਹਰਕਤ ਦਾ ਬੁਰਾ ਮਨਾਉਂਦੈ।

ਵਕੀਲ ਬੋਲਿਆ, "ਉਹਨੇ ਲਾਅ ਨ੍ਹੀਂ ਪੜ੍ਹਿਆ। ਰੁਪਏ ਤੂੰ ਖਰਚੇ ਨੇ। ਕਾਨੂੰਨਨ ਤੈਨੂੰ ਕੋਈ ਬੰਦਾ ਜਾਂ ਸੰਸਥਾ ਪੋਟਲੀ ਨਿਚੋੜਨ ਤੋਂ ਨਹੀਂ ਰੋਕ ਸਕਦੇ। ਸਗੋਂ ਕਾਨੂੰਨ ਅਨੁਸਾਰ ਪੋਟਲੀ ਤੂੰ ਘਰ ਲੈ ਜਾ ਬੇਸ਼ਕ। ਅਗੋਂ ਨੂੰ ਕੋਈ ਰੋਕੇ ਮੈਨੂੰ ਦੱਸੀਂ, ਮੈਂ ਪਟੀਸ਼ਨ ਦਾਇਰ ਕਰ ਦਿਆਂਗਾ।"

ਸ਼ਾਇਰ ਖੁਮਾਰ ਕੋਲ ਬੈਠਾ ਚਾਹ ਪੀਣ ਲੱਗਾ। ਗੱਲਾਂ ਸੁਣਦਾ ਰਿਹਾ ਤੇ ਕੱਪ ਵਿਚ ਚਮਚਾ ਹਿਲਾ ਕੇ ਚੀਨੀ ਘੋਲਦਾ ਰਿਹਾ। ਗੁੱਸੇ ਨਾਲ ਕਹਿਣ ਮੈਨੂੰ ਲੱਗਾ, "ਮੱਖਣ ਕੱਢੇਂਗਾ ਇਹਦੇ ਵਿਚੋਂ? ਪੀਤੀ ਨ੍ਹੀਂ ਜਾਂਦੀ ਅਰਾਮ ਨਾਲ?" ਬੇਆਰਾਮ ਕਰਕੇ ਕਹਿੰਦੇ ਨੇ ਆਰਾਮ ਨਾਲ ਚਾਹ ਪੀ।

ਪੰਜਾਬ ਟਾਈਮਜ਼

*ਸਨਿਚਰਵਾਰ, 10 ਮਾਰਚ 2018*

# *ਹਿੰਸਾ ਦੀ ਸਿਆਸਤ ਦਾ ਤੋੜ*

ਤ੍ਰਿਪੁਰਾ ਵਿਚ ਚੋਣ ਨਤੀਜਿਆਂ ਮਗਰੋਂ ਜੋ ਹਿੰਸਾ ਭਾਰਤੀ ਜਨਤਾ ਪਾਰਟੀ ਦੇ ਸਮਰਥਕਾਂ ਵੱਲੋਂ ਵਰਤਾਈ ਗਈ, ਉਸ ਨੇ ਸਭ ਸੰਜੀਦਾ ਬਾਸ਼ਿੰਦਿਆਂ ਨੂੰ ਫਿਕਰਾਂ ਵਿਚ ਪਾ ਦਿੱਤਾ। ਇਨ੍ਹਾਂ ਸਮਰਥਕਾਂ ਨੇ ਲੈਨਿਨ ਦਾ ਬੁੱਤ ਤੋੜਿਆ ਅਤੇ ਹਾਰੀ ਹੋਈ ਧਿਰ ਸੀ. ਪੀ. ਐਮ. ਦੇ ਦਫਤਰਾਂ ਅੰਦਰ ਵੜ ਕੇ ਭੰਨ-ਤੋੜ ਕੀਤੀ। ਇਸ ਹਿੰਸਕ ਵਰਤਾਰੇ ਦੌਰਾਨ ਸੂਬੇ ਦੀ ਪੁਲਿਸ ਅਤੇ ਨੀਮ ਫੌਜੀ ਬਲ ਖਾਮੋਸ਼ ਦਰਸ਼ਕ ਬਣੇ ਰਹੇ। ਹੋਰ ਤਾਂ ਹੋਰ ਸੂਬੇ ਦੇ ਰਾਜਪਾਲ ਤਥਾਗਤ ਰਾਏ ਅਤੇ ਭਾਜਪਾ ਦੇ ਕੁਝ ਆਗੂਆਂ ਨੇ ਇਸ ਹਿੰਸਾ ਨੂੰ ਜਾਇਜ਼ ਵੀ ਕਰਾਰ ਦਿੱਤਾ ਹੈ। ਰਾਜਪਾਲ ਨੇ ਟਵੀਟ ਕੀਤਾ ਕਿ ਜਮਹੂਰੀ ਢੰਗ ਨਾਲ ਚੁਣੀ ਕੋਈ ਸਰਕਾਰ ਜੇ ਕੋਈ ਕੰਮ ਕਰਦੀ ਹੈ ਤਾਂ ਦੂਜੀ ਚੁਣੀ ਹੋਈ ਸਰਕਾਰ ਉਸ ਕੰਮ ਨੂੰ ਖਤਮ ਕਰ ਸਕਦੀ ਹੈ। ਰਾਜਪਾਲ ਨੂੰ ਇਲਮ ਨਹੀਂ ਕਿ ਮੰਗਲਵਾਰ ਨੂੰ ਜਦੋਂ ਉਥੇ ਹਿੰਸਾ ਹੋਈ, ਤਕਨੀਕੀ ਤੌਰ 'ਤੇ ਉਥੇ ਨਵੀਂ ਸਰਕਾਰ ਕਾਇਮ ਨਹੀਂ ਸੀ ਹੋਈ। ਨਵੀਂ ਸਰਕਾਰ ਨੇ ਸ਼ੁੱਕਰਵਾਰ ਨੂੰ ਹਲਫ ਲਿਆ ਹੈ। ਕੇਂਦਰੀ ਰਾਜ ਮੰਤਰੀ ਗਿਰੀਰਾਜ ਸਿੰਘ ਨੇ ਕਿਹਾ ਕਿ ਤ੍ਰਿਪੁਰਾ ਵਿਚ ਖੱਬੇ ਮੋਰਚੇ ਦੇ 25 ਸਾਲਾ ਰਾਜ ਤੋਂ ਅੱਕੇ ਲੋਕਾਂ ਨੇ ਲੈਨਿਨ ਦਾ ਬੁੱਤ ਤੋੜਿਆ ਹੋ ਸਕਦਾ ਹੈ।

ਯਾਦ ਰਹੇ, ਭਾਜਪਾ ਨੇ ਚੋਣਾਂ ਤੋਂ ਪਹਿਲਾਂ 'ਚਲੋ ਪਲਟਾਏਂ' ਦਾ ਨਾਅਰਾ ਦਿੰਦਿਆਂ ਤ੍ਰਿਪੁਰਾ ਵਿਚ ਖੱਬੇ ਮੋਰਚੇ ਦਾ ਸ਼ਾਸਨ ਖਤਮ ਕਰਨ ਦਾ ਹੋਕਾ ਦਿੱਤਾ ਸੀ, ਪਰ ਨਤੀਜੇ ਆਉਂਦੇ ਸਾਰ ਗੈਰ ਜਮਹੂਰੀ ਢੰਗ ਅਪਨਾਉਣੇ ਸ਼ੁਰੂ ਕਰ ਦਿੱਤੇ। ਇਸ ਹਿੰਸਾ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਭਾਵੇਂ ਪੁਲਿਸ ਨੂੰ ਹਾਲਾਤ ਕਾਬੂ ਹੇਠ ਲਿਆਉਣ ਦੀ ਹਦਾਇਤ ਕੀਤੀ, ਪਰ ਹਿੰਸਾ ਰੁਕੀ ਨਹੀਂ। ਉਨ੍ਹਾਂ ਰਾਜਪਾਲ ਨੂੰ ਵੀ ਕਿਹਾ ਹੈ ਕਿ ਉਹ ਬਦਅਮਨੀ 'ਤੇ ਕਾਬੂ ਪਾਉਣ ਲਈ ਢੁਕਵੇਂ ਕਦਮ ਚੁੱਕਣ, ਪਰ ਰਾਜਪਾਲ ਦਾ ਸ਼ੱਰੇਆਮ ਕਹਿਣਾ ਸੀ ਕਿ ਉਨ੍ਹਾਂ ਨੂੰ ਅਜੇ ਤਕ ਕੋਈ ਹਦਾਇਤ ਨਹੀਂ ਹੋਈ, ਹਾਲਾਂਕਿ ਅਖਬਾਰੀ ਰਿਪੋਰਟਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰੀ ਨੇ ਉਨ੍ਹਾਂ ਨਾਲ ਟੈਲੀਫੋਨ ਉਤੇ ਗੱਲਬਾਤ ਕੀਤੀ ਹੈ। ਇਹ ਸਾਰਾ ਵਰਤਾਰਾ ਇਹੀ ਸੂਹ ਦਿੰਦਾ ਜਾਪਦਾ ਹੈ ਕਿ ਭਾਜਪਾ ਵੱਲੋਂ ਅਜਿਹਾ ਮਿਥ ਕੇ ਕੀਤਾ ਗਿਆ। ਉਂਜ, ਤ੍ਰਿਪੁਰਾ ਦੇ ਚੋਣ ਨਤੀਜਿਆਂ ਦੇ ਤੱਥ ਇਹ ਹਨ ਕਿ ਭਾਜਪਾ ਨੂੰ ਉਥੇ 43 ਫੀਸਦ ਅਤੇ ਸੀ. ਪੀ. ਐਮ. ਨੂੰ 42.6 ਫੀਸਦ ਵੋਟਾਂ ਪਈਆਂ ਹਨ, ਭਾਵ ਜੇਤੂ ਅਤੇ ਹਾਰਨ ਵਾਲੀ ਧਿਰ ਨੂੰ ਮਿਲੀਆਂ ਵੋਟਾਂ ਦਾ ਫਰਕ ਬਹੁਤ ਥੋੜ੍ਹਾ ਹੈ। ਇਹ ਵੱਖਰੀ ਗੱਲ ਹੈ ਕਿ ਕੁੱਲ 60 ਸੀਟਾਂ ਵਾਲੀ ਵਿਧਾਨ ਸਭਾ ਲਈ ਭਾਜਪਾ ਨੂੰ 35 ਸੀਟਾਂ ਅਤੇ ਇਸ ਦੀ ਜੋਟੀਦਾਰ ਆਈ. ਪੀ. ਐਫ. ਟੀ. ਨੂੰ 8 ਸੀਟਾਂ ਮਿਲ ਗਈਆਂ ਹਨ, ਜਦਕਿ ਸੀ. ਪੀ. ਐਮ. ਸਿਰਫ 16 ਸੀਟਾਂ ਉਤੇ ਹੀ ਜਿੱਤ ਹਾਸਲ ਕਰ ਸਕੀ ਹੈ। ਇਕ ਸੀਟ ਉਤੇ ਚੋਣ ਉਮੀਦਵਾਰ ਦੀ ਮੌਤ ਕਾਰਨ ਮੁਲਤਵੀ ਕਰ ਦਿੱਤੀ ਗਈ ਸੀ। ਜ਼ਾਹਰ ਹੈ ਕਿ ਖੱਬੇ ਮੋਰਚੇ ਦਾ ਤ੍ਰਿਪੁਰਾ ਵਿਚ ਇੰਨਾ ਵੀ ਮਾੜਾ ਹਾਲ ਨਹੀਂ ਜਿਸ ਤਰ੍ਹਾਂ ਜੇਤੂ ਧਿਰ ਵੱਲੋਂ ਪ੍ਰਚਾਰਿਆ ਗਿਆ। ਉਂਜ, ਇਸ ਤੋਂ ਆਉਣ ਵਾਲੇ ਸਮੇਂ ਦੌਰਾਨ ਸੂਬੇ ਅੰਦਰ ਹੋਣ ਵਾਲੀ ਸਿਆਸਤ ਦੀ ਸੂਹ ਮਿਲ ਰਹੀ ਹੈ।

ਭਾਜਪਾ ਸਮਰਥਕਾਂ ਦੀ ਇਸ ਬੁਰਛਾਗਰਦੀ ਦਾ ਦੇਸ਼ ਭਰ ਵਿਚ ਵਿਰੋਧ ਹੋਇਆ ਹੈ ਅਤੇ ਸੀ. ਪੀ. ਐਮ. ਦੀ ਅਗਵਾਈ ਹੇਠ ਕੋਲਕਾਤਾ ਵਿਚ ਰੈਲੀ ਵੀ ਕੱਢੀ ਗਈ। ਸੀ. ਪੀ. ਐਮ. ਲੀਡਰਸ਼ਿਪ ਨੇ ਦੇਸ਼ ਦੀਆਂ ਸਾਰੀਆਂ ਧਰਮ ਨਿਰਪੱਖ ਧਿਰਾਂ ਨੂੰ ਸੱਦਾ ਦਿੱਤਾ ਹੈ ਕਿ ਭਾਜਪਾ ਦੀ ਇਸ ਬੁਰਛਾਗਰਦੀ ਖਿਲਾਫ ਆਵਾਜ਼ ਬੁਲੰਦ ਕੀਤੀ ਜਾਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਜਪਾ ਦੀ ਅਜਿਹੀ ਕੁਹਜੀ ਸਿਆਸਤ ਖਿਲਾਫ ਆਵਾਜ਼ ਬੁਲੰਦ ਹੋਣੀ ਹੀ ਚਾਹੀਦੀ ਹੈ, ਪਰ ਇਸ ਸੱਦੇ ਤੋਂ ਜਿਹੜੀ ਗੱਲ ਉਭਰ ਕੇ ਸਾਹਮਣੇ ਆ ਰਹੀ ਹੈ, ਉਸ ਵਿਚੋਂ ਸਿਰਫ ਚੋਣ ਸਿਆਸਤ ਦੇ ਹੀ ਝਲਕਾਰੇ ਪੈਂਦੇ ਹਨ ਅਤੇ ਇਹ ਸੱਦਾ ਕਾਂਗਰਸ ਪਾਰਟੀ ਨੂੰ ਮਾਰਿਆ ਤਰਲਾ ਜਿਹਾ ਹੀ ਜਾਪਦਾ ਹੈ। ਰਵਾਇਤੀ ਖੱਬੀਆਂ ਧਿਰਾਂ ਅਜੇ ਤਕ ਭਾਜਪਾ ਅਤੇ ਕਾਂਗਰਸ ਵਿਚਕਾਰਲਾ ਅਸਲ ਫਰਕ ਤੇ ਸਾਂਝ ਨੂੰ ਸਮਝਣ ਵਿਚ ਨਾਕਾਮ ਰਹੀਆਂ ਹਨ। ਜਦੋਂ ਭਾਜਪਾ ਦੀ ਚੜ੍ਹਤ ਹੋਣੀ ਸ਼ੁਰੂ ਹੋਈ ਤਾਂ ਇਸ ਨੂੰ ਡੱਕਣ ਲਈ ਖੱਬੇ ਮੋਰਚੇ ਨੇ ਕਾਂਗਰਸ ਨਾਲ ਹੱਥ ਮਿਲਾ ਲਏ। ਇਸ ਨਾਲ ਭਾਜਪਾ ਦੀ ਚੜ੍ਹਤ ਤਾਂ ਰੁਕ ਨਹੀਂ ਸਕੀ ਪਰ ਖੱਬਾ ਮੋਰਚਾ ਜ਼ਰੂਰ ਲੰਗੜਾ ਹੋ ਗਿਆ। ਇਸ ਦਾ ਨਤੀਜਾ ਹੁਣ ਸੰਸਦ ਤੇ ਵਿਧਾਨ ਸਭਾਵਾਂ ਵਿਚ ਇਸ ਦੇ ਮਾੜੇ ਹਾਲ ਵਿਚ ਨਿਕਲਿਆ ਹੈ। ਹੁਣ ਕਾਂਗਰਸ ਨਾਲ ਰਲ ਕੇ ਸਿਆਸਤ ਕਰਨ ਬਾਰੇ ਖੱਬੇ ਮੋਰਚੇ ਦੀ ਮੁੱਖ ਪਾਰਟੀ ਸੀ. ਪੀ. ਐਮ. ਵਿਚ ਬਹੁਤ ਘੜਮੱਸ ਮੱਚਿਆ ਹੋਇਆ ਹੈ। ਪਾਰਟੀ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਵਾਲਾ ਧੜਾ ਕਾਂਗਰਸ ਨਾਲ ਤਾਲਮੇਲ ਦਾ ਹਮਾਇਤੀ ਹੈ, ਜਦਕਿ ਪ੍ਰਕਾਸ਼ ਕਰਤ ਵਾਲਾ ਧੜਾ ਇਸ ਦੇ ਖਿਲਾਫ ਹੈ। ਊਠ ਕਿਸ ਕਰਵਟ ਬੈਠੇਗਾ, ਉਹ ਤਾਂ ਸਮਾਂ ਹੀ ਦੱਸੇਗਾ ਪਰ ਹਾਲ ਦੀ ਘੜੀ ਇਕ ਗੱਲ ਐਨ ਸਾਫ ਹੈ ਕਿ ਖੱਬਾ ਮੋਰਚਾ ਚੋਣ ਸਿਆਸਤ ਵਿਚ ਚੌਫਾਲ ਡਿਗਿਆ ਪਿਆ ਹੈ। ਇਸ ਮੋਰਚੇ ਦੇ ਆਗੂਆਂ ਨੂੰ ਹੁਣ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਕਾਂਗਰਸ ਦੇ ਸਿਰ ਉਤੇ ਭਾਜਪਾ ਅਤੇ ਇਸ ਦੀ ਸਰਪ੍ਰਸਤ ਕੱਟੜ ਜਥੇਬੰਦੀ ਆਰ. ਐਸ. ਐਸ. ਦਾ ਟਾਕਰਾ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਮੋਰਚੇ ਨੂੰ ਆਪਣੇ ਹੋਰ ਜੋਟੀਦਾਰ ਲੱਭਣੇ ਪੈਣਗੇ ਅਤੇ ਮੂੰਹ ਖੇਤਰੀ ਪਾਰਟੀਆਂ ਵੱਲ ਕਰਨਾ ਪਵੇਗਾ। ਵਿਚਾਰਨ ਵਾਲਾ ਨੁਕਤਾ ਇਹ ਵੀ ਹੈ ਕਿ ਭਾਜਪਾ ਮਜ਼ਬੂਤ ਕੇਂਦਰ ਕਾਇਮ ਕਰਨ ਲਈ ਇਨ੍ਹਾਂ ਖੇਤਰੀ ਪਾਰਟੀਆਂ ਨੂੰ ਕਮਜ਼ੋਰ ਕਰਨ ਵਾਲੀ ਨੀਤੀ ਉਤੇ ਚੱਲ ਰਹੀ ਹੈ। ਹੁਣ ਮੌਕਾ ਹੈ ਕਿ ਭਾਜਪਾ ਅਤੇ ਆਰ. ਐਸ. ਐਸ. ਦੀ ਮਾਰੂ ਸਿਆਸਤ ਨਾਲ ਅਸਹਿਮਤੀ ਰੱਖਣ ਵਾਲੀਆਂ ਸਭ ਧਿਰਾਂ ਆਪਣੇ ਆਪਸੀ ਮੱਤਭੇਦ ਮਿਟਾ ਕੇ ਹੰਭਲਾ ਮਾਰਨ। ਜੇ ਇਸ ਔਖੀ ਘੜੀ ਵਿਚ ਵੀ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਾਲਾਂ ਵਿਚ ਇਸ ਮਾਰੂ ਸਿਆਸਤ ਦੀ ਚੜ੍ਹਤ ਨੂੰ ਡੱਕਣਾ ਮੁਸ਼ਕਿਲ ਹੋਰ ਵੀ ਜਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੈਲਫੀ ਤੇ ਸੈਲਫਿਸ਼!*

ਚਾਰੋਂ ਤਰਫ ਖੁਦਗਰਜ਼ੀ ਜੇ ਵਧੀ ਜਾਏ, ਸਾਂਝੀਵਾਲਤਾ ਖੰਭ ਲਾ ਨੱਸਦੀ ਏ।
ਚੜ੍ਹ ਮੱਚੇ ਸਮਾਜ ਵਿਚ ਲੁੱਚਿਆਂ ਦੀ, ਨੇਕੀ ਫੇਰ ਪਤਾਲ ਵਿਚ ਧਸਦੀ ਏ।
ਚੰਗੀ ਲੱਗਦੀ ਗੱਲ ਖੁਸ਼ਾਮਦਾਂ ਦੀ, ਸੱਚੀ ਸੱਪ ਦੇ ਵਾਂਗਰਾਂ ਡੱਸਦੀ ਏ।
ਦੇਖ ਦੇਖ ਖਰਬੂਜਾ ਏ ਰੰਗ ਫੜ੍ਹਦਾ, ਰਹੀ ਗੱਲ ਨਾ ਕਿਸੇ ਦੇ ਵੱਸ ਦੀ ਏ।
ਹੋਏ ਸੈਲਫੀਆਂ ਖਿੱਚਦੇ ਮਸਤ ਲੋਕੀਂ, ਮੱਛੀ ਜਾਲ 'ਚ ਜਿਸ ਤਰ੍ਹਾਂ ਫਸਦੀ ਏ।
ਕੋਈ ਰਿਜ਼ਕ ਦੀ ਚਿੰਤਾ ਦਾ ਮਾਰਿਆ ਐ, ਪਈ ਕਿਸੇ ਨੂੰ ਆਪਣੇ ਜੱਸ ਦੀ ਏ!

# ਕਾਰਲ ਮਾਰਕਸ, ਨਾਸਤਿਕਤਾ ਤੇ ਕਮਿਊਨਿਜ਼ਮ

***ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਜਦੋਂ ਰੂਸੀ ਬੜੀ ਨਿਰਾਸ਼ਾ ਦੀ ਹਾਲਤ ਵਿਚੋਂ ਲੰਘ ਰਹੇ ਸਨ ਤਾਂ ਇਹ ਪਾਦਰੀ ਸਿਰਿਲ ਦੇ ਲੰਬੇ-ਲੰਬੇ ਭਾਸ਼ਣ ਹੀ ਸਨ, ਜਿਨ੍ਹਾਂ ਨੇ ਲੋਕਾਂ ਦੇ ਮਨਾਂ ਵਿਚ ਕੋਈ ਆਸ ਦੀ ਕਿਰਨ ਜਗਾਈ। ਇਸੇ ਆਸ ਨੇ ਉਨ੍ਹਾਂ ਦੇ ਮਨਾਂ ਵਿਚ ਮੁੜ ਸਵੈਮਾਣ ਜਗਾਇਆ ਅਤੇ ਉਹ ਪੂਤਿਨ ਦੀ ਅਗਵਾਈ ਹੇਠ ਅਮਰੀਕੀ ਸਾਮਰਾਜੀਆਂ ਦੀ ਕਮਾਂਡ ਵਿਚਲੇ ਪਛਮੀ ਸਾਮਰਾਜੀਆਂ ਵਿਰੁਧ ਲਾਮਬੰਦ ਹੋਏ। ਰੂਸੀ ਲੋਕਾਂ ਦੀ ਇਸ ਲਾਮਬੰਦੀ ਤੋਂ ਬਿਨਾ ਪੂਤਿਨ ਕਦੀ ਵੀ ਅਮਰੀਕੀ ਸਾਮਰਾਜੀਆਂ ਦਾ ਘੁਮੰਡ ਤੋੜਨ ਵਿਚ ਸਫਲ ਨਹੀਂ ਸੀ ਹੋ ਸਕਦਾ।***

ਰੂਸ ਦੇ ਮੌਜੂਦਾ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਇਕ ਟੀ. ਵੀ. ਚੈਨਲ ਉਤੇ ਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਹੈ ਕਿ ਧਰਮ ਹਮੇਸ਼ਾ ਸਾਡੇ ਨਾਲ ਰਿਹਾ ਹੈ। ਜਦੋਂ ਵੀ ਸਾਡਾ ਦੇਸ਼ ਤੇ ਸਾਡੇ ਦੇਸ਼ ਦੇ ਲੋਕ ਕਿਸੇ ਵੱਡੀ ਮੁਸੀਬਤ ਵਿਚੋਂ ਲੰਘੇ ਹਨ ਤਾਂ ਇਹ ਹੋਰ ਮਜਬੂਤ ਹੋਇਆ ਹੈ। ਸੋਵੀਅਤ ਯੂਨੀਅਨ ਦੇ ਕਮਿਊਨਿਸਟ ਦੌਰ ਬਾਰੇ ਸ੍ਰੀ ਪੂਤਿਨ ਦਾ ਕਹਿਣਾ ਹੈ ਕਿ ਜੁਝਾਰੂ ਨਾਸਤਿਕਤਾ ਦੇ ਉਨ੍ਹਾਂ ਸਾਲਾਂ ਵਿਚ ਜਦੋਂ ਪਾਦਰੀ ਖਤਮ ਕੀਤੇ ਗਏ, ਚਰਚ ਤਬਾਹ ਕੀਤੇ ਗਏ, ਉਦੋਂ ਨਾਲ ਹੀ ਇਕ ਹੋਰ ਧਰਮ ਦੀ ਸਿਰਜਣਾ ਹੋਈ। ਕਮਿਊਨਿਸਟ ਵਿਚਾਰਧਾਰਾ ਵੀ ਇਸਾਈਅਤ ਵਾਂਗ ਹੀ ਸੀ। ਦਰਅਸਲ ਆਜ਼ਾਦੀ, ਬਰਾਬਰੀ, ਭਾਈਚਾਰਾ, ਇਨਸਾਫ-ਇਹ ਸਾਰਾ

ਗੁਰਬਚਨ ਸਿੰਘ*
ਫੋਨ: 91-98156-98451

ਕੁਝ ਪਵਿੱਤਰ ਗ੍ਰੰਥਾਂ ਵਿਚ ਮੌਜੂਦ ਹੈ। ਇਹੀ ਕਮਿਊਨਿਜ਼ਮ ਦਾ ਮੂਲ ਆਧਾਰ ਹੈ। ਕਮਿਊਨਿਜ਼ਮ ਇਸਾਈਅਤ ਦਾ ਉਚਤਮ ਰੂਪ ਹੈ। ਇਹੀ ਬਾਈਬਲ ਦਾ ਤਤ ਹੈ।

ਸ੍ਰੀ ਪੂਤਿਨ ਦੇ ਇਨ੍ਹਾਂ ਵਿਚਾਰਾਂ ਬਾਰੇ ਰੂਸ ਦੀ ਕਮਿਊਨਿਸਟ ਪਾਰਟੀ ਦੀ ਟਿੱਪਣੀ ਹੈ, "ਕਮਿਊਨਿਸਟਾਂ ਅਤੇ ਰੂਸ ਦੀਆਂ ਸਾਰੀਆਂ ਦੇਸ਼ ਭਗਤ ਤਾਕਤਾਂ ਨੂੰ ਸਮਝਣਾ ਚਾਹੀਦਾ ਹੈ ਕਿ ਕਮਿਊਨਿਜ਼ਮ ਜਿੰਨਾ ਇਸਾਈਅਤ ਦੇ ਨੇੜੇ ਹੈ, ਪੂੰਜੀਵਾਦ ਇਸਾਈਅਤ ਤੋਂ ਓਨਾ ਹੀ ਦੂਰ ਹੈ।"

ਗੋਰਬਾਚੋਵ ਤੇ ਯੇਲਸਤਿਨ ਦੇ ਦੌਰ ਵਿਚ ਸੋਵੀਅਤ ਯੂਨੀਅਨ ਦੇ ਟੁਟਣ ਤੋਂ ਬਾਅਦ, ਜਦੋਂ ਰੂਸੀ ਲੋਕ ਬੜੀ ਨਿਰਾਸ਼ਾ ਤੇ ਪ੍ਰੇਸ਼ਾਨੀ ਦੀ ਹਾਲਤ ਵਿਚੋਂ ਗੁਜਰ ਰਹੇ ਸਨ ਅਤੇ ਆਰਥਿਕ ਮੰਦਹਾਲੀ ਨੇ ਉਨ੍ਹਾਂ ਦਾ ਸਾਹ ਸੂਤਿਆ ਹੋਇਆ ਸੀ ਤਾਂ ਸ੍ਰੀ ਪੂਤਿਨ ਨੇ 1992 ਵਿਚ ਪਹਿਲੀ ਵਾਰ ਰਾਸ਼ਟਰਪਤੀ ਬਣ ਕੇ ਸੁਚੇਤ ਰੂਪ ਵਿਚ ਇਸਾਈ ਧਰਮ ਦਾ ਪ੍ਰਚਾਰ ਅਰੰਭਿਆ ਸੀ। ਰੂਸ ਦੀ ਕਰੀਬ 14 ਕਰੋੜ ਆਬਾਦੀ ਵਿਚੋਂ ਕਰੀਬ 10 ਕਰੋੜ ਲੋਕ ਇਸਾਈ ਧਰਮ ਨੂੰ ਮੰਨਣ ਵਾਲੇ ਹਨ। ਉਨ੍ਹਾਂ ਵਿਚੋਂ ਬਹੁਤੇ ਭਾਵੇਂ ਕੱਟੜ ਧਾਰਮਿਕ ਨਹੀਂ, ਪਰ ਫਿਰ ਵੀ ਇਸਾਈ ਧਰਮ ਵਿਚ ਯਕੀਨ ਰੱਖਣ ਵਾਲੇ ਹਨ। ਆਪਣੀਆਂ ਨੀਤੀਆਂ ਵਿਚ ਪਾਏ ਇਸ ਫਰਕ ਕਾਰਨ ਹੀ ਰੂਸੀ ਫੈਡਰੇਸ਼ਨ ਦੀ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਯੂਗਾਨੋਵ, ਵਲਾਦੀਮੀਰ ਪੂਤਿਨ ਤੋਂ ਬਾਅਦ ਦੂਜੇ ਨੰਬਰ ਦਾ ਹਰਮਨ ਪਿਆਰਾ ਆਗੂ ਹੈ। ਉਹ ਚਾਰ ਵਾਰ ਰਾਸ਼ਟਰਪਤੀ ਦੀ ਚੋਣ ਲੜ ਚੁਕਾ ਹੈ ਅਤੇ ਹਰ ਵਾਰ ਦੂਜੇ ਨੰਬਰ ਉਤੇ ਆਇਆ ਹੈ। ਉਹ 1993 ਤੋਂ ਪਾਰਟੀ ਦੇ ਮੁਖੀ ਵਜੋਂ ਕੰਮ ਕਰਦਾ ਆ ਰਿਹਾ ਹੈ। ਉਦੋਂ ਤੋਂ ਲੈ ਕੇ ਹੁਣ ਤਕ ਰੂਸੀ ਪਾਰਲੀਮੈਂਟ ਵਿਚ ਕਮਿਊਨਿਸਟ ਪਾਰਟੀ ਕਰੀਬ ਦਸ ਫੀਸਦੀ ਸੀਟਾਂ ਉਤੇ ਜਿੱਤ ਪ੍ਰਾਪਤ ਕਰਦੀ ਆ ਰਹੀ ਹੈ।

ਰੂਸੀ ਕਮਿਊਨਿਸਟਾਂ ਦੀ ਇਸ ਵਿਚਾਰਧਾਰਕ ਤਬਦੀਲੀ ਨੇ ਮਰ ਰਹੀ ਪਾਰਟੀ ਵਿਚ ਜਾਨ ਪਾ ਦਿਤੀ ਹੈ। ਬੜੀ ਤੇਜੀ ਨਾਲ ਖੁਰ ਰਹੀ ਪਾਰਟੀ ਮੁੜ ਪੈਰਾਂ ਸਿਰ ਖੜ੍ਹੀ ਹੋ ਗਈ ਹੈ। ਇਕ ਕਰੋੜ ਪਚਾਨਵੇਂ ਲੱਖ ਮੈਂਬਰਸ਼ਿਪ ਵਾਲੀ ਪਾਰਟੀ ਘਟ ਕੇ ਇਕ ਲੱਖ ਪਚਵੰਜਾ ਹਜਾਰ ਮੈਂਬਰਾਂ ਤਕ ਸੁੰਗੜ ਗਈ ਸੀ। 1956 ਤੋਂ ਬਦਨਾਮ ਕੀਤੇ ਆਗੂ ਜੋਸੇਫ ਸਟਾਲਿਨ ਨੂੰ ਪਾਰਟੀ ਨੇ ਫਿਰ ਤੋਂ ਬਹਾਲ ਕਰਨਾ ਸ਼ੁਰੂ ਕਰ ਦਿਤਾ ਹੈ। ਉਨ੍ਹਾਂ ਨੇ ਸਟਾਲਿਨ ਰਾਜ ਵਿਚ ਇਸਾਈ ਧਰਮ ਨੂੰ ਮੰਨਣ ਵਾਲੇ ਲੋਕਾਂ ਨਾਲ ਧਰਮ ਦੇ ਆਧਾਰ ਉਤੇ ਕੀਤੇ ਗਏ ਜਬਰ ਦੀ ਮਾਫੀ ਮੰਗੀ ਹੈ। ਕਮਿਊਨਿਸਟ ਪਾਰਟੀ ਨੇ ਪਾਦਰੀ ਸਿਰਿਲ ਦੇ ਰਵਾਇਤੀ ਚਰਚ ਦੇ ਮੁਖੀ ਬਣਨ ਦੇ ਪੰਜ ਸਾਲ ਪੂਰੇ ਹੋਣ ਮੌਕੇ ਉਸ ਨੂੰ ਵਧਾਈ ਦਿੰਦਿਆਂ ਪਾਰਟੀ ਵਲੋਂ ਪਹਿਲਾਂ ਚਰਚ ਨੂੰ ਮਾਨਤਾ ਨਾ ਦੇਣ ਦੀ ਕੀਤੀ ਗਈ ਗਲਤੀ ਦੀ ਮਾਫੀ ਵੀ ਮੰਗੀ ਹੈ।

ਦਿਲਚਸਪ ਗੱਲ ਇਹ ਹੈ ਕਿ ਪੈਨਸ਼ਨਾਂ ਲੈਣ ਅਤੇ ਇਸਾਈ ਧਰਮ ਨੂੰ ਮੰਨਣ ਵਾਲੇ ਬਹੁਗਿਣਤੀ ਬਜ਼ੁਰਗ ਕਮਿਊਨਿਸਟ ਪਾਰਟੀ ਦੇ ਹਮਾਇਤੀ ਹਨ, ਕਿਉਂਕਿ ਆਮ ਨੌਜਵਾਨਾਂ ਵਾਂਗ ਉਹ ਪੱਛਮੀ ਖਪਤਕਾਰੀ ਸਭਿਆਚਾਰ ਦੀ ਚਕਾਚੌਂਧ ਵਿਚ ਨਹੀਂ ਫਸੇ। ਯੂਗਾਨੋਵ ਦਾ ਇਹ ਵੀ ਕਹਿਣਾ ਹੈ ਕਿ 'ਜੇ ਯਸੂ ਮਸੀਹ, ਹਜ਼ਰਤ ਮੁਹੰਮਦ ਤੇ ਮਹਾਤਮਾ ਬੁਧ ਪੈਗੰਬਰ ਨਾ ਹੁੰਦੇ ਤਾਂ ਸੌ ਫੀਸਦੀ ਉਹ ਕਮਿਊਨਿਸਟ ਹੁੰਦੇ।' ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਵਿਚ ਆਈ ਇਹ ਵੱਡੀ ਤਬਦੀਲੀ ਹੈ। ਹੁਣ ਪਾਰਟੀ ਇਹ ਵੀ ਮੰਨਦੀ ਹੈ ਕਿ 'ਨਾਸਤਿਕਤਾ ਨੇ ਸੋਵੀਅਤ ਯੂਨੀਅਨ ਨੂੰ ਤਬਾਹ ਕਰ ਦਿਤਾ ਹੈ।'

ਪਾਰਟੀ ਰੂਸੀ ਤੇਲ ਤੇ ਗੈਸ ਦੀ ਸਨਅਤ ਦੇ ਮੁਕੰਮਲ ਕੌਮੀਕਰਨ ਦੀ ਪੈਰਵੀ ਕਰਦੀ ਹੈ। ਲੋਕ ਭਲਾਈ ਵਾਲਾ ਸਮਾਜਵਾਦੀ ਸਮਾਜ ਤੇ ਰਾਜ ਮੁੜ ਤੋਂ ਕਾਇਮ ਕਰਨਾ ਚਾਹੁੰਦੀ ਹੈ। ਉਹ ਗਲੇ-ਸੜੇ ਪੱਛਮੀ ਪੂੰਜੀਵਾਦ ਦਾ ਡਟਵਾਂ ਵਿਰੋਧ ਕਰਦੀ ਹੈ। ਖਾਸ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪੂਤਿਨ ਨੇ ਪਹਿਲੀ ਵਾਰ ਰਾਸ਼ਟਰਪਤੀ ਬਣਦਿਆਂ ਹੀ ਰਵਾਇਤੀ ਇਸਾਈ ਚਰਚ ਨੂੰ ਸਰਕਾਰੀ ਮਾਨਤਾ ਦੇਣੀ ਸ਼ੁਰੂ ਕਰ ਦਿਤੀ ਸੀ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਜਦੋਂ ਰੂਸੀ ਬੜੀ ਨਿਰਾਸ਼ਾ ਦੀ ਹਾਲਤ ਵਿਚੋਂ ਲੰਘ ਰਹੇ ਸਨ ਤਾਂ ਇਹ ਪਾਦਰੀ ਸਿਰਿਲ ਦੇ ਲੰਬੇ-ਲੰਬੇ ਭਾਸ਼ਣ ਹੀ ਸਨ, ਜਿਨ੍ਹਾਂ ਨੇ ਲੋਕਾਂ ਦੇ ਮਨਾਂ ਵਿਚ ਕੋਈ ਆਸ ਦੀ ਕਿਰਨ ਜਗਾਈ। ਇਸੇ ਆਸ ਨੇ ਉਨ੍ਹਾਂ ਦੇ ਮਨਾਂ ਵਿਚ ਮੁੜ ਸਵੈਮਾਣ ਜਗਾਇਆ ਅਤੇ ਉਹ ਪੂਤਿਨ ਦੀ ਅਗਵਾਈ ਹੇਠ ਅਮਰੀਕੀ ਸਾਮਰਾਜੀਆਂ ਦੀ ਕਮਾਂਡ ਵਿਚਲੇ ਪਛਮੀ ਸਾਮਰਾਜੀਆਂ ਵਿਰੁਧ ਲਾਮਬੰਦ ਹੋਏ। ਰੂਸੀ ਲੋਕਾਂ ਦੀ ਇਸ ਲਾਮਬੰਦੀ ਤੋਂ ਬਿਨਾ ਪੂਤਿਨ ਕਦੀ ਵੀ ਅਮਰੀਕੀ ਸਾਮਰਾਜੀਆਂ ਦਾ ਘੁਮੰਡ ਤੋੜਨ ਵਿਚ ਸਫਲ ਨਹੀਂ ਸੀ ਹੋ ਸਕਦਾ। ਪਹਿਲੀ ਵਾਰ ਇਸਾਈ ਧਰਮ ਦੇ ਆਧਾਰ ਉਤੇ ਹੀ ਪੂਤਿਨ ਨੇ ਯੂਨਾਈਟਡ ਨੇਸ਼ਨਜ਼ ਵਿਚ ਅਮਰੀਕੀ ਸਾਮਰਾਜੀਆਂ ਨੂੰ ਵੰਗਾਰਦਿਆਂ ਕਿਹਾ ਸੀ ਕਿ ਇਕ ਪਾਸੇ ਤੁਸੀਂ ਇਹ ਮੰਨਦੇ ਹੋ ਕਿ ਅਸੀਂ ਸਾਰੇ ਇਕੋ ਪਰਮਾਤਮਾ ਦੇ ਪੁੱਤਰ ਹਾਂ ਅਤੇ ਦੂਜੇ ਪਾਸੇ ਤੁਸੀਂ ਕਹਿੰਦੇ ਹੋ ਕਿ ਅਸੀਂ ਅਮਰੀਕੀ ਲੋਕ ਸਾਰੀ ਦੁਨੀਆਂ ਵਿਚੋਂ ਨਿਵੇਕਲੇ ਹਾਂ। ਪੂਤਿਨ ਦੀ ਇਸ ਵਿਚਾਰਧਾਰਕ ਅਗਵਾਈ ਕਾਰਨ ਹੀ ਹੁਣ ਰੂਸ ਅੰਦਰ ਇਸਾਈ ਧਰਮ ਪ੍ਰਭਾਵਸ਼ਾਲੀ ਢੰਗ ਨਾਲ ਇਕ ਰਾਜ ਧਰਮ ਵਜੋਂ ਸਥਾਪਤ ਹੋ ਗਿਆ ਹੈ।

ਰੂਸ ਅੰਦਰ ਇਸਾਈ ਧਰਮ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ। ਇਕ ਸਰਵੇ ਅਨੁਸਾਰ ਹੁਣ ਦੋ-ਤਿਹਾਈ ਰੂਸੀ ਸਨਾਤਨੀ ਚਰਚ ਵਿਚ ਭਰੋਸਾ ਰਖਦੇ ਹਨ। ਸਮਾਜ ਵਿਗਿਆਨੀ ਮੰਨਦੇ ਹਨ ਕਿ ਜ਼ਿਆਦਾਤਰ ਰੂਸੀ ਆਪਣੀ ਕੌਮੀ ਪਛਾਣ ਨੂੰ ਧਰਮ ਨਾਲ ਰਲਗਡ ਕਰ ਲੈਂਦੇ ਹਨ। ਚਰਚ ਅਤੇ ਰਾਜ ਦਾ ਗਠਜੋੜ ਦੋਹਾਂ ਲਈ ਫਾਇਦੇਮੰਦ ਸਾਬਤ ਹੋਇਆ ਹੈ। ਕਮਿਊਨਿਜ਼ਮ ਦੇ ਖਾਤਮੇ ਤੋਂ ਬਾਅਦ ਪੈਦਾ ਹੋਏ ਵਿਚਾਰਧਾਰਕ ਤੇ ਰੂਹਾਨੀ ਖਲਾਅ ਨੂੰ ਭਰਨ ਲਈ ਚਰਚ ਨੇ ਅਹਿਮ ਰੋਲ ਨਿਭਾਇਆ ਹੈ। ਹੁਣ ਇਥੇ ਸੁਆਲ ਪੈਦਾ ਹੁੰਦਾ ਹੈ ਕਿ ਜੇ ਰੂਸੀ ਕਮਿਊਨਿਸਟ ਆਪਣੇ ਸੌ ਸਾਲ ਦੇ ਅਮਲ ਪਿਛੋਂ ਇਸ ਸਿੱਟੇ 'ਤੇ ਪਹੁੰਚੇ ਹਨ ਕਿ ਨਾਸਤਿਕਤਾ ਨੇ ਸੋਵੀਅਤ ਯੂਨੀਅਨ ਦੇ ਲੋਕਾਂ ਦਾ ਵੱਡਾ ਨੁਕਸਾਨ ਕੀਤਾ ਹੈ ਤਾਂ ਆਲਮੀ ਕਮਿਊਨਿਸਟ ਲਹਿਰ ਸਾਹਮਣੇ ਸੋਚਣ ਦਾ ਅਹਿਮ ਨੁਕਤਾ ਇਹ ਹੈ ਕਿ ਜਦੋਂ ਮਾਰਕਸ ਨੇ ਕਮਿਊਨਿਜ਼ਮ ਤੇ ਨਾਸਤਿਕਤਾ ਵਿਚਕਾਰ ਸਪਸ਼ਟ ਨਿਖੇੜਾ ਕੀਤਾ ਹੋਇਆ ਹੈ ਤਾਂ ਆਲਮੀ ਕਮਿਊਨਿਸਟ ਲਹਿਰ ਨੂੰ ਇਹ ਭਿਆਨਕ ਰੋਗ ਕਿਥੋਂ ਲੱਗਾ?

ਕਾਰਲ ਮਾਰਕਸ ਦੀਆਂ ਮੌਲਿਕ ਧਾਰਨਾਵਾਂ ਅਨੁਸਾਰ ਕਿਸੇ ਮਨੁਖ ਦਾ ਨਾਸਤਿਕ ਹੋਣ ਦਾ ਭਾਵ, ਉਸ ਦਾ ਆਪਣੀ ਜੀਵੰਤ ਕੁਦਰਤੀ ਹੋਂਦ ਤੋਂ ਇਨਕਾਰੀ ਹੋਣਾ ਹੈ। ਮਾਰਕਸ ਦੇ ਕਹਿਣ ਅਨੁਸਾਰ, ਕਮਿਊਨਿਜ਼ਮ ਦੀ ਸ਼ੁਰੂਆਤ (ਓਵਨ ਤੋਂ) ਨਾਸਤਿਕਤਾ ਨਾਲ ਹੋਈ ਹੈ, ਪਰ ਨਾਸਤਿਕਤਾ ਪਹਿਲੀ ਨਜ਼ਰੇ ਹੀ ਕਮਿਊਨਿਜ਼ਮ ਤੋਂ ਦੂਰ ਹੈ। ਨਾਸਤਿਕਤਾ ਇਕ ਖਿਆਲੀ ਵਿਚਾਰ ਹੈ। ਇਸ ਲਈ ਇਕ ਨਾਸਤਿਕ ਮਨੁੱਖ ਦਾ ਮਨੁੱਖਤਾ ਪ੍ਰਤੀ ਦਰਦ ਸਿਰਫ ਫਿਲਾਸਫੀ ਦੀ ਪੱਧਰ ਉਤੇ ਖਿਆਲੀ ਹੈ। ਜਦੋਂ ਕਿ ਕਮਿਊਨਿਜ਼ਮ ਦਾ ਮਨੁੱਖਤਾ ਪ੍ਰਤੀ ਦਰਦ ਹਕੀਕੀ ਹੈ। ਇਕ ਨਾਸਤਿਕ ਮਨੁੱਖ ਲਈ ਸਰਬਸਾਂਝੀਵਾਲਤਾ ਦੀ ਭਾਵਨਾ ਅਤੇ ਸਰਬਤ ਦੇ ਭਲੇ ਦਾ ਜਜ਼ਬਾ ਮਹਿਜ ਖਿਆਲੀ ਉਡਾਰੀਆਂ ਹਨ। ਪਰ ਆਪਣੀ ਹਕੀਕੀ ਕੁਦਰਤੀ ਹੋਂਦ ਤੋਂ ਜਾਣੂ ਕਮਿਊਨਿਸਟ ਮਨੁੱਖ ਲਈ ਸਰਬਸਾਂਝੀਵਾਲਤਾ ਦੀ ਭਾਵਨਾ ਅਤੇ ਸਰਬੱਤ ਦੇ ਭਲੇ ਦਾ ਜਜ਼ਬਾ ਉਸ ਦੀ ਹਕੀਕੀ ਜ਼ਿੰਦਗੀ ਦਾ ਤਤ ਹੈ। ਨਾਸਤਿਕਤਾ ਰੱਬ ਤੋਂ ਇਨਕਾਰੀ ਹੋਣਾ ਹੈ ਅਤੇ ਆਪਣੀ ਮਨੁੱਖੀ ਹੋਂਦ ਦੀ ਧਾਰਨਾ ਰੱਬ ਤੋਂ ਇਨਕਾਰੀ ਹੋਣ ਵਜੋਂ ਬਣਾਉਣਾ ਹੈ। ਪਰ ਕਮਿਊਨਿਜ਼ਮ ਨੂੰ ਅਜਿਹੀ ਕਿਸੇ ਵਿਚੋਲਗਿਰੀ ਦੀ ਲੋੜ ਨਹੀਂ, ਕਿਉਂਕਿ ਕਮਿਊਨਿਜ਼ਮ ਮਨੁੱਖ ਦੀ ਅਸਲੀ ਸਵੈਚੇਤਨਾ ਹੈ, ਜਿਸ ਨੂੰ ਕਿਸੇ ਧਰਮ ਦੇ ਖਾਤਮੇ ਦੀ ਲੋੜ ਨਹੀਂ। ਬਿਲਕੁਲ ਉਵੇਂ ਹੀ ਜਿਵੇਂ ਮਨੁੱਖ ਦੀ ਹਕੀਕੀ ਜ਼ਿੰਦਗੀ ਅਸਲੀ ਸੱਚ ਹੈ ਅਤੇ ਜਿਸ ਨੂੰ ਕਿਸੇ ਇਨਕਲਾਬ ਰਾਹੀਂ ਨਿਜੀ ਜਾਇਦਾਦ ਦੇ ਖਾਤਮੇ ਦੀ ਉਡੀਕ ਕਰਨ ਦੀ ਲੋੜ ਨਹੀਂ। ਨਿਜੀ ਜਾਇਦਾਦ ਦੀ ਸੋਚ ਤੇ ਹੋਂਦ ਦੀ ਥਾਂ ਲੈਣ ਵਜੋਂ ਕਮਿਊਨਿਜ਼ਮ ਮਨੁੱਖ ਨੂੰ ਹੋਈ ਇਹ ਸਵੈ-ਸਪਸ਼ਟਤਾ ਹੈ ਕਿ ਮੇਰੇ ਕੋਲ ਸਿਰਫ ਮੇਰੀ ਇਹ ਜ਼ਿੰਦਗੀ ਹੀ ਮੇਰਾ ਨਿਜ ਹੈ। ਕਮਿਊਨਿਜ਼ਮ ਆਪਣੀ ਸਵੈ-ਚੇਤਨਾ ਵਿਚ ਨਿਜੀ ਜਾਇਦਾਦ ਦੀ ਥਾਂ ਲੈਣ ਵਜੋਂ ਆਪਣੀ ਅਸਲੀ ਮਨੁੱਖੀ ਹੋਂਦ ਦੀ ਪਛਾਣ ਹੈ। ਕਮਿਊਨਿਜ਼ਮ ਪੂਰਨ ਇਨਸਾਨੀਅਤ ਦਾ ਜਜ਼ਬਾ ਹੈ।

ਕਰਨ ਲਈ ਇਕ ਸਮਾਜ (ਮਨੁੱਖ) ਮਾਰਕਸ ਵਲੋਂ ਵਿਕਸਿਤ ਕੀਤੀ ਗਈ ਭੌਤਿਕਵਾਦੀ ਫਿਲਾਸਫੀ ਅਨੁਸਾਰ ਮਨੁੱਖੀ ਮਨ ਹੁਣ ਤਕ ਦੂਹਰੀ ਕਲਪਨਾ ਵਿਚ ਜਿਉਂਦਾ ਆ ਰਿਹਾ ਹੈ। ਪਹਿਲੀ ਕਲਪਨਾ, ਮਨੁੱਖੀ ਮਨ ਦਾ ਆਪਣੀ ਜੀਵੰਤ ਕੁਦਰਤੀ ਹੋਂਦ ਤੋਂ ਇਨਕਾਰੀ ਹੋ ਕੇ ਕਿਸੇ ਕਲਪਿਤ 'ਰੱਬ' ਰਾਹੀਂ ਬਣੀ ਆਪਣੀ ਝੂਠੀ ਹੋਂਦ ਦੇ ਭਰਮ ਵਿਚ ਜਿਉਣਾ ਹੈ ਅਤੇ ਦੂਜੀ ਕਲਪਨਾ ਆਪਣੀ ਸਦੀਵੀ ਹੋਂਦ ਦੇ ਭਰਮ ਵਿਚ ਫਸ ਕੇ ਝੂਠੇ ਨਿਜਵਾਦ ਭਾਵ ਨਿਜੀ ਜਾਇਦਾਦ ਦੇ ਰੂਪ ਵਿਚ ਮੈਂ-ਮੇਰੀ, ਮੇਰੀ ਦੌਲਤ (ਪੂੰਜੀ), ਮੇਰੀ ਜਮੀਨ, ਮੇਰੇ ਬੱਚੇ, ਮੇਰੀ ਕੋਠੀ, ਮੇਰੀ ਕਾਰ ਦੀ ਸੋਚ ਦਾ ਸ਼ਿਕਾਰ ਹੋ ਜਾਣਾ ਹੈ। ਮਾਰਕਸ ਦਾ ਇਹ ਵੀ ਕਹਿਣਾ ਹੈ ਕਿ ਨਿਜੀ ਜਾਇਦਾਦ ਦੀ ਹੋਂਦ ਨੇ ਸਾਨੂੰ ਏਨਾ ਮੂਰਖ ਅਤੇ ਇਕ ਪਾਸੜ ਸੋਚ ਦਾ ਧਾਰਨੀ ਬਣਾ ਦਿਤਾ ਹੈ ਕਿ ਅਸੀਂ ਸਮਝਦੇ ਹਾਂ ਕਿ ਕੋਈ ਵੀ ਵਸਤੂ ਸਿਰਫ ਤਾਂ ਹੀ ਸਾਡੀ ਹੈ ਜੇ ਉਹ ਸਾਡੇ ਕੋਲ ਹੈ। ਜਦੋਂ ਉਸ ਦੀ ਹੋਂਦ ਪੈਸੇ ਵਜੋਂ ਸਿਰਫ ਸਾਡੇ ਲਈ ਹੈ, ਜਾਂ ਜਦੋਂ ਉਹ ਖਾਣ ਪੀਣ ਹੰਢਾਉਣ ਅਤੇ ਰਹਿਣ ਆਦਿ ਲਈ ਸਿੱਧੀ ਸਾਡੇ ਕਬਜ਼ੇ ਵਿਚ ਹੈ। ਸੰਖੇਪ ਸ਼ਬਦਾਂ ਵਿਚ ਜਦੋਂ ਇਹ ਸਾਡੇ ਵੱਲੋਂ ਵਰਤੀ ਜਾਂਦੀ ਹੈ। ਪਰ ਕਮਿਊਨਿਜ਼ਮ ਮਨੁੱਖੀ ਸਵੈ-ਪਰਾਏਪਣ ਦੇ ਖਤਮ ਹੋਣ ਵਜੋਂ ਨਿਜੀ ਜਾਇਦਾਦ ਦੀ ਸੋਚ ਦਾ ਪੂਰਨ ਖਾਤਮਾ ਅਤੇ ਆਪਣੇ ਅਸਲੀ ਮਨੁੱਖੀ ਤਤ ਦੀ ਪ੍ਰਾਪਤੀ ਹੈ।

ਮਨੁੱਖੀ ਮਨ ਦੀ ਇਸੇ ਦੂਹਰੀ ਕਲਪਨਾ ਨੇ ਉਸ ਨੂੰ ਆਪਣੇ ਸਰੀਰ ਤੋਂ ਪਰਾਏ ਕੀਤਾ ਹੋਇਆ ਹੈ। ਆਪਣੀ ਸਰੀਰੀ ਹੋਂਦ ਤੋਂ ਪਰਾਇਆ ਹੋਇਆ ਇਹੀ ਮਨੁੱਖੀ ਮਨ ਆਪਣੀ ਜੀਵੰਤ ਕੁਦਰਤੀ ਹੋਂਦ ਪਛਾਣ ਕੇ ਆਪਣੀਆਂ ਤਰਕਸੰਗਤ ਸਰੀਰੀ ਤੇ ਜਜ਼ਬਾਤੀ ਲੋੜਾਂ ਨੂੰ ਸੁਚੇਤ ਰੂਪ ਵਿਚ ਜਾਣਨ ਅਤੇ ਉਨ੍ਹਾਂ ਦੀ ਪੂਰਤੀ ਕਰਦਿਆਂ ਭਰਵੀਂ ਮਨੁਖੀ ਜ਼ਿੰਦਗੀ ਜਿਉਣ ਦੀ ਥਾਂ ਅਜੋਕੇ ਅੰਨ੍ਹੇ ਖਪਤਕਾਰੀ ਸਭਿਆਚਾਰ ਦਾ ਸ਼ਿਕਾਰ ਹੋ ਗਿਆ ਹੈ। ਬੇਲੋੜੀ ਖਪਤਕਾਰੀ ਨਾਲ ਭ੍ਰਿਸ਼ਟੇ ਮਨੁੱਖੀ ਮਨ ਦਾ ਇਹੀ ਹਨੇਰਾ ਅਜੋਕੀ ਮਨੁੱਖ ਜਾਤੀ ਦੇ ਸਾਰੇ ਦੁੱਖਾਂ ਕਲੇਸ਼ਾਂ ਦਾ ਕਾਰਨ ਬਣਿਆ ਹੋਇਆ ਹੈ। ਸਾਮਰਾਜੀ ਖਪਤਕਾਰੀ ਨਾਲ ਭ੍ਰਿਸ਼ਟੇ ਮਨ ਦੇ ਇਸੇ ਹਨੇਰੇ ਨੂੰ ਦੂਰ ਕਰਨ ਲਈ ਇਕ ਆਤਮਿਕ ਇਨਕਲਾਬ ਦੀ ਲੋੜ ਹੈ। ਮਾਰਕਸ ਨੇ ਇਸੇ ਆਤਮਿਕ ਇਨਕਲਾਬ ਦੀ ਨਿਸ਼ਾਨਦੇਹੀ ਕੀਤੀ ਸੀ, ਪਰ ਨਾਸਤਿਕ ਕਮਿਊਨਿਸਟਾਂ ਨੇ ਇਸ ਆਤਮਿਕ ਇਨਕਲਾਬ ਨੂੰ ਅਣਗੌਲਿਆ ਕਰਕੇ ਮਾਰਕਸ ਵਲੋਂ ਮਨੁਖ ਜਾਤੀ ਦੀ ਸਦੀਵੀ ਮੁਕਤੀ ਦੇ ਮਿਥੇ ਨਿਸ਼ਾਨੇ ਨੂੰ ਤਿਲਾਂਜਲੀ ਦੇ ਦਿਤੀ ਹੈ, ਜਿਸ ਦਾ ਖਮਿਆਜਾ ਸਮੁਚੀ ਮਨੁੱਖ ਜਾਤੀ ਅਤੇ ਆਲਮੀ ਕਮਿਊਨਿਸਟ ਲਹਿਰ ਨੂੰ ਭੁਗਤਣਾ ਪੈ ਰਿਹਾ ਹੈ। ਮਾਰਕਸ ਦੇ ਇਸ ਆਤਮਿਕ ਇਨਕਲਾਬ ਨੂੰ ਤਿਲਾਂਜਲੀ ਦੇ ਕੇ ਹੀ ਅਜੋਕੀ ਆਲਮੀ ਕਮਿਊਨਿਸਟ ਲਹਿਰ ਔਝੜੇ ਪਈ ਹੋਈ ਹੈ।

---

*67 ਸ਼ਕਤੀ ਨਗਰ, ਜਲੰਧਰ, 144001

# ਖਾਲਿਸਤਾਨ ਦਾ ਮੁੱਦਾ ਮੁੜ ਚਰਚਾ ਵਿਚ

ਭਾਰਤੀ ਕੂਟਨੀਤੀ ਵਿਚ ਅੰਗਰੇਜ਼ੀ ਦੇ ਅੱਖਰ 'ਕੇ' ਦਾ ਅਰਥ 'ਕਸ਼ਮੀਰ' ਹੀ ਸਮਝਦੇ ਹਨ, ਪਰ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਾਰਤ ਦੌਰੇ ਨੇ ਇਸ ਅੱਖਰ ਤੋਂ 'ਖਾਲਿਸਤਾਨ' ਦਾ ਮੁੱਦਾ ਉਜਾਗਰ ਕਰ ਦਿੱਤਾ ਹੈ। ਇਸ ਮੁੱਦੇ ਲਈ ਮੰਚ ਤਾਂ ਪਿਛਲੇ ਵਰ੍ਹੇ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਹੀ ਤਿਆਰ ਹੋ ਗਿਆ ਸੀ। ਉਦੋਂ ਸੱਤਾਧਾਰੀ ਅਕਾਲੀਆਂ ਨੂੰ ਮੁੱਖ ਚੁਣੌਤੀ ਦੇਣ ਵਿਚ ਆਮ ਆਦਮੀ ਪਾਰਟੀ ਨੂੰ ਹੀ ਮੋਹਰੀ ਮੰਨਿਆ ਜਾ ਰਿਹਾ ਸੀ, ਕਿਉਂਕਿ ਇਸ ਪਾਰਟੀ ਨੇ ਨਵੀਂ ਦਿੱਲੀ ਵਿਚ ਅਣਕਿਆਸੀ ਸਫਲਤਾ ਹਾਸਲ ਕੀਤੀ ਸੀ, ਤੇ ਪੰਜਾਬ ਦੀਆਂ ਚਾਰ ਲੋਕ ਸਭਾ ਸੀਟਾਂ ਵੀ ਜਿੱਤ ਲਈਆਂ ਸਨ। ਵਿਦੇਸ਼ਾਂ, ਖਾਸ ਕਰ ਕੇ

**ਕੇ.ਸੀ. ਸਿੰਘ**

ਕੈਨੇਡਾ ਵਿਚ ਵੱਸਦੇ ਸਿੱਖਾਂ ਨੇ ਖੁੱਲ੍ਹਦਿਲੀ ਨਾਲ ਵਿੱਤੀ ਮਦਦ ਭੇਜ ਕੇ ਉਨ੍ਹਾਂ ਦਾ ਸਮਰਥਨ ਕੀਤਾ ਸੀ। ਉਦੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਵਿਚ ਜਾ ਕੇ ਚੋਣ ਪ੍ਰਚਾਰ ਕਰਨਾ ਚਾਹਿਆ ਸੀ, ਪਰ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ ਸੀ। ਇਸੇ ਲਈ ਉਨ੍ਹਾਂ ਇਹ ਮਹਿਸੂਸ ਕੀਤਾ ਸੀ ਕਿ ਪ੍ਰਧਾਨ ਮੰਤਰੀ ਟਰੂਡੋ ਦੀ ਲਿਬਰਲ ਪਾਰਟੀ ਆਮ ਆਦਮੀ ਪਾਰਟੀ ਦੇ "ਖਾਲਿਸਤਾਨੀ" ਹਮਾਇਤੀਆਂ ਦੇ ਹੱਥਾਂ ਵਿਚ ਖੇਡ ਰਹੀ ਹੈ। ਪੰਜਾਬ ਦੇ ਸਿਆਸਤਦਾਨਾਂ ਵੱਲੋਂ ਇਸ ਤਰ੍ਹਾਂ ਦਾ ਪ੍ਰਚਾਰ ਪਹਿਲਾਂ ਵੀ ਹੁੰਦਾ ਰਿਹਾ ਹੈ, ਇਸੇ ਲਈ ਕੈਨੇਡੀਅਨ ਸਰਕਾਰ ਦੀ ਭੂਮਿਕਾ ਨੂੰ ਸ਼ੱਕੀ ਮੰਨ ਲਿਆ ਗਿਆ।

ਚੋਣਾਂ ਦੌਰਾਨ ਕੈਪਟਨ ਨੇ ਆਪਣੀ ਇਸ ਹੇਠੀ ਨੂੰ ਸਿਆਸੀ ਹਥਿਆਰ ਬਣਾ ਲਿਆ ਅਤੇ ਇਹ ਸੋਚ ਕੇ ਆਮ ਆਦਮੀ ਪਾਰਟੀ ਨੂੰ 'ਖਾਲਿਸਤਾਨੀ ਸਮਰਥਕ' ਕਰਾਰ ਦੇਣਾ ਸ਼ੁਰੂ ਕਰ ਦਿੱਤਾ ਗਿਆ ਕਿ ਇੰਜ ਕਿਰਸਾਨੀ ਵੋਟਾਂ ਵੰਡੀਆਂ ਜਾਣਗੀਆਂ। ਕਾਂਗਰਸ ਨੂੰ ਅਕਾਲੀ-ਭਾਜਪਾ ਗੱਠਜੋੜ ਤੋਂ ਆਪਣੀਆਂ ਰਵਾਇਤੀ ਹਿੰਦੂ ਵੋਟਾਂ ਵਾਪਸ ਖੋਹਣ ਦੀ ਜ਼ਰੂਰਤ ਵੀ ਸੀ। ਕੈਪਟਨ ਨੇ ਆਪਣੀ ਖਾਲਿਸਤਾਨ ਵਾਲੀ ਚਾਲ ਦੀ ਅੜੀ ਕਾਇਮ ਰੱਖੀ ਅਤੇ ਟਰੂਡੋ ਦੇ ਚਾਰ ਸਿੱਖ ਮੰਤਰੀਆਂ ਨੂੰ ਵੀ ਨਿਸ਼ਾਨੇ 'ਤੇ ਲੈ ਲਿਆ। ਉਨ੍ਹਾਂ ਪੰਜਾਬ ਦੌਰੇ ਉਤੇ ਆਏ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ।

ਇਸ ਦੌਰਾਨ ਕੈਨੇਡਾ ਵਿਚ ਵੱਸਦੇ ਸਿੱਖਾਂ ਦੇ ਰਿਸ਼ਤੇ ਭਾਰਤ ਸਰਕਾਰ ਨਾਲ ਵਿਗੜਦੇ ਗਏ। ਓਂਟਾਰੀਓ ਵਿਧਾਨ ਸਭਾ ਨੇ ਮਤਾ ਪਾਸ ਕਰ ਕੇ 1984 ਦੇ ਸਿੱਖ ਕਤਲੇਆਮ ਨੂੰ 'ਨਸਲਕੁਸ਼ੀ' ਕਰਾਰ ਦਿੱਤਾ। ਵਿਧਾਨ ਸਭਾ ਵਿਚ ਇਹ ਮਤਾ ਪੇਸ਼ ਕਰਨ ਵਾਲੇ ਵਿਧਾਇਕ ਨੂੰ ਟੋਰਾਂਟੋ ਦੇ ਗੁਰਦੁਆਰੇ ਵਿਚ ਸਨਮਾਨਿਤ ਕੀਤਾ ਗਿਆ। ਟਰੂਡੋ ਟੋਰਾਂਟੋ ਦੇ ਨਗਰ ਕੀਰਤਨ ਵਿਚ ਸ਼ਾਮਲ ਹੋਏ ਜਿਥੇ ਖਾਲਿਸਤਾਨੀ ਝੰਡੇ, ਪੋਸਟਰ ਅਤੇ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਤਸਵੀਰਾਂ ਸਨ। ਟਰੂਡੋ ਅਤੇ ਉਨ੍ਹਾਂ ਦਾ ਪਰਿਵਾਰ ਛੇ ਦਿਨਾਂ ਤੱਕ ਭਾਰਤ ਦੀ ਯਾਤਰਾ ਕਰਦਾ ਰਿਹਾ ਤੇ ਇਸ ਦੌਰਾਨ 'ਕੇ' ਮੁੱਦਾ ਭਖਿਆ ਰਿਹਾ।

ਇਸ ਤੋਂ ਬਾਅਦ ਜਸਪਾਲ ਅਟਵਾਲ ਨੂੰ ਲੈ ਕੇ ਨਵਾਂ ਵਿਵਾਦ ਛਿੜ ਗਿਆ। ਅਟਵਾਲ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਉਸ ਨੇ 1986 ਵਿਚ ਕੈਨੇਡਾ ਗਏ ਇਕ ਭਾਰਤੀ ਸਿਆਸੀ ਆਗੂ ਦਾ ਕਤਲ ਕਰਨ ਦਾ ਯਤਨ ਕੀਤਾ ਸੀ। ਟਰੂਡੋ ਦੇ ਕੈਨੇਡੀਅਨ ਵਫਦ ਵਿਚ ਉਹ ਵੀ ਸ਼ਾਮਲ ਸੀ ਤੇ ਕੈਨੇਡੀਅਨ ਹਾਈ ਕਮਿਸ਼ਨਰ ਵੱਲੋਂ ਰਾਤ ਦੇ ਖਾਣੇ 'ਤੇ ਉਸ ਨੂੰ ਸੱਦਿਆ ਗਿਆ ਸੀ। ਉਸ ਨੂੰ ਦਿੱਤਾ ਗਿਆ ਇਹ ਸੱਦਾ ਭਾਵੇਂ ਤੁਰਤ-ਫੁਰਤ ਵਾਪਸ ਲੈ ਲਿਆ ਗਿਆ, ਪਰ ਇਹ ਮੁੱਦਾ ਉਸ ਵੇਲੇ ਹੋਰ ਵੀ ਭਖ ਗਿਆ, ਜਦੋਂ ਇਕ ਖਬਰ ਵਿਚ ਇਹ ਦਾਅਵਾ ਕੀਤਾ ਗਿਆ ਕਿ ਮੋਦੀ ਸਰਕਾਰ ਨੇ ਅਟਵਾਲ ਦਾ ਨਾਂ ਕਾਲੀ ਸੂਚੀ ਵਿਚੋਂ ਖਾਰਜ ਕਰ ਦਿੱਤਾ ਸੀ ਅਤੇ ਉਸ ਦੀ ਵਰਤੋਂ ਸਗੋਂ ਖਾਲਿਸਤਾਨੀਆਂ ਤੱਕ ਪਹੁੰਚ ਬਣਾਉਣ ਲਈ ਕੀਤੀ ਜਾ ਰਹੀ ਸੀ। ਕੀ ਇਹ ਸਾਰਾ ਹੰਗਾਮਾ ਕੈਨੇਡਾ ਵਿਚ ਲਿਬਰਲ ਪਾਰਟੀ ਦੇ ਵਿਰੋਧੀਆਂ ਨੇ ਖੜ੍ਹਾ ਕੀਤਾ ਸੀ ਕਿ ਜਾਂ ਇਹ ਖਾਲਿਸਤਾਨ ਦੇ ਮੁੱਦੇ 'ਤੇ ਟਰੂਡੋ ਨੂੰ ਠਿੱਬੀ ਲਾਉਣ ਲਈ ਭਾਰਤ ਸਰਕਾਰ ਦੀ ਚਾਲ ਸੀ? ਅਸਲੀਅਤ ਭਾਵੇਂ ਕੁਝ ਵੀ ਹੋਵੇ, ਇਸ ਮਾਮਲੇ ਵਿਚ ਮੀਡੀਆ ਦੇ ਉਦਾਰਵਾਦੀ ਹਿੱਸੇ ਨੂੰ ਵੀ ਭਾਰਤੀ ਸਿੱਖਾਂ ਦੀ ਆਲੋਚਨਾ ਕਰਨ ਦਾ ਮੌਕਾ ਮਿਲ ਗਿਆ।

ਮੋਦੀ-ਟਰੂਡੋ ਗੱਲਬਾਤ ਤੋਂ ਬਾਅਦ ਜਾਰੀ ਹੋਏ ਸਾਂਝੇ ਬਿਆਨ ਵਿਚ ਇਹ ਗੱਲ ਦੁਹਰਾਈ ਗਈ ਕਿ ਦੋਵੇਂ ਦੇਸ਼ ਲੋਕਤੰਤਰ ਹਨ, ਇਸ ਲਈ ਕਾਨੂੰਨ ਦੀ ਪਾਲਣਾ ਲਈ ਵਚਨਬੱਧ ਹਨ। ਉਨ੍ਹਾਂ ਇੱਕ-ਦੂਜੇ ਦੇ ਦੇਸ਼ ਦੀ ਇੱਕਜੁਟਤਾ ਤੇ ਪ੍ਰਭੂਸੱਤਾ ਨੂੰ ਵੀ ਪ੍ਰਵਾਨ ਕੀਤਾ। ਇਹ ਸਭ ਟਰੂਡੋ ਦੀ ਭਾਰਤ ਫੇਰੀ ਸ਼ੁਰੂ ਹੋਣ ਮੌਕੇ ਹੀ ਹੋਣਾ ਚਾਹੀਦਾ ਸੀ, ਫਿਰ ਖਾਲਿਸਤਾਨ ਜਿਹਾ ਮੁੱਦਾ ਨਹੀਂ ਉਠਣਾ ਸੀ। ਕੈਨੇਡਾ ਨੇ ਬੱਬਰ ਖਾਲਸਾ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਕਾਰਕੁਨਾਂ ਖਿਲਾਫ ਕਾਰਵਾਈ ਕਰਨ ਲਈ ਸਹਿਮਤੀ ਪ੍ਰਗਟਾਈ ਹੈ।

ਉਂਜ, ਇਹ ਮੁੱਦਾ ਇੰਨਾ ਸਾਧਾਰਨ ਵੀ ਨਹੀਂ। ਸਾਲ 2011 ਦੇ 'ਅਰਬ ਬਸੰਤ' ਤੋਂ ਬਾਅਦ ਸੰਸਾਰ ਵਿਚ ਤਬਦੀਲੀ ਆਈ ਹੈ। ਸੋਸ਼ਲ ਮੀਡੀਆ ਦੀ ਮਦਦ ਨਾਲ ਫੰਡਿੰਗ ਅਤੇ ਹੋਰ ਸਰਗਰਮੀਆਂ ਦਾ ਲਗਾਤਾਰ ਪਤਾ ਲੱਗਦਾ ਰਿਹਾ ਹੈ ਤੇ ਵਿਚਾਰਾਂ ਦਾ ਤੇਜ਼ੀ ਨਾਲ ਪਾਸਾਰ ਹੁੰਦਾ ਚਲਾ ਗਿਆ। ਖਾਲਿਸਤਾਨ 2.0 ਦਾ ਪ੍ਰਚਾਰ ਹੁਣ ਕੈਨੇਡੀਅਨ ਕਾਨੂੰਨ ਦੇ ਘੇਰੇ 'ਚ ਰਹਿ ਕੇ ਬਹੁਤ ਸ਼ਾਂਤੀਪੂਰਨ ਢੰਗ ਨਾਲ ਕੀਤਾ ਜਾ ਰਿਹਾ ਹੈ। ਕੋਈ ਸਿਆਸੀ ਵਿਚਾਰ ਪ੍ਰਚਾਰਨ ਸਮੇਤ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਨੂੰ ਭਾਰਤ ਬਗਾਵਤ ਕਰਾਰ ਦੇ ਸਕਦਾ ਹੈ। ਭਾਰਤ ਵਿਚ ਅਪਰਾਧਾਂ ਨੂੰ ਰੋਕਣ ਲਈ ਅਜੇ ਵੀ ਉਹੀ ਬਸਤੀਵਾਦੀ ਕਾਨੂੰਨ ਲਾਗੂ ਹਨ, ਜਿਹੜੇ



19ਵੀਂ ਸਦੀ ਵਿਚ ਤਿਆਰ ਕੀਤੇ ਗਏ ਸਨ, ਜਦਕਿ ਕੈਨੇਡਾ ਅਤੇ ਅਮਰੀਕਾ ਵਿਚ ਅਜਿਹੇ ਪ੍ਰਗਟਾਵੇ 'ਤੇ ਕੋਈ ਪਾਬੰਦੀ ਨਹੀਂ ਹੈ। ਕੈਨੇਡਾ ਸਰਕਾਰ ਨੇ ਤਾਂ 1995 'ਚ ਕਿਊਬੇਕ ਸੂਬੇ ਵੱਲੋਂ ਕੈਨੇਡਾ ਤੋਂ ਵੱਖ ਹੋਣ ਦੇ ਮੁੱਦੇ 'ਤੇ ਦੂਜੀ ਵਾਰ ਕਰਵਾਈ ਰਾਇਸ਼ੁਮਾਰੀ ਨੂੰ ਵੀ ਬੜੇ ਤਹੰਮਲ ਨਾਲ ਲਿਆ ਸੀ। ਉਸ ਰਾਇਸ਼ੁਮਾਰੀ ਨੂੰ ਬਾਅਦ ਵਿਚ ਕੈਨੇਡੀਅਨ ਸੁਪਰੀਮ ਕੋਰਟ ਨੇ ਗੈਰ-ਸੰਵਿਧਾਨਕ ਕਰਾਰ ਦੇ ਦਿੱਤਾ ਸੀ। ਸਾਲ 1869 ਦੌਰਾਨ ਅਮਰੀਕਾ ਵਿਚ ਵੀ ਸੁਪਰੀਮ ਕੋਰਟ ਨੇ 'ਟੈਕਸਸ ਬਨਾਮ ਗੋਰੇ' ਮਾਮਲੇ ਵਿਚ ਬਿਲਕੁਲ ਇਸੇ ਤਰ੍ਹਾਂ ਦਾ ਫੈਸਲਾ ਸੁਣਾਇਆ ਸੀ।

ਖਾਲਿਸਤਾਨ 2.0 ਦਾ ਮਸਲਾ ਹੁਣ "ਵੋਟ" (ਰਾਇਸ਼ੁਮਾਰੀ 2020) ਉਤੇ ਨਿਰਭਰ ਹੈ, ਜੋ ਸੰਸਾਰ 'ਚ ਵੱਖ ਵੱਖ ਥਾਈਂ ਵੱਸਦੇ ਸਿੱਖਾਂ ਵਿਚ ਕਰਵਾਈ ਜਾਣੀ ਹੈ। ਜੇ ਖਾਲਿਸਤਾਨ ਦੇ ਮੁੱਦੇ ਨੂੰ ਹੁਲਾਰਾ ਮਿਲ ਜਾਂਦਾ ਹੈ, ਤਾਂ ਇਹ ਕੌਮਾਂਤਰੀ ਪੱਧਰ 'ਤੇ ਉਭਰ ਜਾਵੇਗਾ ਤੇ ਇਸ ਨੂੰ ਸੰਯੁਕਤ ਰਾਸ਼ਟਰ ਵਿਚ ਵੀ ਲਿਜਾਂਦਾ ਜਾ ਸਕੇਗਾ। ਪਹਿਲਾਂ ਵੀ ਅਜਿਹੇ ਅਸਫਲ ਯਤਨ ਹੋ ਚੁੱਕੇ ਹਨ।

ਸਿੱਖ ਹੋਮਲੈਂਡ ਦਾ ਵਿਚਾਰ ਪਹਿਲੀ ਵਾਰ 1940 ਵਿਚ ਡਾ. ਵੀਰ ਸਿੰਘ ਭੱਟੀ ਨੇ ਪੈਂਫਲਿਟ ਵਿਚ ਰੱਖਿਆ ਸੀ ਜੋ ਦਰਅਸਲ ਮੁਸਲਿਮ ਲੀਗ ਦੇ ਲਾਹੌਰ ਐਲਾਨਨਾਮੇ ਦਾ ਮੋੜਵਾਂ ਜਵਾਬ ਸੀ। ਆਜ਼ਾਦੀ ਤੋਂ ਬਾਅਦ ਪੰਜਾਬ ਦੀ ਸਿਆਸਤ ਵੀ ਇਸ ਮੁੱਦੇ ਦੁਆਲੇ ਘੁੰਮਦੀ ਰਹੀ, ਪਰ ਨਹਿਰੂ ਸਰਕਾਰ ਇਸ ਨੂੰ ਸੰਭਾਲ ਨਾ ਸਕੀ ਅਤੇ ਇਸ ਨੂੰ ਭੈੜੀ ਹਾਲਤ ਤੱਕ ਪਹੁੰਚਾ ਦਿੱਤਾ, ਕਿਉਂਕਿ ਉਦੋਂ ਪੰਜਾਬ ਨੂੰ ਭਾਸ਼ਾ ਦੇ ਆਧਾਰ 'ਤੇ ਕਾਇਮ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ ਸੀ, ਜਦਕਿ 1956 ਵਿਚ ਹੋਰ ਸੂਬਿਆਂ ਨੂੰ ਅਜਿਹੀ ਇਜਾਜ਼ਤ ਦੇ ਦਿੱਤੀ ਗਈ ਸੀ। ਇਸੇ ਕਾਰਨ ਸਿੱਖਾਂ ਵਿਚ ਬੇਵਿਸਾਹੀ ਵਧਦੀ ਗਈ। ਉਦੋਂ ਲਾਲ ਬਹਾਦਰ ਸ਼ਾਸਤਰੀ ਨੇ ਉਸ ਗਲਤੀ ਨੂੰ ਸੋਧਿਆ, ਜਦੋਂ 1965 ਦੀ ਜੰਗ ਦੌਰਾਨ ਉਨ੍ਹਾਂ ਰੋਸ ਪ੍ਰਗਟਾ ਰਹੇ ਸੰਤ ਫਤਿਹ ਸਿੰਘ ਨਾਲ ਪੰਜਾਬੀ ਸੂਬਾ ਕਾਇਮ ਕਰਨ ਦਾ ਵਾਅਦਾ ਕੀਤਾ। ਉਦੋਂ ਪੱਛਮੀ ਮੋਰਚਾ ਭਾਵੇਂ ਛਿਹ-ਵੇਹਰੀ ਹੋਣ ਦੀ ਹਾਲਤ ਵਿਚ ਸੀ, ਪਰ ਸਿੱਖ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਅਤੇ ਪੰਜਾਬ ਦੇ ਕਿਸਾਨਾਂ ਨੇ ਸਮੁੱਚੇ ਹਾਲਾਤ ਨੂੰ ਬਦਲ ਕੇ ਰੱਖ ਦਿੱਤਾ। ਜੇ ਕਿਤੇ ਜਨਵਰੀ 1966 ਵਿਚ ਪ੍ਰਧਾਨ ਮੰਤਰੀ ਸ਼ਾਸਤਰੀ ਅਕਾਲ ਚਲਾਣਾ ਨਾ ਕਰਦੇ, ਤਾਂ ਪੰਜਾਬ ਵਿਚ ਅਤਿਵਾਦ ਦਾ ਦੌਰ ਕਦੇ ਨਹੀਂ ਸੀ ਆਉਣਾ, ਕਿਉਂਕਿ ਉਨ੍ਹਾਂ ਆਪਣਾ ਵਾਅਦਾ ਨਿਆਂਪੂਰਨ ਢੰਗ ਨਾਲ ਨਿਭਾਉਣਾ ਸੀ। ਉਨ੍ਹਾਂ ਦੀ ਜਾਨਸ਼ੀਨ ਇੰਦਰਾ ਗਾਂਧੀ ਉਹ ਵਾਅਦਾ ਪੂਰਾ ਕਰਨ ਤੋਂ ਨਾਕਾਮ ਰਹੀ।

ਇਕ ਵਾਰ ਫਿਰ ਖਾਲਿਸਤਾਨ 2.0 ਦਾ ਪ੍ਰਸੰਗ ਘਰੇਲੂ ਅਤੇ ਕੌਮਾਂਤਰੀ, ਦੋਵੇਂ ਹੈ। ਪੰਜਾਬ ਵਿਚ, ਅਕਾਲੀਆਂ ਦੀ 10 ਸਾਲਾ ਹਕੂਮਤ ਨੇ ਖੇਤੀ ਅਰਥਚਾਰੇ ਦੇ ਗੈਰ-ਟਿਕਾਊ ਮਾਡਲ ਨੂੰ ਭੈੜੀ ਹਾਲਤ ਵਿਚ ਪਹੁੰਚਾ ਦਿੱਤਾ, ਕਿਉਂਕਿ ਇਸ ਮਾਡਲ ਸਦਕਾ ਹੀ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ, ਸੂਬੇ ਦੇ ਕਿਸਾਨਾਂ ਸਿਰ ਕਰਜ਼ੇ ਦਾ ਬੋਝ ਵਧ ਰਿਹਾ ਹੈ, ਪਿੰਡ ਵਾਸੀਆਂ ਦੀਆਂ ਔਕੜਾਂ ਵਧ ਰਹੀਆਂ ਹਨ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਬਿਲਕੁਲ ਵੀ ਪੈਦਾ ਨਹੀਂ ਹੋ ਰਹੇ।

ਕੌਮੀ ਪੱਧਰ 'ਤੇ ਮੋਦੀ ਦੇ ਉਭਾਰ ਅਤੇ ਉਨ੍ਹਾਂ ਦੇ ਕਾਰਜਾਂ ਰਾਹੀਂ ਭਾਰਤ ਅਸਲ ਵਿਚ ਹਿੰਦੂ ਬਹੁ-ਗਿਣਤੀ ਵਾਲਾ ਦੇਸ਼ ਬਣ ਰਿਹਾ ਹੈ, ਕਿਉਂਕਿ ਭਾਰਤੀ ਜਨਤਾ ਪਾਰਟੀ ਦੇਸ਼ ਦਾ ਇਤਿਹਾਸ ਦੁਬਾਰਾ ਲਿਖ ਰਹੀ ਹੈ, ਰਾਸ਼ਟਰਵਾਦ ਨੂੰ ਮੁੜ ਪਰਿਭਾਸ਼ਿਤ ਕਰ ਰਹੀ ਹੈ ਅਤੇ ਭਾਰਤ ਦੇ ਨਵੇਂ ਨਾਇਕ ਪੇਸ਼ ਕਰ ਰਹੀ ਹੈ। ਸਮੁੱਚੀ ਦੁਨੀਆ ਵਿਚ ਇਸ ਵੇਲੇ ਲੋਕਾਂ ਨੂੰ ਖੁਸ਼ ਕਰਨ ਵਾਲੇ ਫੈਸਲੇ ਕਰਨ, ਆਪਣੇ ਦੇਸ਼ ਨੂੰ ਪਹਿਲ ਦੇਣ ਅਤੇ ਉਦਾਰਵਾਦ ਦਾ ਵਿਰੋਧ ਕਰਨ ਦੀ ਹਵਾ ਚੱਲ ਰਹੀ ਹੈ। ਕਮਾਲ ਅੰਤਾਤੁਰਕ ਦਾ ਧਰਮ-ਨਿਰਪੱਖ ਤੁਰਕੀ ਹੁਣ ਨੀਮ-ਇਸਲਾਮੀ ਦੇਸ਼ ਬਣ ਗਿਆ ਹੈ। ਅਮਰੀਕਾ ਇਸ ਵੇਲੇ ਈਸਾਈ ਦੇਸ਼ ਬਣਨ ਦੇ ਰਾਹ ਤੁਰਿਆ ਹੋਇਆ ਹੈ ਅਤੇ ਪਹਿਲੀ ਸੋਧ ਨੂੰ ਰੱਦ ਕੀਤਾ ਜਾ ਰਿਹਾ ਹੈ, ਜਿਸ ਵਿਚ ਥੌਮਸ ਜੈਫਰਸਨ ਨੇ ਕਿਹਾ ਸੀ ਕਿ ਚਰਚ ਅਤੇ ਸਰਕਾਰ ਵਿਚਾਲੇ ਵਖਰੇਵੇਂ ਦੀ ਕੰਧ ਉਸਾਰ ਦਿੱਤੀ ਗਈ ਹੈ। ਚੀਨ ਵਿਚ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਮਾਓ 2.0 ਵਜੋਂ ਪੇਸ਼ ਕੀਤਾ ਗਿਆ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਸੱਤਾ ਪ੍ਰਾਪਤੀ ਲਈ ਆਪਣੇ ਦੇਸ਼ ਦੇ ਆਰਥੋਡੌਕਸ ਚਰਚ ਨੂੰ ਅਪਣਾ ਲਿਆ ਹੈ। ਹੁਣ ਧਾਰਮਿਕ ਰਹਿਨੁਮਾ ਪੂਤਿਨ ਲਈ ਪ੍ਰਚਾਰ ਕਰਦਾ ਹੈ ਤੇ ਲੈਨਿਨ ਦੇ ਬੁੱਤਾਂ ਦੀ ਥਾਂ ਹੁਣ ਧਾਰਮਿਕ ਬੁੱਤਾਂ ਨੇ ਲੈ ਲਈ ਹੈ।

14ਵੀਂ ਸਦੀ ਵਿਚ ਚਿਸ਼ਤੀ ਸ਼ੇਖ ਨਿਜ਼ਾਮ-ਉਦ-ਦੀਨ ਔਲੀਆ ਨੇ ਆਖਿਆ ਸੀ, "ਮੇਰੇ ਕਮਰੇ ਦੇ ਦੋ ਬੂਹੇ ਹਨ; ਜੇ ਸੁਲਤਾਨ ਇੱਕ ਬੂਹੇ 'ਚੋਂ ਆਉਂਦਾ ਹੈ, ਤਾਂ ਮੈਂ ਦੂਜੇ ਵਿਚੋਂ ਬਾਹਰ ਨਿਕਲ ਜਾਂਦਾ ਹਾਂ।" ਜੈਫਰਸਨ ਦੀ ਕੰਧ ਦਾ ਇਹ ਸੂਫੀ ਸੰਸਕਰਨ ਸੀ। ਸਨਾਤਨੀ ਤੇ ਰਾਸ਼ਟਰਵਾਦੀ ਤਾਕਤਾਂ ਦੇ ਉਭਾਰ ਨਾਲ ਇਹ ਕੰਧਾਂ ਡਿੱਗ ਜਾਂਦੀਆਂ ਹਨ; ਪਰ ਇਸ 'ਚ ਕੋਈ ਹੈਰਾਨੀ ਨਹੀਂ ਕਿ ਭਾਰਤ ਵਿਚ ਜਿਹੜੇ ਸਿੱਖਾਂ ਦੀ ਆਬਾਦੀ 1.7% ਅਤੇ ਕੈਨੇਡਾ ਵਿਚ 1.4% ਹੈ, ਉਸ ਦੇ ਨੌਜਵਾਨ ਇਸ ਵੇਲੇ ਬੇਚੈਨ ਹੋ ਰਹੇ ਹਨ। ਸਿੱਖ ਧਾਰਮਿਕ ਰਹਿਨੁਮਾਵਾਂ ਵਿਚ ਲੀਡਰਸ਼ਿਪ ਦਾ ਸੰਕਟ ਵੱਖਰੇ ਤੌਰ 'ਤੇ ਹੈ। ਅਜਿਹੇ ਹਾਲਾਤ ਵਿਚ ਪੰਜਾਬ ਤੇ ਭਾਰਤ ਵਿਚ ਤਾਂ ਅਤੀਤ ਦੇ ਭੂਤ ਸੁਰਜੀਤ ਹੋਣ ਦਾ ਖਤਰਾ ਬਣਿਆ ਹੀ ਰਹੇਗਾ। ਵੱਡੇ ਲੋਕਤੰਤਰੀ ਦੇਸ਼ਾਂ ਵਿਚ ਉਮੀਦ ਦੀ ਕਿਰਨ ਇਸ ਗੱਲ ਵਿਚ ਹੈ ਕਿ ਲੋਕ 21ਵੀਂ ਸਦੀ ਦੇ ਨਵ-ਸਮਰਾਟਾਂ ਦੀ ਇਸ ਹਵਾ ਨੂੰ ਅੱਖੋਂ ਪਰੋਖੇ ਕਰ ਦੇਣਗੇ ਤੇ ਸਿਰਫ ਉਦਾਰਵਾਦੀ ਤੇ ਜਮਹੂਰੀ ਸਿਆਸਤ ਅਪਨਾਉਣ ਵਾਲੇ ਆਗੂਆਂ ਨੂੰ ਹੀ ਚੁਣਨਗੇ।

# ਸਿੱਖਿਆ ਦੇ ਭਾਰਤੀਕਰਨ ਦਾ ਮਸਲਾ

ਪਿਛਲੇ ਚਾਰ ਸਾਲ ਅਸੀਂ ਸਿੱਖਿਆ ਦੇ ਭਾਰਤੀਕਰਨ ਦੇ ਮੁੱਦੇ 'ਤੇ ਹਨੇਰੇ 'ਚ ਤੀਰ ਚਲਾਏ ਹਨ। ਸਰਕਾਰ ਵਿਚ ਸ਼ਾਮਲ ਕੁਝ ਲੋਕਾਂ ਨੇ ਪਹਿਲਾਂ, ਤੇ ਹੁਣ ਹਰ ਇਕ ਨੇ ਆਪੋ-ਆਪਣੀਆਂ ਕੱਚਘਰੜ, ਅਹਿਮਕਾਨਾ ਜਾਂ ਵਿਨਾਸ਼ਕਾਰੀ ਤਜਵੀਜ਼ਾਂ ਭਾਰਤੀਕਰਨ ਦੇ ਨਾਮ ਉਪਰ ਪੇਸ਼ ਕੀਤੀਆਂ। ਅਕਾਦਮੀਸ਼ਨਾਂ, ਬੁੱਧੀਜੀਵੀਆਂ ਅਤੇ ਰਾਇ ਬਣਾਉਣ ਵਾਲਿਆਂ ਨੇ ਇਸ ਮੁੱਦੇ ਦਾ ਮਜ਼ਾਕ ਉਡਾਇਆ। ਸਰਕਾਰ ਨੇ ਕੁਝ ਦਿਖਾਵਾ ਮਾਤਰ ਤਬਦੀਲੀਆਂ ਕੀਤੀਆਂ ਅਤੇ ਬਾਅਦ ਵਿਚ ਇਸ ਨੂੰ ਭੁਲਾ ਦਿੱਤਾ। ਆਲੋਚਕ ਵੀ ਇਸ ਮੁੱਦੇ ਨੂੰ ਭੁੱਲ ਗਏ। ਇਸ ਵੇਲੇ ਇਸ ਬਾਰੇ ਅਰਥ-ਭਰਪੂਰ ਸੰਵਾਦ ਨਹੀਂ ਰਚਾਇਆ ਜਾ ਰਿਹਾ।

ਕਿਸੇ ਵੀ ਪੜ੍ਹੇ-ਲਿਖੇ ਭਾਰਤੀ ਨਾਲ ਗੱਲਬਾਤ ਨਾਲ ਹੀ ਇਹ ਸਮਝ ਆ ਜਾਵੇਗਾ ਕਿ

**ਯੋਗੇਂਦਰ ਯਾਦਵ**

ਸਿੱਖਿਆ ਦੇ ਭਾਰਤੀਕਰਨ ਦੇ ਮੁੱਦੇ 'ਤੇ ਸੰਜੀਦਾ ਬਹਿਸ ਛੇੜਨ ਦੀ ਕਿਉਂ ਲੋੜ ਹੈ। ਸਾਡੀ ਕਿਸੇ ਵੀ ਬਿਹਤਰੀਨ ਯੂਨੀਵਰਸਿਟੀ ਦੇ ਕਿਸੇ ਵੀ ਗਰੈਜੂਏਟ ਨੂੰ ਮੁਲਕ ਦੀ ਕਿਸੇ ਵੀ ਭਾਸ਼ਾ ਵਿਚ ਲਿਖਣ ਤੇ ਉਸ ਨੂੰ ਪੜ੍ਹਨ ਵਿਚ ਬਹੁਤ ਮੁਸ਼ਕਿਲ ਮਹਿਸੂਸ ਹੁੰਦੀ ਹੈ। ਉਸ ਨੂੰ ਪਤਾ ਹੀ ਨਹੀਂ ਕਿ ਸਾਡੀਆਂ ਭਾਸ਼ਾਵਾਂ ਆਧੁਨਿਕ ਸਾਹਿਤ ਨਾਲ ਕਿੰਨੀਆਂ ਮਾਲੋਮਾਲ ਹਨ। ਜੇ ਤੁਸੀਂ ਕਿਸੇ ਨਾਮੀ ਬੁੱਧੀਜੀਵੀ ਨੂੰ ਇਹ ਪੁੱਛ ਲਓ ਕਿ ਉਸ ਨੇ ਅੰਗਰੇਜ਼ੀ ਛੱਡ ਕੇ ਦੇਸ਼ ਦੀ ਕਿਸੇ ਵੀ ਭਾਸ਼ਾ ਦੀ ਕੋਈ ਕਿਤਾਬ ਕਦੋਂ ਪੜ੍ਹੀ ਸੀ, ਜਾਂ ਕਿਸੇ ਭਾਰਤੀ ਭਾਸ਼ਾ 'ਚ ਪਿਛਲੀ ਵਾਰ ਲੇਖ ਕਦੋਂ ਲਿਖਿਆ ਸੀ, ਜੁਆਬ ਬਹੁਤ ਸ਼ਰਮਿੰਦਾ ਮਹਿਸੂਸ ਕਰਾਉਣ ਵਾਲਾ ਹੋਵੇਗਾ। ਸੰਸਕ੍ਰਿਤ ਦੇ ਅਗਵਾਈ ਕਰਨ ਵਾਲੇ ਕੁਝ ਕੇਂਦਰ ਹੁਣ ਮੁਲਕ ਦੇ ਬਾਹਰ ਚੱਲ ਰਹੇ ਹਨ।

ਇਹ ਕੇਵਲ ਭਾਸ਼ਾ ਦਾ ਮਸਲਾ ਨਹੀਂ ਹੈ। ਕੋਈ ਪੜ੍ਹਿਆ-ਲਿਖਿਆ ਤੇ ਆਧੁਨਿਕ ਭਾਰਤੀ ਆਪਣੇ ਮਿਥਿਹਾਸ ਬਾਰੇ ਵੀ ਕੁਝ ਨਹੀਂ ਜਾਣਦਾ। ਕੋਈ ਸਿੱਖਿਅਤ ਐਲੋਪੈਥਿਕ ਡਾਕਟਰ ਸੋਚਦਾ ਹੈ ਕਿ ਆਯੁਰਵੇਦ ਤੇ ਯੂਨਾਨੀ ਅਰਥਹੀਣ ਹਨ। ਕਿਸੇ ਟੈਕਸਟਾਈਲ ਇੰਜੀਨੀਅਰ ਨੂੰ ਸਾਡੀਆਂ ਕੱਪੜਾ ਬੁਣਨ ਤੇ ਰੰਗਣ ਦੀਆਂ ਮਹਾਨ ਰਵਾਇਤਾਂ ਦੀ ਉਕਾ ਸੋਝੀ ਨਹੀਂ। ਸਾਡੀਆਂ ਬਿਹਤਰੀਨ ਯੂਨੀਵਰਸਿਟੀਆਂ ਤੇ ਸੰਸਥਾਵਾਂ ਦਾ ਸਿਲੇਬਸ, ਯੂਰਪ ਜਾਂ ਅਮਰੀਕਾ ਵਿਚ ਜੋ ਕੁਝ ਸਾਲ ਪਹਿਲਾਂ ਪੜ੍ਹਾਇਆ ਜਾਂਦਾ ਸੀ, ਦੀ ਨਕਲ ਮਾਤਰ ਹੈ। ਸਭਿਆਚਾਰਕ ਸਵੈ-ਭਰੋਸੇ ਦੀ ਘਾਟ ਤੇ ਵਿਦੇਸ਼ੀ ਮਾਨਤਾ ਨਾ ਹੋਣ ਕਾਰਨ ਉਪਜੀ ਨਿਰਾਸ਼ਤਾ ਕਾਰਨ ਉਹ ਅਕਸਰ ਇਹ ਪ੍ਰਾਰਥਨਾ ਕਰਦੇ ਰਹਿੰਦੇ ਹਨ ਕਿ ਕਿਸੇ ਵੀ ਭਾਰਤੀ ਚੀਜ਼ ਦੀ ਪੱਛਮੀ ਮੁਲਕ ਸ਼ਲਾਘਾ ਕਰਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਸਭਿਆਚਾਰਕ ਤੌਰ 'ਤੇ ਅਨਪੜ੍ਹ ਭਾਰਤੀ ਪੈਦਾ ਕਰ ਰਹੀ ਹੈ।

ਇਸ ਲਈ ਅਸਲੀ ਬਹਿਸ ਇਹ ਨਹੀਂ ਕਿ ਸਾਨੂੰ ਸਿੱਖਿਆ ਦਾ ਭਾਰਤੀਕਰਨ ਕਰਨ ਦੀ ਲੋੜ ਹੈ ਜਾਂ ਨਹੀਂ; ਭਾਰਤੀ ਸਿੱਖਿਆ ਪ੍ਰਣਾਲੀ ਦਾ ਭਾਰਤੀਕਰਨ ਕਿਵੇਂ ਕਰਨਾ ਹੈ, ਉਪਰ ਬਹਿਸ ਹੋਣੀ ਚਾਹੀਦੀ ਹੈ। ਮੁਸ਼ਕਿਲ ਇਹ ਹੈ ਕਿ ਜਿਹੜੇ ਲੋਕ ਸਿੱਖਿਆ ਦੇ ਭਾਰਤੀਕਰਨ ਦੇ ਮੁੱਦੇ ਉਪਰ ਬਹੁਤ ਸ਼ੋਰ-ਸ਼ਰਾਬਾ ਕਰਦੇ ਹਨ, ਉਹ ਆਪ ਸਿੱਖਿਆ ਜਾਂ ਭਾਰਤੀ ਸਭਿਆਚਾਰ ਬਾਰੇ ਬਹੁਤਾ ਨਹੀਂ ਜਾਣਦੇ ਹੁੰਦੇ। ਉਨ੍ਹਾਂ ਨੂੰ ਅਧਿਆਪਨ-ਸ਼ਾਸਤਰ ਦਾ ਗਿਆਨ ਨਹੀਂ ਹੁੰਦਾ। ਸਾਡੀਆਂ ਸਭਿਆਚਾਰਕ ਤੇ ਬੌਧਿਕ ਰਵਾਇਤਾਂ ਬਾਰੇ ਜਾਣਕਾਰੀ ਵੀ ਸਤਹੀ ਪੱਧਰ ਦੀ ਹੁੰਦੀ ਹੈ। ਅਜਿਹੇ ਲੋਕਾਂ ਨੂੰ ਸਿੱਖਿਆ ਦਾ ਭਾਰਤੀਕਰਨ ਕਿਵੇਂ ਨਹੀਂ ਹੋਣ ਦੇਣਾ, ਪੇਸ਼ ਕਰਨ ਵਾਲੇ ਮਾਡਲ ਹੀ ਕਿਹਾ ਜਾ ਸਕਦਾ ਹੈ। ਸਾਡੀ ਸਿੱਖਿਆ ਪ੍ਰਣਾਲੀ ਦੇ ਭਾਰਤੀਕਰਨ ਦਾ ਅਰਥ ਹਰ ਭਾਰਤੀ ਚੀਜ਼ ਦੀ ਸ਼ਲਾਘਾ ਕਰਨਾ ਨਹੀਂ ਹੈ। ਇਸ ਦਾ ਅਰਥ ਇਹ ਵੀ ਨਹੀਂ ਕਿ ਅਸੀਂ ਆਪਣੀ ਸੋਚ ਦੇ ਦਰਵਾਜ਼ੇ, ਦੁਨੀਆਂ ਦੇ ਹੋਰ ਹਿੱਸਿਆਂ ਤੋਂ ਗਿਆਨ ਹਾਸਲ ਕਰਨ ਵੱਲ ਬੰਦ ਹੀ ਕਰ ਦੇਈਏ। ਤੇ, ਇਸ ਦੇ ਅਰਥ ਇਹ ਵੀ ਨਹੀਂ ਹੋ ਸਕਦੇ ਕਿ ਸਿੱਖਿਆ ਲਈ ਘੋਟਾ-ਲਾਊ ਤਰੀਕਾ ਹੀ ਅਪਨਾਇਆ ਜਾਵੇ, ਜਿਹੜਾ ਸਾਡੀਆਂ ਰਵਾਇਤਾਂ ਵਿਚ ਸਮਾਇਆ ਹੋਇਆ ਹੈ।

ਸਿੱਖਿਆ ਦੇ ਭਾਰਤੀਕਰਨ ਲਈ ਸੰਜੀਦਾ ਏਜੰਡਾ ਤਿਆਰ ਹੋਣਾ ਚਾਹੀਦਾ ਹੈ। ਇਸ ਵਿਚ ਸਭ ਤੋਂ ਪਹਿਲਾਂ ਆਪਣੀਆਂ ਭਾਸ਼ਾਵਾਂ ਉਪਰ ਗੰਭੀਰਤਾ ਨਾਲ ਧਿਆਨ ਦਿੱਤਾ ਜਾਵੇ। ਬੱਚੇ ਨੂੰ ਵਿਸ਼ਵ ਪੱਧਰ ਤੱਕ ਆਪਣੀ ਪ੍ਰਤਿਭਾ ਦੇ ਪ੍ਰਗਟਾਵੇ ਤੋਂ ਵਾਂਝੇ ਨਹੀਂ ਕੀਤਾ ਜਾਣਾ ਚਾਹੀਦਾ ਜਿਹੜਾ ਅੰਗਰੇਜ਼ੀ ਰਾਹੀਂ ਹੀ ਦੁਨੀਆਂ ਭਰ ਤੱਕ ਪਹੁੰਚਦਾ ਹੈ; ਪਰ ਇਹ ਨਿਆਂ ਨਹੀਂ ਕਿ ਸਾਡੇ ਬੱਚਿਆਂ ਨੂੰ ਅੰਗਰੇਜ਼ੀ ਮੀਡੀਅਮ ਰਾਹੀਂ ਪੜ੍ਹਾਇਆ ਜਾਵੇ। ਬੱਚਿਆਂ ਨੂੰ ਮਾਤ ਭਾਸ਼ਾ ਰਾਹੀਂ ਪੜ੍ਹਾਉਣ ਅਤੇ ਸਿਖਾਉਣ ਦਾ ਸਿਧਾਂਤ ਅਤੇ ਬਹੁਤੀਆਂ ਭਾਰਤੀ ਭਾਸ਼ਾਵਾਂ ਸਿੱਖਣ ਲਈ ਤਿੰਨ-ਭਾਸ਼ੀ ਫਾਰਮੂਲਾ ਬਹਾਲ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਤਾਮਿਲ, ਸੰਸਕ੍ਰਿਤ ਤੇ ਫਾਰਸੀ ਵਰਗੀਆਂ ਕਲਾਸੀਕਲ ਭਾਸ਼ਾਵਾਂ ਪੜ੍ਹਾਉਣ ਅਤੇ ਸਿੱਖਣ ਨੂੰ ਕੌਮੀ ਪੱਧਰ 'ਤੇ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਆਧੁਨਿਕ ਤੇ ਵਿਗਿਆਨਕ ਗਿਆਨ ਨੂੰ ਭਾਰਤੀ ਭਾਸ਼ਾਵਾਂ ਵਿਚ ਸਮਾਉਣ ਲਈ ਕੌਮੀ ਮਿਸ਼ਨ ਅਪਨਾਉਣ ਦੀ ਲੋੜ ਹੈ।

ਸਿੱਖਿਆ ਦੇ ਭਾਰਤੀਕਰਨ ਦਾ ਭਾਵ ਭਾਰਤੀ ਬੌਧਿਕ ਪਰੰਪਰਾਵਾਂ ਤੋਂ ਜਾਣੂ ਕਰਾਉਣ ਦੀ ਸਮਰੱਥਾ ਜ਼ਰੂਰ ਹੋਣਾ ਚਾਹੀਦਾ ਹੈ। ਹਰ ਭਾਰਤੀ ਵਿਦਿਆਰਥੀ ਮੁਲਕ ਦੇ ਸਾਰੇ ਖੇਤਰਾਂ ਤੇ ਧਰਮਾਂ ਦੀਆਂ ਖਾਸੀਅਤਾਂ ਬਾਰੇ ਕੁਝ ਨਾ ਕੁਝ ਜ਼ਰੂਰ ਸਿੱਖੇ। ਵਿਦਿਆਰਥੀਆਂ ਨੂੰ ਪਿਛਲੀਆਂ ਦੋ ਸਦੀਆਂ ਦੇ ਆਧੁਨਿਕ ਭਾਰਤੀ ਵਿਚਾਰਾਂ ਤੋਂ ਜ਼ਰੂਰ ਜਾਣੂ ਹੋਣਾ ਚਾਹੀਦਾ ਹੈ, ਜਿਨ੍ਹਾਂ ਕਰ ਕੇ ਭਾਰਤੀ ਗਣਰਾਜ ਕਾਇਮ ਹੋਇਆ। ਇਸ ਤੋਂ ਇਲਾਵਾ ਇਹ ਸਭਿਆਚਾਰਕ ਸਾਖਰਤਾ, ਗਿਆਨ ਦੀ ਹਰ ਸ਼ਾਖਾ ਧਿਆਨ ਕੇਂਦਰਿਤ ਕਰੇ ਕਿ ਅਸੀਂ ਆਪਣੀ ਲਿਖਤੀ ਤੇ ਮੌਖਿਕ ਰਵਾਇਤਾਂ ਤੋਂ ਕੀ ਹਾਸਲ ਕਰ ਸਕਦੇ ਹਾਂ। ਇਸ ਦਾ ਅਰਥ ਗਿਆਨ ਤੋਂ ਸਿੱਖਣ-ਸਿਖਾਉਣ ਲਈ ਕਲਾਸ-ਰੂਮ ਦੇ ਦਾਇਰੇ ਵਿਚੋਂ ਬਾਹਰ ਤੱਕ ਪਹੁੰਚਣਾ ਹੋਵੇਗਾ। ਇੰਜੀਨੀਅਰਾਂ ਨੂੰ ਘੁਮਿਆਰਾਂ, ਜੁਲਾਹਿਆਂ, ਬੁੱਤਸਾਜ਼ਾਂ, ਖੂਹ ਤੇ ਤਾਲਾਬ ਪੁੱਟਣ ਵਾਲਿਆਂ ਨਾਲ ਬੈਠ ਕੇ ਸਿੱਖਣਾ ਹੋਵੇਗਾ। ਡਾਕਟਰਾਂ ਨੂੰ ਦਵਾਈਆਂ ਵਾਲੇ ਪੌਦੇ ਇਕੱਠੇ ਕਰਨ ਅਤੇ ਰਵਾਇਤੀ ਢੰਗ ਨਾਲ ਇਲਾਜ ਕਰ ਕੇ ਰਾਹਤ ਪਹੁੰਚਾਉਣ ਵਾਲਿਆਂ ਕੋਲੋਂ ਸਿੱਖਣ ਦੀ ਲੋੜ ਹੋਵੇਗੀ। ਖੇਤੀਬਾੜੀ ਵਿਗਿਆਨੀਆਂ ਨੂੰ ਦੇਸੀ ਬੀਜ ਇਕੱਠੇ ਕਰਨ ਅਤੇ ਦੇਸੀ ਢੰਗ ਨਾਲ ਵਧੀਆ ਉਪਰਾਲੇ ਕਰਨ ਵਾਲਿਆਂ ਕੋਲੋਂ ਸਿੱਖਣਾ ਹੋਵੇਗਾ।

ਸਮਾਜਿਕ ਵਿਗਿਆਨ ਤੇ ਮਨੁੱਖਤਾ ਸਬੰਧੀ ਖੋਜ ਹੁਣੇ ਹੀ ਸ਼ੁਰੂ ਕਰਨੀ ਪਵੇਗੀ। ਸਾਨੂੰ ਨਕਲ ਮਾਰ ਕੇ ਯੂਰੋਪੀਅਨ ਤੇ ਅਮਰੀਕਾ ਵਾਲੇ ਘਾਤਕ ਰਾਹ ਉਤੇ ਪੈਣ ਦੀ ਥਾਂ, ਆਪਣੇ ਵਿਲੱਖਣ ਇਤਿਹਾਸਕ ਰਾਹ ਨੂੰ ਅਰਥ-ਭਰਪੂਰ ਬਣਾਉਣਾ ਹੋਵੇਗਾ। ਸਾਡੀਆਂ ਯੂਨੀਵਰਸਿਟੀਆਂ ਨੂੰ ਸਾਡੀਆਂ ਬਿਮਾਰੀਆਂ ਦੇ ਇਲਾਜ ਲੱਭਣ, ਸਾਡੀਆਂ ਮੁਸ਼ਕਿਲਾਂ ਤੇ ਔਕੜਾਂ ਦੇ ਹੱਲ ਪਤਾ ਲਾਉਣ ਦੇ ਸਮਰੱਥ ਹੋਣਾ ਪਵੇਗਾ। ਇਹ ਹੱਲ ਸਾਡੀਆਂ ਆਪਣੀਆਂ ਲਾਚਾਰੀਆਂ ਨੂੰ ਧਿਆਨ ਵਿਚ ਰੱਖ ਕੇ ਕਰਨੇ ਪੈਣਗੇ। ਸਿੱਖਿਆ ਦੇ ਪੱਧਰ ਨੂੰ ਇਸ ਪੈਮਾਨੇ ਨਾਲ ਨਹੀਂ ਮਾਪਿਆ ਜਾਣਾ ਚਾਹੀਦਾ ਕਿ ਵਿਦੇਸ਼ੀ ਏਜੰਸੀਆਂ ਇਸ ਨੂੰ ਕਿਹੜਾ ਦਰਜਾ ਦੇ ਰਹੀਆਂ ਹਨ। ਇਸ ਪੱਧਰ ਨੂੰ ਭਾਰਤੀ ਸਮਾਜ ਦੀਆਂ ਲੋੜਾਂ ਹੱਲ ਕਰਨ ਅਤੇ ਇਸ ਦੀ ਸਮਰੱਥਾ ਦੇ ਮਾਪਦੰਡਾਂ ਰਾਹੀਂ ਮਾਪਣਾ ਹੋਵੇਗਾ। ਇਹ ਵੀ ਦੇਖਣਾ ਹੋਵੇਗਾ ਕਿ ਸਾਡੀ ਸਿੱਖਿਆ ਇਥੋਂ ਦੇ ਲੋਕਾਂ ਦੇ ਜੀਵਨ ਹਾਲਾਤ ਦੇ ਕਿੰਨੀ ਕੁ ਅਨੁਕੂਲ ਹੈ। ਇਸ ਦੀਆਂ ਧਾਰਨਾਵਾਂ ਕਿੰਨੀਆਂ ਕੁ ਬਿਹਤਰ ਹਨ। ਇਹ ਸਾਡੀਆਂ ਆਪਣੀਆਂ ਰਵਾਇਤਾਂ ਨੂੰ ਸਮਝਣ-ਸਮਝਾਉਣ ਵਿਚ ਕਿੰਨਾ ਸਹਾਈ ਹੁੰਦੀ ਹੈ। ਸਾਡੀ ਸਿੱਖਿਆ, ਸਾਡੇ ਗਿਆਨ ਤੇ ਸਰੋਤਾਂ ਨਾਲ ਜੁੜ ਕੇ ਸਾਡੀਆਂ ਲੋੜਾਂ ਦੇ ਹੱਲ ਲੱਭਣ ਦੇ ਸਮਰੱਥ ਹੋਣੀ ਚਾਹੀਦੀ ਹੈ, ਯੂਰੋਪੀਅਨ ਤੇ ਅਮਰੀਕਾ ਦੇ ਮਾਡਲਾਂ ਦੀ ਨਕਲ 'ਤੇ ਆਧਾਰਿਤ ਨਹੀਂ। ਅੰਗਰੇਜ਼ੀ ਭਾਸ਼ਾ ਨੂੰ ਭਾਸ਼ਾ ਵਜੋਂ ਜਾਰੀ ਰੱਖਣਾ ਜਾਇਜ਼ ਹੈ, ਇਸ ਨੂੰ ਭਾਰਤੀ ਭਾਸ਼ਾਵਾਂ ਦੇ ਬਰਾਬਰ ਮਾਂ-ਬੋਲੀ ਵਾਲਾ ਸਥਾਨ ਨਹੀਂ ਦੇਣਾ ਚਾਹੀਦਾ। ਵਿਦਿਆਰਥੀ ਮਾਂ-ਬੋਲੀ ਰਾਹੀਂ ਹੀ ਪੂਰਾ ਗਿਆਨ ਪ੍ਰਾਪਤ ਕਰ ਸਕਦਾ ਹੈ।

# ਪੰਜਾਬੀ ਇਸਤਰੀ ਅਤੇ ਵਰਤਮਾਨ ਚੁਣੌਤੀਆਂ

## ਕੌਮਾਂਤਰੀ ਇਸਤਰੀ ਦਿਵਸ 'ਤੇ



ਡਾ. ਗੁਰਨਾਮ ਕੌਰ, ਕੈਨੇਡਾ

ਸੰਨ 1966 ਵਿਚ ਅਮਰੀਕਾ ਵਿਚ ਔਰਤਾਂ ਦੇ ਹੱਕਾਂ ਲਈ ਲੜਨ ਵਾਸਤੇ ਵਾਸ਼ਿੰਗਟਨ ਡੀ. ਸੀ. ਵਿਚ ਦੋ ਮੀਟਿੰਗਾਂ ਹੋਈਆਂ ਜਿਨ੍ਹਾਂ ਵਿਚ 47 ਔਰਤਾਂ ਅਤੇ ਦੋ ਪੁਰਸ਼ਾਂ ਨੇ ਹਿੱਸਾ ਲਿਆ। ਇਨ੍ਹਾਂ ਮੀਟਿੰਗਾਂ ਦਾ ਮਕਸਦ 'ਨੈਸ਼ਨਲ ਐਸੋਸੀਏਸ਼ਨ ਆਫ ਕਲਰਡ ਪੀਪਲ' ਦੀ ਤਰਜ਼ 'ਤੇ ਇੱਕ ਅਜਿਹੀ ਸੰਸਥਾ ਜਾਂ ਸਭਾ ਬਣਾਉਣਾ ਸੀ ਜੋ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਦੇ ਹੱਕ ਦੁਆਉਣ ਲਈ ਜਦੋਜਹਿਦ ਕਰ ਸਕੇ। ਇੰਜ ਇੱਕ ਸੰਸਥਾ ਕਾਇਮ ਕੀਤੀ ਗਈ 'ਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਵੂਮਨ' ਤਾਂ ਕਿ ਔਰਤਾਂ ਨੂੰ ਅਮਰੀਕਾ ਦੀ ਮੁੱਖ ਧਾਰਾ ਵਿਚ ਲਿਆਂਦਾ ਜਾ ਸਕੇ। ਜੁਲਾਈ 2012 ਦੇ ਇੱਕ ਸਰਵੇਖਣ ਅਨੁਸਾਰ ਇਸ ਸੰਸਥਾ ਦੀਆਂ ਬਾਨੀ ਔਰਤਾਂ ਵਿਚੋਂ 9 ਜਿਉਂਦੀਆਂ ਸਨ ਪਰ ਇਸ ਸੰਸਥਾ ਦੇ ਵਿਕਾਸ ਅਤੇ ਕੀਤੇ ਗਏ ਕੰਮਾਂ ਨੇ ਮੁਲਕ ਵਿਚ ਔਰਤਾਂ ਦੇ ਹੱਕਾਂ ਲਈ ਇਨਕਲਾਬੀ ਤਬਦੀਲੀ ਲਿਆਂਦੀ। ਸੰਸਥਾ ਹੁਣ ਵੀ ਸੰਸਾਰ ਪੱਧਰ 'ਤੇ ਔਰਤਾਂ ਦੇ ਹੱਕਾਂ ਲਈ ਇਨਕਲਾਬੀ ਤਬਦੀਲੀ ਲਿਆਉਣ ਲਈ ਕਾਰਜਸ਼ੀਲ ਹੈ।

ਅਮਰੀਕੀ ਸਮਾਜ ਵਿਚ ਔਰਤਾਂ ਨੇ ਸਿਆਸੀ ਕਾਰਜਾਂ ਵਿਚ ਆਪਣੀ ਸ਼ਮੂਲੀਅਤ ਵਧਾ ਲਈ ਹੈ ਪਰ ਫਿਰ ਵੀ ਪੁਰਸ਼ਾਂ ਦੇ ਬਰਾਬਰ ਜਾਣ ਲਈ ਬਹੁਤ ਕੁਝ ਕਰਨ ਵਾਲਾ ਹੈ। 1984 ਵਿਚ ਜੈਰੋਦੀਨ ਫਰਾਰੋ ਨੇ ਉਪ ਰਾਸ਼ਟਰਪਤੀ ਲਈ ਨੈਸ਼ਨਲ ਪਾਰਟੀ ਦੀ ਟਿਕਟ ਹਾਸਲ ਕਰਕੇ ਇਤਿਹਾਸ ਰਚਿਆ; 1992 ਵਿਚ ਜੈਨੇਟ ਕੀਨੋ ਪਹਿਲੀ ਇਸਤਰੀ ਅਟਾਰਨੀ ਜਨਰਲ ਬਣੀ ਅਤੇ 2002 ਵਿਚ ਨੈਂਸੀ ਪਲੋਸੀ 'ਹਾਊਸ ਆਫ ਰਿਪਰਜ਼ੈਂਟੇਟਿਵ' ਦੀ ਪਹਿਲੀ ਇਸਤਰੀ ਸਪੀਕਰ ਬਣੀ। ਹਾਊਸ ਅਤੇ ਸੰਸਦ-ਦੋਹਾਂ ਵਿਚ ਔਰਤਾਂ ਸ਼ਕਤੀ ਤੇ ਲੀਡਰਸ਼ਿਪ ਦੀਆਂ ਪੁਜੀਸ਼ਨਾਂ ਹਾਸਿਲ ਕਰ ਕੇ ਪਾਵਰ ਤੱਕ ਪਹੁੰਚੀਆਂ ਹਨ ਅਤੇ ਮੁੱਖ ਕਮੇਟੀਆਂ ਤੇ ਸਬ ਕਮੇਟੀਆਂ ਦੀਆਂ ਮੁਖੀ ਬਣੀਆਂ ਹਨ।

'ਨੈਸ਼ਨਲ ਕਮਿਸ਼ਨ ਫਾਰ ਮੈਨਪਾਵਰ ਪਾਲਿਸੀ' ਦੀ ਸਾਬਕਾ ਚੇਅਰਮੈਨ ਸਵਰਗੀ ਈਲਾਈ ਗਿਨਜ਼ਬਰਗ ਦਾ ਕਹਿਣਾ ਸੀ ਕਿ 20ਵੀਂ ਸਦੀ ਦਾ ਇੱਕੋ ਇੱਕ ਨਿਵੇਕਲਾ ਉਭਾਰ ਅਮਲ ਹੈ ਕਿ ਕੰਮਕਾਜੀ ਔਰਤਾਂ ਦੀ ਗਿਣਤੀ ਤੇ ਅਨੁਪਾਤ ਵਿਚ ਵਾਧਾ ਹੋਣਾ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਅਮਰੀਕਾ ਵਿਚ ਔਰਤਾਂ ਨੇ ਆਪਣੇ ਸਾਰੇ ਟੀਚੇ ਪ੍ਰਾਪਤ ਕਰ ਲਏ ਹਨ, ਪਰ ਇਹ ਸੱਚਾਈ ਤੋਂ ਬਹੁਤ ਦੂਰ ਹੈ। ਮੁੱਖ ਮੁੱਦੇ ਜੋ ਅਮਰੀਕਾ ਵਿਚ ਸਾਡੇ ਸਨਮੁਖ ਹਨ, ਉਨ੍ਹਾਂ ਵਿਚੋਂ ਕੁਝ ਹਨ: ਗਰੀਬੀ, ਭੁੱਖ, ਬੇਘਰੇ ਹੋਣਾ; ਔਰਤਾਂ ਦੇ ਖਿਲਾਫ ਹਿੰਸਾ, ਬਲਾਤਕਾਰ, ਲਿੰਗਕ ਹਮਲੇ ਤੇ ਘਰੇਲੂ ਹਿੰਸਾ ਆਦਿ। ਇਸ ਮੁੱਦੇ ਦਾ ਇੱਕ ਹੋਰ ਪਹਿਲੂ ਹੈ, ਬਜ਼ੁਰਗ ਔਰਤਾਂ ਦੀ ਸਹੀ ਤਰੀਕੇ ਨਾਲ ਦੇਖ-ਭਾਲ ਦੀ ਵਧ ਰਹੀ ਸਮੱਸਿਆ। ਅਗਲਾ ਮੁੱਦਾ ਹੈ, ਮਾਂ ਅਤੇ ਬੱਚੇ ਦੀ ਠੀਕ ਸਿਹਤ ਸੰਭਾਲ ਦਾ ਨਾ ਹੋਣਾ; ਸਿਆਸੀ ਖੇਤਰ ਵਿਚ ਔਰਤਾਂ ਦੀ ਲਗਾਤਾਰ ਘੱਟ ਨੁਮਾਇੰਦਗੀ ਜਿਵੇਂ ਸੰਸਦ ਮੈਂਬਰ, ਗਵਰਨਰ, ਮੇਅਰ ਅਤੇ ਹੋਰ ਇਸ ਕਿਸਮ ਦੇ ਅਹੁਦੇ; ਅਕਾਦਮਿਕ ਖੇਤਰ ਵਿਚ ਪੱਖਪਾਤ ਜਿਵੇਂ ਫੈਕਲਟੀ ਦੇ ਉਚ ਅਹੁਦਿਆਂ 'ਤੇ ਨੁਮਾਇੰਦਗੀ, ਤਨਖਾਹ, ਮਾਣ-ਸਨਮਾਨ ਅਤੇ ਰੈਂਕ ਵਗੈਰਾ ਦਾ ਪੱਖਪਾਤ। ਹੋਰ ਵੀ ਮੁੱਦੇ ਹਨ ਜਿਨ੍ਹਾਂ ਦਾ ਅਮਰੀਕੀ ਔਰਤ ਨੂੰ ਹਾਲੇ ਵੀ ਸਾਹਮਣਾ ਕਰਨਾ ਪੈਂਦਾ ਹੈ।

ਪੰਜਾਬੀ ਔਰਤ ਗੁਰੂਆਂ ਦੀ ਵਰੋਸਾਈ ਉਸ ਧਰਤੀ 'ਤੇ ਪੈਦਾ ਹੋਈ ਹੈ ਜਿੱਥੇ ਉਸ ਦੇ ਹੱਕ ਸੱਚ ਲਈ ਗੁਰੂ ਨਾਨਕ ਦੇਵ ਨੇ ਪਹਿਲੀ ਵਾਰ ਜ਼ੋਰਦਾਰ ਆਵਾਜ਼ ਉਠਾਈ ਅਤੇ ਉਸ ਨੂੰ ਪੁਰਸ਼ ਦੇ ਬਰਾਬਰ ਦੀ ਮਾਨਵ ਹੋਣ ਦਾ ਹੱਕ ਦਿੰਦਿਆਂ ਕਿਹਾ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਉਨ੍ਹਾਂ ਨੇ ਪਹਿਲੀ ਵਾਰ ਇਸਤਰੀ ਦੀ ਅਹਿਮੀਅਤ ਦਾ ਅਹਿਸਾਸ ਕਰਾਉਂਦਿਆਂ ਖੁਲਾਸਾ ਕੀਤਾ ਕਿ ਔਰਤ ਤੋਂ ਬਿਨਾ ਮਨੁੱਖੀ ਸਮਾਜ ਦਾ ਤਸੱਵਰ ਹੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਔਰਤ ਸਮਾਜ ਦੀ ਨੀਂਹ ਹੈ। ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਗੁਰੂ ਸਾਹਿਬਾਨ ਨੇ ਜਿੱਥੇ ਸਮਾਜ ਦੇ ਦੱਬੇ-ਕੁਚਲੇ ਵਰਗ ਨੂੰ ਅੱਗੇ ਲਿਆਂਦਾ ਤੇ ਸਮਾਜਕ ਬਰਾਬਰੀ ਦਾ ਦਰਜਾ ਦਿੱਤਾ, ਉਥੇ ਇਸਤਰੀ ਨੂੰ ਬਰਾਬਰ ਦਾ ਰੁਤਬਾ ਕੇਵਲ ਬਖਸ਼ਸ਼ ਹੀ ਨਹੀਂ ਕੀਤਾ ਬਲਕਿ ਇਸ ਨੂੰ ਸਥਾਪਤ ਕਰਨ ਲਈ ਲਗਾਤਾਰ ਕਾਰਜਸ਼ੀਲ ਰਹੇ।

ਅਜੋਕੇ ਸਮੇਂ ਵਿਚ ਭਾਵੇਂ ਪੰਜਾਬੀ ਔਰਤ ਨੇ ਪੜ੍ਹਾਈ-ਲਿਖਾਈ ਪੱਖੋਂ ਕਾਫੀ ਤਰੱਕੀ ਕੀਤੀ ਹੈ; 2001 ਵਿਚ ਪੰਜਾਬ ਵਿਚ ਕੁਲ ਲਿਟਰੇਸੀ ਰੇਟ 69.65% ਸੀ ਜਿਸ ਵਿਚ ਲੜਕੀਆਂ ਦਾ ਲਿਟਰੇਸੀ ਰੇਟ 75.23% ਤੇ ਲੜਕੀਆਂ ਦਾ 63.36% ਸੀ। 2011 ਵਿਚ ਕੁੱਲ ਲਿਟਰੇਸੀ ਰੇਟ 75.84% ਹੋ ਗਿਆ, ਉਥੇ ਲੜਕਿਆਂ ਦਾ ਵਧ ਕੇ 80.44% ਹੋ ਗਿਆ ਅਤੇ ਲੜਕੀਆਂ ਦਾ ਕਰੀਬ 70.43%। ਕਹਿ ਸਕਦੇ ਹਾਂ ਕਿ ਜਿੱਥੇ ਪੰਜਾਬ ਪੜ੍ਹਾਈ-ਲਿਖਾਈ ਪੱਖੋਂ ਅੱਗੇ ਵਧਿਆ, ਉਥੇ ਲੜਕੀਆਂ ਨੇ ਵੀ ਇਸ ਖੇਤਰ ਵਿਚ ਜ਼ਿਕਰਯੋਗ ਤਰੱਕੀ ਕੀਤੀ ਹੈ। ਪਰ ਫਿਰ ਵੀ ਲੜਕੀਆਂ ਕੁੱਲ ਅਬਾਦੀ ਦੇ ਹਿਸਾਬ ਨਾਲ ਪੜ੍ਹਾਈ ਦੇ ਖੇਤਰ ਵਿਚ ਮੁੰਡਿਆਂ ਤੋਂ ਅਜੇ ਵੀ ਪਿੱਛੇ ਹਨ। ਉਂਜ ਲੜਕੀਆਂ ਨੇ ਕਾਫੀ ਤਾਦਾਦ ਵਿਚ ਉਨ੍ਹਾਂ ਖੇਤਰਾਂ ਵਿਚ ਵੀ ਰਸਾਈ ਕਰ ਲਈ ਹੈ, ਜਿਨ੍ਹਾਂ ਨੂੰ ਨਿਰੋਲ ਆਦਮੀਆਂ ਲਈ ਰਾਖਵਾਂ ਖੇਤਰ ਸਮਝਿਆ ਜਾਂਦਾ ਸੀ ਜਿਵੇਂ ਤਕਨੀਕੀ ਮੁਹਾਰਤ ਅਤੇ ਪੁਲਿਸ ਤੇ ਬਾਰਡਰ ਸਿਕਿਉਰਿਟੀ ਵਰਗੇ ਅਦਾਰੇ।

ਜਿੱਥੋਂ ਤੱਕ ਮਸਲਿਆਂ ਜਾਂ ਚੁਣੌਤੀਆਂ ਦਾ ਸਬੰਧ ਹੈ, ਉਹ ਵਿੱਦਿਆ ਦਾ ਪਸਾਰ ਹੋਣ ਅਤੇ ਮੁੰਡਿਆਂ ਦੇ ਬਰਾਬਰ ਨੌਕਰੀਆਂ ਵਿਚ ਰਸਾਈ ਹੋਣ ਦੇ ਬਾਵਜੂਦ ਉਵੇਂ ਹੀ ਮੂੰਹ ਅੱਡੀ ਖੜ੍ਹੀਆਂ ਹਨ। ਨਾਲ ਹੀ ਬਹੁਤ ਸਾਰੀਆਂ ਨਵੀਆਂ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਇਨ੍ਹਾਂ ਸਭ ਦਾ ਹੱਲ ਪੰਜਾਬੀ ਔਰਤ ਨੂੰ ਖੁਦ ਹੀ ਲੱਭਣਾ ਅਤੇ ਕਰਨਾ ਪੈਣਾ ਹੈ। ਜਿਨ੍ਹਾਂ ਚੁਣੌਤੀਆਂ ਦੀ ਉਪਰ ਅਮਰੀਕਨ ਔਰਤ ਦੇ ਸੰਦਰਭ ਵਿਚ ਗੱਲ ਕੀਤੀ ਗਈ ਹੈ, ਉਹ ਪੰਜਾਬੀ ਔਰਤ ਦੇ ਸਾਹਮਣੇ ਵੀ ਉਵੇਂ ਹੀ ਕਾਇਮ ਹਨ। ਮਿਸਾਲ ਵਜੋਂ ਪੰਜਾਬ ਵਿਚ ਪਿਛਲੇ ਵਰ੍ਹਿਆਂ ਦੌਰਾਨ ਭਾਵੇਂ ਵਿੱਦਿਆ ਦੇ ਖੇਤਰ ਵਿਚ, ਖਾਸ ਕਰ ਇਸਤਰੀ ਦੀ ਵਿੱਦਿਆ ਦੇ ਪੱਖੋਂ ਕਾਫੀ ਤਰੱਕੀ ਹੋਈ ਹੈ ਅਤੇ ਕੰਮਕਾਜੀ ਔਰਤਾਂ ਦੀ ਗਿਣਤੀ ਵਧੀ ਹੈ। ਪਰ ਜੇ ਔਰਤ ਦੇ ਮਾਣ-ਸਨਮਾਨ ਦੀ ਗੱਲ ਕਰੀਏ ਤਾਂ ਇਸ ਸਬੰਧੀ ਗਰਾਫ ਨੀਚੇ ਹੀ ਆਇਆ ਹੈ, ਹਾਲਾਂਕਿ ਵਿੱਦਿਆ ਦੇ ਪਸਾਰ ਨਾਲ ਉਸ ਦੇ ਮਾਣ-ਸਨਮਾਨ ਦੀ ਰੱਖਿਆ ਵਿਚ ਵੀ ਵਾਧਾ ਹੋਣਾ ਚਾਹੀਦਾ ਸੀ।

ਵਰਿੰਦਾ ਸ਼ਰਮਾ ਵੱਲੋਂ ਕੀਤੇ ਗਏ ਇੱਕ ਸਰਵੇਖਣ ਅਨੁਸਾਰ ਔਰਤਾਂ 'ਤੇ ਸਰੀਰਕ ਹਮਲਿਆਂ, ਦਾਜ ਲਈ ਮੌਤਾਂ, ਮਾਦਾ ਭਰੂਣ ਹੱਤਿਆ ਆਦਿ ਦੇ ਮਾਮਲਿਆਂ ਵਿਚ ਸੰਨ 2008 ਤੋਂ ਵਾਧਾ ਹੋਇਆ ਹੈ। ਔਰਤਾਂ ਨੂੰ ਅਗਵਾ ਕਰਨ ਦੇ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ ਲੁਧਿਆਣਾ ਤੇ ਜਲੰਧਰ ਵਿਚ ਸਾਰੇ ਪੰਜਾਬ ਵਿਚੋਂ ਵੱਧ ਸੀ; ਬਲਾਤਕਾਰ ਦੇ ਕੇਸ ਲੁਧਿਆਣਾ ਵਿਚ ਸਭ ਤੋਂ ਵੱਧ ਦਰਜ ਹੋਏ। ਸਰੀਰਕ ਹਮਲੇ, ਬਲਾਤਕਾਰ, ਦਾਜ ਲਈ ਮੌਤਾਂ ਦੇ ਨਾਲ ਨਾਲ ਔਰਤਾਂ ਨਾਲ ਜੁੜੀ ਪੰਜਾਬ ਵਿਚ ਇੱਕ ਹੋਰ ਗੰਭੀਰ ਸਮੱਸਿਆ ਪਰਵਾਸੀ ਲਾੜਿਆਂ ਵੱਲੋਂ ਵਿਆਹ ਪਿਛੋਂ ਕੁੜੀਆਂ ਨੂੰ ਪਿੱਛੇ ਪੰਜਾਬ ਵਿਚ ਛੱਡ ਜਾਣਾ ਹੈ। ਮਾਦਾ ਭਰੂਣ ਹੱਤਿਆ ਨੂੰ ਰੋਕਣ ਲਈ ਅਲਟਰਾ ਸਾਊਂਡ ਕੇਂਦਰਾਂ 'ਤੇ ਸ਼ਿਕੰਜਾ ਕੱਸਣ ਦੇ ਬਾਵਜੂਦ ਇਸ ਸਮੱਸਿਆ ਨੂੰ ਪੂਰੀ ਤਰ੍ਹਾਂ ਰੋਕਿਆ ਨਹੀਂ ਜਾ ਸਕਿਆ।

ਔਰਤਾਂ ਦੀਆਂ ਮੁਸ਼ਕਿਲਾਂ ਪ੍ਰਤੀ ਸੰਵੇਦਨਸ਼ੀਲ ਮੈਡੀਕਲ ਕਿੱਤੇ ਨਾਲ ਜੁੜੀ ਡਾ. ਹਰਸ਼ਿੰਦਰ ਕੌਰ ਵੱਲੋਂ ਸਮੇਂ ਸਮੇਂ ਨਸ਼ਰ ਹੁੰਦੇ ਅੰਕੜਿਆਂ ਤੇ ਅਖਬਾਰਾਂ ਵਿਚ ਛਪਦੀਆਂ ਖਬਰਾਂ ਬਾਰੇ ਗਾਹੇ-ਬਗਾਹੇ ਕੀਤੀ ਜਾਂਦੀ ਚਰਚਾ ਤੋਂ ਪਤਾ ਲੱਗਦਾ ਹੈ ਕਿ ਬਲਾਤਕਾਰ ਦੀ ਸਮੱਸਿਆ ਵੀ ਕੋਈ ਬਹੁਤ ਜ਼ਿਆਦਾ ਘਟੀ ਨਹੀਂ ਹੈ ਬਲਕਿ ਪਿਛਲੇ ਕੁਝ ਸਾਲਾਂ ਵਿਚ ਛੋਟੀਆਂ ਬੱਚੀਆਂ ਨੂੰ ਵੀ ਇਸ ਘਿਨੌਣੀ ਹਰਕਤ ਦਾ ਸ਼ਿਕਾਰ ਬਣਾਇਆ ਜਾਂਦਾ ਰਿਹਾ ਹੈ। ਪੰਜਾਬ ਵਿਚ ਸਥਾਪਤ ਕੀਤੇ ਬੁਢਾਪਾ ਕੇਂਦਰਾਂ ਜਾਂ ਪਿੰਗਲਵਾੜੇ ਵਿਚ ਦੇਖਿਆ ਜਾ ਸਕਦਾ ਹੈ ਕਿ ਇਨ੍ਹਾਂ ਵਿਚ ਔਰਤਾਂ ਦੀ ਗਿਣਤੀ ਪੁਰਸ਼ਾਂ ਨਾਲੋਂ ਵੱਧ ਹੈ, ਜਿਨ੍ਹਾਂ ਨੂੰ ਦੇਖ-ਭਾਲ ਅਤੇ ਸਹਾਰੇ ਦੀ ਜ਼ਰੂਰਤ ਹੈ।

ਇਸਤਰੀ ਦੇ ਆਪਣੇ ਸਵੈ ਨਾਲ ਜੁੜੀਆਂ ਇਨ੍ਹਾਂ ਸਮੱਸਿਆਵਾਂ, ਜਿਨ੍ਹਾਂ ਦਾ ਉਪਰ ਜ਼ਿਕਰ ਕੀਤਾ ਹੈ, ਦੇ ਨਾਲ ਨਾਲ ਅਜਿਹੀਆਂ ਸਮਾਜਕ ਅਤੇ ਆਰਥਕ ਸਮੱਸਿਆਵਾਂ ਵੀ ਹਨ ਜੋ ਭਾਵੇਂ ਉਪਰੀ ਨਜ਼ਰੇ ਦੇਖਿਆਂ ਪੰਜਾਬੀ ਇਸਤਰੀ ਨਾਲ ਸਬੰਧਤ ਨਹੀਂ ਜਾਪਦੀਆਂ ਪਰ ਜਿਨ੍ਹਾਂ ਦਾ ਸਾਹਮਣਾ ਇਸਤਰੀ ਨੂੰ ਗੰਭੀਰ ਰੂਪ ਵਿਚ ਕਰਨਾ ਪੈ ਰਿਹਾ ਹੈ ਅਤੇ ਜਿਸ ਦਾ ਮਾਰੂ ਅਸਰ ਵੀ ਮਾਨਸਕ ਤੇ ਸਮਾਜਕ ਤੌਰ 'ਤੇ ਸਭ ਤੋਂ ਵੱਧ ਔਰਤ ਨੂੰ ਹੀ ਝੱਲਣਾ ਪੈਂਦਾ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿਚ ਕਰਜ਼ੇ ਦੇ ਬੋਝ ਹੇਠ ਦਬ ਕਰਕੇ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ ਵਿਚ ਚਿੰਤਾਜਨਕ ਵਾਧਾ ਹੋਇਆ ਹੈ; ਇਸ ਦੇ ਨਾਲ ਹੀ ਨਸ਼ਿਆਂ ਨੇ ਪੰਜਾਬ ਦੀ ਜੁਆਨੀ ਤੇ ਮਾਰੂ ਅਸਰ ਪਾਇਆ ਹੈ ਭਾਵੇਂ ਸਿਆਸਤਦਾਨ ਇਸ ਸਬੰਧੀ ਲਗਾਤਾਰ ਝੂਠ ਬੋਲਦੇ ਅਤੇ ਲੋਕਾਂ ਨੂੰ ਗੁੰਮਰਾਹ ਕਰਦੇ ਆ ਰਹੇ ਹਨ ਕਿ ਪੰਜਾਬ ਵਿਚ ਨਸ਼ਿਆਂ ਦੀ ਕੋਈ ਸਮੱਸਿਆ ਨਹੀਂ ਹੈ। ਗੈਂਗ ਸਭਿਆਚਾਰ ਨੇ ਅਲੱਗ ਤਰ੍ਹਾਂ ਨਾਲ ਪੰਜਾਬ ਦੇ ਸਮਾਜਕ ਤਾਣੇ-ਬਾਣੇ ਨੂੰ ਤਬਾਹ ਕੀਤਾ ਹੈ; ਬੇਰੁਜ਼ਗਾਰੀ ਦੀ ਸਰਾਲ ਪੜ੍ਹੇ-ਲਿਖੇ ਨੌਜਵਾਨਾਂ ਦਾ ਲਹੂ ਪੀ ਰਹੀ ਹੈ; ਮਿੱਟੀ, ਪਾਣੀ ਅਤੇ ਹਵਾ-ਸਭ ਵਿਚ ਪ੍ਰਦੂਸ਼ਣ ਇਸ ਹੱਦ ਤੱਕ ਫੈਲ ਗਿਆ ਹੈ ਕਿ ਹਰ ਸਾਲ ਕੈਂਸਰ ਤੇ ਡੈਂਗੂ ਜਿਹੀਆਂ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ।


ਇਥੇ ਹੀ ਬੱਸ ਨਹੀਂ! ਇੱਕ ਹੋਰ ਪ੍ਰਦੂਸ਼ਣ ਵੀ ਪੂਰੇ ਹਮਲਾਵਰ ਰੂਪ ਵਿਚ ਫੈਲ ਰਿਹਾ ਹੈ ਜਿਸ ਨੂੰ ਸਭਿਆਚਾਰਕ ਪ੍ਰਦੂਸ਼ਣ ਕਹਿ ਸਕਦੇ ਹਾਂ। ਇਹ ਪ੍ਰਦੂਸ਼ਣ ਫੈਲਾਉਣ ਵਿਚ ਪੈਸਾ ਕਮਾਉਣ ਦੀ ਹੋੜ ਤੇ ਦੌੜ ਦੇ ਸ਼ੈਦਾਈ ਗੀਤਕਾਰਾਂ ਅਤੇ ਗਾਇਕਾਂ ਦਾ ਵੱਡਾ ਹੱਥ ਹੈ। ਇਸ ਵਰਗ ਵਿਚਲੀ ਜੁੰਡਲੀ ਨੇ ਜਿੱਥੇ ਪੰਜਾਬੀ ਸਮਾਜ ਵਿਚ ਹਿੰਸਾ ਅਤੇ ਨਸ਼ੇ ਫੈਲਾਏ ਹਨ, ਉਥੇ ਔਰਤ ਦੇ ਵੱਕਾਰ ਨੂੰ ਵੱਡੀ ਸੱਟ ਮਾਰੀ ਹੈ। ਲੱਚਰ ਗਾਇਕੀ ਇੱਕ ਅਲੱਗ ਕਿਸਮ ਦਾ ਕੈਂਸਰ ਹੈ ਜਿਸ ਦੀਆਂ ਜੜ੍ਹਾਂ ਸਾਡੇ ਸਭਿਆਚਾਰ ਵਿਚ ਬੁਰੀ ਤਰ੍ਹਾਂ ਫੈਲ ਗਈਆਂ ਹਨ।

ਸਵਾਲ ਹੈ ਕਿ ਇਨ੍ਹਾਂ ਸਭ ਸਮੱਸਿਆਵਾਂ ਵਿਚ ਘਿਰੀ ਪੰਜਾਬੀ ਔਰਤ ਕੀ ਕਰੇ? ਇਹ ਸਮੱਸਿਆਵਾਂ, ਜੋ ਉਸ ਦੇ ਅਖਤਿਆਰ ਤੋਂ ਬਿਲਕੁਲ ਹੀ ਬਾਹਰ ਜਾਪਦੀਆਂ ਹਨ, ਉਸ ਦੇ ਵੱਸ ਤੋਂ ਬਾਹਰੀਆਂ ਹਨ, ਉਨ੍ਹਾਂ ਨਾਲ ਕਿਵੇਂ ਜੂਝੇ? ਇਨ੍ਹਾਂ ਸਭ ਸਮੱਸਿਆਵਾਂ ਦਾ ਹੱਲ ਇਸਤਰੀ ਦੇ ਪੜ੍ਹੀ-ਲਿਖੀ ਹੋਣ ਤੇ ਸ਼ਕਤੀਸ਼ਾਲੀ ਹੋਣ ਨਾਲ ਜੁੜਿਆ ਹੋਇਆ ਹੈ। ਜਿੱਥੋਂ ਤੱਕ ਵਿੱਦਿਆ ਦਾ ਸਵਾਲ ਹੈ, ਹੁਣ ਪੰਜਾਬ ਵਿਚ ਇਸਤਰੀ ਵਿੱਦਿਆ ਦਾ ਗਰਾਫ ਕਾਫੀ ਉਚਾ ਹੋ ਗਿਆ ਹੈ। ਪਰ ਜਿਵੇਂ ਉਤੇ ਅਮਰੀਕਨ ਇਸਤਰੀ ਦੇ ਹਵਾਲੇ ਨਾਲ ਗੱਲ ਕੀਤੀ ਸੀ, ਉਵੇਂ ਹੀ ਪੰਜਾਬੀ ਇਸਤਰੀ ਨੂੰ ਵੀ ਹਾਲੇ ਪੁਰਸ਼ਾਂ ਦੇ ਬਰਾਬਰ ਆਉਣ ਲਈ ਬਹੁਤ ਕੁਝ ਕਰਨਾ ਪੈਣਾ ਹੈ। ਉਸ ਨੂੰ ਸਿਆਸੀ ਖੇਤਰ ਵਿਚ ਆਪਣੀ ਸ਼ਮੂਲੀਅਤ ਵਧਾਉਣੀ ਪੈਣੀ ਹੈ, ਕਿਉਂਕਿ ਇਸ ਖੇਤਰ ਵਿਚ ਕਾਰਜਸ਼ੀਲ ਹੋਏ ਬਿਨਾ ਉਸ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਣਾ ਸੰਭਵ ਨਹੀਂ ਹੈ। ਅਕਾਦਮਿਕਤਾ ਵਿਚ ਇਸਤਰੀ ਦਾ ਯੋਗਦਾਨ ਪੁਰਸ਼ਾਂ ਨਾਲੋਂ ਘੱਟ ਨਹੀਂ ਹੈ ਪਰ ਜਿੱਥੋਂ ਤੱਕ ਉਚੇ ਅਹੁਦਿਆਂ ਦਾ ਸਵਾਲ ਹੈ ਤਾਂ ਪਹਿਲ ਹਮੇਸ਼ਾ ਪੁਰਸ਼ਾਂ ਨੂੰ ਹੀ ਦਿੱਤੀ ਜਾਂਦੀ ਹੈ ਅਤੇ ਜੇ ਕੋਈ ਇਸਤਰੀ ਕਿਸੇ ਵੱਡੇ ਅਹੁਦੇ 'ਤੇ ਆ ਵੀ ਜਾਵੇ ਤਾਂ ਉਸ ਨੂੰ ਸਹੀ ਤਰੀਕੇ ਨਾਲ ਕੰਮ ਹੀ ਨਹੀਂ ਕਰਨ ਦਿੱਤਾ ਜਾਂਦਾ, ਬੇਸ਼ਕ ਉਹ ਉਸ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਕਿੰਨੀ ਵੀ ਸਮਰੱਥ ਕਿਉਂ ਨਾ ਹੋਵੇ।

ਪਿੰਡ ਪੱਧਰ ਦੀ ਪੰਚਾਇਤ ਤੋਂ ਲੈ ਕੇ ਸ਼ਹਿਰ ਦੀਆਂ ਮਿਊਂਸਪਲ ਕਮੇਟੀਆਂ ਤੇ ਵਿਧਾਨ ਸਭਾ ਤੱਕ ਇਸਤਰੀ ਦਾ ਪਹੁੰਚਣਾ ਬਹੁਤ ਜ਼ਰੂਰੀ ਹੈ। ਇਹ ਭ੍ਰਿਸ਼ਟਾਚਾਰ ਜੋ ਸਿਆਸੀ ਖੇਤਰ ਤੋਂ ਲੈ ਕੇ ਸਮਾਜਕ ਅਤੇ ਸਭਿਆਚਾਰਕ ਖੇਤਰ ਵਿਚ ਜੜ੍ਹਾਂ ਤੱਕ ਫੈਲ ਗਿਆ ਹੈ, ਦਾ ਇਲਾਜ ਇਸਤਰੀ ਨੂੰ ਮਿਲ ਬੈਠ ਕੇ ਹੀ ਲੱਭਣਾ ਪੈਣਾ ਹੈ। ਸਿਆਸਤਦਾਨ ਆਪਣਾ ਤੋਰੀ ਫੁਲਕਾ ਚਲਾਉਣ ਲਈ ਅਤੇ ਤਾਕਤ ਵਿਚ ਬਣੇ ਰਹਿਣ ਲਈ ਹਰ ਤਰ੍ਹਾਂ ਦੇ ਭ੍ਰਿਸ਼ਟਾਚਾਰ ਨੂੰ ਸ਼ਹਿ ਦੇ ਰਹੇ ਹਨ। ਅੱਜ ਜੇ ਪੰਜਾਬ ਨੂੰ ਨਸ਼ਿਆਂ ਦੀ ਮਾਰ ਝੱਲਣੀ ਪੈ ਰਹੀ ਹੈ, ਥਾਂ ਥਾਂ ਸ਼ਰਾਬ ਦੇ ਠੇਕੇ ਖੁਲ੍ਹੇ ਹੋਏ ਹਨ, ਨਸ਼ਾ ਤਸਕਰੀ ਨੂੰ ਕੋਈ ਨੱਥ ਨਹੀਂ ਪੈ ਰਹੀ, ਗੁੰਡਾ ਸਭਿਆਚਾਰ ਸਮਾਜ ਨੂੰ ਭੈ-ਭੀਤ ਕਰ ਰਿਹਾ ਹੈ ਤਾਂ ਇਸ ਦਾ ਸਭ ਤੋਂ ਵੱਡਾ ਕਾਰਨ ਗੈਰ-ਸਮਾਜਕ ਅਨਸਰਾਂ ਨੂੰ ਮਿਲ ਰਹੀ ਸਿਆਸੀ ਸਰਪ੍ਰਸਤੀ ਹੈ।

ਇਸਤਰੀ ਸ਼ਕਤੀ ਨੂੰ ਇਕੱਠਿਆਂ ਕੀਤੇ ਬਿਨਾ ਇਨ੍ਹਾਂ ਸਭ ਸਮੱਸਿਆਵਾਂ ਨਾਲ ਦੋ-ਚਾਰ ਹੋ ਸਕਣਾ ਸੰਭਵ ਨਹੀਂ ਹੈ। ਇਸ ਲਈ ਜ਼ਰੂਰੀ ਹੈ ਕਿ ਇਸਤਰੀ ਸ਼ਕਤੀ ਨੂੰ ਕਾਰਜਸ਼ੀਲ ਕਰਨ ਵਾਸਤੇ ਇਸਤਰੀ ਸੰਗਠਿਤ ਹੋਵੇ ਅਤੇ ਇਹ ਸੰਗਠਨ ਪਿੰਡ ਪੱਧਰ ਤੋਂ ਕੀਤਾ ਜਾਵੇ ਅਤੇ ਇਸਤਰੀ ਨੂੰ ਉਸ ਦੇ ਹੱਕਾਂ, ਸਮਾਜ ਦੀਆਂ ਸਮੱਸਿਆਵਾਂ ਤੇ ਇਨ੍ਹਾਂ ਸਮੱਸਿਆਵਾਂ ਨਾਲ ਸਿੱਝਣ ਪ੍ਰਤੀ ਚੇਤੰਨ ਕੀਤਾ ਜਾਵੇ। ਇਸ ਪਾਸੇ ਪੜ੍ਹੀ-ਲਿਖੀ ਇਸਤਰੀ ਚੰਗੀ ਭੂਮਿਕਾ ਨਿਭਾ ਸਕਦੀ ਹੈ। ਅਸੀਂ ਸਭ ਜਾਣਦੇ ਹਾਂ ਕਿ ਪੰਜਾਬ ਵਿਧਾਨ ਸਭਾ ਦੇ 117 ਮੈਂਬਰਾਂ ਵਿਚ ਇਸਤਰੀ ਵਿਧਾਇਕਾਂ ਦੀ ਗਿਣਤੀ ਮਹਿਜ਼ ਛੇ ਕੁ ਹੈ। ਇਸ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਿਆਸੀ ਖੇਤਰ ਵਿਚ ਇਸਤਰੀ ਦੀ ਕਿੰਨੀ ਕੁ ਸ਼ਮੂਲੀਅਤ ਹੈ। ਪੰਜਾਬੀ ਇਸਤਰੀ ਨੂੰ ਵੀ ਪੁਰਸ਼ਾਂ ਦੇ ਬਰਾਬਰ ਜਾਣ ਲਈ ਸਿਆਸਤ ਵਿਚ ਆਪਣੀ ਸ਼ਮੂਲੀਅਤ ਵਧਾਉਣ ਲਈ ਬਹੁਤ ਕੁਝ ਕਰਨਾ ਪੈਣਾ ਹੈ। ਅੱਜ ਦੀਆਂ ਧੀਆਂ ਆਉਣ ਵਾਲੇ ਕੱਲ ਦੀਆਂ ਮਾਂਵਾਂ ਹਨ ਅਤੇ ਵੱਧ ਚੇਤੰਨ ਵੀ ਹਨ। ਇਸ ਲਈ ਉਨ੍ਹਾਂ ਨੂੰ ਹੰਭਲਾ ਮਾਰ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਬਣਾ ਤੇ ਬਚਾ ਸਕਣ।

# ਸੋਸ਼ਲ ਮੀਡੀਆ 'ਤੇ ਉਡਦੀਆਂ ਅਫਵਾਹਾਂ: ਕਾਰਨ ਅਤੇ ਨਿਵਾਰਨ



ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 91-75892-33437

ਜ਼ਮਾਨਾ ਸੋਸ਼ਲ ਮੀਡੀਏ ਦਾ ਹੈ। ਮਨੁੱਖ ਸੋਸ਼ਲ ਮੀਡੀਏ ਰਾਹੀਂ ਇੱਕ-ਦੂਜੇ ਨਾਲ ਜੁੜਿਆ ਹੋਇਆ ਹੈ। ਖਾਸ ਗੱਲ ਇਹ ਕਿ ਹੁਣ ਨੌਜਵਾਨਾਂ ਦੇ ਨਾਲ ਵਡੇਰੀ ਉਮਰ ਦੇ ਲੋਕ ਵੀ ਸੋਸ਼ਲ ਮੀਡੀਏ 'ਤੇ ਸਰਗਰਮ ਰਹਿੰਦੇ ਹਨ। ਬਹੁਤ ਸਾਰੇ ਸੇਵਾਮੁਕਤ ਅਫਸਰ, ਕਰਮਚਾਰੀ ਅਤੇ ਪਿੰਡਾਂ ਵਿਚ ਰਹਿੰਦੇ ਆਮ ਲੋਕ ਵੀ ਸੋਸ਼ਲ ਮੀਡੀਏ ਨਾਲ ਜੁੜੇ ਹੋਏ ਹਨ। ਇੱਕ ਪਾਸੇ ਸੋਸ਼ਲ ਮੀਡੀਆ ਖਬਰਾਂ/ਸੁਨੇਹੇ ਅਤੇ ਹਾਲਚਾਲ ਜਾਣਨ/ਪੁੱਛਣ ਦਾ ਵਧੀਆ ਜ਼ਰੀਆ ਹੈ, ਦੂਜੇ ਪਾਸੇ ਇਸ ਹਥਿਆਰ ਨਾਲ ਅਫਵਾਹਾਂ ਦਾ ਬਾਜ਼ਾਰ ਵੀ ਅਕਸਰ ਗਰਮ ਕਰ ਦਿੱਤਾ ਜਾਂਦਾ ਹੈ। ਇਨ੍ਹਾਂ ਅਫਵਾਹਾਂ ਦੇ ਕਈ ਕਾਰਨ ਉਭਰ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਨੂੰ ਸਮਝ ਕੇ ਇਨ੍ਹਾਂ ਤੋਂ ਆਸਾਨੀ ਨਾਲ ਬਚਿਆ ਜਾ ਸਕਦਾ ਹੈ ਅਤੇ ਸਮਾਜ ਨੂੰ ਵੀ ਬਚਾਇਆ ਜਾ ਸਕਦਾ ਹੈ।

ਸਿਆਸੀ ਪਾਰਟੀਆਂ ਦੇ ਆਈ. ਟੀ. ਸੈਲ ਅਫਵਾਹਾਂ ਫੈਲਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਚੋਣਾਂ ਦੇ ਨੇੜੇ ਸਿਆਸੀ ਪਾਰਟੀਆਂ ਦੇ ਪੱਖ/ਵਿਰੋਧ ਵਾਲੇ ਕਈ ਤਰ੍ਹਾਂ ਦੇ ਸੰਦੇਸ਼ ਵੱਟਸਐਪ, ਫੇਸਬੁੱਕ, ਟਵਿਟਰ ਅਤੇ ਹੋਰ ਸੋਸ਼ਲ ਸਾਈਟਾਂ ਉਪਰ ਆਉਣੇ ਸ਼ੁਰੂ ਹੋ ਜਾਂਦੇ ਹਨ ਪਰ ਚੋਣਾਂ ਪਿਛੋਂ ਕੋਈ ਸੰਦੇਸ਼ ਨਹੀਂ ਆਉਂਦਾ। ਇਸ ਕਾਰਨ ਇਨ੍ਹਾਂ ਸੰਦੇਸ਼ਾਂ ਨੂੰ ਫੈਲਾਉਣ/ਪ੍ਰਚਾਰਨ ਦਾ ਪੂਰਾ ਇਸ਼ਾਰਾ ਸਿਆਸੀ ਪਾਰਟੀਆਂ ਦੇ ਆਈ. ਟੀ. ਸੈਲ ਵੱਲ ਜਾਂਦਾ ਹੈ। ਸਿਆਸੀ ਪਾਰਟੀਆਂ ਇੱਕ-ਦੂਜੇ ਦੀਆਂ ਝੂਠੀਆਂ ਖਬਰਾਂ ਮਸਾਲਾ ਲਾ ਕੇ ਆਮ ਲੋਕਾਂ ਸਾਹਮਣੇ ਪੇਸ਼ ਕਰਦੀਆਂ ਹਨ ਤਾਂ ਕਿ ਉਸ ਪਾਰਟੀ/ਆਗੂ ਦਾ ਅਕਸ ਲੋਕਾਂ ਦੀਆਂ ਨਜ਼ਰਾਂ ਵਿਚ ਖਰਾਬ ਕੀਤਾ ਜਾ ਸਕੇ। ਅਸਲ ਵਿਚ ਇਹ ਆਪਣੇ ਮੁਨਾਫੇ ਨੂੰ ਸਾਹਮਣੇ ਰੱਖ ਕੇ ਵਿਚਾਰਿਆ ਜਾਂਦਾ ਹੈ ਕਿ ਕਿਸ ਪਾਰਟੀ ਨੂੰ ਅਤੇ ਕਿਸ ਆਗੂ ਨੂੰ ਨਿਸ਼ਾਨਾ ਬਣਾਉਣਾ ਹੈ, ਤਾਂ ਕਿ ਲੋਕਾਂ ਨੂੰ ਭਰਮਾਇਆ ਜਾ ਸਕੇ ਅਤੇ ਆਪਣੀ ਪਾਰਟੀ ਦੀ ਜਿੱਤ ਯਕੀਨੀ ਬਣਾਈ ਜਾ ਸਕੇ।

ਸਨਅਤੀ ਖੇਤਰ ਵਿਚ ਕੰਪਨੀਆਂ ਆਪਣਾ ਮਾਲ ਵੱਧ ਵੇਚਣ ਦੇ ਚੱਕਰ ਵਿਚ ਦੂਜੀ ਕੰਪਨੀ ਦੇ ਮਾਲ ਨੂੰ ਖਰਾਬ ਦੱਸਣ ਲਈ ਸੋਸ਼ਲ ਮੀਡੀਏ ਦਾ ਸਹਾਰਾ ਲੈਂਦੀਆਂ ਹਨ ਤਾਂ ਕਿ ਦੂਜੀ ਕੰਪਨੀ ਦੇ ਮਾਲ ਦੀ ਕਵਾਲਿਟੀ ਨੂੰ ਖਰਾਬ ਦੱਸ ਕੇ ਆਪਣੀ ਕੰਪਨੀ ਦਾ ਮੁਨਾਫਾ ਵਧ ਸਕੇ। ਕਈ ਵਾਰ ਝੂਠੀਆਂ ਤਸਵੀਰਾਂ ਬਣਾ ਕੇ ਵੀ ਸੋਸ਼ਲ ਮੀਡੀਏ 'ਤੇ ਪਾਈਆਂ ਜਾਂਦੀਆਂ ਹਨ ਕਿ ਫਲਾਣੀ ਕੰਪਨੀ ਦੀ ਦਵਾਈ ਨਾਲ ਇਸ ਬੰਦੇ ਦਾ ਇਹ ਹਾਲ ਹੋ ਗਿਆ। ਇਨ੍ਹਾਂ ਤਸਵੀਰਾਂ/ਖਬਰਾਂ ਦਾ ਮਕਸਦ ਉਸ ਕੰਪਨੀ ਨੂੰ ਨੁਕਸਾਨ ਪਹੁੰਚਾਉਣਾ ਤੇ ਆਪਣੀ ਕੰਪਨੀ ਦਾ ਮੁਨਾਫਾ ਕਰਨਾ ਹੁੰਦਾ ਹੈ, ਇਸ ਤੋਂ ਵੱਧ ਕੁਝ ਨਹੀਂ।

ਅਖੌਤੀ ਬਾਬੇ ਵੀ ਲੋਕਾਂ ਦਾ ਆਰਥਕ ਸ਼ੋਸ਼ਣ ਕਰਨ ਲਈ ਅਕਸਰ ਸੋਸ਼ਲ ਮੀਡੀਏ ਦਾ ਸਹਾਰਾ ਲੈਂਦੇ ਹਨ। ਅਸੀਂ ਅਕਸਰ ਅਜਿਹੇ ਸੰਦੇਸ਼ ਆਪਣੀ ਸੋਸ਼ਲ ਸਾਈਟ ਜਾਂ ਵੱਟਸਐਪ, ਫੇਸਬੁੱਕ 'ਤੇ ਦੇਖਦੇ ਹਾਂ ਜਿਨ੍ਹਾਂ ਵਿਚ ਕਿਸੇ ਚਮਤਕਾਰੀ ਬਾਬੇ ਦੀ ਮਹਿਮਾ ਦਾ ਵਿਖਿਆਨ ਕੀਤਾ ਗਿਆ ਹੁੰਦਾ ਹੈ। ਪਰ ਅਸਲ ਵਿਚ ਇਹ ਵਪਾਰਕ ਦ੍ਰਿਸ਼ਟੀ ਨਾਲ ਫੈਲਾਇਆ ਚਿੱਟਾ ਝੂਠ ਹੁੰਦਾ ਹੈ। ਇਨ੍ਹਾਂ ਦਾ ਮੂਲ ਮਨੋਰਥ ਵੀ ਲੋਕਾਂ ਦੇ ਮਨਾਂ ਵਿਚ ਪ੍ਰਭਾਵ ਛੱਡਣਾ ਹੁੰਦਾ ਹੈ ਤਾਂ ਕਿ ਉਨ੍ਹਾਂ ਨੂੰ ਭਰਮਾ ਕੇ ਵੱਧ ਤੋਂ ਵੱਧ ਪੈਸਾ ਕਮਾਇਆ ਜਾ ਸਕੇ।

ਸ਼ਰਾਰਤੀ ਅਨਸਰਾਂ ਵੱਲੋਂ ਜਾਣਬੁਝ ਕੇ ਸ਼ਰਾਰਤ ਵਜੋਂ ਭੇਜਿਆ ਕੋਈ ਸੰਦੇਸ਼ ਵੀ ਕਈ ਵਾਰ ਆਮ ਲੋਕਾਂ ਨੂੰ ਗੁੰਮਰਾਹ ਕਰਦਾ ਹੈ ਅਤੇ ਸਮਾਜ ਅੰਦਰ ਭੰਬਲਭੂਸੇ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਅਜਿਹੇ ਲੋਕ ਪਖੰਡਵਾਦ ਨੂੰ ਵਧਾਉਣ ਵਾਲੇ ਸੰਦੇਸ਼ ਭੇਜ ਕੇ ਸਮਾਜ ਵਿਚ ਵਹਿਮ-ਭਰਮ ਪੈਦਾ ਕਰਨ ਦਾ ਯਤਨ ਕਰਦੇ ਹਨ ਅਤੇ ਆਮ ਲੋਕ ਅਜਿਹੇ ਸੰਦੇਸ਼ਾਂ ਦੇ ਪਿੱਛੇ ਲੁਕੇ ਸਵਾਰਥ ਨੂੰ ਸਮਝ ਨਹੀਂ ਪਾਉਂਦੇ ਤੇ ਲੁੱਟ ਦਾ ਸ਼ਿਕਾਰ ਹੋ ਜਾਂਦੇ ਹਨ।

ਸੋਸ਼ਲ ਮੀਡੀਏ 'ਤੇ ਉਡਦੀਆਂ ਇਨ੍ਹਾਂ ਅਫਵਾਹਾਂ ਤੋਂ ਥੋੜ੍ਹੀ ਜਿਹੀ ਜਾਗਰੂਕਤਾ ਕਰਕੇ ਆਸਾਨੀ ਨਾਲ ਬਚਿਆ ਜਾ ਸਕਦਾ ਹੈ। ਸਮਾਜ ਵਿਚ ਰਹਿੰਦੇ ਜਿਹੜੇ ਲੋਕ ਇਨ੍ਹਾਂ ਅਫਵਾਹਾਂ ਵਿਚਲੇ ਸੱਚ ਨੂੰ ਸਮਝ ਲੈਂਦੇ ਹਨ, ਉਹ ਮਾਨਸਿਕ, ਆਰਥਕ ਅਤੇ ਸਰੀਰਕ ਸ਼ੋਸ਼ਣ ਤੋਂ ਬਚ ਜਾਂਦੇ ਹਨ। ਇੱਥੇ ਕੁਝ ਅਹਿਮ ਨੁਕਤੇ ਦਿੱਤੇ ਜਾ ਰਹੇ ਹਨ ਜਿਨ੍ਹਾਂ ਨੂੰ ਸਮਝ ਕੇ ਸੋਸ਼ਲ ਮੀਡੀਏ 'ਤੇ ਉਡਦੀਆਂ ਅਫਵਾਹਾਂ ਤੋਂ ਬਚਿਆ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਆਪਣੇ ਰਾਜ/ਦੇਸ਼ ਦੇ ਸਿਆਸੀ ਹਾਲਾਤ ਜਾਣੋ। ਮਿਸਾਲ ਵਜੋਂ ਜੇ ਤੁਹਾਡੇ ਰਾਜ ਵਿਚ ਚੋਣਾਂ ਹੋਣ ਵਾਲੀਆਂ ਹਨ ਤਾਂ ਤੁਹਾਨੂੰ ਸਿਆਸੀ ਪਾਰਟੀਆਂ/ਆਗੂਆਂ ਨੂੰ ਬਦਨਾਮ ਕਰਨ ਜਾਂ ਵਡਿਆਉਣ ਵਾਲੇ ਸੰਦੇਸ਼ ਜ਼ਰੂਰ ਆਉਣਗੇ। ਇਨ੍ਹਾਂ ਨੂੰ ਅੱਗੇ ਹੋਰ ਲੋਕਾਂ ਨੂੰ ਨਾ ਭੇਜੋ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਜਾਗਰੂਕ ਕਰੋ ਤਾਂ ਕਿ ਉਹ ਵੀ ਬਿਨਾ ਕਿਸੇ ਜਾਣਕਾਰੀ ਦੇ ਅਜਿਹੇ ਸੰਦੇਸ਼ ਅੱਗੇ ਨਾ ਫੈਲਾਉਣ।

ਕੋਈ ਵੀ ਸਮਾਨ ਖਰੀਦਣ/ਵੇਚਣ ਲਈ ਆਪਣੇ ਇਲਾਕੇ ਦੇ ਜਾਣ-ਪਛਾਣ ਵਾਲੇ ਵਪਾਰੀ ਲੋਕਾਂ ਨਾਲ ਗੱਲਬਾਤ ਕਰੋ ਅਤੇ ਚੀਜ਼ ਦੀ ਸਹੀ ਕੀਮਤ ਤੇ ਕਵਾਲਿਟੀ ਦੀ ਜਾਂਚ ਕਰੋ। ਕਿਸੇ ਫਰਜ਼ੀ ਸੰਦੇਸ਼ 'ਤੇ ਅੱਖਾਂ ਬੰਦ ਕਰਕੇ ਭਰੋਸਾ ਨਾ ਕਰੋ। ਉਂਜ ਤੁਸੀਂ ਇੰਟਰਨੈਟ ਤੋਂ ਵਸਤੂ ਦੀ ਕਵਾਲਿਟੀ/ਕੀਮਤ ਦਾ ਸਹੀ ਮੁਲਾਂਕਣ ਕਰ ਸਕਦੇ ਹੋ।

ਪਖੰਡਵਾਦ ਨੂੰ ਵਧਾਉਣ ਵਾਲੇ ਸੰਦੇਸ਼ ਅਤੇ ਕਿਸੇ ਖਾਸ ਫਿਰਕੇ ਨੂੰ ਨਿਸ਼ਾਨਾ ਬਣਾਉਣ ਵਾਲੇ ਸੰਦੇਸ਼ਾਂ ਨੂੰ ਫੈਲਾਉਣ ਵਿਚ ਹਿੱਸੇਦਾਰ ਨਾ ਬਣੋ। ਕਈ ਵਾਰ ਕਿਸੇ ਪਖੰਡੀ ਬਾਬੇ ਦੀ ਮਹਿਮਾ ਦੇ ਸੰਦੇਸ਼ ਵੀ ਲੋਕਾਂ ਨੂੰ ਭੇਜੇ ਜਾਂਦੇ ਹਨ। ਅਜਿਹੇ ਸੰਦੇਸ਼ਾਂ ਨੂੰ ਤੁਰਤ ਡਿਲੀਟ ਕਰ ਦਿਓ। ਕਿਸੇ ਸ਼ਰਾਰਤੀ ਅਨਸਰ ਵਲੋਂ ਫੈਲਾਏ ਝੂਠ ਨੂੰ ਅੱਗੇ ਭੇਜਣ ਤੋਂ ਗੁਰੇਜ਼ ਕਰੋ। ਦੂਜਾ ਅਹਿਮ ਨੁਕਤਾ, ਜਿਸ ਗੱਲ ਦਾ ਤੁਹਾਨੂੰ ਪੱਕਾ ਯਕੀਨ/ਸਬੂਤ ਨਹੀਂ, ਉਸ ਨੂੰ ਅੱਗੇ ਨਾ ਭੇਜੋ। ਥੋੜ੍ਹੀ ਜਿਹੀ ਜਾਗਰੂਕਤਾ ਨਾਲ ਅਸੀਂ ਸੋਸ਼ਲ ਮੀਡੀਏ 'ਤੇ ਪਰੋਸੀਆਂ ਜਾਂਦੀ ਝੂਠੀਆਂ ਅਫਵਾਹਾਂ ਤੋਂ ਆਸਾਨੀ ਨਾਲ ਬਚ ਸਕਦੇ ਹਾਂ ਅਤੇ ਹੋਰਨਾਂ ਨੂੰ ਵੀ ਬਚਾ ਸਕਦੇ ਹਾਂ।

# ਟਰੂਡੋ ਨੇ ਵੀ ਭਾਰਤ ਵਿਚ 'ਠੰਢੇ ਸਵਾਗਤ' ਪਿਛੇ ਸਾਜ਼ਿਸ਼ ਦੀ ਗੱਲ ਕਬੂਲੀ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਭਾਰਤ ਦੌਰਾ ਖ਼ਤਮ ਹੋਣ ਤੋਂ ਬਾਅਦ ਵੀ ਵਿਵਾਦ ਖਤਮ ਹੋਣ ਵਿਚ ਨਹੀਂ ਆ ਰਿਹਾ। ਭਾਰਤ ਸਰਕਾਰ ਵੱਲੋਂ ਅਣਗੌਲੇ ਅਤੇ ਠੰਢੇ ਸਵਾਗਤ ਦੇ ਮੁੱਦੇ ਉਤੇ ਟਰੂਡੋ ਨੇ ਇਸ ਦਾਅਵੇ ਦੀ ਹਮਾਇਤ ਕੀਤੀ ਹੈ ਕਿ ਖਾਲਿਸਤਾਨੀ ਜਸਪਾਲ ਅਟਵਾਲ ਨੂੰ ਦਿੱਲੀ 'ਚ ਭਾਰਤੀ ਹਾਈ ਕਮਿਸ਼ਨਰ ਦੇ ਸਮਾਗਮ ਵਿਚ ਸੱਦਾ ਦੇਣ ਪਿੱਛੇ ਭਾਰਤ ਦੇ ਕੁਝ ਸਰਕਾਰੀ ਤੱਤਾਂ (ਸੁਰੱਖਿਆ ਏਜੰਸੀਆਂ) ਦਾ ਹੱਥ ਹੈ।



ਟਰੂਡੋ ਨੇ ਉਸ ਸੀਨੀਅਰ ਸਰਕਾਰੀ ਅਧਿਕਾਰੀ ਦਾ ਸਮਰਥਨ ਕੀਤਾ ਹੈ, ਜਿਸ ਨੇ ਦਾਅਵਾ ਕੀਤਾ ਕਿ ਰਾਤਰੀ ਭੋਜਨ ਵਿਚ ਖਾਲਿਸਤਾਨੀ ਅਟਵਾਲ ਦੀ ਮੌਜੂਦਗੀ ਭਾਰਤੀ ਸਰਕਾਰ ਦੇ ਧੜਿਆਂ ਵੱਲੋਂ ਉਨ੍ਹਾਂ ਦੀ (ਟਰੂਡੋ ਦੀ) ਭਾਰਤ ਫੇਰੀ ਨੂੰ ਸਾਬੋਤਾਜ ਕਰਨ ਲਈ ਕਰਵਾਈ ਗਈ ਸੀ। ਭਾਰਤ ਦੀ 7 ਦਿਨਾਂ ਸਰਕਾਰੀ ਫੇਰੀ ਤੋਂ ਬਾਅਦ ਜਸਟਿਨ ਟਰੂਡੋ ਕੈਨੇਡਾ ਦੀ ਸੰਸਦ ਵਿਚ ਪ੍ਰਸ਼ਨ ਕਾਲ ਦੌਰਾਨ ਹਾਜ਼ਰ ਹੋਏ। ਟਰੂਡੋ ਨੂੰ ਜਸਪਾਲ ਅਟਵਾਲ ਨੂੰ ਮੁੰਬਈ ਤੇ ਦਿੱਲੀ ਵਿਚ ਰਿਸੈਪਸ਼ਨ ਪਾਰਟੀ ਦਾ ਸੱਦਾ ਦਿੱਤੇ ਜਾਣ ਦੇ ਮਾਮਲੇ ਵਿਚ ਵਿਰੋਧੀ ਧਿਰ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ।

ਟਰੂਡੋ ਦੇ ਇਕ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਕਿਹਾ ਸੀ ਕਿ ਭਾਰਤ ਸਰਕਾਰ ਦੇ ਇਕ ਹਿੱਸੇ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਫੇਰੀ ਨੂੰ ਸਾਬੋਤਾਜ਼ ਕਰਨ ਲਈ ਜਸਪਾਲ ਅਟਵਾਲ ਮਾਮਲੇ ਦੀ ਸਾਜ਼ਿਸ਼ ਘੜੀ ਸੀ, ਜਿਸ ਤਹਿਤ ਅਟਵਾਲ ਦਾ ਨਾਂ ਕਾਲੀ ਸੂਚੀ 'ਚੋਂ ਹਟਾਇਆ ਗਿਆ ਤੇ ਭਾਰਤ ਦਾ ਵੀਜ਼ਾ ਦਿੱਤਾ ਗਿਆ। ਟਰੂਡੋ ਨੇ ਦੱਸਿਆ ਕਿ ਉਨ੍ਹਾਂ ਦੇ ਸੀਨੀਅਰ ਕੂਟਨੀਤਕ ਤੇ ਸੁਰੱਖਿਆ ਅਧਿਕਾਰੀ ਸਹੀ ਜਾਣਕਾਰੀ ਦੇ ਆਧਾਰ 'ਤੇ ਹੀ ਕੁਝ ਆਖਦੇ ਹਨ, ਜਦ ਵਿਰੋਧੀ ਧਿਰ ਵੱਲੋਂ ਤਿੱਖੇ ਹਮਲਿਆਂ ਦੌਰਾਨ ਆਖਿਆ ਗਿਆ ਕਿ ਇਸ ਦਾ ਮਤਲਬ ਟਰੂਡੋ ਮੰਨਦੇ ਹਨ ਕਿ ਉਨ੍ਹਾਂ ਦੀ ਫੇਰੀ ਨੂੰ ਖ਼ਰਾਬ ਕਰਨ ਲਈ ਭਾਰਤ ਸਰਕਾਰ ਨੇ ਮਦਦ ਕੀਤੀ ਸੀ ਤਾਂ ਹਾਊਸ ਆਫ ਕਾਮਨਜ਼ (ਲੋਕ ਸਭਾ) ਵਿਚ ਮੌਜੂਦ ਟਰੂਡੋ ਭਾਵੇਂ ਮੰਨੇ ਤਾਂ ਨਹੀਂ, ਪਰ ਆਪਣੀ ਸੀਟ ਤੋਂ ਉਠ ਕੇ ਇਸ ਗੱਲ ਤੋਂ ਇਨਕਾਰ ਵੀ ਨਾ ਕੀਤਾ।

## ਟਰੂਡੋ ਦੇ ਬਿਆਨ 'ਤੇ ਭਾਰਤ ਭੜਕਿਆ

**ਨਵੀਂ ਦਿੱਲੀ:** ਭਾਰਤ ਨੇ ਟਰੂਡੋ ਦੇ ਇਸ ਬਿਆਨ 'ਤੇ ਸਖ਼ਤ ਪ੍ਰਤੀਕਰਮ ਕਰਦਿਆਂ ਕਿਹਾ ਕਿ ਅਸੀਂ (ਭਾਰਤ) ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਭਾਵੇਂ ਉਹ ਕੈਨੇਡਾ ਦੇ ਹਾਈ ਕਮਿਸ਼ਨਰ ਵੱਲੋਂ ਮੁੰਬਈ ਵਿਚ ਪ੍ਰੋਗਰਾਮ ਦਾ ਮਾਮਲਾ ਹੋਵੇ ਜਾਂ ਨਵੀਂ ਦਿੱਲੀ 'ਚ ਕੈਨੇਡਾ ਹਾਈ ਕਮਿਸ਼ਨਰ ਦੇ ਪ੍ਰੋਗਰਾਮ ਦਾ ਸੱਦਾ ਦਿੱਤੇ ਜਾਣ ਦਾ ਮਾਮਲਾ ਹੋਵੇ, ਭਾਰਤ ਸਰਕਾਰ ਅਤੇ ਉਸ ਦੀਆਂ ਸੁਰੱਖਿਆ ਏਜੰਸੀਆਂ ਦਾ ਅਟਵਾਲ ਦੀ ਮੌਜੂਦਗੀ ਨਾਲ ਕੋਈ ਸਬੰਧ ਨਹੀਂ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਇਹ ਤਫ਼ਤੀਸ਼ ਕਰ ਰਿਹਾ ਹੈ ਕਿ ਜਸਪਾਲ ਅਟਵਾਲ ਨੂੰ ਭਾਰਤ ਦਾ ਵੀਜ਼ਾ ਕਿਵੇਂ ਮਿਲਿਆ ਤੇ ਕਿੰਜ ਉਸ ਨੂੰ ਟਰੂਡੋ ਦੇ ਪ੍ਰੋਗਰਾਮਾਂ ਵਿਚ ਜਾਣ ਦੀ ਇਜਾਜ਼ਤ ਮਿਲੀ।

# ਟਰੂਡੋ ਫੇਰੀ: ਵਿਧਾਨ ਸਭਾ 'ਚ ਗੂੰਜੇਗਾ ਕੈਪਟਨ ਦੇ ਰਵੱਈਏ ਦਾ ਮੁੱਦਾ

**ਚੰਡੀਗੜ੍ਹ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਦੌਰਾਨ ਕੈਪਟਨ ਸਰਕਾਰ ਦੇ ਰਵੱਈਏ ਦਾ ਮੁੱਦਾ ਅਗਲੇ ਦਿਨੀਂ ਆਮ ਆਦਮੀ ਪਾਰਟੀ (ਆਪ) ਪੰਜਾਬ ਵਿਧਾਨ ਸਭਾ ਦੇ ਸ਼ੁਰੂ ਹੋ ਰਹੇ ਬਜਟ ਸੈਸ਼ਨ ਦੌਰਾਨ ਚੁੱਕੇਗੀ। 'ਆਪ' ਦੇ ਵਿਧਾਇਕ ਐਡਵੋਕੇਟ ਐਚ. ਐਸ. ਫੂਲਕਾ ਨੇ ਇਸ ਮਾਮਲੇ 'ਤੇ ਵਿਧਾਨ ਸਭਾ ਵਿਚ ਮਤਾ ਪੇਸ਼ ਕਰਨ ਦੀ ਤਿਆਰੀ ਖਿੱਚ ਲਈ ਹੈ ਤੇ ਮਤਾ ਵਿਧਾਨ ਸਭਾ ਦੇ ਦਫ਼ਤਰ ਨੂੰ ਮੁਹੱਈਆ ਕਰ ਦਿੱਤਾ ਹੈ। ਮਤੇ ਵਿਚ ਕੈਪਟਨ ਸਰਕਾਰ ਉਤੇ ਗੰਭੀਰ ਦੋਸ਼ ਲਾਏ ਹਨ ਕਿ ਟਰੂਡੋ ਦੀ ਪੰਜਾਬ ਫੇਰੀ ਦੌਰਾਨ ਕੈਨੇਡਾ ਵੱਸਦੇ ਲੱਖਾਂ ਪੰਜਾਬੀਆਂ ਦੀਆਂ ਮੰਗਾਂ ਰੱਖਣ ਦੇ ਉਲਟ ਪਰਵਾਸੀਆਂ ਲਈ ਨਵੇਂ ਖ਼ਤਰੇ ਖੜ੍ਹੇ ਕੀਤੇ ਗਏ ਹਨ।

ਹਲਕਾ ਦਾਖਾ ਦੇ ਵਿਧਾਇਕ ਸ੍ਰੀ ਫੂਲਕਾ ਨੇ ਮਤੇ ਵਿਚ ਦੋਸ਼ ਲਾਇਆ ਹੈ ਕਿ ਟਰੂਡੋ ਦੀ ਫੇਰੀ ਦੌਰਾਨ ਕੈਪਟਨ ਸਰਕਾਰ ਦੇ ਬੇਸਮਝੀ ਵਾਲੇ ਵਤੀਰੇ ਕਾਰਨ ਪੰਜਾਬ ਨੂੰ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਹਰ ਸਾਲ 80 ਤੋਂ 90 ਹਜ਼ਾਰ ਪੰਜਾਬੀ ਪਰਵਾਸ ਕਰਦੇ ਹਨ। ਇਨ੍ਹਾਂ ਵਿਚੋਂ 40 ਤੋਂ 50 ਹਜ਼ਾਰ ਪੰਜਾਬੀ ਨੌਜਵਾਨ ਵਿਦਿਆਰਥੀ ਵੀਜ਼ੇ ਦੇ ਆਧਾਰ ਉਤੇ ਕੈਨੇਡਾ ਜਾ ਕੇ ਆਪਣਾ ਭਵਿੱਖ ਸੰਵਾਰਨ ਦਾ ਸੁਪਨਾ ਲੈਂਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਟਰੂਡੋ ਦੀ ਪੰਜਾਬ ਫੇਰੀ ਦੌਰਾਨ ਕੈਪਟਨ ਸਰਕਾਰ ਦਾ ਰਵੱਈਆ ਕੈਨੇਡਾ ਵਿਚ ਪਰਵਾਸ ਕਰ ਗਏ ਜਾਂ ਪਰਵਾਸ ਕਰਨ ਲਈ ਯਤਨਸ਼ੀਲ ਪੰਜਾਬੀਆਂ ਉਤੇ ਮਾੜਾ ਅਸਰ ਪਾ ਸਕਦਾ ਹੈ।



## ਅਕਾਸ਼ ਅੰਬਾਨੀ ਤੇ ਸ਼ਲੋਕਾ ਮਹਿਤਾ ਦੇ ਰਿਸ਼ਤੇ ਦੇ ਚਰਚੇ

**ਨਵੀਂ ਦਿੱਲੀ:** ਭਾਰਤ ਦੇ ਸਭ ਤੋਂ ਅਮੀਰ ਕਾਰੋਬਾਰੀ ਮੁਕੇਸ਼ ਅੰਬਾਨੀ ਦੇ ਲੜਕੇ ਆਕਾਸ਼ ਅੰਬਾਨੀ ਦਾ ਹੀਰਾ ਕਾਰੋਬਾਰੀ ਰਸਲ ਮਹਿਤਾ ਦੀ ਧੀ ਸ਼ਲੋਕਾ ਮਹਿਤਾ ਨਾਲ ਵਿਆਹ ਇਸੇ ਸਾਲ ਹੋਣ ਦੇ ਚਰਚੇ ਹਨ।

ਦੋਵੇਂ ਪਰਿਵਾਰਾਂ ਨੇ ਵਿਆਹ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ ਪਰ ਸੂਤਰਾਂ ਮੁਤਾਬਕ ਦੋਹਾਂ ਦੀ ਮੰਗਣੀ ਦਾ ਐਲਾਨ ਅਗਲੇ ਕੁਝ ਹਫਤਿਆਂ ਵਿਚ ਹੋ ਸਕਦਾ ਹੈ।

# ਕੈਨੇਡੀਅਨ ਸਿੱਖਾਂ ਦੀ ਇਕਜੁਟਤਾ ਰੰਗ ਲਿਆਈ

**ਟੋਰਾਂਟੋ:** ਕੈਨੇਡਾ ਵਸਦੇ ਸਿੱਖ ਭਾਈਚਾਰੇ ਦੀ ਏਕਤਾ ਤੇ ਇਕਜੁਟਤਾ ਸਦਕਾ ਦੇਸ਼ ਦੀ ਸੰਸਦ ਵਿਚ ਵਿਰੋਧੀ ਧਿਰ, ਕੰਜ਼ਰਵੇਟਿਵ ਪਾਰਟੀ ਦੇ ਆਗੂਆਂ ਨੂੰ ਆਪਣਾ ਇਕ ਬੇਤੁਕਾ ਫੈਸਲਾ ਬਦਲਣਾ ਪਿਆ। ਪਾਰਟੀ ਦੇ ਸੰਸਦ ਮੈਂਬਰ ਏਰਿਨ ਓਤੂਲੇ ਅਤੇ ਉਸ ਦੇ ਇਕ ਸਾਥੀ ਮੈਂਬਰ ਨੇ ਇਕ

## ਵਿਵਾਦਤ ਮਤੇ ਤੋਂ ਪਿੱਛੇ ਹਟੇ ਕੰਜ਼ਰਵੇਟਿਵ ਆਗੂ

ਮਤਾ ਪੇਸ਼ ਕਰਨ ਦਾ ਐਲਾਨ ਕੀਤਾ ਸੀ, ਜਿਸ 'ਚ ਕੈਨੇਡੀਅਨ ਸਿੱਖਾਂ ਅਤੇ ਭਾਰਤੀ ਮੂਲ ਦੇ ਲੋਕਾਂ ਵੱਲੋਂ ਦੇਸ਼ ਦੇ ਵਿਕਾਸ ਵਿਚ ਪਾਏ ਯੋਗਦਾਨ ਦੀ ਤਾਂ ਸ਼ਲਾਘਾ ਕੀਤੀ ਜਾਣੀ ਸੀ ਪਰ ਖਾਲਿਸਤਾਨੀਆਂ ਨੂੰ ਵਡਿਆਉਣ ਵਾਲੀਆਂ ਸਰਗਰਮੀਆਂ ਦੀ ਨਿੰਦਾ ਕੀਤੀ ਜਾਣੀ ਸੀ। ਅਜਿਹੇ ਵਿਵਾਦਤ ਮਤੇ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਕੈਨੇਡੀਅਨ ਸਿੱਖ ਅਤੇ ਸੰਸਥਾਵਾਂ ਇਕਦਮ ਸਰਗਰਮ ਹੋਈਆਂ ਅਤੇ ਕੰਜ਼ਰਵੇਟਿਵ ਪਾਰਟੀ ਦੇ ਵਿਰੋਧ ਦੀ ਇਕ ਅਜਿਹੀ ਲਹਿਰ ਖੜ੍ਹੀ ਕਰ ਦਿੱਤੀ ਕਿ ਪਾਰਟੀ ਆਪਣਾ ਫੈਸਲਾ ਬਦਲਣ ਵਾਸਤੇ ਮਜਬੂਰ ਹੋ ਗਈ।

ਸਿੱਖ ਆਗੂਆਂ ਦਾ ਤਰਕ ਸੀ ਕਿ ਮਤੇ ਦੀ ਸ਼ਬਦਾਵਲੀ ਨਾਲ ਕੈਨੇਡਾ 'ਚ ਸਿੱਖ ਕੌਮ ਨੂੰ (ਅਤਿਵਾਦ ਦੇ ਸਮਰਥਕ ਵਜੋਂ) ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਂਜ ਕੈਨੇਡਾ ਦੀ ਸੰਸਦ 'ਚ ਸੱਤਾਧਾਰੀ ਲਿਬਰਲ ਪਾਰਟੀ ਦਾ ਬਹੁਮਤ ਹੈ ਅਤੇ ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਨੇ ਵੀ ਇਸ ਮਾਮਲੇ 'ਚ ਸਿੱਖ ਕੌਮ ਦੇ ਨਾਲ ਖੜ੍ਹਨਾ ਸੀ, ਜਿਸ ਕਰ ਕੇ ਇਹ ਵਿਵਾਦਤ ਮਤਾ ਕਿਸੇ ਸਿਰੇ ਨਹੀਂ ਲੱਗ ਸਕਣਾ ਸੀ। ਹੋਰ ਕਈ ਸਿੱਖ ਆਗੂਆਂ ਵਾਂਗ ਕੈਨੇਡੀਅਨ ਸਿੱਖ ਐਸੋਸੀਏਸ਼ਨ ਅਤੇ ਓਂਟਾਰੀਓ ਖਾਲਸਾ ਦਰਬਾਰ (ਡਿਕਸੀ ਰੋਡ ਗੁਰਦੁਆਰਾ ਸਾਹਿਬ), ਮਿਸੀਸਾਗਾ ਦੇ ਆਗੂਆਂ ਨੇ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਤੱਕ ਕੌਮ ਦੀਆਂ ਭਾਵਨਾਵਾਂ ਨੂੰ ਲਿਖਤੀ ਤੌਰ ਉਤੇ ਉਠਾਇਆ। ਹੁਣ ਐਮ.ਪੀ. ਓਤੂਲੇ ਨੇ ਕਿਹਾ ਹੈ ਕਿ ਮਤਾ (ਜੋ ਅਜੇ ਹਾਊਸ ਦੇ ਨੋਟਿਸ ਪੇਪਰ 'ਤੇ ਦਰਜ ਹੈ) ਲਿਆਉਣ ਦਾ ਫੈਸਲਾ ਰੱਦ ਨਹੀਂ ਕੀਤਾ ਗਿਆ ਪਰ ਪਾਰਟੀ ਲੋਕਾਂ ਦੀ ਆਵਾਜ਼ ਸੁਣ ਰਹੀ ਹੈ ਜਿਸ ਮੁਤਾਬਕ ਮਤੇ 'ਚ ਸੁਧਾਈ ਕੀਤੀ ਜਾਵੇਗੀ ਅਤੇ ਕਿਸੇ ਦਾ ਦਿਲ ਦੁਖਾਉਣ ਵਾਲੀ ਸ਼ਬਦਾਵਲੀ ਨਹੀਂ ਵਰਤੀ ਜਾਵੇਗੀ।



ਉਨ੍ਹਾਂ ਆਖਿਆ ਕਿ ਕਈ ਵਿਅਕਤੀਆਂ ਨੇ ਮਤੇ ਨੂੰ ਰਾਜਨੀਤਕ ਰੰਗਤ ਦੇ ਕੇ ਪ੍ਰਚਾਰ ਦਿੱਤਾ ਹੈ। ਕੈਨੇਡੀਅਨ ਸਿੱਖ ਐਸੋਸੀਏਸ਼ਨ ਦੇ ਬੁਲਾਰੇ ਸੁਖਪਾਲ ਸਿੰਘ ਟੁੱਟ ਨੇ ਕਿਹਾ ਕਿ ਸਿੱਖ ਕੌਮ ਕੈਨੇਡਾ ਦੇ ਰਾਜਨੀਤਕਾਂ ਤੋਂ ਬਿਹਤਰ ਕਾਰਗੁਜ਼ਾਰੀ ਦੀ ਆਸ ਰੱਖਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਤੇ ਦੀ ਗੱਲ ਕਰਨ ਵਾਲੀ ਕੰਜ਼ਰਵੇਟਿਵ ਪਾਰਟੀ ਨੂੰ ਸਿੱਖ ਕੌਮ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਓਂਟਾਰੀਓ ਖਾਲਸਾ ਦਰਬਾਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੱਲ ਨੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਐਂਡਰਿਊ ਸ਼ੀਰ ਨੂੰ ਭੇਜੀ ਚਿੱਠੀ 'ਚ ਲਿਖਿਆ ਕਿ ਅਸੀਂ ਹਿੰਸਕ ਅਤਿਵਾਦ ਅਤੇ ਦਹਿਸ਼ਤਵਾਦ ਦੀ ਕਿਸੇ ਤਰ੍ਹਾਂ ਹਮਾਇਤ ਨਹੀਂ ਕਰਦੇ ਅਤੇ ਪਿਛਲੇ ਦੋ ਦਹਾਕਿਆਂ ਤੋਂ ਕੈਨੇਡਾ 'ਚ ਖਾਲਿਸਤਾਨ ਨਾਲ ਸਬੰਧਿਤ ਹਿੰਸਾ ਦੀ ਕੋਈ ਘਟਨਾ ਨਹੀਂ ਵਾਪਰੀ। ਕੰਜ਼ਰਵੇਟਿਵ ਪਾਰਟੀ ਦੇ ਬੁਲਾਰੇ ਜੇਕ ਇਨਰਾਈਟ ਨੇ ਕਿਹਾ ਕਿ ਪਾਰਟੀ ਅਖੰਡ ਭਾਰਤ ਦਾ ਸਮਰਥਨ ਕਰਦੀ ਹੈ ਅਤੇ ਹਾਊਸ 'ਚ ਇਹ ਗੱਲ ਕਰਨ ਵਿਚ ਕੋਈ ਹਰਜ ਨਹੀਂ।

## ਭਾਰਤ ਤੋਂ 3 ਗੁਣਾ ਵੱਧ ਸੈਨਾ 'ਤੇ ਖਰਚ ਕਰੇਗਾ ਚੀਨ

**ਬੀਜਿੰਗ:** ਚੀਨ ਨੇ ਇਸ ਸਾਲ ਆਪਣੇ ਰੱਖਿਆ ਬਜਟ ਵਿਚ 8.1 ਫੀਸਦੀ ਦਾ ਵਾਧਾ ਕਰ ਕੇ ਇਸ ਨੂੰ 175 ਅਰਬ ਡਾਲਰ ਕੀਤੇ ਜਾਣ ਦਾ ਐਲਾਨ ਕੀਤਾ ਹੈ। ਇਹ ਭਾਰਤ ਦੇ ਰੱਖਿਆ ਬਜਟ ਤੋਂ ਤਿੰਨ ਗੁਣਾ ਵੱਧ ਹੈ। ਭਾਰਤ ਦਾ ਰੱਖਿਆ ਬਜਟ 52.5 ਅਰਬ ਡਾਲਰ ਦਾ ਹੈ। ਬਜਟ ਰਿਪੋਰਟ ਅਨੁਸਾਰ ਚੀਨ ਰੱਖਿਆ ਬਜਟ ਨੂੰ 2018 ਵਿਚ 8.1 ਫੀਸਦੀ ਤੱਕ ਵਧਾਏਗਾ। ਪਿਛਲੇ ਸਾਲ ਚੀਨ ਨੇ ਇਸ 'ਚ 7 ਫੀਸਦੀ ਦਾ ਵਾਧਾ ਕੀਤਾ ਸੀ।

ਖਬਰ ਏਜੰਸੀ ਸਿਨਹੂਆ ਨੇ ਐਨ.ਪੀ.ਸੀ. ਵਿਚ ਪੇਸ਼ ਕੀਤੇ ਗਏ ਅਧਿਕਾਰਕ ਦਸਤਾਵੇਜ਼ ਦੇ ਹਵਾਲੇ ਨਾਲ ਕਿਹਾ ਕਿ 2018 ਦਾ ਰੱਖਿਆ ਬਜਟ 1110 ਅਰਬ ਯੁਆਨ (175 ਅਰਬ ਡਾਲਰ) ਹੋਵੇਗਾ। ਚੀਨ, ਅਮਰੀਕਾ ਦੇ ਬਾਅਦ ਰੱਖਿਆ ਖੇਤਰ ਉਤੇ ਖਰਚ ਕਰਨ ਵਾਲਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਅਮਰੀਕਾ ਦਾ ਰੱਖਿਆ ਬਜਟ 602.8 ਅਰਬ ਡਾਲਰ ਹੈ।

# ਆਸਕਰ: 'ਦਿ ਸ਼ੇਪ ਆਫ ਵਾਟਰ' ਬਣੀ ਸਰਵੋਤਮ ਫਿਲਮ

**ਲਾਸ ਏਂਜਲਸ:** ਇਥੇ 90ਵੇਂ ਆਸਕਰ ਪੁਰਸਕਾਰਾਂ ਦੇ ਐਲਾਨ ਮੌਕੇ ਫਿਲਮ 2018 ਆਸਕਰ ਵਿਚ 'ਦਿ ਸ਼ੇਪ ਆਫ ਵਾਟਰ' ਨੂੰ ਸਰਵੋਤਮ ਪੁਰਸਕਾਰ ਮਿਲਿਆ। ਫਿਲਮ ਨੇ ਗਿਲਿਯੇਰਮੋ ਦੇਲ ਤੋਰੋ ਨੂੰ ਉਸ ਦਾ ਪਹਿਲਾ ਆਸਕਰ ਜਿੱਤਣ ਦਾ ਮੌਕਾ ਵੀ ਦਿੱਤਾ। ਗਿਲਿਯੇਰਮੋ ਦੇਲ ਤੋਰੋ ਨੂੰ ਸਰਵੋਤਮ ਨਿਰਦੇਸ਼ਕ ਦਾ ਇਨਾਮ ਮਿਲਿਆ ਹੈ। ਪਿਛਲੇ ਪੰਜ ਸਾਲ ਵਿਚ ਕਿਸੇ ਮੈਕਸੀਕੋ ਵਾਸੀ ਨੂੰ ਚੌਥਾ ਆਸਕਰ ਮਿਲਿਆ ਹੈ।





ਅਦਾਕਾਰ ਗੈਰੀ ਓਲਡਮੈਨ ਨੂੰ 'ਡਾਰਕੇਸਟ ਆਵਰ' ਵਿਚ ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦੀ ਭੂਮਿਕਾ ਲਈ ਸਰਵੋਤਮ ਅਦਾਕਾਰ ਦਾ ਇਨਾਮ ਮਿਲਿਆ। ਇਸੇ ਤਰ੍ਹਾਂ 'ਥ੍ਰੀ ਬਿਲਬੋਰਡਜ਼ ਆਊਟਸਾਈਡ ਐਬਿੰਗ ਮਿਸੌਰੀ' ਲਈ ਫਰੈਂਸਜ਼ ਮੈਕਡੌਰਮੈਂਡ ਨੂੰ ਸਰਵੋਤਮ ਅਦਾਕਾਰਾ ਵਜੋਂ ਆਸਕਰ ਮਿਲਿਆ। ਇਹ 60 ਸਾਲਾ ਅਦਾਕਾਰਾ ਦਾ ਦੂਜਾ ਆਸਕਰ ਹੈ।

ਅਦਾਕਾਰ ਸੈਮ ਰਾਕਵੇਲ ਨੂੰ ਨਿਰਦੇਸ਼ਕ ਮਾਰਟਿਨ ਮੈਕਡੋਨਾਘ ਦੀ 'ਥ੍ਰੀ ਬਿਲਬੋਰਡਜ਼ ਆਊਟਸਾਈਡ ਏਬਿੰਗ ਮਿਸੌਰੀ' ਵਿਚ ਬਿਹਤਰੀਨ ਅਦਾਕਾਰੀ ਲਈ ਆਸਕਰ ਵਿਚ ਸਰਵੋਤਮ ਸਹਿ ਕਲਾਕਾਰ ਦੇ ਪੁਰਸਕਾਰ ਨਾਲ ਸਨਮਾਨਿਆ ਗਿਆ। ਇਸ ਸ਼੍ਰੇਣੀ ਵਿਚ ਅਦਾਕਾਰਾ ਐਲੀਸਨ ਜੈਨੀ ਨੂੰ 'ਆਈ ਟੋਨਿਆ' ਲਈ ਪੁਰਸਕਾਰ ਦਿੱਤਾ ਗਿਆ। ਇਸ 58 ਸਾਲਾ ਅਦਾਕਾਰਾ ਨੂੰ ਪਹਿਲੀ ਵਾਰ ਇਸੇ ਸ਼੍ਰੇਣੀ ਵਿਚ ਚੁਣਿਆ ਗਿਆ ਸੀ। ਡਿਜ਼ਨੀ ਪਿਕਚਰ ਦੀ 'ਕੋਕੋ' ਨੂੰ ਸਰਵੋਤਮ ਐਨੀਮੇਟਿਡ ਫੀਚਰ ਫਿਲਮ ਦੇ ਪੁਰਸਕਾਰ ਨਾਲ ਸਨਮਾਨਿਆ ਗਿਆ।

ਜਾਰਡਨ ਪਿਲੇ ਨੇ ਫਿਲਮ 'ਗੇਟ ਆਊਟ' ਲਈ ਸਰਵੋਤਮ ਮੂਲ ਲੇਖਕ ਸ਼੍ਰੇਣੀ ਵਿਚ ਪੁਰਸਕਾਰ ਹਾਸਲ ਕੀਤਾ। ਅਦਾਕਾਰ ਤੋਂ ਨਿਰਦੇਸ਼ਕ ਬਣੇ ਪਿਲੇ ਦਾ ਇਹ ਪਹਿਲਾ ਅਕਾਦਮੀ ਪੁਰਸਕਾਰ ਹੈ। ਹਾਰਰ (ਡਰਾਵਨੀ) ਫਿਲਮ ਲਈ ਉਸ ਦੀ ਸਰਵੋਤਮ ਨਿਰਦੇਸ਼ਕ ਸ਼੍ਰੇਣੀ ਵਿਚ ਚੋਣ ਕੀਤੀ ਗਈ। ਉਸ ਨੇ ਕਿਹਾ ਕਿ ਉਸ ਨੇ ਫਿਲਮ ਵਿਚ ਤਕਰੀਬਨ 20 ਵਾਰ ਲਿਖਣਾ ਛੱਡ ਦਿੱਤਾ ਕਿਉਂਕਿ ਉਸ ਨੂੰ ਲੱਗਿਆ ਕਿ ਇਹ ਸੰਭਵ ਨਹੀਂ ਹੈ, ਪਰ ਉਸ ਨੇ ਹਾਰ ਨਹੀਂ ਮੰਨੀ।

ਆਸਕਰ ਵਿਚ ਚਿੱਲੀ ਦੀ 'ਏ ਫੈਨਟਾਸਟਿਕ ਵਿਮੈਨ' ਨੂੰ ਵਿਦੇਸ਼ੀ ਭਾਸ਼ਾ ਦੀ ਸਰਵੋਤਮ ਫਿਲਮ ਚੁਣਿਆ ਗਿਆ। ਇਹ ਪੁਰਸਕਾਰ ਨਿਰਦੇਸ਼ਕ ਸੇਬਸਟਨ ਲੇਲਿਓ ਨੇ ਪ੍ਰਾਪਤ ਕੀਤਾ ਅਤੇ ਆਪਣੇ ਦੋਸਤਾਂ ਅਤੇ ਕਲਾਕਾਰਾਂ ਦਾ ਸ਼ੁਕਰੀਆ ਅਦਾ ਕੀਤਾ। 'ਏ ਫੈਨਟਾਸਟਿਕ ਵਿਮੈਨ' ਨੇ ਇਸ ਸ਼੍ਰੇਣੀ ਵਿਚ 'ਦਿ ਇੰਸਲਟ' (ਲਿਬਨਾਨ) 'ਲਵਲੈਸ' (ਰੂਸ), 'ਆਨ ਬਾਡੀ ਐਂਡ ਸੋਲ' (ਹੰਗਰੀ) ਅਤੇ 'ਦ ਸਕੁਆਇਰ' (ਸਵੀਡਨ) ਨੂੰ ਮਾਤ ਦਿੱਤੀ।

ਭਾਰਤੀ ਕਲਾਕਾਰ ਅਲੀ ਫ਼ਜ਼ਲ ਦੀ ਫਿਲਮ 'ਵਿਕਟੋਰੀਆ ਐਂਡ ਅਬਦੁਲ' ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ। ਨਿਰਦੇਸ਼ਕ ਸਟੀਫਲ ਫਰੇਅਸਜ਼ ਨੂੰ ਫਿਲਮ ਦੇ 90ਵੇਂ ਅਕਾਦਮੀ ਅਵਾਰਡਜ਼ ਲਈ ਦੋ ਨਾਮਾਂਕਣ ਮਿਲੇ ਸਨ।

ਰਿਸ਼ੀ ਕਪੂਰ, ਵਿੱਦਿਆ ਬਾਲਨ ਤੇ ਵਰੁਣ ਧਵਨ ਵਰਗੀਆਂ ਬਾਲੀਵੁੱਡ ਹਸਤੀਆਂ ਨੇ ਮਰਹੂਮ ਭਾਰਤੀ ਅਦਾਕਾਰਾਂ ਸ਼ਸ਼ੀ ਕਪੂਰ ਤੇ ਸ੍ਰੀਦੇਵੀ ਨੂੰ ਆਸਕਰ ਸਮਾਗਮ-2018 'ਚ ਸ਼ਰਧਾਂਜਲੀ ਦਿੱਤੇ ਜਾਣ ਉਤੇ ਅਕੈਡਮੀ ਆਫ ਮੋਸ਼ਨ ਪਿਕਚਰਜ਼ ਆਰਟਸ ਐਂਡ ਸਾਇੰਸ ਦਾ ਧੰਨਵਾਦ ਕੀਤਾ ਹੈ।

## ਖੇਡ ਜਗਤ

# ਅਰਜਨਟਾਈਨਾ 'ਚ ਹੋਇਆ 11ਵਾਂ ਵਿਸ਼ਵ ਕੱਪ

***ਇੰਟਰਨੈਸ਼ਨਲ ਫੈਡਰੇਸ਼ਨ ਆਫ ਐਸੋਸੀਏਸ਼ਨ ਫੁੱਟਬਾਲ (ਫੀਫਾ) ਸਿਰਮੌਰ ਖੇਡ ਸੰਸਥਾ ਹੈ ਅਤੇ ਇਸ ਵਲੋਂ ਫੁੱਟਬਾਲ ਟੂਰਨਾਮੈਂਟ 1930 ਵਿਚ ਅਰੰਭਿਆ ਗਿਆ ਸੀ। ਹਰ ਚਾਰ ਸਾਲ ਬਾਅਦ ਹੋਣ ਵਾਲਾ ਫੀਫਾ ਫੁੱਟਬਾਲ ਟੂਰਨਾਮੈਂਟ ਅੱਜ ਇਕ ਵੱਕਾਰੀ ਖੇਡ ਮੇਲਾ ਹੈ। 21ਵਾਂ ਫੀਫਾ ਟੂਰਨਾਮੈਂਟ ਇਸ ਸਾਲ ਰੂਸ ਵਿਚ ਹੋਵੇਗਾ। ਇਸ ਲੇਖ ਲੜੀ ਵਿਚ ਸੈਨ ਹੋਜੇ (ਕੈਲੀਫੋਰਨੀਆ) ਵਸਦੇ ਲੇਖਕ ਪਰਦੀਪ ਨੇ ਫੀਫਾ ਮੁਕਾਬਲਿਆਂ ਦਾ ਇਤਿਹਾਸ ਫਰੋਲਿਆ ਹੈ। ਇਸ ਲੇਖ ਵਿਚ ਪਰਦੀਪ ਨੇ 11ਵੇਂ ਤੋਂ 15ਵੇਂ ਫੀਫਾ ਕੱਪ ਦਾ ਹਾਲ ਬਿਆਨਿਆ ਹੈ। -ਸੰਪਾਦਕ***

ਗਿਆਰਵਾਂ ਵਿਸ਼ਵ ਕੱਪ 1978 ਵਿਚ ਪਹਿਲੀ ਜੂਨ ਤੋਂ 25 ਜੂਨ ਤਕ ਅਰਜਨਟਾਈਨਾ ਵਿਚ ਹੋਇਆ ਜਿਸ ਵਿਚ ਅਰਜਨਟਾਈਨਾ ਨੇ ਨੀਦਰਲੈਂਡ ਨੂੰ ਇਕ ਦੇ ਮੁਕਾਬਲੇ ਤਿੰਨ ਗੋਲਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਇਹ 16 ਟੀਮਾਂ ਵਾਲਾ ਆਖਰੀ ਵਿਸ਼ਵ ਕੱਪ ਸੀ ਅਤੇ ਇਸ ਤੋਂ ਬਾਅਦ ਟੀਮਾਂ ਦੀ ਗਿਣਤੀ 24 ਕਰ ਦਿੱਤੀ ਗਈ ਸੀ। ਅਰਜਨਟਾਈਨਾ ਵਿਚ ਉਸ ਸਮੇਂ ਫੌਜ ਦਾ ਰਾਜ ਸੀ। ਡਿਆਗੋ ਮਾਰਾਡੋਨਾ ਇਸ ਸਮੇਂ 17 ਸਾਲ ਦੀ ਉਮਰ ਦਾ ਸੀ। ਕੋਚ ਨੇ ਘੱਟ ਉਮਰ

**ਪਰਦੀਪ, ਸੈਨ ਹੋਜੇ**
**ਫੋਨ: 408-540-4547**

ਕਰਕੇ ਉਸ ਨੂੰ ਟੀਮ ਵਿਚ ਸ਼ਾਮਿਲ ਨਹੀਂ ਸੀ ਕੀਤਾ।

ਇਸ ਵਿਸ਼ਵ ਕੱਪ ਵਿਚ ਪਹਿਲੀ ਵਾਰ ਮੈਚ ਬਰਾਬਰ ਰਹਿਣ 'ਤੇ ਪੈਨਲਟੀ ਕਿੱਕ ਦਾ ਨਿਯਮ ਲਾਗੂ ਕੀਤਾ ਗਿਆ ਪਰ ਸਾਰੇ ਮੈਚਾਂ ਦਾ ਨਿਰਧਾਰਤ ਸਮੇਂ ਵਿਚ ਫੈਸਲਾ ਹੋ ਜਾਣ ਕਰਕੇ ਇਸ ਦੀ ਲੋੜ ਨਹੀਂ ਪਈ। ਇਹ ਨਿਯਮ 1982 ਵਿਚ ਫਰਾਂਸ ਅਤੇ ਜਰਮਨੀ ਦੇ ਇਕ ਮੈਚ ਵਿਚ ਲਾਗੂ ਕੀਤਾ ਗਿਆ। ਫਰਾਂਸ ਅਤੇ ਹੰਗਰੀ ਦੀਆਂ ਜਰਸੀਆਂ ਇਕੋ ਰੰਗ ਦੀਆਂ ਹੋਣ ਕਰਕੇ ਫਰਾਂਸ ਨੂੰ ਕਿਸੇ ਹੋਰ ਦੀਆਂ ਮੰਗ ਕੇ ਪਾਉਣੀਆਂ ਪਈਆਂ ਸਨ।

12ਵਾਂ ਫੀਫਾ ਕੱਪ ਸਪੇਨ ਵਿਚ 1982 ਵਿਚ 13 ਜੂਨ ਤੋਂ 11 ਜੁਲਾਈ ਤਕ ਹੋਇਆ। ਇਟਲੀ ਨੇ ਜਰਮਨੀ ਨੂੰ 3-1 ਨਾਲ ਹਰਾ ਕੇ ਤੀਜੀ ਵਾਰ ਇਹ ਕੱਪ ਜਿਤਿਆ। ਇਟਲੀ ਦਾ ਪਾਲੋ ਰੌਸੀ ਇਸ ਟੂਰਨਮੈਂਟ ਦਾ ਸਰਵੋਤਮ ਖਿਡਾਰੀ ਚੁਣਿਆ ਗਿਆ। ਕਈ ਵਧੀਆ ਖੇਡੇ ਗਏ ਮੈਚਾਂ ਨੇ ਇਸ ਕੱਪ ਨੂੰ ਖੂਬਸੂਰਤ ਬਣਾਇਆ, ਪਰ ਸ਼ਰਮ ਵਾਲੀਆਂ ਘਟਨਾਵਾਂ ਵੀ ਵਾਪਰੀਆਂ। ਕੁਵੈਤ ਨੇ ਪਹਿਲੀ ਵਾਰ ਵਿਸ਼ਵ ਕੱਪ ਵਿਚ ਭਾਗ ਲਿਆ ਸੀ ਅਤੇ ਉਸ ਦਾ ਇਕ ਮੈਚ ਤਾਕਤਵਰ ਫਰਾਂਸ ਦੀ ਟੀਮ ਨਾਲ ਸੀ। ਫਰਾਂਸ ਦੀ ਟੀਮ 3-1 ਨਾਲ ਅੱਗੇ ਸੀ ਅਤੇ ਉਨ੍ਹਾਂ ਇਕ ਹੋਰ ਗੋਲ ਕਰ ਦਿੱਤਾ। ਕੁਵੈਤ ਦੇ ਖਿਡਾਰੀ ਖੜ੍ਹੇ ਵੇਖਦੇ ਰਹੇ, ਉਨ੍ਹਾਂ ਨੂੰ ਲੱਗਾ ਕਿ ਰੈਫਰੀ ਨੇ ਸੀਟੀ ਮਾਰੀ ਹੈ। ਪਰ ਉਨ੍ਹਾਂ ਨੂੰ ਇਹ ਭੁਲੇਖਾ ਲੱਗਾ ਸੀ, ਰੈਫਰੀ ਨੇ ਗੋਲ ਦਾ ਫੈਸਲਾ ਦੇ ਦਿੱਤਾ।

ਕੁਵੈਤ ਦਾ ਸ਼ੇਖ ਸਟੇਡੀਅਮ ਵਿਚ ਮੈਚ ਵੇਖਦਾ ਸੀ, ਉਸ ਦੇ ਇਸ਼ਾਰੇ 'ਤੇ ਕੁਵੈਤ ਦੀ ਟੀਮ ਬਾਹਰ ਆ ਗਈ ਅਤੇ ਬਾਕੀ ਦਾ ਮੈਚ ਖੇਡਣ ਤੋਂ ਨਾਂਹ ਕਰ ਦਿੱਤੀ। ਫਿਰ ਸ਼ੇਖ ਮੈਦਾਨ ਵਿਚ ਆਇਆ ਅਤੇ ਰੂਸ ਦੇ ਰੈਫਰੀ ਮਿਰੋਸਲਾਵ ਸਟੂਪਰ ਨਾਲ ਗੱਲ ਕੀਤੀ। ਵਿਸ਼ਵ ਕੱਪ ਦੇ ਇਤਿਹਾਸ ਵਿਚ ਪਹਿਲੀ ਵਾਰ ਰੈਫਰੀ ਨੇ ਆਪਣਾ ਦਿੱਤਾ ਹੋਇਆ



*ਡੀਆਗੋ ਮਾਰਾਡੋਨਾ-ਹੈਂਡ ਆਫ ਗਾਡ*

ਫੈਸਲਾ ਵਾਪਸ ਲੈ ਲਿਆ। ਫੀਫਾ ਨੇ ਕੁਵੈਤ ਨੂੰ ਜੁਰਮਾਨਾ ਕੀਤਾ ਅਤੇ ਰੈਫਰੀ ਨੂੰ ਕਦੀ ਵੀ ਮੁੜ ਮੌਕਾ ਨਾ ਦਿੱਤਾ।

ਇਕ ਹੋਰ ਸ਼ਰਮਨਾਕ ਮੈਚ ਵੀ ਸੀ ਜਿਸ ਨੂੰ 'ਗੇਮ ਆਫ ਸ਼ੇਮ' ਕਰਕੇ ਜਾਣਿਆ ਜਾਂਦਾ ਹੈ। ਇਕ ਗਰੁਪ ਵਿਚ ਜਰਮਨੀ, ਆਸਟਰੀਆ, ਅਲਜ਼ੀਰੀਆ ਅਤੇ ਚਿੱਲੀ ਸਨ। ਸਾਰੇ ਮੈਚ ਹੋ ਗਏ, ਪਰ ਜਰਮਨੀ ਅਤੇ ਆਸਟਰੀਆ ਦੇ ਆਖਰੀ ਮੈਚ ਨੇ ਫੈਸਲਾ ਕਰਨਾ ਸੀ ਕਿ ਕਿਹੜੀਆਂ ਦੋ ਟੀਮਾਂ ਅੱਗੇ ਜਾਣਗੀਆਂ। ਜੇ ਆਸਟਰੀਆ ਜਿੱਤਦਾ ਜਾਂ ਬਰਾਬਰ ਰਹਿੰਦਾ ਤਾਂ ਜਰਮਨੀ ਬਾਹਰ ਸੀ ਅਤੇ ਜੇ ਜਰਮਨੀ ਦੋ ਤੋਂ ਵੱਧ ਗੋਲਾਂ ਨਾਲ ਜਿੱਤਦਾ ਤਾਂ ਆਸਟਰੀਆ ਟੂਰਨਾਮੈਂਟ ਤੋਂ ਬਾਹਰ ਸੀ। ਇਸ ਤਰ੍ਹਾਂ ਅਲਜ਼ੀਰੀਆ ਦਾ ਗਰੁਪ ਵਿਚੋਂ ਅੱਗੇ ਜਾਣਾ ਤਕਰੀਬਨ ਤੈਅ ਸੀ। ਜਰਮਨੀ ਅਤੇ ਆਸਟਰੀਆ ਵਿਚੋਂ ਇਕ ਨੇ ਬਾਹਰ ਹੋਣਾ ਸੀ।

25 ਜੂਨ ਨੂੰ ਇਸ ਫੈਸਲਾਕੁਨ ਮੈਚ ਨੂੰ ਵੇਖਣ ਲਈ 41,000 ਲੋਕ ਗਏ, ਪਰ ਉਹ ਵਿਚਾਰੇ ਨਹੀਂ ਜਾਣਦੇ ਸਨ ਕਿ ਮੈਚ ਦਾ ਫੈਸਲਾ ਤਾਂ ਇਕ ਰਾਤ ਪਹਿਲਾਂ ਹੀ ਹੋਟਲ ਵਿਚ ਹੋ ਗਿਆ ਸੀ। ਜਰਮਨੀ ਨੇ ਦਸ ਮਿੰਟ ਵਿਚ ਆਸਟਰੀਆ ਸਿਰ ਗੋਲ ਕਰ ਦਿੱਤਾ ਅਤੇ ਬਾਕੀ 80 ਮਿੰਟ ਇਕ ਦੂਜੇ ਵੱਲ ਕਿੱਕਾਂ ਮਾਰ ਕੇ ਸਮਾਂ ਪੂਰਾ ਕੀਤਾ। ਇਸ ਮਿਲ ਕੇ ਖੇਡੇ ਗਏ ਮੈਚ ਨੇ ਅਲਜ਼ੀਰੀਆ ਦੀ ਟੀਮ ਨੂੰ ਬਾਹਰ ਕੱਢ ਦਿੱਤਾ ਅਤੇ ਜਰਮਨੀ ਤੇ ਆਸਟਰੀਆ ਦੀਆਂ ਟੀਮਾਂ ਬੇਸ਼ਰਮ ਬਣ ਕੇ ਅੱਗੇ ਚਲੀਆਂ ਗਈਆਂ।

**13ਵਾਂ ਫੀਫਾ ਕੱਪ:** ਇਹ ਵਿਸ਼ਵ ਕੱਪ ਦਰਅਸਲ 1986 ਵਿਚ ਕੋਲੰਬੀਆ 'ਚ ਹੋਣਾ ਸੀ ਪਰ ਉਸ ਦੀ ਆਰਥਕ ਸਥਿਤੀ ਮਾੜੀ ਹੋਣ ਕਰਕੇ ਇਹ ਟੂਰਨਾਮੈਂਟ ਮੈਕਸੀਕੋ ਨੂੰ ਸੌਂਪਿਆ ਗਿਆ। ਇਹ ਕੱਪ 31 ਮਈ ਤੋਂ 29 ਮਈ ਤਕ ਹੋਇਆ। ਮੈਕਸੀਕੋ ਵਿਚ ਇਹ ਦੂਜੀ ਵਾਰ ਹੋਇਆ ਸੀ। ਫਾਈਨਲ ਮੈਚ ਵਿਚ ਅਰਜਨਟਾਈਨਾ ਨੇ ਜਰਮਨੀ ਨੂੰ 3-2 ਨਾਲ ਹਰਾ ਕੇ ਇਸ ਕੱਪ ਨੂੰ ਦੂਜੀ ਵਾਰ ਜਿਤਿਆ ਸੀ। ਕੈਨੇਡਾ ਦੀ ਟੀਮ ਨੇ ਇਸ ਵਿਚ ਪਹਿਲੀ ਅਤੇ ਆਖਰੀ ਵਾਰ ਭਾਗ ਲਿਆ ਸੀ। ਟੂਰਨਾਮੈਂਟ ਦੇ ਇਕ ਮੈਚ ਵਿਚ ਅਰਜਨਟਾਈਨਾ ਦਾ ਮੁਕਾਬਲਾ ਇੰਗਲੈਂਡ ਦੀ ਟੀਮ ਨਾਲ ਸੀ। ਦੋਵੇਂ ਦੇਸ਼ ਆਕਲੈਂਡ ਦੀ ਜੰਗ ਕਰਕੇ ਇਕ ਦੂਜੇ ਦੇ ਦੁਸ਼ਮਣ ਸਨ। ਮੈਚ ਵਿਚ ਅਰਜਨਟਾਈਨਾ ਦੇ ਡੀਆਗੋ ਮਾਰਾਡੋਨਾ ਨੇ ਇੰਗਲੈਂਡ ਦੇ ਗੋਲਕੀਪਰ ਪੀਟਰ ਸ਼ਿਲਟਨ ਦੇ ਸਿਰ ਉਪਰ ਫੁਟਬਾਲ ਨੂੰ ਹੱਥ ਮਾਰ ਕੇ ਗੋਲ ਕਰ ਦਿੱਤਾ ਸੀ। ਇਸ ਨੂੰ 114,000 ਲੋਕਾਂ ਨਾਲ ਭਰੇ ਸਟੇਡੀਅਮ ਵਿਚ ਸਭ ਨੇ ਵੇਖਿਆ ਪਰ ਰੈਫਰੀ ਨੇ ਇਸ ਨੂੰ ਗੋਲ ਕਰਾਰ ਦਿੱਤਾ। ਬਾਅਦ ਵਿਚ ਮਾਰਾਡੋਨਾ ਨੇ ਇਸ ਨੂੰ 'ਹੈਂਡ ਆਫ ਗਾਡ' ਦਾ ਨਾਂ ਦਿੱਤਾ ਸੀ ਪਰ ਮਾਰਾਡੋਨਾ ਨੇ ਆਪਣੀ ਖੂਬਸੂਰਤ ਖੇਡ ਸਦਕਾ ਲੋਕਾਂ ਦੇ ਦਿਲ ਜਿੱਤ ਲਏ ਸਨ।

**14ਵਾਂ ਵਿਸ਼ਵ ਕੱਪ:** ਇਹ ਕੱਪ 1990 ਵਿਚ 8 ਜੂਨ ਤੋਂ 8 ਜੁਲਾਈ ਤਕ ਇਟਲੀ ਵਿਚ ਹੋਇਆ। ਜਰਮਨੀ ਨੇ ਅਰਜਨਟਾਈਨਾ ਨੂੰ 1-0 ਨਾਲ ਹਰਾ ਕੇ ਪਿਛਲੀ ਹਾਰ ਦਾ ਬਦਲਾ ਲਿਆ। ਇਹ ਜਰਮਨੀ ਦੀ ਵਿਸ਼ਵ ਕੱਪ ਵਿਚ ਤੀਜੀ ਜਿੱਤ ਸੀ। ਟੂਰਨਾਮੈਂਟ ਨੂੰ ਘੱਟ ਮਨੋਰੰਜਨ ਵਾਲਾ ਸਮਝ ਕੇ ਇਸ ਵਿਚ ਕਈ ਤਬਦੀਲੀਆਂ ਕੀਤੀਆਂ ਗਈਆਂ। ਇਸ ਕੱਪ ਦੇ ਇਕ ਕੁਆਲੀਫਾਈ ਮੈਚ 'ਚ ਇਕ ਦਰਦਨਾਕ ਘਟਨਾ ਵਾਪਰੀ। ਨਾਈਜ਼ੀਰੀਆ ਦਾ ਸੈਮ ਉਕਵਾਰਜੀ ਇਕ ਵਧੀਆ ਫੁਟਬਾਲਰ ਹੋਣ ਦੇ ਨਾਲ ਸਕਾਲਰ ਵੀ ਸੀ। ਉਹ ਅੰਗਰੇਜ਼ੀ, ਇਟਾਲੀਅਨ, ਸਪੈਨਿਸ਼, ਜਰਮਨ, ਯੁਗੋਸਲਾਵੀਅਨ ਅਤੇ ਆਪਣੀ ਮਾਤ ਭਾਸ਼ਾ ਵੀ ਬੋਲਦਾ ਸੀ। ਉਸ ਕੋਲ ਵਕਾਲਤ ਦੀਆਂ ਦੋ ਡਿਗਰੀਆਂ ਸਨ ਅਤੇ ਪੀਐਚ. ਡੀ. ਕਰ ਰਿਹਾ ਸੀ। 12 ਅਗਸਤ 1989 ਨੂੰ ਨਾਈਜ਼ੀਰੀਆ ਦਾ ਅੰਗੋਲਾ ਨਾਲ ਮੈਚ ਸੀ। ਅਤਿ ਦੀ ਗਰਮੀ ਵਾਲੇ ਦਿਨ 60,000 ਵਾਲੇ ਸਟੇਡੀਅਮ 'ਚ 80,000 ਲੋਕਾਂ ਦਾ ਇੱਕਠ ਸੀ। ਮੈਚ ਦੌਰਾਨ ਉਕਵਾਰਜੀ ਮੈਦਾਨ ਵਿਚ ਡਿਗ ਗਿਆ, ਉਸ ਨੂੰ ਹਸਪਤਾਲ ਲੈ ਕੇ ਗਏ। ਪਰ ਉਹ ਆਪਣੇ ਦੇਸ਼ ਦੀ ਜਰਸੀ ਪਾ ਕੇ ਪੈਰਾਂ ਵਿਚ ਬੂਟਾਂ ਸਮੇਤ ਦਮ ਤੋੜ ਗਿਆ।

**15ਵਾਂ ਕੱਪ:** ਇਹ ਵਿਸ਼ਵ ਕੱਪ 1994 ਵਿਚ ਅਮਰੀਕਾ ਦੀ ਧਰਤੀ 'ਤੇ ਨੌਂ ਸ਼ਹਿਰਾਂ ਵਿਚ ਹੋਇਆ ਜੋ 17 ਜੂਨ ਤੋਂ 17 ਜੁਲਾਈ ਤੱਕ ਚਲਿਆ। ਇਹ ਪਹਿਲਾ ਵਿਸ਼ਵ ਕੱਪ ਸੀ, ਜਿਸ ਦੇ ਫਾਈਨਲ ਮੈਚ ਦਾ ਫੈਸਲਾ ਪੈਨਲਟੀ ਕਿੱਕ ਨਾਲ ਕੀਤਾ ਗਿਆ। ਬ੍ਰਾਜ਼ੀਲ ਅਤੇ ਇਟਲੀ ਦਾ ਮੈਚ ਨਿਰਧਾਰਤ ਸਮੇਂ ਵਿਚ ਬਿਨਾ ਗੋਲ ਕੀਤੇ ਖਤਮ ਹੋਣ ਕਰਕੇ ਫੈਸਲਾ ਪੈਨਲਟੀ ਕਿੱਕ ਨਾਲ ਕੀਤਾ ਗਿਆ। ਬ੍ਰਾਜ਼ੀਲ 3-2 ਦੇ ਫਰਕ ਨਾਲ ਇਹ ਕੱਪ ਜਿੱਤ ਗਿਆ। ਇਹ ਉਸ ਦੀ ਚੌਥੀ ਜਿੱਤ ਸੀ। ਇਸ ਵਿਚ ਦੋਨੋਂ ਜਰਮਨੀ ਇਕ ਟੀਮ ਵਿਚ ਖੇਡੇ ਸਨ। ਕੈਮਰੂਨ ਦਾ ਰੌਜ਼ਰ ਮਿਲਾ 42 ਸਾਲ ਦੀ ਉਮਰ ਵਿਚ ਗੋਲ ਕਰਨ ਵਾਲਾ ਇਕੋ-ਇਕ ਫੁਟਬਾਲਰ ਬਣਿਆ। ਇਸ ਟੂਰਨਾਮੈਂਟ ਵਿਚ ਜਿੱਤਣ ਵਾਲੀ ਟੀਮ ਨੂੰ ਦੋ ਦੀ ਥਾਂ ਤਿੰਨ ਅੰਕ ਦਿੱਤੇ ਜਾਣ ਲੱਗੇ। ਕੋਲੰਬੀਆ ਦੀ ਟੀਮ ਦੇ ਖਿਡਾਰੀ ਐਂਡਰੇ ਇਸਕੋਵਾਰ ਨੇ ਅਮਰੀਕਾ ਨਾਲ ਖੇਡਦਿਆਂ ਆਪਣੀ ਟੀਮ ਸਿਰ ਆਪੇ ਗੋਲ ਕਰ ਲਿਆ, ਜਿਸ



*ਸੈਮ ਉਕਵਾਰਜੀ*

ਕਰਕੇ ਕੋਲੰਬੀਆ ਟੂਰਨਾਮੈਂਟ 'ਚੋਂ ਬਾਹਰ ਹੋ ਗਿਆ। ਪੂਰੇ ਦਸ ਦਿਨ ਬਾਅਦ 2 ਜੁਲਾਈ 1994 ਨੂੰ ਉਸ ਨੂੰ ਉਸ ਦੇ ਸ਼ਹਿਰ ਮੈਡਲੇਨ ਵਿਚ ਗੋਲੀਆਂ ਮਾਰ ਕੇ ਮਾਰ ਦਿੱਤਾ। ਖੇਡਾਂ ਲਈ ਇਹ ਗਮ ਵਾਲਾ ਦਿਨ ਸੀ। ਜੇ ਕੋਈ ਹਾਰੇਗਾ ਨਹੀਂ ਤਾਂ ਫਿਰ ਜਿੱਤੇਗਾ ਵੀ ਕੋਈ ਨਹੀਂ।

**(ਚਲਦਾ)**

# 'ਸੱਜਣ ਸਿੰਘ ਰੰਗਰੂਟ' ਦੀ ਨਾਇਕਾ ਬਣੀ ਸੁਨੰਦਾ ਸ਼ਰਮਾ

ਪੰਜਾਬੀ ਗਾਇਕਾਂ ਦਾ ਫਿਲਮੀ ਪਰਦੇ 'ਤੇ ਆਉਣਾ ਹੁਣ ਆਮ ਜਿਹੀ ਗੱਲ ਹੈ। ਕੋਈ ਪਹਿਲਾਂ-ਕੋਈ ਮਗਰੋਂ, ਗਾਇਕੀ ਵਿਚ ਪੈਰ ਜਮਾਉਣ ਵਾਲੇ ਹਰ ਗਾਇਕ ਦੀ ਅਗਲੀ ਮੰਜ਼ਿਲ ਫਿਲਮੀ ਦੁਨੀਆਂ ਹੀ ਹੁੰਦੀ ਹੈ। ਅਜੇ ਕੱਲ੍ਹ ਦੀ ਹੀ ਗੱਲ ਹੈ ਕਿ 'ਬਿੱਲੀ ਅੱਖ' ਗੀਤ ਨਾਲ ਚਰਚਾ ਵਿਚ ਆਈ ਗਾਇਕਾ ਸੁਨੰਦਾ ਸ਼ਰਮਾ 'ਬੁਲਟ ਨਾਲ ਪਟਾਕੇ' ਪਾਉਂਦੀ ਫਿਰਦੀ ਸੀ ਤੇ ਅੱਜ ਪੰਜਾਬੀ ਅਤੇ ਹਿੰਦੀ ਫਿਲਮਾਂ ਦੇ ਸੁਪਰ ਸਟਾਰ ਦਿਲਜੀਤ

**ਸੁਰਜੀਤ ਜੱਸਲ**
**ਫੋਨ: 91-98146-07737**

ਦੁਸਾਂਝ ਦੀ ਨਾਇਕਾ ਬਣ ਕੇ ਇਸ ਸਾਲ ਦੀ ਸਭ ਤੋਂ ਵੱਡੀ ਪੰਜਾਬੀ ਫਿਲਮ 'ਸੱਜਣ ਸਿੰਘ ਰੰਗਰੂਟ' ਜ਼ਰੀਏ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ।

ਪਹਿਲੀ ਵਿਸ਼ਵ ਜੰਗ ਵਿਚ ਪੰਜਾਬੀਆਂ ਦੀ ਸ਼ਹਾਦਤ ਨੂੰ ਬਿਆਨਦੀ ਇਸ ਫਿਲਮ ਵਿਚ ਸੁਨੰਦਾ ਸ਼ਰਮਾ ਦਾ ਕਿਰਦਾਰ ਸੱਜਣ ਸਿੰਘ (ਦਿਲਜੀਤ ਦੁਸਾਂਝ) ਨਾਲ ਹੈ ਜੋ ਉਸ ਦੇ ਕੈਰੀਅਰ ਗ੍ਰਾਫ ਨੂੰ ਉਚਾ ਚੁੱਕੇਗਾ। ਇਸ ਫਿਲਮ ਵਿਚਲੇ ਕਿਰਦਾਰ ਨੂੰ ਲੈ ਕੇ ਸੁਨੰਦਾ ਸ਼ਰਮਾ ਕਾਫੀ ਉਤਸਾਹਿਤ ਨਜ਼ਰ ਆ ਰਹੀ ਹੈ। ਗੱਲਬਾਤ ਕਰਦਿਆਂ ਉਸ ਨੇ ਦੱਸਿਆ ਕਿ ਉਸ ਦਾ ਕਿਰਦਾਰ ਜੀਤੀ ਨਾਂ ਦੀ ਇਕ ਕੁੜੀ ਦਾ ਹੈ, ਜੋ ਫੌਜੀ ਸੱਜਣ ਸਿੰਘ ਦੀ ਜ਼ਿੰਦਗੀ ਦਾ ਹਿੱਸਾ ਹੈ। ਉਸ ਦਾ ਕਿਰਦਾਰ ਦਰਸ਼ਕਾਂ ਦੇ ਦਿਲਾਂ 'ਚ ਉਤਰਨ ਦੇ ਸਮਰੱਥ ਹੈ।





*(ਖੱਬੇ) ਫਿਲਮ 'ਸੱਜਣ ਸਿੰਘ ਰੰਗਰੂਟ' ਦੇ ਇਕ ਦ੍ਰਿਸ਼ 'ਚ ਸੁਨੰਦਾ ਸ਼ਰਮਾ ਗਾਇਕ ਤੇ ਅਦਾਕਾਰ ਦਿਲਜੀਤ ਦੁਸਾਂਝ ਨਾਲ ਅਤੇ (ਸੱਜੇ) ਸੁਨੰਦਾ ਸ਼ਰਮਾ ਦਾ ਇਕ ਅੰਦਾਜ਼*

ਫਿਲਮ ਵਿਚ ਜੰਗ 'ਤੇ ਗਏ ਫੌਜੀਆਂ ਦੀ ਪਰਿਵਾਰਕ ਮਾਨਸਿਕਤਾ, ਦੇਸ਼ ਭਗਤੀ ਦੇ ਜਜ਼ਬੇ ਤੇ ਭਾਵੁਕਤਾ ਨੂੰ ਪਰਦੇ 'ਤੇ ਉਤਾਰਿਆ ਗਿਆ ਹੈ। ਦੱਸਿਆ ਗਿਆ ਹੈ ਕਿ ਸਰਹੱਦ 'ਤੇ ਲੜ ਰਹੇ ਫੌਜੀ ਦਾ ਪਰਿਵਾਰ ਸਰੀਰਕ ਰੂਪ ਦੀ ਥਾਂ ਮਾਨਸਿਕ ਤੌਰ 'ਤੇ ਉਸ ਨਾਲ ਜੁੜਿਆ ਹੁੰਦਾ ਹੈ। ਫਿਲਮ 'ਸੱਜਣ ਸਿੰਘ ਰੰਗਰੂਟ' ਜਿੱਥੇ ਦਰਸ਼ਕਾਂ ਨੂੰ ਭਾਵੁਕਤਾ ਦੇ ਨਾਲ ਨਾਲ ਖੁਸ਼ੀ ਦੇ ਪਲਾਂ ਦੀ ਪੇਸ਼ਕਾਰੀ ਕਰਦਿਆਂ ਆਪਣੇ ਨਾਲ ਤੋਰਨ ਦੀ ਕਾਬਲੀਅਤ ਰੱਖਦੀ ਹੈ, ਉਥੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੇ ਪੁਰਾਤਨ ਇਤਿਹਾਸ ਨਾਲ ਵੀ ਜੋੜਨ ਦਾ ਇੱਕ ਚੰਗਾ ਉਪਰਾਲਾ ਹੈ।

ਸੁਨੰਦਾ ਸ਼ਰਮਾ ਨੇ ਦੱਸਿਆ ਕਿ ਪਹਿਲੇ ਗੀਤ 'ਬਿੱਲੀ ਅੱਖ' ਦੇ ਹਿੱਟ ਹੁੰਦਿਆਂ ਹੀ ਉਸ ਕੋਲ ਕਈ ਪੰਜਾਬੀ ਫਿਲਮਾਂ ਦੀਆਂ ਪੇਸ਼ਕਸਾਂ ਆਈਆਂ ਸਨ ਪਰ ਉਹ ਆਮ ਫਿਲਮਾਂ ਤੋਂ ਹਟ ਕੇ, ਇੱਕ ਵੱਡੇ ਬੈਨਰ ਦੀ ਖਾਸ ਪੇਸ਼ਕਾਰੀ ਦੀ ਉਡੀਕ ਵਿਚ ਸੀ। ਦਿਲਜੀਤ ਦੁਸਾਂਝ ਬਾਲੀਵੁੱਡ ਤੇ ਪੰਜਾਬੀ ਸਿਨਮੇ ਦੇ ਇੱਕ ਵੱਡੇ ਕਲਾਕਾਰ ਹਨ। ਉਨ੍ਹਾਂ ਨਾਲ ਇਸ ਫਿਲਮ 'ਚ ਕੰਮ ਕਰਦਿਆਂ ਬਹੁਤ ਚੰਗਾ ਲੱਗਾ।

ਸੱਜਣ ਸਿੰਘ ਰੰਗਰੂਟ ਹੁਣ ਤੱਕ ਬਣੀਆਂ ਪੰਜਾਬੀ ਫਿਲਮਾਂ ਤੋਂ ਸਭ ਤੋਂ ਮਹਿੰਗੀ ਫਿਲਮ ਹੈ ਜਿਸ ਦੀ ਬਹੁਤੀ ਸੂਟਿੰਗ ਇੰਗਲੈਂਡ ਵਿਚ ਹੋਈ ਹੈ, ਜਿੱਥੇ 1914 ਵਿਚ ਇਹ ਪਹਿਲੀ ਵਿਸ਼ਵ ਜੰਗ ਹੋਈ। ਫਿਲਮ 'ਚ ਦਿਖਾਈ ਗਈ ਜੰਗ ਦਰਸ਼ਕਾਂ ਨੂੰ ਹਾਲੀਵੁੱਡ ਪੱਧਰ ਦੀਆਂ ਫਿਲਮਾਂ ਦਾ ਅਹਿਸਾਸ ਕਰਵਾਏਗੀ। ਇਸ ਫਿਲਮ ਵਿਚ ਦਿਲਜੀਤ ਦੁਸਾਂਝ, ਸੁਨੰਦਾ ਸ਼ਰਮਾ, ਯੋਗਰਾਜ ਸਿੰਘ, ਜਰਨੈਲ ਸਿੰਘ, ਜਗਜੀਤ ਸੰਧੂ ਤੇ ਧੀਰਜ ਕੁਮਾਰ ਅਤੇ ਕੁਝ ਵਿਦੇਸ਼ੀ ਕਲਾਕਾਰ ਡੈਰਨ ਟੈਸ਼ਲ, ਅਲੈਕਸ, ਪੀਟਰ ਇਰਵਿਨ, ਰੀਨੋ ਕੌਸ਼ਟਾ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ।

ਫਿਲਮ ਦੇ ਨਿਰਮਾਤਾ ਜੈ ਸ਼ਾਹਨੀ, ਸੋਨਾ ਸਾਹਨੀ ਤੇ ਬੌਬੀ ਬਜਾਜ ਹਨ ਜਦਕਿ ਨਿਰਦੇਸ਼ਨ ਪੰਕਜ ਬੱਤਰਾ ਨੇ ਦਿੱਤਾ ਹੈ। ਫਿਲਮ ਦੀ ਕਹਾਣੀ ਗੁਰਪ੍ਰੀਤ ਸਿੰਘ ਭਲੇਰੀ ਨੇ ਲਿਖੀ ਹੈ, ਸਕਰੀਨ ਪਲੇਅ ਪੰਕਜ ਬੱਤਰਾ ਨੇ ਤਿਆਰ ਕੀਤਾ ਹੈ ਤੇ ਸੰਵਾਦ ਜਤਿੰਦਰ ਲੱਲ ਨੇ ਲਿਖੇ ਹਨ। ਸੰਗੀਤ ਜਤਿੰਦਰ ਸਾਹ ਨੇ ਤਿਆਰ ਕੀਤਾ ਹੈ। 23 ਮਾਰਚ ਨੂੰ ਇਹ ਫਿਲਮ ਦੁਨੀਆਂ ਭਰ ਦੇ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ।

# Bhaura Transport LLC

*Noblesville, IN*

## ਡਰਾਈਵਰਾਂ ਦੀ ਲੋੜ ਹੈ



*ਵੈਲਿਡ ਸੀ ਡੀ ਐਲ ਏ ਲਾਈਸੈਂਸ *ਘੱਟੋ ਘੱਟ 6 ਮਹੀਨੇ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .50 ਸੈਂਟ
*ਸਾਈਨ ਔਨ ਬੋਨਸ *ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 2800 ਤੋਂ 3500
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਅਵਤਾਰ ਸਿੰਘ, ਫੋਨ: 317-403-0493**

6/3

# Michigan Truck Driving School

6405 Middlebelt Road, Romulus, MI 48174

## ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298

# ਕਲਾਸ 'ਏ' CDL ਡਰਾਈਵਰ ਓਨਰ ਆਪਰੇਟਰ ਚਾਹੀਦੇ ਹਨ

## (OTC/Regional)



**ਇਕੱਲੇ ਡਰਾਈਵਰ**

55 ਸੈਂਟ ਪ੍ਰਤੀ ਮੀਲ ਤੱਕ

**ਟੀਮ ਡਰਾਈਵਰ**

70 ਸੈਂਟ ਪ੍ਰਤੀ ਮੀਲ ਤੱਕ

**ਲੋੜੀਂਦੀਆਂ ਸ਼ਰਤਾਂ**

*ਕਲਾਸ 'ਏ' CDL ਅਤੇ ਦੋ ਸਾਲ ਦਾ ਤਜਰਬਾ
*ਪਿਛਲੇ ਤਿੰਨ ਸਾਲ ਤੋਂ ਕੋਈ ਡੀ. ਯੂ. ਆਈ./ਡੀ. ਡਬਲਿਊ. ਆਈ. ਜਾਂ ਕੋਈ ਹੋਰ ਸਜ਼ਾ ਨਾ ਹੋਈ ਹੋਵੇ
*ਪਿਛਲੇ ਤਿੰਨ ਸਾਲਾਂ ਵਿਚ ਦੋ ਵਾਰ ਤੋਂ ਵੱਧ ਮੂਵਿੰਗ ਵਾਇਲੇਸ਼ਨ ਜਾਂ ਐਟ ਫਾਲਟ, ਜਾਂ ਦੋਵੇਂ ਨਾ ਹੋਈਆਂ ਹੋਣ
*ਡੀ. ਓ. ਟੀ. ਫੰਕਸ਼ਨਲ ਕੈਪੇਸਟੀ ਪ੍ਰੀਖਿਆ ਅਤੇ ਡਰੱਗ ਸਕਰੀਨ ਪਾਸ ਕਰਨ ਦੇ ਯੋਗ ਹੋਵੇ

*ਸੰਪਰਕ ਕਰੋ: ਨਵਦੀਪ ਸਿੱਧੂ ਜਾਂ ਹਰਦੀਪ ਸਿੰਘ*

**ਫੋਨ: 856-562-0052, 614-949-4672**

info@5aabtransport.com www.5aabtransport.com

10-12

# ਸਮੂਹ ਸਿੱਖ ਜਗਤ ਨੂੰ ਸਿੱਖਾਂ ਦੇ ਨਵੇਂ 550ਵੇਂ ਸਾਲ ਦੀ

# ਲੱਖ ਲੱਖ ਵਧਾਈ

1999 ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਣਿਤ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 550ਵਾਂ ਨਵਾਂ ਸਾਲ ਪਹਿਲੀ ਚੇਤਰ, ਦਿਨ ਬੁੱਧਵਾਰ (14 ਮਾਰਚ 2018) ਨੂੰ ਆ ਰਿਹਾ ਹੈ। ਇਸੇ ਦਿਨ ਸੱਤਵੇਂ ਗੁਰੂ ਹਰਿ ਰਾਏ ਸਾਹਿਬ ਨੂੰ ਗੁਰਗੱਦੀ ਪ੍ਰਾਪਤੀ ਹੋਈ ਸੀ। ਇਸੇ ਨੂੰ ਮੁੱਖ ਰੱਖਦਿਆਂ ਦੁਨੀਆਂ ਭਰ ਵਿਚ ਸਿੱਖ ਇਨਵਾਇਰਮੈਂਟ ਡੇ ਮਨਾਇਆ ਜਾਂਦਾ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਮਹੱਤਤਾ ਨੂੰ ਮੁੱਖ ਰੱਖਦਿਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਸ਼ੁਰੂ ਕੀਤਾ ਸੀ।

**ਗੁਰਦੁਆਰਾ ਪੈਲਾਟਾਈਨ ਵਿਖੇ ਨਵੇਂ ਸਾਲ ਸਬੰਧੀ ਸਮਾਗਮ 14 ਮਾਰਚ 2018, ਬੁੱਧਵਾਰ ਸ਼ਾਮ 6 ਤੋਂ 8:30 ਵਜੇ ਤੱਕ ਅਤੇ ਐਤਵਾਰ, 18 ਮਾਰਚ ਨੂੰ ਸਵੇਰੇ 9 ਵਜੇ ਤੋਂ ਦੁਪਹਿਰ ਇਕ ਵਜੇ ਤੱਕ ਵਿਸ਼ੇਸ਼ ਦੀਵਾਨ ਸਜਣਗੇ**

*ਬੇਨਤੀ ਕਰਤਾ: ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ*

SIKH Religious Society PALATINE GURDWARA

**Sikh Religious Society**

1280 Winnetka St., Palatine IL 60067 Phone: (847) 358-1117

www.srschicago.org e-mail:contactus@srschicago.org

## ਨਿਆਂ ਲਈ ਜੂਝਣ ਵਾਲਿਆਂ ਨਾਲ ਅਨਿਆਂ ਦੀ ਕਹਾਣੀ

# ਅਰੁਨ ਫਰੇਰਾ ਨੇ ਦਿਖਾਏ 'ਪਿੰਜਰੇ ਦੇ ਰੰਗ'

**ਕਲਾ ਪਰਿਕਰਮਾ**

**ਜਸਵੀਰ ਸਮਰ**

ਦਸਤਾਵੇਜ਼ੀ ਫਿਲਮਸਾਜ਼ ਆਨੰਦ ਪਟਵਰਧਨ ਐਮਰਜੈਂਸੀ ਦੌਰਾਨ ਸਿਆਸੀ ਕੈਦੀਆਂ ਬਾਬਤ ਬਣਾਈ ਫ਼ਿਲਮ 'ਪ੍ਰਿਜ਼ਨਰਜ਼ ਔਫ ਕੌਨਸ਼ੈਂਸ' (1978) ਵਿਚ ਕਹਿੰਦਾ ਹੈ: "ਜੇ ਜੇਲ੍ਹ ਦੀਆਂ ਕੰਧਾਂ ਬੋਲ ਸਕਦੀਆਂ ਹੁੰਦੀਆਂ, ਤਾਂ ਇਹ ਜ਼ਰੂਰ ਅੰਦਰ ਵਰ੍ਹਦੀ ਦਹਿਸ਼ਤ ਬਾਰੇ ਗੱਲਾਂ ਸੁਣਾਉਣਗੀਆਂ, ਪਰ ਇਸ ਦੇ ਨਾਲ ਹੀ ਇਹ ਬੁਲੰਦ ਹੌਂਸਲੇ ਦੀ ਬਾਤ ਵੀ ਪਾਉਣਗੀਆਂ।"

ਕੰਧਾਂ ਦੇ ਕੰਨ ਤਾਂ ਜ਼ਰੂਰ ਹੁੰਦੇ ਹੋਣਗੇ, ਜ਼ੁਬਾਨ ਨਹੀਂ ਹੁੰਦੀ; ਪਰ ਇਨ੍ਹਾਂ ਕੰਧਾਂ ਅੰਦਰ ਟੁੱਟਦੇ ਕਹਿਰ ਦੀ ਕਹਾਣੀ ਸੁਣਾਉਣ ਲਈ ਮਹਾਰਾਸ਼ਟਰੀ ਮੁੰਡਾ ਅਰੁਨ ਫਰੇਰਾ ਤਕਰੀਬਨ ਪੰਜ ਸਾਲ ਸੀਖਾਂ ਪਿੱਛੇ ਗੁਜ਼ਾਰ ਕੇ ਬਾਹਰ ਆ ਗਿਆ। ਤੇ ਜਿਹੜਾ ਕਿੱਸਾ ਉਸ ਨੇ ਆਪਣੀ ਕਿਤਾਬ 'ਕਲਰਜ਼ ਔਫ ਦਿ ਕੇਜ: ਏ ਪ੍ਰਿਜ਼ਨ ਮੈਮਾਇਰ' (ਇਸ ਦਾ ਪੰਜਾਬੀ ਤਰਜਮਾ 'ਪਿੰਜਰੇ ਦੇ ਰੰਗ: ਜੇਲ੍ਹ ਯਾਦਾਂ' ਛਪਿਆ ਹੈ) ਵਿਚ ਜੋੜਿਆ ਹੈ, ਉਹ ਐਮਰਜੈਂਸੀ ਬਾਰੇ ਲਿਖੀਆਂ ਜੇਲ੍ਹ ਯਾਦਾਂ ਤੋਂ ਐਨ ਵੱਖਰਾ ਹੈ। ਥਾਣਿਆਂ ਵਿਚ ਤਸੀਹਿਆਂ ਦੌਰਾਨ ਵੱਜਦੀਆਂ ਚੀਕਾਂ ਤਾਂ ਕਦੇ ਕਦਾਈਂ ਬਾਹਰ ਸੁਣ ਹੀ ਜਾਂਦੀਆਂ ਹਨ, ਪਰ ਜੇਲ੍ਹਾਂ ਅੰਦਰਲੀ ਕੁਰਲਾਹਟ ਬੱਸ ਅੰਦਰ ਹੀ ਦਮ ਤੋੜ ਜਾਂਦੀ ਹੈ। ਇਸ ਬੇਵਸੀ ਦਾ ਮਾਰਮਿਕ ਚਿੱਤਰ ਇਸ ਕਿਤਾਬ ਦਾ ਹਾਸਲ ਹੈ। ਕਸ਼ਮੀਰੀ ਪੱਤਰਕਾਰ ਇਫ਼ਤਿਖ਼ਾਰ ਗਿਲਾਨੀ ਵੱਲੋਂ ਆਪਣੀ ਕਿਤਾਬ 'ਮਾਈ ਡੇਜ਼ ਇਨ ਪ੍ਰਿਜ਼ਨ' ਅਤੇ ਹੁਣ ਨਾਗਪੁਰ ਜੇਲ੍ਹ ਵਿਚ ਬੰਦ ਦਿੱਲੀ ਦੇ ਪ੍ਰੋ. ਜੀ.ਐਨ. ਸਾਈਬਾਬਾ ਵੱਲੋਂ ਆਪਣੀ ਪਤਨੀ ਦੇ ਨਾਂ ਭੇਜੀਆਂ ਚਿੱਠੀਆਂ ਵਿਚ ਮਾਰੀਆਂ ਕੂਕਾਂ ਇਸੇ ਕੜੀ ਦੀ ਅਗਲੀ ਲੜੀ ਹਨ। ਇਹ ਬੇਵਸੀ ਦੀ ਬੇਇੰਤਹਾ ਹੈ। ਜੇਲ੍ਹਾਂ ਜਿਨ੍ਹਾਂ ਨੂੰ ਅਕਸਰ ਸੁਧਾਰਘਰਾਂ ਵਜੋਂ ਪ੍ਰਚਾਰਿਆ ਜਾਂਦਾ ਹੈ, ਕੈਦੀਆਂ, ਖ਼ਾਸ ਕਰ ਕੇ ਸਿਆਸੀ ਕੈਦੀਆਂ ਨੂੰ ਹਰ ਹੀਲੇ ਭੰਨ ਸੁੱਟਣ ਵਾਲੇ ਤਸੀਹਾ ਕੇਂਦਰ ਹਨ। ਲਾਚਾਰੀ ਦੇ ਵੱਸ ਪਏ ਬਹੁਤੇ ਕੈਦੀ ਤਾਂ ਹਫ਼ਤਿਆਂ ਵਿਚ ਹੀ ਢਹਿ ਪੈਂਦੇ ਹਨ, ਪਰ ਜੇਲ੍ਹ ਦੀਆਂ ਜ਼ਿਆਦਤੀਆਂ ਖ਼ਿਲਾਫ਼ ਅਰੁਨ ਫਰੇਰਾ ਦਾ ਸਾਥ ਟੱਬਰ ਵੱਲੋਂ ਭੇਜੀਆਂ ਕਿਤਾਬਾਂ ਨੇ ਨਿਭਾਇਆ ਅਤੇ ਸਭ ਤੋਂ ਵੱਡੀ ਗੱਲ, ਉਹਨੇ ਉਮੀਦ ਨੂੰ ਬਹੁਤ ਸਹਿਜ ਨਾਲ ਉਂਗਲੀ ਫੜਾ ਕੇ ਆਪਣੇ ਨਾਲ ਤੋਰੀ ਰੱਖਿਆ। ਇਸ ਆਸ ਨੂੰ ਉਹਨੇ ਮਰਨ ਨਹੀਂ ਦਿੱਤਾ। ਇਹੀ ਉਸ ਦੀ ਸਭ ਤੋਂ ਵੱਡੀ ਅਜ਼ਮਾਇਸ਼ ਸੀ; ਨਤੀਜੇ ਵਜੋਂ ਇਹ ਕਿਤਾਬ ਅੱਜ ਪਾਠਕਾਂ ਦੇ ਹੱਥ ਵਿਚ ਹੈ।

ਅਰੁਨ ਫਰੇਰਾ ਨੂੰ ਮਾਓਵਾਦੀ ਆਖ ਕੇ ਮਈ 2007 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਉਤੇ ਮਾਓਵਾਦੀ ਪਾਰਟੀ ਦੇ ਪ੍ਰਚਾਰ ਅਤੇ ਸੰਚਾਰ ਵਿੰਗ ਦਾ ਮੁਖੀ ਹੋਣ, ਕਤਲ, ਇਰਾਦਾ ਕਤਲ, ਹਥਿਆਰ ਰੱਖਣ ਆਦਿ ਦੇ 11 ਕੇਸ ਮੜ੍ਹੇ ਗਏ ਜੋ ਬਾਅਦ ਵਿਚ ਇਕ ਇਕ ਕਰ ਕੇ ਝੂਠੇ ਸਾਬਤ ਹੋਏ। ਇਸ ਦੌਰਾਨ ਥਾਣੇ ਅਤੇ ਜੇਲ੍ਹ ਅੰਦਰ ਜੋ ਕੁਝ ਉਸ ਨਾਲ ਵਰਤਾਇਆ ਗਿਆ, ਉਸ ਦੇ ਵੇਰਵੇ ਲੂੰ-ਕੰਡੇ ਖੜ੍ਹੇ ਕਰਨ ਵਾਲੇ ਹਨ। ਉਂਜ, ਜਿਸ ਕੋਣ ਤੋਂ ਅਰੁਨ ਨੇ ਇਹ ਬਿਰਤਾਂਤ ਛੇੜਿਆ ਤੇ ਨਿਭਾਇਆ ਹੈ, ਉਸ ਨਾਲ ਸੱਤ ਦਹਾਕਿਆਂ ਦੀ ਆਜ਼ਾਦੀ ਅਤੇ ਸਿਸਟਮ ਅੰਦਰਲੇ ਕੁਹਜ ਦੀ ਹਕੀਕਤ ਕਿਤਾਬ ਦੇ ਪੰਨਿਆਂ ਉਤੇ ਫੈਲ ਗਈ ਹੈ।

ਅਰੁਨ ਦੀ ਇਸ ਕਹਾਣੀ ਵਿਚੋਂ 70ਵਿਆਂ ਵਿਚ ਨਕਸਲਵਾਦੀ ਆਖ ਕੇ ਗ੍ਰਿਫ਼ਤਾਰ ਕੀਤੀ ਅੰਗਰੇਜ਼ ਕੁੜੀ ਮੇਰੀ ਟੇਲਰ ਦੀ ਕਿਤਾਬ 'ਮਾਈ ਯੀਅਰਜ਼ ਇਨ ਐਨ ਇੰਡੀਅਨ ਪ੍ਰਿਜ਼ਨ' ਦੇ ਝਉਲੇ ਪੈਂਦੇ ਹਨ। ਇਸ ਕੁੜੀ ਨੂੰ ਉਸ ਦੇ ਇਨਕਲਾਬਪਸੰਦ ਪਤੀ ਅਮਲੇਂਦੂ ਸੇਨ ਨਾਲ ਫੜਿਆ ਗਿਆ ਸੀ ਅਤੇ ਉਹਦੀ ਜ਼ਿੰਦਗੀ ਦੇ ਜ਼ਰਖੇਜ਼ ਵਰ੍ਹੇ ਬਿਹਾਰ ਦੀ ਜੇਲ੍ਹ ਅੰਦਰ ਦਫ਼ਨ ਕਰ ਦਿੱਤੇ ਗਏ। ਇਹ ਦੋਵੇਂ ਸੁਫ਼ਨਸਾਜ਼, ਦੱਬੇ-ਕੁਚਲਿਆਂ ਲਈ ਜੂਝਣ ਹਿੱਤ ਭਾਰਤ ਪੁੱਜੇ ਸਨ। ਮੇਰੀ ਟੇਲਰ ਦਾ ਬਿਆਨ ਦੇਖੋ: "ਜਿਥੇ ਬੱਚੇ ਹੱਥ ਵਿਚ ਠੂਠਾ ਫੜੀ ਮਿੱਟੀ ਵਿਚ ਰੀਂਗ ਰਹੇ ਹੋਣ, ਉਥੇ ਤੁਸੀਂ ਸ਼ਾਂਤ ਅਤੇ ਸਹਿਜ ਕਿਸ ਤਰ੍ਹਾਂ ਰਹਿ ਸਕਦੇ ਹੋ।" ਹੁਣ ਇਸ ਕੁੜੀ ਦੀ ਇੱਛਾ ਅਤੇ ਇਸ ਇੱਛਾ ਪਿੱਛੇ ਲੁਕਿਆ ਦਰਦ ਰਤਾ ਵਿਚਾਰੋ: "... (ਚਾਹੁੰਦੀ ਸਾਂ) ਪਿੰਡਾਂ ਵਿਚ ਸੱਤਾ ਦਾ ਸਿਸਟਮ ਉਲਟ ਜਾਵੇ ਅਤੇ ਇਸ ਦੀ ਥਾਂ ਕਿਸਾਨ ਕਮੇਟੀਆਂ ਲੈ ਲੈਣ"। ਮੇਰੀ ਟੇਲਰ ਦੀ ਇਹ ਕਿਤਾਬ 1977 ਵਿਚ ਛਪੀ ਸੀ। ਚਾਰ ਦਹਾਕਿਆਂ ਪਿਛੋਂ ਅਰੁਨ ਫਰੇਰਾ ਆਪਣੀ ਕਿਤਾਬ ਵਿਚ ਲਿਖਦਾ ਹੈ: "ਜਿੰਨੇ ਜ਼ਿਆਦਾ ਉਹ ਦੱਬੇ-ਕੁਚਲੇ ਸਨ, ਓਨਾ ਹੀ ਉਨ੍ਹਾਂ ਅੰਦਰ ਸਮਾਜ ਨੂੰ ਬਦਲਣ ਦੀ ਇੱਛਾ ਤੀਬਰ ਸੀ।" ਦਹਾਕਿਆਂ ਦੌਰਾਨ ਸਾਡੇ ਭਾਰਤ ਮਹਾਨ ਨੇ ਕਿੰਨੀ ਤਰੱਕੀ ਕੀਤੀ ਹੈ!

ਅਰੁਨ ਨੇ ਆਪਣਾ ਹਾਲ-ਏ-ਦਿਲ ਪਹਿਲਾਂ ਘਰਦਿਆਂ ਨੂੰ ਲਿਖੀਆਂ ਚਿੱਠੀਆਂ ਵਿਚ ਸੁਣਾਇਆ ਸੀ, ਜੇਲ੍ਹ 'ਚ ਦਰਪੇਸ਼ ਔਕੜਾਂ ਬਾਰੇ ਸਕੈੱਚ ਬਣਾਏ






ਸਨ ਜੋ ਮਗਰੋਂ 'ਪਿੰਜਰੇ ਦੇ ਰੰਗ' ਕਿਤਾਬ ਵਿਚ ਵਟ ਗਏ। ਜ਼ੁਲਮ ਨਾਲ ਜੂਝਦਿਆਂ ਲੰਘਾਏ ਵਕਤ ਬਾਰੇ ਲਿਖਣ ਵੇਲੇ ਉਸ ਦੇ ਨਿਸ਼ਾਨੇ ਉਤੇ ਪੁਲੀਸ ਜਾਂ ਜੇਲ੍ਹ ਮੁਲਾਜ਼ਮਾਂ ਨਾਲ ਸ਼ਖਸੀ ਮੁਖਾਲਫਤ ਦੀ ਥਾਂ ਸਮੁੱਚਾ ਸਿਸਟਮ ਰਿਹਾ। ਇਸ ਸਿਸਟਮ ਦੀ ਮਾਰ ਤੇ ਖੋਰ ਦਾ ਪਤਾ ਜੇਲ੍ਹ 'ਚ ਬੰਦ, ਖੈਰਲਾਂਜੀ ਕਾਂਡ ਦੇ ਦੋਸ਼ੀਆਂ ਦੀ ਗੱਲਬਾਤ ਤੋਂ ਲੱਗਦਾ ਹੈ। ਇਹ ਦੋਸ਼ੀ ਬਿਨਾ ਕਿਸੇ ਪਛਤਾਵੇ ਦੇ ਦੱਸਦੇ ਹਨ: "ਸਾਰਾ ਕਸੂਰ ਸੁਰੇਖਾ ਭੋਤਮਾਂਗੇ ਦਾ ਸੀ। ਉਹ ਸਾਰੇ ਪਿੰਡ ਦੀ ਸ਼ਾਂਤੀ ਭੰਗ ਕਰਦੀ ਸੀ।...ਉਸ ਨੇ ਸਾਡੇ ਖਿਲਾਫ ਸ਼ਿਕਾਇਤ ਕਰਨ ਦਾ ਹੌਸਲਾ ਕੀਤਾ। ਉਹ ਹੋਰ ਦਲਿਤਾਂ ਦੇ ਮੁਕਾਬਲੇ ਕੁਝ ਵੱਧ ਹੀ ਬੜਬੋਲੀ ਸੀ ਤੇ ਬਹਾਦਰ ਬਣਦੀ ਸੀ।" ਤੇ ਅਰੁਨ ਲਿਖਦਾ ਹੈ: "ਅਦਾਲਤ ਨੇ ਨਤੀਜਾ ਕੱਢਿਆ ਸੀ ਕਿ ਇਹ ਜਾਤੀ ਹਿੰਸਾ ਦਾ ਮਸਲਾ ਨਹੀਂ।"

ਨਿਆਂਇਕ ਢਾਂਚੇ ਦਾ ਜਦੋਂ ਸੰਸਥਾਈਕਰਨ ਹੁੰਦਾ ਹੈ ਤਾਂ ਅਨਿਆਂ ਹੋਣਾ ਤੈਅ ਹੈ। ਅਰੁਨ ਇਸ ਅਨਿਆਂ ਦੀ ਗੰਢ ਇਕ ਇਕ ਕਰ ਕੇ ਖੋਲ੍ਹਦਾ ਹੈ। ਨਤੀਜੇ ਵਜੋਂ, ਇਹ ਕਹਾਣੀ ਇਕੱਲੇ ਅਰੁਣ ਦੀ ਕਹਾਣੀ ਨਹੀਂ ਰਹਿ ਜਾਂਦੀ, ਇਹ ਉਨ੍ਹਾਂ ਨਪੀੜੀਆਂ ਜਿੰਦਾਂ ਦੀ ਕਹਾਣੀ ਵੀ ਬਣ ਜਾਂਦੀ ਹੈ ਜਿਹੜੀਆਂ ਅੱਠ ਅਠ, ਦਸ ਦਸ, ਤੇ ਕਈ ਵਾਰ ਚੌਦਾਂ ਚੌਦਾਂ ਵਰ੍ਹੇ ਜੇਲ੍ਹਾਂ ਅੰਦਰ ਸੜ ਕੇ ਆਖ਼ਰਕਾਰ ਬਰੀ ਹੁੰਦੀਆਂ ਹਨ। ਉਂਜ, ਜੇਲ੍ਹਾਂ ਵਿਚ ਸਭ ਦਾ ਹਾਲ ਅਰੁਨ ਫਰੇਰਾ ਵਰਗਾ ਵੀ ਨਹੀਂ ਹੁੰਦਾ। ਸਮਾਜਿਕ, ਆਰਥਿਕ ਜਾਂ ਸਿਆਸੀ ਪਿਛੋਕੜ ਕਾਰਨ ਜੇਲ੍ਹਾਂ ਤੁਹਾਡੇ ਲਈ ਜੰਨਤ ਵੀ ਹੋ ਸਕਦੀਆਂ ਹਨ। ਮੁਲਕ ਵਿਚ ਜੇਲ੍ਹ ਅੰਦਰਲੀਆਂ ਮੌਜਾਂ ਕਿਸੇ ਤੋਂ ਲੁਕੀਆਂ ਨਹੀਂ ਹਨ, ਪਰ ਮਾਓਵਾਦੀਆਂ ਜਾਂ ਘੱਟ-ਗਿਣਤੀਆਂ ਲਈ ਵਿਹਾਰ ਬਾਕੀ ਸਭ ਤੋਂ ਵੱਖਰਾ ਹੁੰਦਾ ਹੈ। ਦਰਅਸਲ, ਸਟੇਟ ਨੇ ਅਜਿਹੇ ਜੁਝਾਰੂ ਨੌਜਵਾਨਾਂ ਨੂੰ ਆਪਣੇ ਦੁਸ਼ਮਣ ਤਸੱਵੁਰ ਕਰ ਲਿਆ ਹੋਇਆ ਹੈ। ਹੁਣ ਰਤਾ ਇਸ ਕਿਤਾਬ ਵਿਚ ਅਰੁਨ ਦਾ ਉਲਾਂਭਾ ਪੜ੍ਹੋ: "ਹਿੰਦੂਵਾਦ ਖ਼ਿਲਾਫ਼ ਸੰਘਰਸ਼ ਕਰਦੇ ਮੁਸਲਮਾਨ ਜਹਾਦੀ ਬਣਾ ਦਿੱਤੇ ਅਤੇ ਸਾਡੇ ਵਰਗੇ ਮਾਰਕਸਵਾਦੀ ਜਿਹੜੇ ਕਬਾਇਲੀਆਂ ਨੂੰ ਜਥੇਬੰਦ ਕਰਨ, ਉਹ 'ਖੱਬੇ-ਪੱਖੀ ਅਤਿਵਾਦੀ' ਗਰਦਾਨ ਦਿੱਤੇ। ... ਪਾਬੰਦੀ ਤੇ ਸਖ਼ਤੀ ਦਾ ਇਹੀ ਤਰੀਕਾ ਆਜ਼ਾਦੀ ਤੋਂ ਪਹਿਲਾਂ ਗੋਰੇ ਵਰਤਦੇ ਹੁੰਦੇ ਸਨ।" ਗੌਰਤਲਬ ਹੈ ਕਿ ਅੰਗਰੇਜ਼ ਸ਼ਾਸਕਾਂ ਨੇ 1894 ਦਾ ਜੇਲ੍ਹ ਐਕਟ, ਸ਼ਰਾਰਤੀ ਅਨਸਰਾਂ ਨੂੰ ਕਾਬੂ ਰੱਖਣ ਲਈ ਬਣਾਇਆ ਸੀ ਜੋ 1947 ਤੋਂ ਬਾਅਦ ਵੀ ਜੇਲ੍ਹ ਪ੍ਰਬੰਧਾਂ ਲਈ ਅਗਵਾਈ ਕਰ ਰਿਹਾ ਹੈ। ਹੁਣ ਵੀ ਇਹੀ ਐਕਟ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਬਣਿਆ ਹੋਇਆ ਹੈ। ਆਜ਼ਾਦੀ ਪ੍ਰਾਪਤ ਭਾਰਤ ਭਲਾ ਕਿਨ੍ਹਾਂ ਲੋਕਾਂ ਦਾ ਮੁਲਕ ਬਣ ਗਿਆ ਹੈ?

ਅੱਜ ਕਿੰਨੇ ਲੋਕ ਇਸ ਭਾਰਤ ਮਹਾਨ ਦੇ ਮੌਜੂਦਾ ਢਾਂਚੇ ਦਾ ਭਾਰ ਢੋਹ ਰਹੇ ਹਨ। ਅਰੁਨ ਫਰੇਰਾ ਦੀ ਸਰਗਰਮੀ ਅਤੇ ਇਸ ਕਿਤਾਬ ਦਾ ਸੁਨੇਹਾ ਪਾਠਕ ਨੂੰ ਇਸ ਭਾਰ ਦਾ ਚੇਤਾ ਕਰਵਾਉਂਦਾ ਹੈ। ਇਹ ਕਿਤਾਬ ਪਾਠਕ ਦੇ ਜ਼ਿਹਨ ਅੰਦਰਲੀ ਤਬਦੀਲੀ ਵਾਲੀ ਤਾਂਘ ਅਤੇ ਤੀਬਰਤਾ ਨੂੰ ਦੂਣ-ਸਵਾਇਆ ਕਰਦੀ ਹੈ। ਅਰੁਨ ਦੀ ਇਹ ਕਥਾ ਉਹ ਸਵਾਲ ਹੈ ਜੋ ਉਸ ਨੇ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਮੱਥੇ ਉਤੇ ਟੰਗਿਆ ਗਿਆ ਹੈ।

ਅਰੁਨ ਫਰੇਰਾ ਜ਼ਿੰਦਗੀ ਦੇ ਹਰ ਮੋੜ ਉਤੇ ਸਰਗਰਮ ਸਿਆਸੀ ਕਾਰਕੁਨ ਰਿਹਾ ਜਿਸ ਦਾ ਵਾਹ ਵਿਦਿਆਰਥੀ ਅੰਦੋਲਨਾਂ, ਉਜਾੜਾ-ਵਿਰੋਧੀ ਮੁਹਿੰਮਾਂ ਅਤੇ ਦਲਿਤ ਤੇ ਆਦਿਵਾਸੀ ਅੰਦੋਲਨਾਂ ਨਾਲ ਪਿਆ, ਪਰ ਗ੍ਰਿਫ਼ਤਾਰੀ ਵੇਲੇ ਜੇਬ੍ਹ ਵਿਚੋਂ ਮਿਲੀ ਪੈੱਨ ਡਰਾਈਵ ਨਾਲ ਉਹ ਮਾਓਵਾਦੀ ਪਾਰਟੀ ਦੇ ਪ੍ਰਚਾਰ ਤੇ ਸੰਚਾਰ ਵਿੰਗ ਦਾ ਮੁਖੀ ਹੋ ਗਿਆ। ਇਸ ਦੇ ਨਾਲ ਹੀ ਸਿਸਟਮ ਦੇ ਪਿਆਦਿਆਂ ਦਾ ਉਸ ਪ੍ਰਤੀ ਵਿਹਾਰ ਬਦਲ ਗਿਆ। ਪੰਜਾਬੀ ਸ਼ਾਇਰ ਲਾਲ ਸਿੰਘ ਦਿਲ ਨੇ ਦਲਿਤਾਂ ਨਾਲ ਹੁੰਦੇ ਮਾੜੇ ਵਿਹਾਰ ਦਾ ਜ਼ਿਕਰ ਕਰਦਿਆਂ ਆਪਣੀ ਕਵਿਤਾ ਵਿਚ ਲਿਖਿਆ ਸੀ- 'ਜੇ ਕਿਤੇ ਇਹ ਗੱਲਾਂ ਦੂਜੇ ਨਛੱਤਰਾਂ ਦੇ ਲੋਕਾਂ ਨੂੰ ਪਤਾ ਲੱਗਣ ਤਾਂ ਪੱਥਰ ਹੋ ਜਾਵਣ'; ਅਰੁਨ ਨਾਲ ਜੋ ਕੁਝ ਹੋਇਆ, ਸੱਚਮੁੱਚ ਪੱਥਰ ਕਰ ਦੇਣ ਵਾਲਾ ਹੈ।

'ਪਿੰਜਰੇ ਦੇ ਰੰਗ' ਦਾ ਤਰਜਮਾ ਮਾਸਟਰ ਤਰਸੇਮ ਲਾਲ ਅਤੇ ਸੰਪਾਦਨ ਪੱਤਰਕਾਰ ਅਮਨਿੰਦਰ ਪਾਲ ਨੇ ਕੀਤਾ ਹੈ। ਇਹ ਕਿਤਾਬ ਛੇ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ। ਕੁੱਲ 192 ਸਫ਼ਿਆਂ ਦੀ ਇਹ ਕਿਤਾਬ 'ਜੰਗਲਨਾਮਾ' ਦੇ ਲੇਖਕ ਸਤਨਾਮ ਦੀ ਯਾਦ ਵਿਚ ਸ਼ੁਰੂ ਹੋਏ ਸਤਨਾਮ ਜੰਗਲਨਾਮਾ ਯਾਦਗਾਰੀ ਪ੍ਰਕਾਸ਼ਨ ਨੇ ਛਾਪੀ ਹੈ। ਅੱਜ ਕੱਲ੍ਹ ਪ੍ਰਚੰਡ ਰਾਸ਼ਟਰਵਾਦ ਦੇ ਦੌਰ ਵਿਚ ਅਰੁਨ ਫਰੇਰਾ ਦੀ ਇਹ ਕਥਾ ਹਰ ਪਾੜ੍ਹੇ, ਪੁਲੀਸ ਵਾਲੇ, ਵਕੀਲ ਤੇ ਸਿਆਸਤਦਾਨ, ਸਭ ਨੂੰ ਸੁਣਾਈ ਜਾਣੀ ਚਾਹੀਦੀ ਹੈ। ਇਸ ਕਥਾ ਦੀ ਸਭ ਤੋਂ ਖ਼ੂਬਸੂਰਤ ਗੱਲ ਅਰੁਨ ਫਰੇਰਾ ਦੀ ਲਗਾਤਾਰਤਾ ਹੈ। ਉਹ ਅਨਿਆਂ ਖ਼ਿਲਾਫ਼ ਜੂਝਦਾ ਹੈ, ਤਸ਼ੱਦਦ ਸਹਾਰ ਕੇ ਇਸ ਦਾ ਮੁੱਲ ਤਾਰਦਾ ਹੈ, ਰਿਹਾਈ ਤੋਂ ਬਾਅਦ ਸੇਕ ਛੱਡਦੇ ਸ਼ਬਦਾਂ ਵਾਲਾ ਕਿੱਸਾ ਜੋੜਦਾ ਹੈ ਅਤੇ ਫਿਰ ਵਕੀਲ ਬਣ ਕੇ ਮਨੁੱਖੀ ਹੱਕਾਂ ਦਾ ਅਲੰਬਰਦਾਰ ਬਣਦਾ ਹੈ। ਅਰੁਨ ਫਰੇਰਾ ਉਨ੍ਹਾਂ ਲੋਕਾਂ ਵਿਚ ਸ਼ੁਮਾਰ ਹੋ ਗਿਆ ਹੈ ਜਿਨ੍ਹਾਂ ਦੀ ਮਿੱਟੀ, ਕੁੱਟਿਆਂ ਭੁਰਦੀ ਨਹੀਂ, ਜੁੜਦੀ ਹੈ।

***(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)***

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਮਾਰਚ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-316



*ਹਾਕਮ ਜਿਹੜਾ ਮਰਜੀ ਆਵੇ, ਇਨ੍ਹਾਂ ਨਾ ਬੰਦੇ ਬਣਨਾ।*
*ਬੀਬੀਆਂ-ਬੰਦੇ ਹੱਕ ਜੋ ਮੰਗਣ, ਏਦਾਂ ਈ ਡੰਡਾ ਵਰ੍ਹਨਾ।*

## ਕੈਪਸ਼ਨ ਮੁਕਾਬਲਾ-314



ਬੰਦੇ ਬੈਠਣ ਸਦਾ ਪਲੰਘੀਂ
ਅੱਜ ਉਸ ਦੀ ਹੈ ਵਾਰੀ ਆਈ।
ਭੁੰਜੇ-ਉਪਰ ਫਰਕ ਹੈ ਕਿੰਨਾ?
ਭਾਵੇਂ ਵਿਛੀ ਨਾ ਲੇਫ ਤਲਾਈ।
ਆਕੜ ਨਾਲ ਹੈ ਲੋਕੀਂ ਬਹਿੰਦੇ
ਐਪਰ ਪਸ਼ੂ ਭੀ ਬੈਠਾ ਫੱਬਦਾ।
ਦੇਖ ਕੇ ਸਭ ਹੈਰਾਨ ਨੇ ਭਾਵੇਂ
ਪਰ ਉਸ ਨੂੰ ਤਾਂ ਚੰਗਾ ਲੱਗਦਾ।
***-ਸੇਵਾ ਸਿੰਘ ਨੂਰਪੁਰੀ, ਬੰਗਾ***
---
ਆਪਣੇ ਖਾਤਰ ਛੱਤ ਕੋਠੀਆਂ
ਨੇਮ ਪਲੇਟਾਂ ਲਾਈਆਂ।
ਸਾਡੀ ਖਾਤਰ ਓਹੀ ਕੋਠੜੇ
ਉਪਰ ਟੀਨਾਂ ਪਾਈਆਂ।
ਘੱਟ ਅਸੀਂ ਵੀ ਕਿਉਂ ਕਹਾਈਏ
ਕਰੀਏ ਆਪਣੇ ਮਨ ਆਈਆਂ।
***-ਜਗਮੀਤ ਸਿੰਘ ਪੰਧੇਰ***
---
ਰੱਸਾ ਛੁਡਾ ਕੇ ਭੱਜਿਆ ਝੋਟਾ
ਮੁੜ ਮਾਲਕ ਹੱਥ ਨਾ ਆਇਆ।
ਭੱਜਦਾ ਜਾਂਦਾ ਜਾ ਚੜ੍ਹਿਆ ਮੰਜੇ 'ਤੇ
ਲੱਗੀ ਮੌਜ, ਆਸਣ ਲਾਇਆ।
ਜੇ ਘਤਿੱਤੀ ਦੇ ਪੈ ਗਿਆ ਨਜ਼ਰੀਂ
ਪਾ ਹਾਰ ਪੂਜਣ ਲੱਗ ਜਾਊ,
ਲੋਕ ਹੋਵਣਗੇ 'ਕੱਠੇ
ਨਾਲੇ 'ਕੱਠੀ ਹੋਊ ਮਾਇਆ।
***-ਦਵਿੰਦਰ ਕੌਰ***
---
ਕੋਈ ਆਖਦਾ ਕਾਲਾ ਢੱਗਾ,
ਕੋਈ ਆਖਦਾ ਝੋਟਾ।
ਚਮੜੀ ਜਰੂਰ ਮੋਟੀ ਹੈ ਮੇਰੀ,
ਅਕਲ ਦਾ ਨਹੀਂ ਮੈਂ ਮੋਟਾ।
ਇਨਸਾਨਾਂ ਦੇ ਵਿਚ ਰਹਾਂ ਹਮੇਸ਼ਾ,
ਢੰਗ ਤਰੀਕੇ ਸਿਖਦਾ ਜਾਵਾਂ।

ਮਾਲਕ ਵਾਗੂੰ ਪੈ ਮੰਜੇ 'ਤੇ,
ਦੋ ਘੜੀਆਂ ਥਕੇਵਾਂ ਲਾਹਵਾਂ।
***-ਗੁਰਦੇਵ ਸਿੰਘ ਢਿਪਾਲੀ, ਬਠਿੰਡਾ***
---
ਲੁੱਚਾ ਲੰਡਾ ਹੁਣ ਰਾਜ ਏ ਕਰਦਾ
ਮਿਹਨਤਕੱਸ਼ ਏ ਭੁੱਖਾ ਮਰਦਾ।
ਝੋਟੇ ਨਜਰੀਂ ਪੈ ਗਿਆ ਮੰਜਾ
ਮਾਰ ਛਾਲ ਚੜ੍ਹ ਬੈਠਾ ਉਤੇ
ਕੱਟਣ-ਵੱਢਣ 'ਤੇ ਲੱਗੀ ਪਾਬੰਦੀ
ਮੈਂ ਨਹੀਂ ਹੁਣ ਕਿਸੇ ਤੋਂ ਡਰਦਾ।
***-ਕੈਲਾਸ਼ ਰਾਣੀ***
---
ਮੰਜਾ ਡਾਹਿਆ ਦੇਖ ਕੇ ਝੋਟਾ
ਚੜ੍ਹ ਕੇ ਬਹਿ ਗਿਆ ਮੌਜ ਲਈ।
ਡਰਦਾ ਕੋਈ ਨੇੜੇ ਨਾ ਆਵੇ
ਕੀ ਜਾਣੀਏ ਕੀ ਹੋ ਜਾਊ ਬਈ।
ਅੱਜ ਕੱਲ੍ਹ ਬੱਚੇ ਬਿੱਲੀ ਤੋਂ ਭੀ ਡਰਦੇ
ਕਿਤੇ ਕੋਈ ਰਾਖਸ਼ ਤਾਂ ਬੈਠਾ ਨਹੀਂ?
***-ਜਗਜੀਤ ਕੌਰ ਤੂਰ, ਚੰਡੀਗੜ੍ਹ***
---
ਖੇਤੀਬਾੜੀ ਹੋ ਗਈ ਮਸ਼ੀਨੀ
ਝੋਟਾ ਕਿਉਂ ਨਾ ਕਰੇ ਮਨਮਾਨੀ।
ਆਉਂਦੇ ਜਾਂਦੇ ਦੀ ਬਿੜਕ ਲੈਂਦਾ
ਡਾਹ ਕੇ ਮੰਜੀ ਕਰੇ ਨਿਗਰਾਨੀ।
***-ਗੋਰਾ ਪ੍ਰਜਾਪਤ, ਨਿਊ ਯਾਰਕ***
---
ਮੁਰਗਾ ਆਪਣੀ ਰੂੜੀ 'ਤੇ
ਕੁੱਤਾ ਗਲੀ 'ਚ ਬਣ ਜਾਵੇ ਸ਼ੇਰ।
ਝੋਟਾ, ਢੱਗਾ ਤੇ ਮਸਤੇ ਹਾਥੀ
ਪੰਗਾ ਲੈਣ ਵਾਲੇ ਨੂੰ ਕਰਦੇ ਢੇਰ।
ਪਰ ਇਨ੍ਹਾਂ ਦੀ ਮਨਸੂਈ ਢੰਗਾਂ ਨਾਲ
ਵਧਣ ਲੱਗੀ ਹੁਣ ਪੈਦਾਵਾਰ।
ਇਹ ਬੰਦੇ ਲਈ ਹੋਣਗੇ ਖਤਰਾ
ਖਤਮ ਹੋ ਜਾਣੇ ਸਾਂਝਾਂ ਤੇ ਪਿਆਰ।
***-ਅਮਰਜੀਤ ਸਿੰਘ ਤੂਰ***
---
ਕੰਨ ਚੁੱਕੀ ਬੈਠਾ ਝੋਟਾ
ਮੰਜਾ ਰਤਾ ਵੀ ਲਿਫਿਆ ਨਹੀਂ
ਜਿਵੇਂ ਅੱਜ ਕੱਲ੍ਹ ਛਿੰਝਾਂ ਵਿਚ
ਪਹੀਆ ਟਰੈਕਟਰ ਦਾ
ਭਲਵਾਨ ਉਤੋਂ ਦੀ ਲੰਘ ਜਾਂਦੈ।
ਜੋੜੋ ਇਹਨੂੰ ਬੀਂਡੀ
ਬਹਿਣ ਨਾ ਦਿਓ ਰਤਾ ਵੀ
ਬਰੂ ਖਾ ਕੇ ਮਸਤ ਹੋਇਆ।
***-ਦਰਸ਼ਨਪਾਲ ਦੋਸਾਂਝ***

# ਅਮਿੱਟ ਯਾਦਾਂ ਛੱਡ ਗਿਆ ਸਰਸ ਮੇਲਾ

**ਪਟਿਆਲਾ:** ਇਤਿਹਾਸਕ ਅਤੇ ਵਿਰਾਸਤੀ ਸ਼ਹਿਰ ਪਟਿਆਲਾ ਦੇ ਸੀਸ ਮਹਿਲ ਵਿਚ 21 ਫਰਵਰੀ ਤੋਂ 3 ਮਾਰਚ ਤੱਕ ਚਲਿਆ ਖੇਤਰੀ ਸਰਸ ਮੇਲਾ ਅਮਿੱਟ ਯਾਦਾਂ ਛੱਡਦਾ ਸਮਾਪਤ ਹੋ ਗਿਆ। ਵਿਚ 12 ਦਿਨਾਂ ਵਿਚ ਕ੍ਰਮਵਾਰ ਵਿਕਰੀ 3.13 ਕਰੋੜ ਅਤੇ 2.50 ਕਰੋੜ ਹੋਈ ਸੀ, ਪਰ ਪਟਿਆਲਾ ਵਿਚ ਲੱਗੇ ਸਰਸ ਮੇਲੇ ਵਿਚ 11 ਦਿਨਾਂ ਅੰਦਰ 3.18 ਕਰੋੜ ਦੀ ਵਿਕਰੀ ਹੋਈ।



ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਵਿਭਾਗ ਤੇ ਪਟਿਆਲਾ ਦਿਹਾਤੀ ਵਿਕਾਸ ਏਜੰਸੀ ਵੱਲੋਂ ਕਰਵਾਏ ਇਸ ਮੇਲੇ ਨੇ ਵੱਖ-ਵੱਖ ਰਾਜਾਂ ਦੇ ਸ਼ਿਲਪਕਾਰਾਂ ਤੇ ਸਵੈ ਸਹਾਇਤਾ ਗਰੁੱਪਾਂ ਦੇ ਮੈਂਬਰਾਂ ਨੂੰ ਸਵੈ ਰੁਜ਼ਗਾਰ ਅਤੇ ਹੱਥੀਂ ਬਣਾਈਆਂ ਵਸਤਾਂ, ਫੁਲਕਾਰੀ, ਚਿਕਨ ਸੂਟ, ਲੋਹੇ, ਬਾਂਸ ਤੇ ਲੱਕੜ ਦੇ ਫਰਨੀਚਰ, ਮਿੱਟੀ ਦੇ ਭਾਂਡੇ, ਅਚਾਰ ਤੇ ਖਾਣ-ਪੀਣ ਦਾ ਸਾਜ਼ੋ-ਸਾਮਾਨ ਵੇਚਣ ਲਈ ਵੱਡਾ ਮੰਚ ਮੁਹੱਈਆ ਕਰਵਾਇਆ।

ਮੇਲੇ ਵਿਚ 27 ਰਾਜਾਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਦੀਆਂ ਦਸਤਕਾਰੀ ਵਸਤਾਂ ਲਈ 260 ਤੋਂ ਵੱਧ ਸਟਾਲ ਲਾਏ ਗਏ ਸਨ, ਜਿਨ੍ਹਾਂ ਵਿਚ 550 ਸ਼ਿਲਪਕਾਰਾਂ ਨੇ ਹਿੱਸਾ ਲਿਆ। ਮੇਲੇ ਦੇ ਅਖੀਰਲੇ ਦਿਨ 40 ਹਜ਼ਾਰ ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ। 12 ਸਾਲਾਂ ਬਾਅਦ ਲੱਗੇ ਵਿਰਾਸਤੀ ਮੇਲੇ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਪਟਿਆਲਾ ਸਰਸ ਮੇਲੇ ਦੌਰਾਨ ਰਿਕਾਰਡ ਤੋੜ ਖਰੀਦਦਾਰੀ ਹੋਈ।

ਇਸ ਤੋਂ ਪਹਿਲਾਂ ਲੁਧਿਆਣਾ ਅਤੇ ਬਠਿੰਡਾ ਵਿਚ ਵੀ ਸਰਸ ਮੇਲੇ ਲੱਗ ਚੁੱਕੇ ਹਨ ਤੇ ਉਨ੍ਹਾਂ ਚਾਰ ਲੱਖ ਤੋਂ ਵੱਧ ਲੋਕਾਂ ਨੇ ਮੇਲੇ ਦਾ ਆਨੰਦ ਮਾਣਿਆ ਹੈ। ਸਰਕਾਰ ਨੂੰ ਫੂਡ ਸਟਾਲਾਂ ਅਤੇ ਝੂਲਿਆਂ ਦੀ ਨਿਲਾਮੀ ਤੋਂ ਤਕਰੀਬਨ 80 ਲੱਖ ਰੁਪਏ ਦੀ ਆਮਦਨ ਹੋਈ ਹੈ। ਇਹ ਪਹਿਲੀ ਵਾਰ ਹੈ ਕਿ ਸਭਿਆਚਾਰਕ ਪ੍ਰੋਗਰਾਮ ਅਤੇ ਸਟਾਰ ਨਾਈਟ ਦਾ ਸਿੱਧਾ ਪ੍ਰਸਾਰਨ ਕੇਬਲ ਟੀ.ਵੀ. ਅਤੇ ਆਲ ਇੰਡੀਆ ਰੇਡੀਓ ਉਪਰ ਕੀਤਾ ਗਿਆ। ਮੇਲੇ ਦੀ ਹਰ ਸ਼ਾਮ ਉਘੇ ਕਲਾਕਾਰਾਂ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ ਤੇ ਕਈ ਨਵੇਂ ਗਾਇਕਾਂ ਨੂੰ ਵੀ ਮੌਕਾ ਦਿੱਤਾ ਗਿਆ ਹੈ।

# ਖਜ਼ਾਨਾ ਭਰਨ ਲਈ ਮਾਸਟਰਾਂ ਦੇ ਖੀਸੇ ਖਾਲੀ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਵੱਡਾ ਕੱਟ ਲਾ ਕੇ ਖਜ਼ਾਨਾ ਭਰਨ ਦੀ ਤਿਆਰੀ ਕਰ ਰਹੀ ਹੈ। ਸਰਕਾਰ ਠੇਕੇ 'ਤੇ ਰੱਖੇ ਅਧਿਆਪਕਾਂ ਦੀ ਤਨਖਾਹ 42,800 ਰੁਪਏ ਤੋਂ ਘਟਾ ਕੇ 10,800 ਰੁਪਏ ਪ੍ਰਤੀ ਮਹੀਨਾ ਕਰਨ ਦੀ ਯੋਜਨਾ ਬਣਾ ਰਹੀ ਹੈ। ਕੈਪਟਨ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰ ਕੇ ਉਨ੍ਹਾਂ ਨੂੰ ਤਿੰਨ ਸਾਲ ਮੁਢਲੀ ਤਨਖਾਹ ਦੇਣ ਦੀ ਨੀਤੀ ਘੜ ਰਹੀ ਹੈ। ਇਸ ਨੀਤੀ ਤਹਿਤ ਮੁਲਾਜ਼ਮਾਂ ਦੀਆਂ ਤਨਖਾਹ ਉਤੇ 75 ਫੀਸਦੀ ਕਟੌਤੀ ਹੋਵੇਗੀ। ਇਸ ਨਾਲ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.) ਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਰਮਸਾ) ਅਧੀਨ ਕੰਮ ਕਰਦੇ 17,000 ਦੇ ਕਰੀਬ ਅਧਿਆਪਕਾਂ ਤੇ ਨਾਨ-ਟੀਚਿੰਗ ਸਟਾਫ ਦੀਆਂ ਤਨਖਾਹਾਂ ਘਟ ਜਾਣਗੀਆਂ। ਇਸ ਤੋਂ ਇਲਾਵਾ ਹੋਰ ਵਿਭਾਗਾਂ ਵਿਚ ਠੇਕਾ ਅਧਾਰਤ ਕੰਮ ਕਰਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਵੀ ਕਟੌਤੀ ਕੀਤੀ ਜਾ ਸਕਦੀ ਹੈ।

ਦਰਅਸਲ, ਪੰਜਾਬ ਸਰਕਾਰ ਵੱਲੋਂ ਵਿੱਤੀ ਸੰਕਟ ਦੇ ਮੱਦੇਨਜ਼ਰ ਠੇਕਾ ਅਧਾਰਤ ਕੰਮ ਕਰਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਬਣਾਈ ਜਾ ਰਹੀ ਤਜਵੀਜ਼ ਵਿਚ ਅਜਿਹੇ ਮੁਲਾਜ਼ਮਾਂ ਨੂੰ ਪਹਿਲੇ ਤਿੰਨ ਸਾਲ ਮੁਢਲੀਆਂ ਤਨਖਾਹਾਂ ਦੇਣ ਬਾਰੇ ਸੋਚਿਆ ਜਾ ਰਿਹਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਕਈ ਸਾਲਾਂ ਤੋਂ ਕੰਮ ਕਰਦੇ ਆ ਰਹੇ ਐਸ.ਐਸ.ਏ. ਅਤੇ ਰਮਸਾ ਅਧੀਨ ਕੰਮ ਕਰਦੇ 15,600 ਅਧਿਆਪਕਾਂ ਨੂੰ ਰੈਗੂਲਰ ਸਕੇਲਾਂ ਵਿਚ ਮੁਢਲੀ ਤਨਖਾਹ ਤੇ ਡੀਏ ਦੇ ਆਧਾਰ ਉਤੇ ਤਨਖਾਹਾਂ ਦੇ ਰਹੀ ਹੈ।

ਇਸ ਤਹਿਤ ਇਨ੍ਹਾਂ ਅਧਿਆਪਕਾਂ ਦੀਆਂ ਤਨਖਾਹਾਂ ਪ੍ਰਤੀ ਮਹੀਨਾ 42,800 ਰੁਪਏ ਦੇ ਕਰੀਬ ਬਣਦੀਆਂ ਹਨ। ਜੇ ਸਰਕਾਰ ਵੱਲੋਂ ਬਣਾਈ ਜਾ ਰਹੀ ਤਜਵੀਜ਼ ਤਹਿਤ ਇਨ੍ਹਾਂ ਅਧਿਆਪਕਾਂ ਨੂੰ ਰੈਗੂਲਰ ਕੀਤਾ ਜਾਂਦਾ ਹੈ, ਤਾਂ ਇਸ ਨੀਤੀ ਤਹਿਤ 42,800 ਰੁਪਏ ਤਨਖਾਹ ਲੈਣ ਵਾਲੇ ਅਧਿਆਪਕਾਂ ਨੂੰ ਪਹਿਲੇ 3 ਸਾਲ ਮਹਿਜ਼ 10,800 ਰੁਪਏ ਪ੍ਰਤੀ ਮਹੀਨਾ ਹੀ ਤਨਖਾਹ ਮਿਲੇਗੀ। ਇਸ ਤਰ੍ਹਾਂ ਤਨਖਾਹ ਵਿਚ 32,000 ਰੁਪਏ ਦਾ ਕੱਟ ਲੱਗੇਗਾ। ਦੱਸਣਯੋਗ ਹੈ ਕਿ ਪਿਛਲੀ ਬਾਦਲ ਸਰਕਾਰ ਵੱਲੋਂ 27,000 ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਅਖੀਰਲੇ ਸਮੇਂ ਬਣਾਏ ਐਕਟ ਵਿਚ ਬਕਾਇਦਾ ਦਰਜ ਹੈ ਕਿ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਵੇਲੇ ਉਨ੍ਹਾਂ ਦੀਆਂ ਤਨਖਾਹਾਂ ਘੱਟ ਨਹੀਂ ਕੀਤੀਆਂ ਜਾਣਗੀਆਂ।

# ਤੇਜ਼ਾਬ ਹਮਲਾ: ਅਦਾਲਤ ਨੇ ਦੋ ਨੂੰ ਸਜ਼ਾ ਸੁਣਾਈ

**ਗੁਰਦਾਸਪੁਰ:** ਕੋਈ ਦੋ ਸਾਲ ਪਹਿਲਾਂ ਤੇਜ਼ਾਬ ਨਾਲ ਹਮਲਾ ਕਰਨ ਵਾਲੇ ਦੋ ਦੋਸ਼ੀਆਂ ਨੂੰ ਅਦਾਲਤ ਨੇ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਦੱਸਣਯੋਗ ਹੈ ਕਿ 16 ਮਾਰਚ 2016 ਨੂੰ ਡੇਰਾ ਬਾਬਾ ਨਾਨਕ ਦੇ ਪਿੰਡ ਸਿੰਘਪੁਰਾ 'ਚ 8ਵੀਂ ਜਮਾਤ ਦੀ ਪ੍ਰੀਖਿਆ ਦੇ ਕੇ ਪਰਤ ਰਹੀਆਂ ਪਿੰਡ ਧਰਮਾਬਾਦ ਵਾਸੀ ਪ੍ਰਭਜੋਤ ਕੌਰ, ਮਨਪ੍ਰੀਤ ਕੌਰ, ਅਰਸ਼ਦੀਪ ਕੌਰ, ਆਸ਼ਾ ਮਸੀਹ, ਸੁਖਮਨਦੀਪ ਕੌਰ ਅਤੇ ਗਗਨਦੀਪ ਕੌਰ ਉਤੇ ਪਿੰਡ ਬਾਓਵਾਲੀ ਦੇ ਵਸਨੀਕ ਸਾਜਨ ਮਸੀਹ ਨੇ ਆਪਣੇ ਇਕ ਸਾਥੀ ਲਵਪ੍ਰੀਤ ਸਿੰਘ ਨਾਲ ਮਿਲ ਕੇ ਤੇਜ਼ਾਬ ਨਾਲ ਹਮਲਾ ਕੀਤਾ ਸੀ। ਹਾਲਾਂਕਿ ਦੋਸ਼ੀਆਂ ਦਾ ਮੁੱਖ ਨਿਸ਼ਾਨਾ ਮਨਪ੍ਰੀਤ ਕੌਰ ਸੀ ਪਰ ਇਸ ਹਮਲੇ ਵਿਚ ਤੇਜ਼ਾਬ ਪੈਣ ਕਾਰਨ ਪ੍ਰਭਜੋਤ ਕੌਰ ਬੁਰੀ ਤਰ੍ਹਾਂ ਝੁਲਸ ਗਈ ਸੀ।

ਇਸ ਮਾਮਲੇ ਵਿਚ ਡੇਰਾ ਬਾਬਾ ਨਾਨਕ ਪੁਲਿਸ ਨੇ ਸਾਜਨ ਮਸੀਹ, ਲਵਪ੍ਰੀਤ ਸਿੰਘ ਸਣੇ 3 ਜਣਿਆਂ ਖਿਲਾਫ ਕੇਸ ਦਰਜ ਕਰ ਕੇ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਸੀ। ਅਦਾਲਤ ਨੇ ਮੁੱਖ ਮੁਲਜ਼ਮ ਸਾਜਨ ਮਸੀਹ ਨੂੰ 18 ਸਾਲਾਂ ਅਤੇ ਲਵਪ੍ਰੀਤ ਸਿੰਘ ਨੂੰ 15 ਸਾਲਾਂ ਦੀ ਕੈਦ ਤੋਂ ਇਲਾਵਾ ਇਕ-ਇਕ ਲੱਖ ਰੁਪਏ ਜੁਰਮਾਨਾ ਅਦਾ ਕਰਨ ਦੀ ਸਜ਼ਾ ਸੁਣਾਈ ਹੈ। ਤੀਜੇ ਮੁਲਜ਼ਮ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ ਹੈ।

# ਮਨੀਕਰਨ ਤੋਂ ਪਰਤਦੀ ਇਨੋਵਾ ਖੱਡ 'ਚ ਡਿੱਗੀ; 8 ਮੌਤਾਂ

**ਅੰਮ੍ਰਿਤਸਰ:** ਇਥੋਂ ਦੇ ਕਾਲੇ ਘਨੂੰਪੁਰ ਦੇ ਕੁਝ ਹਸਦੇ ਵਸਦੇ ਪਰਿਵਾਰਾਂ ਉਤੇ ਹੋਲੀ ਵਾਲੇ ਦਿਨ ਬਿਪਤਾ ਆ ਪਈ ਤੇ ਅੱਠ ਨੌਜਵਾਨ ਹਿਮਾਚਲ ਪ੍ਰਦੇਸ਼ ਵਿਚ ਇਕ ਵਾਹਨ ਖੱਡ ਵਿਚ ਡਿਗਣ ਕਾਰਨ ਮਾਰੇ ਗਏ। ਇਹ ਸਾਰੇ ਮਨੀਕਰਨ ਮੱਥਾ ਟੇਕਣ ਗਏ ਸਨ। ਹਾਦਸੇ ਵਿਚ ਹਲਾਕ ਅੱਠ ਨੌਜਵਾਨਾਂ ਵਿਚੋਂ ਛੇ ਕਾਲੇ ਘਨੂੰਪੁਰ ਆਬਾਦੀ ਨਾਲ ਸਬੰਧਤ, ਇਕ ਰਾਜਾਸਾਂਸੀ ਅਤੇ ਇਕ ਪਿੰਡ ਬੋਪਾਰਾਏ ਦਾ ਵਾਸੀ ਹੈ। ਇਹ ਸਾਰੇ ਇਕ ਇਨੋਵਾ ਵਿਚ ਮਨੀਕਰਨ ਗਏ ਸਨ ਅਤੇ ਘਰਾਂ ਨੂੰ ਪਰਤ ਰਹੇ ਸਨ ਕਿ ਬਿਲਾਸਪੁਰ ਨੇੜੇ ਹਾਦਸਾ ਵਾਪਰ ਗਿਆ।

ਮ੍ਰਿਤਕਾਂ ਵਿਚ ਗੁਰਵਿੰਦਰ ਸਿੰਘ (35), ਜਸਬੀਰ ਸਿੰਘ (28), ਦਵਿੰਦਰ ਸਿੰਘ (30), ਬਲਜੀਤ ਸਿੰਘ (19), ਲਵਪ੍ਰੀਤ ਸਿੰਘ (20), ਕੰਵਲਪ੍ਰੀਤ ਸਿੰਘ (18) ਸਾਰੇ ਵਾਸੀ ਕਾਲੇ ਘਨੂੰਪੁਰ, ਮਨਦੀਪ ਸਿੰਘ (25) ਪਿੰਡ ਬੋਪਾਰਾਏ ਅਤੇ ਕੰਵਲਜੀਤ ਸਿੰਘ (25) ਵਾਸੀ ਰਾਜਾਸਾਂਸੀ ਸ਼ਾਮਲ ਹਨ। ਇਨ੍ਹਾਂ ਦੇ ਨਾਲ ਗਿਆ ਇਕ ਵਿਅਕਤੀ ਸੁਖਦੀਪ ਸਿੰਘ ਇਸ ਹਾਦਸੇ ਵਿਚ ਬਚ ਗਿਆ ਹੈ, ਜੋ ਹਸਪਤਾਲ ਵਿਚ ਦਾਖਲ ਹੈ।

ਹੋਲੀ ਮੌਕੇ ਜਿਵੇਂ ਹੀ ਇਸ ਸੜਕ ਹਾਦਸੇ ਦੀ ਖਬਰ ਪੁੱਜੀ ਤਾਂ ਸਬੰਧਤ ਘਰਾਂ ਵਿਚ ਵਿਰਲਾਪ ਸ਼ੁਰੂ ਹੋ ਗਿਆ। ਇਨ੍ਹਾਂ ਵਿਚ ਸ਼ਾਮਲ ਕੰਵਲਪ੍ਰੀਤ ਸਿੰਘ ਆਪਣੇ ਘਰ ਵਿਚ ਇਕੱਲਾ ਹੀ ਕਮਾਊ ਸੀ। ਉਸ ਦੇ ਪਿਤਾ ਦੀ ਕੁਝ ਮਹੀਨੇ ਪਹਿਲਾਂ ਮੌਤ ਹੋ ਗਈ ਸੀ। ਹਾਦਸਾ ਕਾਰ ਦੀਆਂ ਬਰੇਕਾਂ ਫੇਲ੍ਹ ਹੋ ਜਾਣ ਕਾਰਨ ਵਾਪਰਿਆ।

TRUCK STOP 40
SAYRE, OK 73662


ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

Friends Of Punjab Foundation




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

www.friendsofpunjabfoundation.org

# ਜੰਮੂ ਕਸ਼ਮੀਰ ਵਿਚ ਮਨੁੱਖੀ ਹੱਕਾਂ ਦਾ ਘਾਣ

**ਬੂਟਾ ਸਿੰਘ**

ਜੰਮੂ ਕਸ਼ਮੀਰ, ਖਾਸ ਕਰ ਕੇ ਕਸ਼ਮੀਰ ਘਾਟੀ ਦੇ ਅਵਾਮ ਨੂੰ ਹਿੰਦੁਸਤਾਨੀ ਫ਼ੌਜ ਦੇ ਓਪਰੇਸ਼ਨਾਂ ਅਤੇ ਅੰਧਾਧੁੰਦ ਗੋਲੀਬਾਰੀ ਕਾਂਡਾਂ ਤੋਂ ਨੇੜ-ਭਵਿਖ ਵਿਚ ਕੋਈ ਰਾਹਤ ਮਿਲਣ ਦੀ ਉਮੀਦ ਨਜ਼ਰ ਨਹੀਂ ਆ ਰਹੀ। ਅਫਸਪਾ (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ) ਰਾਜ ਦੇ ਹੱਥ ਵਿਚ ਐਸਾ ਹਥਿਆਰ ਹੈ ਜਿਸ ਤਹਿਤ ਫ਼ੌਜ ਅਤੇ ਹੋਰ ਕੇਂਦਰੀ ਹਥਿਆਰਬੰਦ ਬਲਾਂ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ, ਕਿਉਂਕਿ ਕੇਂਦਰੀ ਗ੍ਰਹਿ ਮੰਤਰਾਲੇ ਦੀ ਅਗੇਤੀ ਮਨਜ਼ੂਰੀ ਲਏ ਬਗੈਰ ਫ਼ੌਜ ਦੇ ਖ਼ਿਲਾਫ਼ ਐਫ ਆਈ ਆਰ ਵੀ ਦਰਜ ਨਹੀਂ ਕਰਵਾਈ ਜਾ ਸਕਦੀ। ਇਹ ਕਾਨੂੰਨ ਫ਼ੌਜ ਦੇ ਹੱਥ ਵਿਚ ਕਤਲਾਂ ਦਾ ਲਾਇਸੈਂਸ ਹੈ, ਉਹ ਕੁਝ ਵੀ ਕਰ ਦੇਣ, ਉਨ੍ਹਾਂ ਨੂੰ ਕਿਤੇ ਜਵਾਬਦੇਹ ਨਹੀਂ ਹੋਣਾ ਪੈਂਦਾ। ਹਾਲ ਹੀ ਵਿਚ ਸੁਪਰੀਮ ਕੋਰਟ ਵਲੋਂ ਮੇਜਰ ਆਦਿਤਿਆ ਉਪਰ 24 ਅਪਰੈਲ ਤਕ ਕੋਈ ਕਾਰਵਾਈ ਕੀਤੇ ਜਾਣ ਲਈ ਲਗਾਈ ਰੋਕ ਇਸ ਦੀ ਤਾਜ਼ਾ ਮਿਸਾਲ ਹੈ। ਲੰਘੀ 27 ਜਨਵਰੀ ਨੂੰ ਸ਼ੋਪੀਆਂ ਵਿਚ ਪਥਰਾਓ ਕਰ ਰਹੇ ਹਜੂਮ ਉਪਰ ਗੋਲੀਆਂ ਚਲਾ ਕੇ ਫ਼ੌਜ ਨੇ ਤਿੰਨ ਨਾਗਰਿਕਾਂ ਦੀ ਹੱਤਿਆ ਕਰ ਦਿੱਤੀ ਸੀ। ਜੰਮੂ ਕਸ਼ਮੀਰ ਸਰਕਾਰ ਨੇ ਇਸ ਦੀ ਜਾਂਚ ਦੇ ਆਦੇਸ਼ ਦਿੱਤੇ ਸਨ, ਪਰ ਸੁਪਰੀਮ ਕੋਰਟ ਨੇ ਇਹ ਕਾਰਵਾਈ ਰੋਕ ਦਿੱਤੀ। ਮਨੁੱਖੀ ਹੱਕਾਂ ਦੇ ਘਾਣ ਬਾਰੇ ਇਕ ਤਾਜ਼ਾ ਰਿਪੋਰਟ ਨੇ ਇਸ ਤਰ੍ਹਾਂ ਦੀਆਂ ਹੌਲਨਾਕ ਰੋਜ਼ਮਰਾ ਘਟਨਾਵਾਂ ਦਾ ਖ਼ੁਲਾਸਾ ਕੀਤਾ ਹੈ।

ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ (ਜੇ ਕੇ ਸੀ ਸੀ ਐੱਸ) ਦੇ ਦੋ ਵਕੀਲਾਂ ਪਰਵੇਜ਼ ਇਮਰੋਜ਼ ਅਤੇ ਪਰਵੇਜ਼ ਖ਼ੁਰਮ ਵਲੋਂ ਮਿਲ ਕੇ ਬਣਾਈ ਗਈ ਸੀ ਜੋ ਨਾਗਰਿਕ ਹੱਕਾਂ ਨੂੰ ਪ੍ਰਨਾਏ ਹੋਏ ਹਨ। ਇਹ ਸੰਸਥਾ ਜੰਮੂ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੀ ਹਾਲਤ ਨੂੰ ਦਸਤਾਵੇਜ਼ੀ ਰੂਪ ਦੇ ਕੇ ਕੁਲ ਦੁਨੀਆ ਦੇ ਧਿਆਨ ਵਿਚ ਲਿਆਉਣ ਲਈ ਬਹੁਤ ਹੀ ਮਹੱਤਵਪੂਰਨ ਕੰਮ ਕਰ ਰਹੀ ਹੈ। ਪਿਛਲੇ ਦਿਨਾਂ ਵਿਚ ਸੁਸਾਇਟੀ ਨੇ ਜੰਮੂ ਕਸ਼ਮੀਰ ਦੇ ਹਾਲਾਤ ਬਾਰੇ ਤਾਜ਼ਾ ਰਿਪੋਰਟ ਪੇਸ਼ ਕੀਤੀ ਹੈ। "ਸਾਲਾਨਾ ਮਨੁੱਖੀ ਅਧਿਕਾਰ ਰੀਵਿਊ ਰਿਪੋਰਟ 2017" ਵਿਚ ਦੱਸਿਆ ਗਿਆ ਹੈ ਕਿ 2017 ਵਿਚ ਪਿਛਲੇ ਸਾਲ ਦੇ ਮੁਕਾਬਲੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਵਿਚ ਵਾਧਾ ਹੋਇਆ ਹੈ। ਸੰਯੁਕਤ ਰਾਸ਼ਟਰ ਦੇ ਨੁਮਾਇੰਦਿਆਂ ਜੰਮੂ ਕਸ਼ਮੀਰ ਆਉਣ ਦੀ ਇਜਾਜ਼ਤ ਨਾ ਦੇਣਾ ਜਾਂ ਮਨੁੱਖੀ ਹੱਕਾਂ ਦੇ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਵੀਜ਼ੇ ਨਾ ਦੇਣਾ ਇਹੀ ਦਰਸਾਉਂਦਾ ਹੈ ਕਿ ਹਿੰਦੁਸਤਾਨ ਦੀ ਸਰਕਾਰ ਇਸ ਨੂੰ ਲੈ ਕੇ ਭੈਭੀਤ ਹੈ ਕਿ ਦੁਨੀਆ ਨੂੰ ਹੱਕਾਂ ਦੀਆਂ ਵਿਆਪਕ ਉਲੰਘਣਾਵਾਂ ਦਾ ਪਤਾ ਨਾ ਲੱਗੇ।

ਰਿਪੋਰਟ ਨੇ ਨੋਟ ਕੀਤਾ ਹੈ ਕਿ ਘਾਟੀ ਲਗਾਤਾਰ ਵਿਦਿਆਰਥੀ ਬੇਚੈਨੀ ਦੀ ਲਪੇਟ ਹੈ। ਸਰਕਾਰ ਦੇ ਦਾਅਵਿਆਂ ਦੇ ਉਲਟ "2016 ਦੀ ਬਗ਼ਾਵਤ" 2017 ਵਿਚ ਵੀ ਜਾਰੀ ਰਹੀ। ਅਪਰੈਲ ਵਿਚ ਪੁਲਵਾਮਾ ਡਿਗਰੀ ਕਾਲਜ ਦੇ ਵਿਦਿਆਰਥੀਆਂ ਉਪਰ ਹਥਿਆਰਬੰਦ ਬਲਾਂ ਵਲੋਂ ਹਮਲਾ ਕੀਤੇ ਜਾਣ 'ਤੇ ਘਾਟੀ ਦੇ ਤਕਰੀਬਨ ਹਰ ਜ਼ਿਲ੍ਹੇ ਵਿਚ ਹੀ ਵਿਦਿਆਰਥੀਆਂ ਵਲੋਂ ਵਿਆਪਕ ਵਿਰੋਧ ਪ੍ਰਦਰਸ਼ਨ ਕੀਤੇ ਗਏ। ਰਿਪੋਰਟ ਅਨੁਸਾਰ "ਹਥਿਆਰਬੰਦ ਤਾਕਤਾਂ ਨਾਲ ਝੜਪਾਂ ਵਿਚ ਸੈਂਕੜੇ ਵਿਦਿਆਰਥੀ ਫੱਟੜ ਹੋਏ ਅਤੇ ਬਹੁਤ ਸਾਰਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੁਜ਼ਾਹਰਿਆਂ ਦੇ ਦਿਨਾਂ ਵਿਚ ਘਾਟੀ ਦੇ ਸਕੂਲ ਅਤੇ ਕਾਲਜ ਕਈ ਕਈ ਦਿਨ ਅਤੇ ਕੁਝ ਮਾਮਲਿਆਂ ਵਿਚ ਤਾਂ ਹਫ਼ਤਿਆਂ ਤਕ ਵੀ ਬੰਦ ਰਹੇ।

ਰਿਪੋਰਟ ਨੇ ਇਹ ਵੀ ਜ਼ਿਕਰ ਕੀਤਾ ਹੈ ਚੋਣ ਦੇ ਦਿਨਾਂ ਵਿਚ ਕਿਸ ਤਰ੍ਹਾਂ ਦੀ ਹਿੰਸਾ ਹੁੰਦੀ ਹੈ। ਚੋਣਾਂ ਵਾਲੇ ਦਿਨ 9 ਅਪਰੈਲ ਨੂੰ ਹੋਈ ਬੇਮਿਸਾਲ ਹਿੰਸਾ ਤੋਂ ਪਹਿਲਾਂ ਵਿਦਿਆਰਥੀਆਂ ਦੇ ਮੁਜ਼ਾਹਰੇ ਹੋਏ, ਜਦੋਂ ਸ੍ਰੀਨਗਰ ਦੀ ਜ਼ਿਮਨੀ ਚੋਣ ਦੌਰਾਨ ਬਡਗਾਮ ਅਤੇ ਗੰਧਰਬਲ ਵਿਚ ਸਰਕਾਰੀ ਹਥਿਆਰਬੰਦ ਬਲਾਂ ਵਲੋਂ 8 ਆਮ ਨਾਗਰਿਕਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਫ਼ਾਰੂਕ ਅਹਿਮਦ ਡਾਰ ਦੇ ਮਾਮਲੇ ਵਿਚ ਰਿਪੋਰਟ ਕਹਿੰਦੀ ਹੈ, 'ਅਪਰੈਲ ਵਿਚ ਸ੍ਰੀਨਗਰ ਹਲਕੇ ਦੀ ਜ਼ਿਮਨੀ ਚੋਣ ਦੇ ਦਿਨ ਇਕ ਆਮ ਨਾਗਰਿਕ ਨੂੰ ਜਦੋਂ ਉਹ ਵੋਟ ਪਾ ਚੁੱਕਾ ਸੀ, ਪਹਿਲਾਂ ਤਸੀਹੇ ਦਿੱਤੇ ਗਏ ਅਤੇ ਫਿਰ ਫ਼ੌਜ ਦੇ ਮੇਜਰ ਵਲੋਂ ਬੀਰਵਾਹ ਵਿਚ ਮਨੁੱਖੀ ਢਾਲ ਬਣਾ ਕੇ ਇਸਤੇਮਾਲ ਕੀਤਾ ਗਿਆ। ਇਸ ਘਟਨਾ ਦੀ ਵਿਆਪਕ ਨਿਖੇਧੀ ਹੋਈ ਅਤੇ ਮੀਡੀਆ ਵਲੋਂ ਵੀ ਇਸ ਦੀ ਕਵਰੇਜ਼ ਕੀਤੀ ਗਈ।' ਰਿਪੋਰਟ ਅਨੁਸਾਰ 2016 ਵਿਚ ਆਮ ਨਾਗਰਿਕਾਂ ਦੇ ਖ਼ਿਲਾਫ਼ ਪੈਲੇਟ ਗੰਨਾਂ ਇਸਤੇਮਾਲ ਕੀਤੇ ਜਾਣ ਦੀ ਵਿਆਪਕ ਨਿਖੇਧੀ ਹੋਣ ਦੇ ਬਾਵਜੂਦ ਕਸ਼ਮੀਰ ਵਿਚ ਇਹ ਵਰਤਾਰਾ ਬੇਰੋਕ ਜਾਰੀ ਰਿਹਾ ਅਤੇ ਸਾਰਾ ਸਾਲ ਪੈਲੇਟ ਗੰਨਾਂ ਨਾਲ ਫੱਟੜ ਹੋਣ ਦੇ ਨਵੇਂ ਮਾਮਲੇ ਰਿਪੋਰਟ ਹੁੰਦੇ ਰਹੇ। ਘਾਟੀ ਦੇ ਕੁਪਵਾੜਾ ਅਤੇ ਹੰਦਵਾੜਾ ਜ਼ਿਲ੍ਹਿਆਂ ਵਿਚ ਲਾਪਤਾ ਕਰ ਦਿੱਤੇ ਜਾਣ ਦੀਆਂ ਘਟਨਾਵਾਂ ਵੀ ਹੋਈਆਂ।

ਰਿਪੋਰਟ ਅਨੁਸਾਰ ਜੁਲਾਈ 2017 ਵਿਚ ਫ਼ੌਜ ਵਲੋਂ ਜੋ 'ਓਪਰੇਸ਼ਨ ਆਲਆਊਟ' ਵਿੱਢਿਆ ਗਿਆ, ਉਸ ਦੇ ਨਤੀਜੇ ਵਜੋਂ ਜਿਥੇ ਹੁਣ ਤਕ 217 ਖਾੜਕੂਆਂ ਦੀਆਂ ਹੱਤਿਆਵਾਂ ਹੋਈਆਂ ਹਨ, ਜੋ ਪਿਛਲੇ ਅੱਠ ਸਾਲਾਂ ਵਿਚ ਸਭ ਤੋਂ ਵੱਡੀ ਤਾਦਾਦ ਹੈ, ਉਥੇ ਇਸ ਨਾਲ ਉਹ ਵਰਤਾਰਾ ਵੀ ਵਧਿਆ ਹੈ ਜਿਸ ਨੂੰ 'ਮੁਕਾਬਲੇ ਵਾਲੀ ਥਾਂ ਨਾਗਰਿਕਾਂ ਦੀਆਂ ਹੱਤਿਆਵਾਂ' ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਹਥਿਆਰਬੰਦ ਬਲਾਂ ਵਲੋਂ ਘੱਟੋਘੱਟ 19 ਆਮ ਨਾਗਰਿਕਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਸਰਕਾਰ ਨੇ ਇਨ੍ਹਾਂ ਹੱਤਿਆਵਾਂ ਦੇ ਮੁੱਦੇ ਉਪਰ 2016 ਵਿਚ ਜਿਨ੍ਹਾਂ ਚਾਰ ਮਾਮਲਿਆਂ ਵਿਚ ਜਾਂਚ ਦੇ ਆਦੇਸ਼ ਦਿੱਤੇ ਉਨ੍ਹਾਂ ਦਾ ਕੋਈ ਨਤੀਜਾ ਸਾਹਮਣੇ ਨਹੀਂ ਆਇਆ। ਇਥੋਂ ਤਕ ਕਿ 2010 ਵਿਚ ਤੁਫ਼ੈਲ ਮੱਟੂ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦਾ ਜੋ ਮਾਮਲਾ ਬਹੁਤ ਚਰਚਿਤ ਰਿਹਾ ਉਸ ਬਾਰੇ ਕੌਲ ਕਮਿਸ਼ਨ ਦੀ ਜਾਂਚ ਕਿਸ ਨਤੀਜੇ ਉਪਰ ਪਹੁੰਚੀ, ਸਰਕਾਰ ਨੇ ਇਸ ਦੀ ਜਾਣਕਾਰੀ ਆਮ ਅਵਾਮ ਨਾਲ ਸਾਂਝੀ ਨਹੀਂ ਕੀਤੀ। ਸਰਕਾਰ ਨਾ ਇਹ ਉਨ੍ਹਾਂ ਨਾਲ ਵੀ ਸਾਂਝੀ ਕਰਨ ਤੋਂ ਨਾਂਹ ਕਰ ਦਿੱਤੀ ਜਿਨ੍ਹਾਂ ਨੇ ਰਿਪੋਰਟ ਬਣਾਉਣ ਵਿਚ ਹਿੱਸਾ ਲਿਆ ਸੀ ਅਤੇ ਇਕ ਮੈਂਬਰੀ ਕਮਿਸ਼ਨ ਅੱਗੇ ਗਵਾਹੀਆਂ ਦਿੱਤੀਆਂ ਸਨ। ਯਾਦ ਰਹੇ ਕਿ ਇਹ ਕਮਿਸ਼ਨ ਉਮਰ ਅਬਦੁੱਲਾ ਸਰਕਾਰ ਨੇ 2010 ਵਿਚ ਆਮ ਨਾਗਰਿਕਾਂ ਦੀਆਂ ਹੱਤਿਆਵਾਂ ਦੀ ਜਾਂਚ ਕਰਨ ਲਈ ਬਣਾਇਆ ਸੀ ਅਤੇ ਇਸ ਨੂੰ ਹੱਤਿਆਵਾਂ ਦੀ ਜਾਂਚ ਦਾ ਕੰਮ ਸੌਂਪਿਆ ਗਿਆ ਸੀ।



ਵੱਖ ਵੱਖ ਘਟਨਾਵਾਂ ਵਿਚ 20 ਔਰਤਾਂ ਵੀ ਮਾਰੀਆਂ ਗਈਆਂ। ਇਕ ਨਾਬਾਲਗ ਕੁੜੀ ਸਮੇਤ ਪੰਜ ਔਰਤਾਂ ਮੁਕਾਬਲੇ ਦੀਆਂ ਥਾਵਾਂ ਨੇੜੇ। ਚਾਰ ਔਰਤਾਂ ਕੰਟਰੋਲ ਰੇਖਾ ਦੀ ਗੋਲਾਬਾਰੀ ਵਿਚ। ਇਕ ਔਰਤ ਅੱਥਰੂ ਗੈਸ ਨਾਲ ਸਾਹ ਘੁੱਟੇ ਜਾਣ ਨਾਲ। ਇਕ ਕੁੜੀ ਗ੍ਰਨੇਡ ਹਮਲੇ ਵਿਚ ਫੱਟੜ ਹੋ ਕੇ ਦਮ ਤੋੜ ਗਈ। ਇਕ ਔਰਤ ਦੀ ਹੱਤਿਆ ਅਣਪਛਾਤੇ ਬੰਦੂਕਧਾਰੀਆਂ ਵਲੋਂ ਕੀਤੀ ਗਈ; ਜਦਕਿ 8 ਔਰਤਾਂ ਅਮਰਨਾਥ ਯਾਤਰਾ ਉਪਰ ਕਥਿਤ ਖਾੜਕੂ ਹਮਲੇ ਵਿਚ ਮਾਰੀਆਂ ਗਈਆਂ।

ਰਿਪੋਰਟ ਨੇ ਇਹ ਇਲਜ਼ਾਮ ਵੀ ਲਗਾਇਆ ਹੈ ਕਿ ਰਾਜ ਨਾਲ ਅਸਹਿਮਤੀ ਰੱਖਣ ਵਾਲਿਆਂ ਉਪਰ ਰੋਕਾਂ ਅਤੇ ਪਾਬੰਦੀਆਂ ਲਗਾਉਣ ਲਈ ਸਰਕਾਰ ਨੇ ਪਬਲਿਕ ਸੇਫਟੀ ਐਕਟ (ਪੀ ਐਸ ਏ) ਦੀ ਸ਼ਕਲ ਵਿਚ ਨਜ਼ਰਬੰਦੀ ਦੀ ਜੋ ਘਿਨਾਉਣੀ ਵਿਵਸਥਾ ਈਜਾਦ ਕੀਤੀ ਹੋਈ ਹੈ, ਉਹ ਬਾਦਸਤੂਰ ਜਾਰੀ ਹੈ। ਪਿਛਲੇ ਤਿੰਨ ਸਾਲਾਂ ਅੰਦਰ ਸਿਆਸੀ ਕਾਰਕੁਨਾਂ ਅਤੇ ਉਨ੍ਹਾਂ ਨੌਜਵਾਨਾਂ ਦੀਆਂ 1059 ਵਿਸ਼ੇਸ਼ ਪੀ ਐਸ ਏ ਫ਼ਾਈਲਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਉਪਰ ਪੱਥਰ ਚਲਾਉਣ ਦੇ ਇਲਜ਼ਾਮ ਹਨ।

ਰਿਪੋਰਟ ਨੇ ਇਹ ਵੀ ਨੋਟ ਕੀਤਾ ਹੈ ਕਿ ਇਸ ਸਾਲ ਵਿਚ ਮੀਡੀਆ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਪਰ ਹਮਲਾ ਵੀ ਜਾਰੀ ਰਿਹਾ। ਘਾਟੀ ਵਿਚ ਅੱਠ ਮਾਮਲਿਆਂ ਦੀ ਰਿਪੋਰਟ ਹੈ ਜਿਨ੍ਹਾਂ ਵਿਚ ਸਤੰਬਰ ਮਹੀਨੇ ਕੌਮੀ ਜਾਂਚ ਏਜੰਸੀ (ਆਈ ਐਨ ਏ) ਵਲੋਂ ਫ਼ੋਟੋ ਜਰਨਲਿਸਟ ਕਾਮਰਾਨ ਯੂਸਫ਼ ਦੀ ਗ੍ਰਿਫ਼ਤਾਰੀ ਵੀ ਹੈ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਵੀ ਵਿਚਾਰਾਂ ਦੀ ਆਜ਼ਾਦੀ ਉਪਰ ਸਰਕਾਰ ਦੇ ਹਮਲਿਆਂ ਦਾ ਸੌਖਾ ਨਿਸ਼ਾਨਾ ਹਨ, ਇਨ੍ਹਾਂ ਉਪਰ ਪਾਬੰਦੀ ਅਤੇ ਜ਼ੁਬਾਨਬੰਦੀ ਦੇ ਫ਼ਰਮਾਨ ਆਮ ਗੱਲ ਬਣ ਚੁੱਕੇ ਹਨ।

ਰਿਪੋਰਟ ਵਿਚ ਜ਼ਿਕਰ ਹੈ ਕਿ ਦਸੰਬਰ ਵਿਚ ਸਰਕਾਰ ਨੇ 18 ਸਫਿਆਂ ਦਾ ਫ਼ਰਮਾਨ ਜਾਰੀ ਕਰ ਕੇ ਆਪਣੇ ਮੁਲਾਜ਼ਮਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਨਿੱਜੀ ਸੋਸ਼ਲ ਮੀਡੀਆ ਪੇਜਾਂ ਉਪਰ ਕੋਈ ਵੀ 'ਸਿਆਸੀ ਸਮੱਗਰੀ' ਪੋਸਟ ਨਾ ਕਰਨ। ਇਹ ਇਕ ਸਾਫ਼ ਸੰਦੇਸ਼ ਹੈ ਕਿ ਸਰਕਾਰ ਘਾਟੀ ਅੰਦਰਲੀ ਸਿਆਸੀ ਅਤੇ ਮਨੁੱਖੀ ਹੱਕਾਂ ਦੀ ਸਥਿਤੀ ਬਾਰੇ ਵਿਚਾਰ-ਚਰਚਾ ਨੂੰ ਰੋਕਣ 'ਤੇ ਤੁਲੀ ਹੋਈ ਹੈ।

ਰਿਪੋਰਟ ਕਹਿੰਦੀ ਹੈ ਕਿ ਅਕਤੂਬਰ 2017 ਵਿਚ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਰਕਾਰ ਨੂੰ ਮੁੜ ਗੁਜ਼ਾਰਿਸ਼ ਕੀਤੀ ਸੀ ਕਿ ਉਨ੍ਹਾਂ 2080 ਬੇਨਾਮ ਕਬਰਾਂ ਦੀ ਜਾਂਚ ਕਰਵਾਈ ਜਾਵੇ ਜੋ ਜੰਮੂ ਦੇ ਦੋ ਜੌੜੇ ਜ਼ਿਲ੍ਹਿਆਂ ਪੁਣਛ ਅਤੇ ਰਾਜੌਰੀ ਵਿਚ ਬਣਾਈਆਂ ਗਈਆਂ ਹਨ। ਕਮਿਸ਼ਨ ਦਾ ਕਹਿਣਾ ਹੈ ਕਿ ਸਰਕਾਰ ਨੇ ਉਨ੍ਹਾਂ ਦੀ ਸਿਫਾਰਸ਼ ਉਪਰ ਕੋਈ ਕਾਰਵਾਈ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ।

ਰਿਪੋਰਟ ਇਹ ਵੀ ਦੱਸਦੀ ਹੈ ਕਿ 1990ਵਿਆਂ ਵਿਚ ਰਹੱਸਮਈ ਭੂਤਾਂ ਦੇ ਵਰਤਾਰੇ ਵਾਂਗ ਇਸ ਸਾਲ ਘਾਟੀ ਵਿਚ ਗੁੱਤਾਂ ਅਤੇ ਵਾਲ ਕੱਟੇ ਜਾਣ ਦੀਆਂ 150 ਘਟਨਾਵਾਂ ਵਾਪਰੀਆਂ। ਇਸ ਨਾਲ ਆਮ ਲੋਕਾਂ ਵਿਚ ਡਰ ਅਤੇ ਘਚੋਲੇ ਦੀ ਹਾਲਤ ਬਣ ਗਈ ਜਿਸ ਦੇ ਨਤੀਜੇ ਵਜੋਂ ਮੁਜ਼ਾਹਰੇ ਹੋਏ ਅਤੇ ਨਾਗਰਿਕਾਂ ਅਤੇ ਸਰਕਾਰੀ ਹਥਿਆਰਬੰਦ ਬਲਾਂ ਦਰਮਿਆਨ ਝੜਪਾਂ ਹੋਈਆਂ। ਇਨ੍ਹਾਂ ਵਿਚ ਇਕ ਬੰਦਾ ਮਾਰਿਆ ਗਿਆ ਅਤੇ ਬਹੁਤ ਸਾਰੇ ਹੋਰ ਫੱਟੜ ਹੋਏ।

ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਨੂੰ ਕਸ਼ਮੀਰ ਆਉਣ ਦੀ ਇਜਾਜ਼ਤ ਨਹੀਂ: ਕਸ਼ਮੀਰ ਵਿਚ ਮਨੁੱਖੀ ਹੱਕਾਂ ਦੀਆਂ ਜੋ ਉਲੰਘਣਾਵਾਂ ਹੋ ਰਹੀਆਂ ਹਨ, ਉਨ੍ਹਾਂ ਦੀ ਉਥੇ ਆ ਕੇ ਤਸਦੀਕ ਕਰਨ ਦੀ ਇਜਾਜ਼ਤ ਕੌਮਾਂਤਰੀ ਸੰਸਥਾਵਾਂ ਨੂੰ ਨਾ ਦੇਣ ਦਾ ਮੁੱਦਾ ਉਠਾਉਂਦਿਆਂ ਰਿਪੋਰਟ ਕਹਿੰਦੀ ਹੈ ਕਿ ਮਾਰਚ ਵਿਚ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਨੇ ਕਸ਼ਮੀਰ ਆਉਣ ਦੀ ਆਪਣੀ ਮੰਗ ਦੁਹਰਾਈ ਸੀ ਜਿਸ ਦੀ ਇਜਾਜ਼ਤ ਦੇਣ ਤੋਂ ਹਿੰਦੁਸਤਾਨ ਸਰਕਾਰ ਨੇ ਨਾਂਹ ਕਰ ਦਿੱਤੀ। "ਇੰਟਰਨੈਸ਼ਨਲ ਕਮੇਟੀ ਆਫ ਦੀ ਰੈੱਡ ਕ੍ਰਾਸ (ਆਈ ਸੀ ਆਰ ਸੀ) ਦੇ ਟੀਮ ਮੈਂਬਰਾਂ ਅਤੇ ਵੱਖ ਵੱਖ ਹੋਰ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਕਸ਼ਮੀਰ ਜਾਣ ਦਾ ਵੀਜ਼ਾ ਦੇਣ ਤੋਂ ਵਾਰ ਵਾਰ ਨਾਂਹ ਕੀਤੀ ਗਈ ਹੈ। ਐਸਾ ਉਘੜਵਾਂ ਮਾਮਲਾ ਫਰਾਂਸੀਸੀ ਪੱਤਰਕਾਰ ਐਡਵਰਡ ਪਾਲ ਕੋਮਿਤੀ ਦਾ ਹੈ ਜੋ ਕਾਰੋਬਾਰੀ ਵੀਜ਼ਾ ਉਪਰ ਕਸ਼ਮੀਰ ਆਇਆ, ਉਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਬਾਅਦ ਵਿਚ ਅਦਾਲਤ ਵਿਚ ਜਾ ਕੇ ਉਸ ਦੀ ਖ਼ਲਾਸੀ ਹੋਈ। ਯੂ ਐਨ ਵਫ਼ਦ ਨੂੰ ਆਉਣ ਦੀ ਇਜਾਜ਼ਤ ਨਾ ਦੇਣਾ ਜਾਂ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਨਾ ਇਹੀ ਦਿਖਾਉਂਦਾ ਹੈ ਕਿ ਹਿੰਦੁਸਤਾਨੀ ਸਟੇਟ ਇਸ ਨੂੰ ਲੈ ਕੇ ਭੈਭੀਤ ਹੈ ਕਿ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੀਆਂ ਵਿਆਪਕ ਉਲੰਘਣਾਵਾਂ ਦੀ ਸਹੀ ਜਾਣਕਾਰੀ ਦਾ ਕਿਸੇ ਨੂੰ ਪਤਾ ਨਾ ਲੱਗੇ।"

ਤਸੀਹੇ ਰਿਪੋਰਟ ਨਹੀਂ ਕੀਤੇ ਜਾਂਦੇ: ਰਿਪੋਰਟ ਅਨੁਸਾਰ ਸਰਕਾਰੀ ਹਥਿਆਰਬੰਦ ਬਲਾਂ ਵਲੋਂ ਤਸੀਹਿਆਂ ਜੋ ਸਿਲਸਿਲਾ ਲਗਾਤਾਰ ਚਲਾਇਆ ਜਾ ਰਿਹਾ ਹੈ, ਉਹ ਐਸਾ ਵਿਸ਼ਾ ਹੈ ਜਿਸ ਨੂੰ ਸਭ ਤੋਂ ਜ਼ਿਆਦਾ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਇਸ ਦੀ ਰਿਪੋਰਟਿੰਗ ਬਹੁਤ ਘਟਾ ਕੇ ਕੀਤੀ ਜਾਂਦੀ ਹੈ। ਰਿਪੋਰਟ ਨੇ ਨਵੀਂ ਦਿੱਲੀ ਦੀ ਤਿਹਾੜ ਜੇਲ੍ਹ 'ਚ ਕਸ਼ਮੀਰੀ ਕੈਦੀਆਂ 'ਤੇ ਸਮੂਹਿਕ ਹਮਲਾ ਕੀਤੇ ਜਾਣ ਦਾ ਜ਼ਿਕਰ ਵੀ ਕੀਤਾ ਹੈ।

# ਕਸ਼ਮੀਰੀ ਪੱਤਰਕਾਰਾਂ ਵਲੋਂ ਐਨ. ਆਈ. ਏ. ਨੂੰ ਮੂੰਹ-ਤੋੜ ਜਵਾਬ

## ...ਸਾਨੂੰ ਇਹ ਨਾ ਸਿਖਾਓ ਕਿ ਅਸੀਂ ਕੰਮ ਕਿਵੇਂ ਕਰੀਏ

16 ਫਰਵਰੀ ਨੂੰ ਕੌਮੀ ਜਾਂਚ ਏਜੰਸੀ ਨੇ ਜੇਲ੍ਹ ਵਿਚ ਬੰਦ ਫ਼ੋਟੋ ਜਰਨਲਿਸਟ ਕਾਮਰਾਨ ਯੂਸਫ਼ ਦੇ ਖ਼ਿਲਾਫ਼ ਆਪਣੀਆਂ ਦਲੀਲਾਂ ਨੂੰ ਵਜ਼ਨਦਾਰ ਬਣਾਉਣ ਲਈ ਵਧੀਕ ਸੈਸ਼ਨਜ਼ ਜੱਜ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤੇ ਦਸਤਾਵੇਜ਼ਾਂ ਵਿਚ ਇਲਜ਼ਾਮ ਲਾਇਆ ਕਿ "ਜੇ ਉਹ ਪੇਸ਼ੇ ਵਜੋਂ ਅਸਲੀ ਪੱਤਰਕਾਰ/ਸਟਿੰਗਰ ਹੁੰਦਾ, ਉਹ ਪੱਤਰਕਾਰ ਦਾ ਧਰਮ ਨਿਭਾਉਂਦੇ ਹੋਏ ਆਪਣੇ ਕਾਰਜਖੇਤਰ ਦੀਆਂ ਸਰਗਰਮੀਆਂ ਅਤੇ ਘਟਨਾਵਾਂ (ਚੰਗੀਆਂ ਜਾਂ ਮਾੜੀਆਂ) ਦੀ ਰਿਪੋਰਟ ਜ਼ਰੂਰ ਕਰਦਾ। ਉਸ ਨੇ ਕਿਸੇ ਸਰਕਾਰੀ ਮਹਿਕਮੇ/ਏਜੰਸੀ ਦੀ ਕਿਸੇ ਵਿਕਾਸ ਸਰਗਰਮੀ; ਕਿਸੇ ਹਸਪਤਾਲ, ਸਕੂਲ, ਸੜਕ, ਪੁਲ ਦੇ ਉਦਘਾਟਨ, ਕਿਸੇ ਸੱਤਾਧਾਰੀ ਜਾਂ ਹੋਰ ਪਾਰਟੀ ਦੇ ਬਿਆਨ ਦੀ ਕਦੇ ਰਿਪੋਰਟ ਨਹੀਂ ਕੀਤੀ।"

ਇਸ ਤੋਂ ਠੀਕ ਪੰਜ ਦਿਨ ਬਾਅਦ ਕਸ਼ਮੀਰ ਵਰਕਿੰਗ ਜਰਨਲਿਸਟ ਐਸੋਸੀਏਸ਼ਨ ਨੇ ਇਸ ਦੇ ਜਵਾਬ ਵਿਚ ਕਿਹਾ, "ਪੁਲ ਦੇ ਉਦਘਾਟਨ ਜਾਂ ਸਰਕਾਰ ਅਤੇ ਸਿਆਸੀ ਕਾਰਕੁਨਾਂ ਦੀਆਂ ਜਨਮ ਦਿਨ ਪਾਰਟੀਆਂ ਦੀ ਰਿਪੋਰਟ ਕਰਨਾ ਪੱਤਰਕਾਰ ਦਾ ਕੰਮ ਨਹੀਂ। ਜੇ ਐਨ ਆਈ ਏ ਨੂੰ ਪੀ ਆਰ (ਲੋਕ ਸੰਪਰਕ ਦੇ ਕੰਮ) ਨੂੰ ਪੱਤਰਕਾਰੀ ਤੋਂ ਅਲਹਿਦਾ ਕਰਨ ਵਾਲੀਆਂ ਬੁਨਿਆਦੀ ਚੀਜ਼ਾਂ ਦੀ ਸਮਝ ਨਹੀਂ, ਤਾਂ ਇਸ ਨਾਲ ਉਨ੍ਹਾਂ ਦੀ ਆਪਣੀ ਜਾਂਚ ਦੀ ਕਾਬਲੀਅਤ ਉਪਰ ਹੀ ਸਵਾਲ ਖੜ੍ਹੇ ਹੁੰਦੇ ਹਨ।" ਕਸ਼ਮੀਰ ਐਡੀਟਰਜ਼ ਗਿਲਡ ਨੇ ਆਪਣੇ ਪ੍ਰਤੀਕਰਮ ਵਿਚ ਕਿਹਾ ਕਿ "ਜੇ ਪੁਲਿਸ ਅਧਿਕਾਰੀ ਇਹ ਸੋਚਦੇ ਹਨ ਕਿ ਜਮਹੂਰੀਅਤ ਦੇ ਚੌਥੇ ਥੰਮ੍ਹ ਦਾ ਸੰਚਾਲਨ ਕਰਨ ਵਾਲੇ ਪੱਤਰਕਾਰਾਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਨੂੰ ਉਹ ਤੈਅ ਕਰਨਗੇ, ਤਾਂ ਉਨ੍ਹਾਂ ਯੂਨੀਵਰਸਿਟੀਆਂ ਨੂੰ ਤਾਲੇ ਲਗਾ ਦੇਣੇ ਚਾਹੀਦੇ ਹਨ ਜੋ ਆਏ ਸਾਲ ਸਮੁੱਚੇ ਭਾਰਤ ਵਿਚ ਹਜ਼ਾਰਾਂ ਪੱਤਰਕਾਰਾਂ ਨੂੰ ਸਿਖਲਾਈ ਦਿੰਦੀਆਂ ਹਨ।" ਪੱਤਰਕਾਰ ਸੰਸਥਾ ਨੇ ਕਿਹਾ ਕਿ ਕਾਮਰਾਨ ਨਿਊਜ਼ ਫ਼ੋਟੋਗ੍ਰਾਫਰ ਹੈ ਜੋ ਵੱਖ ਵੱਖ ਮੀਡੀਆ ਸੰਸਥਾਵਾਂ ਨਾਲ ਜੁੜ ਕੇ ਫਰੀਲਾਂਸ ਕੰਮ ਕਰ ਰਿਹਾ ਹੈ। ਉਸ ਦੇ ਖ਼ਿਲਾਫ਼ ਇਲਜ਼ਾਮ ਬੇਬੁਨਿਆਦ ਅਤੇ ਹਿਤਾਂ ਤੋਂ ਪ੍ਰੇਰਤ ਹਨ। ਜਾਂਚ ਕਰਤਾ ਤਕਰੀਬਨ ਹਰ ਜ਼ਾਵੀਏ ਤੋਂ ਉਸਦੀ ਜੁਰਮਾਂ ਵਿਚ ਸ਼ਮੂਲੀਅਤ ਦੀ ਜਾਂਚ ਕਰਨ ਦੇ ਬਾਵਜੂਦ ਕੁਛ ਵੀ ਸਾਬਤ ਨਹੀਂ ਕਰ ਸਕੇ, ਜਿਵੇਂ ਚਾਰਜਸ਼ੀਟ ਤੋਂ ਸਪਸ਼ਟ ਹੁੰਦਾ ਹੈ। ਸੰਸਥਾ ਨੇ ਇਹ ਵੀ ਮੰਨਿਆ ਕਿ ਕਸ਼ਮੀਰ ਦਾ ਪੱਤਰਕਾਰ ਭਾਈਚਾਰਾ ਕਾਮਰਾਨ ਯੂਸਫ਼ ਦੀ ਰਿਹਾਈ ਲਈ ਯਤਨ ਕਰਨ ਦੀ ਤਾਂ ਗੱਲ ਛੱਡੋ, ਉਸ ਦੇ ਹੱਕ ਵਿਚ ਖੜ੍ਹਨ ਵਿਚ ਵੀ ਅਸਫ਼ਲ ਰਿਹਾ ਹੈ ਜੋ 169 ਦਿਨਾਂ ਤੋਂ ਹਵਾਲਾਤ ਵਿਚ ਬੰਦ ਹੈ। ਇਕ ਹੋਰ ਪੱਤਰਕਾਰ ਸੰਸਥਾ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਦੇ ਏਸ਼ੀਆ ਪੈਸੀਫਿਕ ਡੈਸਕ ਦੇ ਮੁਖੀ ਡੇਨੀਅਲ ਬਾਸਟਰਡ ਨੇ ਵੀ ਆਪਣੇ ਬਿਆਨ ਵਿਚ ਕਾਮਰਾਨ ਦੀ ਰਿਹਾਈ ਦੀ ਮੰਗ ਕਰਦਿਆਂ ਕਿਹਾ ਕਿ ਇਹ ਤੈਅ ਕਰਨਾ ਭਾਰਤ ਦੇ ਗ੍ਰਹਿ ਮੰਤਰਾਲੇ ਦਾ ਕੰਮ ਨਹੀਂ ਕਿ ਪੱਤਰਕਾਰ ਕੀ ਰਿਪੋਰਟ ਕਰੇ। ਇਲਜ਼ਾਮਾਂ ਦਾ ਆਪਾ-ਵਿਰੋਧੀ ਸੁਭਾਅ ਸਾਫ਼ ਦਿਖਾਉਂਦਾ ਹੈ ਕਿ ਕਾਮਰਾਨ ਯੂਸਫ਼ ਨੂੰ ਉਨ੍ਹਾਂ ਪੱਤਰਕਾਰਾਂ ਨੂੰ ਦਬਕਾਉਣ ਲਈ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ ਜੋ ਕਸ਼ਮੀਰ ਦੀ ਸਥਿਤੀ ਨੂੰ ਦਸਤਾਵੇਜ਼ੀ ਰੂਪ ਦੇਣ ਦਾ ਯਤਨ ਕਰਦੇ ਹਨ। ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟਸ ਪਹਿਲਾਂ ਹੀ ਸਤੰਬਰ 2017 ਵਿਚ ਹੀ ਕੇਂਦਰੀ ਏਜੰਸੀ ਦੀ ਕਾਰਵਾਈ ਨੂੰ ਪੱਤਰਕਾਰ ਭਾਈਚਾਰੇ ਨੂੰ ਦਬਕਾਉਣ-ਧਮਕਾਉਣ ਦਾ ਯਤਨ ਕਰਾਰ ਦੇ ਚੁੱਕੀ ਹੈ। ਯਾਦ ਰਹੇ ਕਿ 4 ਸਤੰਬਰ 2017 ਨੂੰ ਕਾਮਰਾਨ ਯੂਸਫ਼ ਨੂੰ ਪੁਲਵਾਮਾ ਜ਼ਿਲ੍ਹੇ ਦੇ ਸਥਾਨਕ ਥਾਣੇ ਵਿਖੇ ਸੱਦਿਆ ਗਿਆ ਸੀ ਜਿਥੋਂ ਉਸ ਨੂੰ ਸ੍ਰੀਨਗਰ ਲਿਜਾਇਆ ਗਿਆ ਜਿਥੇ ਐਨ ਆਈ ਏ ਨੇ ਉਸ ਦੀ ਰਸਮੀ ਗ੍ਰਿਫ਼ਤਾਰੀ ਪਾ ਦਿੱਤੀ। ਦੱਖਣੀ ਕਸ਼ਮੀਰ ਦੇ ਪੁਲਵਾਮਾ ਕਸਬੇ ਨੇੜਲੇ ਤਹਾਬ ਪਿੰਡ ਦਾ ਵਸਨੀਕ ਯੂਸਫ਼ ਵੱਖ ਵੱਖ ਮੀਡੀਆ ਸੰਸਥਾਵਾਂ ਲਈ ਫ਼ੋਟੋ ਜਰਨਲਿਸਟ ਵਜੋਂ ਕੰਮ ਕਰ ਰਿਹਾ ਸੀ ਜੋ ਮੁਜ਼ਾਹਰਿਆਂ, ਖਾੜਕੂ ਅਤੇ ਸਰਕਾਰੀ ਸੁਰੱਖਿਆ ਬਲਾਂ ਦਰਮਿਆਨ ਹੁੰਦੇ ਮੁਕਾਬਲਿਆਂ, ਮੁਕਾਬਲਿਆਂ ਵਿਚ ਮਾਰੇ ਗਏ ਖਾੜਕੂਆਂ ਦੇ ਜਨਾਜ਼ਿਆਂ ਦੇ ਨਾਲ ਨਾਲ ਸਰਕਾਰੀ ਸਮਾਗਮਾਂ ਦੀ ਰਿਪੋਰਟ ਵੀ ਕਰਦਾ ਸੀ। ਅਗਸਤ 2017 ਵਿਚ ਇਕ ਡਿਜੀਟਲ ਮੀਡੀਆ ਕੰਪਨੀ 'ਵਿਦ ਕਸ਼ਮੀਰ' ਨੇ ਉਸ ਦਾ ਨਾਂ ਜੰਮੂ ਕਸ਼ਮੀਰ ਦੇ ਨੌਂ ਉਭਰ ਰਹੇ ਫ਼ੋਟੋਗ੍ਰਾਫ਼ਰਾਂ ਵਿਚ ਸ਼ੁਮਾਰ ਕੀਤਾ ਸੀ।

*-ਬੂਟਾ ਸਿੰਘ*



ਕਾਮਰਾਨ ਯੂਸਫ




# ਮਨੁੱਖ ਕਦੇ ਚੁੱਪ ਨਹੀਂ ਰਹਿੰਦਾ-ਢਾਡੀ ਪਮਾਲ

ਤਬਦੀਲੀਆਂ ਉਦੋਂ ਆਉਂਦੀਆਂ ਹਨ ਜਦੋਂ ਜਵਾਨ ਪੁੱਤ ਨਾ ਸਿਰਫ ਵਿਰਾਸਤ ਨੂੰ ਸੰਭਾਲਣ ਸਗੋਂ ਜੋਸ਼ ਅਤੇ ਹੋਸ਼ ਨਾਲ ਕਲਾ ਦੀ ਐਵਰੈਸਟ 'ਤੇ ਝੰਡਾ ਝੁਲਾਉਣ ਲਈ ਵੀ ਨਿਕਲ ਪੈਣ। ਕਵੀਸ਼ਰ ਬਲਵੰਤ ਸਿੰਘ ਪਮਾਲ ਦਾ ਹੋਣਹਾਰ ਪੁੱਤਰ ਇਨ੍ਹੀਂ ਦਿਨੀਂ ਨਾ ਸਿਰਫ ਪਿਤਾ ਦੇ ਸਿਰਜੇ ਮਾਣ ਭਰੇ ਰਾਹਾਂ 'ਤੇ ਚੱਲ ਰਿਹਾ ਹੈ ਸਗੋਂ ਆਪਣੀ ਕਲਾ ਵਾਲੀ ਪਰਿਵਾਰਕ ਯੋਗਤਾ ਕਰਕੇ ਵੀ ਚੌਹੀਂ ਪਾਸੇ ਸਤਿਕਾਰ ਤੇ ਇੱਜਤ ਖੱਟ ਕੇ ਢਾਡੀ ਕਲਾ ਨੂੰ ਛੋਟੀ ਛਤਰੀ ਨਾਲ ਵੱਡੀ ਛਾਂ ਦੇ ਰਿਹਾ ਹੈ। ਮੈਂ ਉਸੇ ਢਾਡੀ ਪਮਾਲ ਦੀ ਗੱਲ ਕਰ ਰਿਹਾ ਹਾਂ, ਜਿਸ ਨੂੰ ਬੰਦ ਦਰਵਾਜੇ ਖੋਲ੍ਹਣ ਦਾ ਹੀ ਹੁਨਰ ਨਹੀਂ ਸਗੋਂ ਆਪਣੀਆਂ ਪੈੜਾਂ ਆਪ ਬਣਾ ਕੇ ਇਨ੍ਹਾਂ ਦੀ ਅਮਿੱਟ ਛਾਪ ਛੱਡਣ ਦਾ ਵੀ ਪੂਰੇ ਦਾ ਪੂਰਾ ਗਿਆਨ ਹੈ। ਅਸਲੀ ਗੱਲ ਕਰਨ ਤੋਂ ਪਹਿਲਾਂ ਨਾ ਸਿਰਫ ਤੀਜੀ ਪੀੜ੍ਹੀ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਕਹਿ ਕੇ ਸੰਬੋਧਨ ਹੋਇਆ ਜਾ ਸਕਦਾ ਹੈ ਸਗੋਂ ਝੁਕ ਕੇ ਪ੍ਰਣਾਮ ਕਰਨਾ ਵੀ ਗੁਸਤਾਖੀ ਨਹੀਂ ਸਮਝਿਆ ਜਾਵੇਗਾ।

ਦੁਨੀਆਂ ਦੀ ਬਹੁ-ਗਿਣਤੀ ਨੂੰ ਭਰਮ ਹੈ ਕਿ ਲੜਾਈਆਂ ਸ਼ਾਇਦ ਹਥਿਆਰਾਂ ਨਾਲ ਲੜੀਆਂ ਜਾਂਦੀਆਂ ਹਨ, ਜਦੋਂ ਕਿ ਸੱਚ ਇਹ ਹੈ ਕਿ ਵਿਚਾਰਾਂ ਦੀ ਲੜਾਈ ਸ਼ਬਦਾਂ ਰਾਹੀਂ ਕਦੇ ਵੀ ਨਹੀਂ ਮੁੱਕੀ ਤੇ ਜਦੋਂ ਸ਼ਬਦ ਕਲਾ ਦੇ ਸਪੁਰਦ ਕਰਕੇ ਸੰਗੀਤ ਜ਼ਰੀਏ ਕਹੇ ਜਾਣ ਤਾਂ ਇਹ ਭਾਵਪੂਰਤ ਹੀ ਨਹੀਂ ਹੁੰਦੇ ਸਗੋਂ ਤੱਥਾਂ ਦੇ ਹਵਾਲੇ ਨਾਲ ਉਹ ਜੰਗ ਜਿੱਤ ਜਾਂਦੇ ਹਨ, ਜਿਥੇ ਹਥਿਆਰਾਂ ਦਾ ਕਦੇ ਕੋਈ ਅਰਥ ਨਹੀਂ ਹੁੰਦਾ।

ਇਹ ਤਾਰੀਖ ਤੇ ਤਵਾਰੀਖ ਦਾ ਪੱਖ ਹੈ ਜਾਂ ਇਤਿਹਾਸ ਦੀ ਗਵਾਹੀ ਕਿ ਜਦੋਂ ਵੀ ਸਿੱਖਾਂ 'ਤੇ ਭੀੜ ਪਈ, ਜਦੋਂ ਵੀ ਪੰਥ ਚੜ੍ਹਦੀ ਕਲਾ ਵੱਲ ਹੋਰ ਵਧਿਆ ਤਾਂ ਦੁਸ਼ਮਣਾਂ ਦਾ ਟਾਕਰਾ ਕਰਨ ਵੇਲੇ ਢਾਡੀਆਂ ਅਤੇ ਕਵੀਸ਼ਰਾਂ ਨੇ ਨਾ ਸਿਰਫ ਕੌਮ ਦਾ ਖੂਨ ਗਰਮਾਇਆ ਬਲਕਿ ਊਂਗਦੀ ਲੱਗਦੀ ਕੌਮ ਨੂੰ ਵੰਗਾਰਿਆ ਵੀ, ਹਲੂਣਾ ਵੀ ਦਿੱਤਾ ਤੇ ਸਮੇਂ ਸਮੇਂ ਜਾਗਣ ਦਾ ਸੰਦੇਸ਼ ਵੀ।

ਜੇ ਇੱਕ ਸਤਰ ਵਿਚ ਇਸ ਗੱਲ ਨੂੰ ਕਹਿਣਾ ਹੋਵੇ ਤਾਂ ਇਉਂ ਕਿਹਾ ਜਾ ਸਕਦਾ ਹੈ ਕਿ ਜੇ ਸਿੱਖ ਕੌਮ ਦੇ ਦੁਨੀਆਂ ਵਿਚ ਝੰਡੇ ਝੂਲਦੇ ਹਨ ਜਾਂ ਖਾਲਸੇ ਦਾ ਬੋਲਬਾਲਾ ਹੈ ਤਾਂ ਇਸ ਕਰਕੇ ਕਿ ਸਿੱਖ ਕਦੇ ਵੀ ਆਪਣਾ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਇਤਿਹਾਸ, ਖੂਨੀ ਸਾਕੇ, ਸ਼ਹਾਦਤਾਂ ਤੇ ਕੁਰਬਾਨੀਆਂ, ਮਰ ਮਿਟਣ ਦਾ ਸ਼ੌਕ ਭੁੱਲੇ ਨਹੀਂ ਤੇ ਵਕਤ ਇਸ ਗੱਲ ਦੀ ਗਵਾਹੀ ਦਿੰਦਾ ਰਹੇਗਾ ਕਿ ਜੇ ਬਾਪੂ ਦੀ ਕਵੀਸ਼ਰੀ ਵਾਲੀ ਪੱਗ ਨੂੰ ਇੱਜਤ ਤੇ ਮਾਣ ਦਾ ਮਾਵਾ ਉਹਦੇ ਪੁੱਤਰ ਰਛਪਾਲ ਸਿੰਘ ਪਮਾਲ ਨੇ ਹੋਰ ਲਾਇਆ ਹੈ ਤਾਂ ਉਹ ਵੀ ਸਾਰੰਗੀ ਨਾਲ ਬਾ-ਕਮਾਲ ਪੇਸ਼ਕਾਰੀ ਕਰਨ ਦੀ ਸਮਰੱਥਾ ਰੱਖਦਾ ਹੈ।

ਪਰਿਵਾਰਕ ਗੱਲ ਤੋਰਦਿਆਂ ਇਹ ਕਹਿਣਾ ਪਵੇਗਾ ਕਿ ਢਾਡੀ ਰਛਪਾਲ ਸਿੰਘ ਦੇ ਕਵੀਸ਼ਰ ਪਿਤਾ ਗਿਆਨੀ ਬਲਵੰਤ ਸਿੰਘ ਪਮਾਲ ਨੇ ਕਵੀਸ਼ਰੀ ਕਰਦਿਆਂ ਇੱਕ ਹਜ਼ਾਰ ਦੇ ਕਰੀਬ ਜੋਸ਼ੀਲੀਆਂ ਵਾਰਾਂ ਤੇ ਕਵਿਤਾਵਾਂ ਲਿਖੀਆਂ ਤੇ ਇਹੋ ਮਾਣਮੱਤੀ ਪੈੜ ਉਸ ਦੇ ਸਪੁੱਤਰ ਤੇ ਸੰਸਾਰ ਪ੍ਰਸਿੱਧ ਗੋਲਡ ਮੈਡਲ ਜੇਤੂ ਢਾਡੀ ਰਛਪਾਲ ਸਿੰਘ ਪਮਾਲ ਨੇ ਤੈਅ ਕਰਨੀ ਅਰੰਭ ਕਰ ਦਿੱਤੀ। ਸਿਆਣੇ ਕਹਿੰਦੇ ਹਨ ਕਿ ਘਰਾਂ ਦੇ ਦਰਵਾਜਿਆਂ ਦੇ ਕਿੱਲ ਵੀ ਇਹ ਦਰਸਾਉਂਦੇ ਹਨ ਕਿ ਤੁਹਾਡਾ ਪਿਛੋਕੜ ਤੇ ਵਿਰਸਾ ਕੀ ਰਿਹਾ ਹੈ? ਇਸੇ ਲਈ ਰਛਪਾਲ ਦੇ ਸਰੀਰ 'ਚ ਵਗਦੀਆਂ ਰਕਤ ਵਹਿਣੀਆਂ ਨੇ ਉਹਨੂੰ ਜੇ ਕਵੀਸ਼ਰੀ ਨਹੀਂ ਤਾਂ ਮੁਕੰਮਲ ਢਾਡੀ ਬਣਨ ਦਾ ਅਵਸਰ ਜ਼ਰੂਰ ਲੈ ਕੇ ਦਿੱਤਾ। ਸਿੱਖ ਪੰਥ ਦੇ ਇਸ ਨਾਮੀ ਪਰਿਵਾਰ ਵਿਚ 25 ਦਸੰਬਰ 1970 ਨੂੰ ਜਨਮੇ ਰਛਪਾਲ ਸਿੰਘ ਨੇ ਸਿੱਖਿਆ ਤਾਂ ਭਾਵੇਂ 12ਵੀਂ ਤੱਕ ਹੀ ਹਾਸਲ ਕੀਤੀ ਹੈ ਪਰ ਉਹ ਮਰਹੂਮ ਢਾਡੀ ਸੋਹਣ ਸਿੰਘ ਸੀਤਲ ਦੀਆਂ ਨਜ਼ਰਾਂ 'ਚ ਵਿਦਵਾਨ ਢਾਡੀ ਬਣ ਕੇ ਅੱਗੇ ਨਿਕਲਿਆ ਹੈ। ਘਰ ਦੇ ਪਰਿਵਾਰਕ ਢਾਡੀ ਅਤੇ ਕਵੀਸ਼ਰੀ ਵਾਲੇ ਮਾਹੌਲ ਤੇ ਇਸ ਖੇਤਰ ਦੀਆਂ ਨਾਮੀ ਹਸਤੀਆਂ ਦੀ ਘਰ 'ਚ ਆਮਦ ਨੇ ਉਸ ਨੂੰ ਉਂਜ ਉਮਰ ਦੇ 13ਵੇਂ ਵਰ੍ਹੇ ਵਿਚ ਇਸ ਰਾਗ ਕਲਾ ਨਾਲ ਗਹਿਗੱਚ ਕਰ ਦਿੱਤਾ ਸੀ।


*ਢਾਡੀ ਰਛਪਾਲ ਸਿੰਘ ਪਮਾਲ*

ਪਹਿਲੀ ਸਿਹਤਮੰਦ ਛਾਲ ਢਾਡੀ ਰਛਪਾਲ ਸਿੰਘ ਨੇ ਫਾਈਨਟੋਨ ਕੰਪਨੀ ਦੇ ਰਜਿੰਦਰ ਸਿੰਘ ਦੀ ਹੱਲਾਸ਼ੇਰੀ ਨਾਲ 'ਮੇਰਾ ਰੁੱਸੇ ਨਾ ਕਲਗੀਆਂ ਵਾਲਾ' ਨਾਲ ਮਾਰੀ ਸੀ। ਦਿਨਾਂ ਵਿਚ ਹੀ ਉਹਦੀ ਵਡਿਆਈ ਦੀ ਪਹਿਲੀ ਹਵਾ ਉਹਦੇ ਹੁਨਰ ਕਰਕੇ ਵਗੀ ਤੇ ਦੂਜਾ ਸਤਿਕਾਰ 'ਹੋਣਹਾਰ ਵਿਦਵਾਨ ਕੇ ਚਿਕਨੇ ਚਿਕਨੇ ਪਾਤ' ਯਾਨਿ ਬਾਪੂ ਕਰਕੇ ਮਿਲ ਗਿਆ। ਪਹਿਲੇ ਹੱਲੇ ਹੀ ਉਸ ਨੇ ਢਾਡੀ ਰੰਗ ਦੀਆਂ ਕਈ ਮੰਜ਼ਿਲਾਂ ਵਾਹੋਦਾਹੀ ਤੈਅ ਕਰ ਲਈਆਂ ਸਨ ਤੇ ਇਸ ਤੋਂ ਬਾਅਦ ਇੱਕ ਤਰ੍ਹਾਂ ਨਾਲ ਰਛਪਾਲ ਦੀ ਕਲਾ ਤੇ ਸਟਾਰਡਮ ਦਾ ਤੂਫਾਨ ਹੀ ਉਠ ਖੜ੍ਹਾ ਹੋਇਆ ਸੀ।

ਜ਼ਰਾ ਧਿਆਨ ਨਾਲ ਵੇਖੋ ਕਿ 44 ਵਰ੍ਹਿਆਂ ਦੇ ਇਸ ਢਾਡੀ ਦੀ ਜੇ ਵਾਹਿਗੁਰੂ ਕਰੇ ਤਾਂ ਬੜਾ ਕੁਝ ਕਰਨ ਲਈ ਹਾਲੇ ਬੜੀ ਲੰਬੀ ਉਮਰ ਪਈ ਹੈ ਪਰ ਉਸ ਦੀਆਂ ਜ਼ਿਕਰਯੋਗ ਪ੍ਰਾਪਤੀਆਂ ਦਾ ਇੱਕ ਚਿੱਠਾ ਦੇਖੋ। 'ਸਿੱਖੀ ਜਾਨ ਤੋਂ ਪਿਆਰੀ', 'ਕੌਲਾਂ ਭਗਤਣੀ', 'ਬੋਲ ਪਰਦੇਸੀਆ ਬੋਲ', 'ਪੂਰਨ ਭਗਤ', 'ਪੁੱਤਰ ਮਿੱਠੜੇ ਮੇਵੇ', 'ਬਾਬਾ ਮੱਖਣ ਸ਼ਾਹ ਲੁਬਾਣਾ', 'ਦੁਨੀਆਂ ਮਤਲਬ ਦੀ', 'ਮੇਰਾ ਐਸਾ ਸਤਿਗੁਰ', 'ਸ਼ਹੀਦੀ ਪਾ ਜਾਵਾਂਗੇ', 'ਬੋਲ ਵਾਹਿਗੁਰੂ ਬੋਲ' ਅਤੇ ਸਿੱਖ ਪੰਥ ਦੇ ਮੌਜੂਦਾ ਸੰਘਰਸ਼ ਤੇ ਸੰਤਾਪ ਅਤੇ 'ਘੱਲੂਘਾਰਾ 1984', 'ਝੂਠੇ ਪੁਲਿਸ ਮੁਕਾਬਲੇ', 'ਸ਼ਹੀਦ ਸੁਰਿੰਦਰ ਸਿੰਘ' ਤੇ 'ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ' ਵਕਤ ਤੇ ਹਾਕਮਾਂ ਦੀ ਪਰਵਾਹ ਕੀਤੇ ਬਿਨਾ ਨਿਧੜਕ ਤੇ ਨਿਸ਼ੰਗ ਹੋ ਕੇ ਇਹ ਐਲਬਮਾਂ ਸਿੱਖ ਜਗਤ ਦੀ ਝੋਲੀ ਪਾਈਆਂ। ਲੈਰੀ ਉਮਰ ਤੋਂ ਭਰ ਜਵਾਨੀ ਦਾ ਇਹ ਜੋਸ਼ ਢਾਡੀ ਰਛਪਾਲ ਸਿੰਘ ਪਮਾਲ ਦਾ ਕਲਾ ਰਾਹੀਂ ਚਿਰਾਂ ਤੱਕ ਠਾਠਾਂ ਮਾਰਦਾ ਰਹੇਗਾ। ਊਂ ਕਹਿ ਤਾਂ ਆਪਣਾ ਝੱਟ ਦੇਣੀ ਦਿੰਦੇ ਹਾਂ ਕਿ ਬੋਹੜ ਦੀ ਥਾਂ ਬੋਹੜ ਨਹੀਂ ਲੱਗਣਾ ਪਰ ਬਾਪੂ ਵਾਂਗ ਕਲਮ ਦਾ ਧਨੀ ਜਿਵੇਂ ਰਛਪਾਲ ਹੈ ਤਾਂ ਇਹ ਸਿਫਤ ਤਾਂ ਕੀਤੀ ਜਾ ਸਕਦੀ ਹੈ ਕਿ ਉਸੇ ਬੋਹੜ ਨੂੰ ਕਰੂੰਬਲਾਂ ਫੁੱਟ ਕੇ ਹੋਰ ਮਜ਼ਬੂਤ ਟਾਹਣ ਬਣ ਗਏ ਹਨ।

ਚਲੋ ਦਿਲਬਰ ਜਾਂ ਸੀਤਲ ਬਣਨਾ ਔਖਾ ਰਾਹ ਹੈ ਪਰ ਰਛਪਾਲ ਕੋਲ ਇਤਿਹਾਸ ਨੂੰ ਵਿਉਂਤਬੱਧ ਢੰਗ ਤੇ ਅੰਦਾਜ਼ ਵਿਚ ਪੇਸ਼ ਕਰਨ ਦਾ ਆਪਣਾ ਵੱਖਰਾ ਤੇ ਨਿਵੇਕਲਾ ਹੁਨਰ ਹੈ। ਪਮਾਲ ਦਾ ਇਤਿਹਾਸ ਵਾਂਗ ਕਲਾ ਦਾ ਇੱਕ ਹੋਰ ਅੰਕੜਾ ਵੇਖੋ ਕਿ ਉਹ ਕਲ ਦੀ 'ਤੇਰਾਂ ਤੇਰਾਂ' ਹੀ ਨਹੀਂ ਕਰਵਾ ਰਿਹਾ ਸਗੋਂ ਤੇਰਾਂ ਵਾਰ ਅਮਰੀਕਾ ਤੇ ਕੈਨੇਡਾ ਪ੍ਰੋਗਰਾਮ ਕਰਕੇ ਸੰਗਤਾਂ ਦੇ ਦਿਲ ਜਿੱਤ ਕੇ ਇਹ ਧਾਰਨਾ ਵੀ ਪੱਕੀ ਕਰ ਆਇਆ ਹੈ ਕਿ 'ਆਹ ਹੈ ਮਹਾਨ ਕਵੀਸ਼ਰ ਬਲਵੰਤ ਸਿੰਘ ਪਮਾਲ ਦਾ ਮਹਾਨ ਪੁੱਤਰ ਢਾਡੀ ਰਛਪਾਲ ਸਿੰਘ ਪਮਾਲ।' ਉਹ ਆਪਣੀ ਇਸ ਮੋਹ ਤੇ ਮੁਹੱਬਤ ਭਰੀ ਘਟਨਾ 'ਤੇ ਬਾਗੋ ਬਾਗ ਵੀ ਹੋਇਆ ਰਹਿੰਦਾ ਹੈ ਤੇ ਏਦਾਂ ਹੋਣਾ ਹੁੰਦਾ ਵੀ ਸੁਭਾਵਿਕ ਹੀ ਹੈ। ਪਰ ਆਮ ਬੋਲ-ਚਾਲ ਵਿਚ ਨਿਮਰਤਾ ਭਰੇ ਲਹਿਜੇ ਵਿਚ ਉਹ ਆਖਦਾ ਇਹੀ ਹੈ ਕਿ ਇਹ ਸਭ 'ਵਾਹਿਗੁਰੂ ਦੀ ਮਿਹਰ ਹੈ।' ਏਨੀ ਵਾਰੀ ਇਨ੍ਹਾਂ ਵੱਡੇ ਮੁਲਕਾਂ ਵਿਚ ਮਾਣ ਸ਼ਾਇਦ ਰਛਪਾਲ ਦੇ ਹਿੱਸੇ ਹੀ ਆਇਆ ਹੈ।

ਜਿਨ੍ਹਾਂ ਨੇ ਪਮਾਲ ਨੂੰ ਵੇਖਿਆ ਹੈ, ਸੁਣਿਆ ਹੈ, ਉਹ ਮੰਨਦੇ ਹਨ ਕਿ ਪੇਸ਼ਕਾਰੀ ਵਿਚ ਰਵਾਨਗੀ, ਤਿੱਥਾਂ ਤੇ ਤੱਥਾਂ ਨੂੰ ਨਵੇਂ ਸ਼ਬਦਾਂ ਦਾ ਪਹਿਰਾਵਾ, ਜੋਸ਼ ਵਿਚ ਉਚਾਰਣ ਉਹਨੂੰ ਪਿਆਰ ਕਰਨ ਜਾਂ ਗਲ ਨਾਲ ਲਾਉਣ ਲਈ ਆਪਣੇ ਵੱਲ ਖਿੱਚਣ ਦਾ ਕਾਰਨ ਹਨ।

ਰਛਪਾਲ ਮੰਨਦਾ ਹੈ ਕਿ ਵਿਚ ਵਿਚਾਲੇ ਢਾਡੀ ਕਲਾ ਨੂੰ ਸੰਗੀਤ ਦੇ ਵਰਤਮਾਨ ਦੌਰ ਨੇ ਇੱਕ ਤਰ੍ਹਾਂ ਨਾਲ ਹਲੂਣ ਵੀ ਦਿੱਤਾ ਸੀ ਪਰ ਜਦੋਂ ਦੁੱਖ ਤੇ ਸੰਤਾਪ ਝੱਲਣੇ ਪਏ ਤਾਂ ਇਸ ਅਣਖ ਨਾਲ ਨੱਕੋ-ਨੱਕ ਭਰੀ ਢਾਡੀ ਕਲਾ ਵੱਲ ਨੌਜਵਾਨ ਫਿਰ ਤੋਂ ਖਿੱਚ ਗਏ। ਪ੍ਰਸਾਰ ਤੇ ਪ੍ਰਚਾਰ ਮਾਧਿਅਮ ਨੇ ਪਿੱਠ ਹਟਾ ਕੇ ਇਧਰ ਮੂੰਹ ਕੀਤਾ ਤੇ ਫਿਰ ਢਾਡੀ ਕਲਾ ਬੁਲੰਦੀਆਂ ਦਾ ਸੰਖ ਵਜਾਉਣ ਲੱਗ ਪਈ। ਉਹ ਇਹ ਕਹਿਣ ਵਿਚ ਮਾਣ ਕਰਦਾ ਹੈ ਕਿ ਨਵੇਂ ਸਿੱਖ ਗੱਭਰੂਆਂ ਅੰਦਰ ਨਾ ਸਿਰਫ ਢੱਡ ਤੇ ਸਾਰੰਗੀ ਦੇ ਵਾਦਨ ਨਾਲ ਮੋਹ ਜੁੜਿਆ ਹੈ ਸਗੋਂ ਢਾਡੀ ਜਥਿਆਂ ਵਿਚ ਬਜ਼ੁਰਗ ਢਾਡੀਆਂ ਨਾਲੋਂ ਨਵੇਂ ਮੁੰਡਿਆਂ ਦੀ ਗਿਣਤੀ ਵੱਧ ਰਹੀ ਹੈ ਤਾਂ ਨਿਸ਼ਚੇ ਸ਼ੁਭ ਸ਼ਗਨ ਹੀ ਨਹੀਂ ਸਗੋਂ ਸਿੱਖ ਇਤਿਹਾਸ ਤੇ ਵਿਰਸੇ ਨੂੰ ਸੰਭਾਲਣ ਦਾ ਉਪਰਾਲਾ ਹੀ ਮੰਨਿਆ ਜਾਵੇਗਾ।

ਢਾਡੀ ਰਛਪਾਲ ਸਿੰਘ ਪਮਾਲ ਦਾ ਇੱਕ ਮਾਤਰ ਸੰਕਲਪ ਹੈ ਕਿ ਜਦੋਂ ਤੱਕ ਸਾਹ ਆਉਂਦਾ ਰਹੇਗਾ, ਉਹ ਢਾਡੀ ਕਲਾ ਜ਼ਰੀਏ ਪੰਥ ਤੇ ਪੰਥ ਦੀਆਂ ਕੁਰਬਾਨੀਆਂ ਦਾ ਗੁਣ-ਗਾਨ ਕਰਦਾ ਰਹੇਗਾ। ਇਸ ਕਰਕੇ ਵੀ ਕਿ ਇਸ ਕਲਾ ਰਾਹੀਂ ਨਾ ਸਿਰਫ ਉਸ ਨੂੰ ਸਗੋਂ ਉਸ ਦੇ ਸਾਰੇ ਜਥੇ ਨੂੰ ਸ਼ੋਹਰਤ ਤੇ ਇੱਜਤ ਦੇ ਨਾਲ ਧਨ ਵੀ ਮਿਲਿਆ ਹੈ। ਉਹਦੇ ਸਾਰੇ ਵਸੀਲਿਆਂ ਦੀ ਆਰਥਿਕਤਾ ਲਈ ਇਹੋ ਇੱਕ ਕਲਾ ਹੈ।

ਮਾਣ ਸਨਮਾਨ ਵਿਚ ਉਸ ਨੂੰ ਹੁਣ ਤੱਕ ਅਨੇਕਾਂ ਧਾਰਮਿਕ, ਸੱਭਿਆਚਾਰਕ, ਸਾਹਿਤਕ ਤੇ ਨਾਮੀ ਸਭਾਵਾਂ ਨੇ ਬਹੁਤ ਇਨਾਮ ਦਿੱਤੇ ਹਨ ਪਰ ਮੰਨਦਾ ਉਹ ਇਸ ਗੱਲ ਨੂੰ ਹੀ ਹੈ ਕਿ ਉਹ ਇਸ ਪੈਂਡੇ ਰਾਹੀਂ ਨਾ ਸਿਰਫ ਨਵੇਂ ਦਿਸਹੱਦੇ ਸਗੋਂ ਪ੍ਰਛਾਵੇਂ ਤੇ ਪੈੜਾਂ ਵੀ ਛੱਡ ਰਿਹਾ ਹੈ। ਉਂਜ 1996 ਵਿਚ ਉਸ ਨੂੰ ਸ੍ਰੀ ਹਰਿਗੋਬਿੰਦਪੁਰ ਵਿਚ ਸ. ਸੋਭਾ ਸਿੰਘ ਫਾਊਂਡੇਸ਼ਨ ਵੱਲੋਂ 'ਵਿਰਸੇ ਦਾ ਵਾਰਸ', 2002 ਵਿਚ ਪ੍ਰੋ. ਮੋਹਨ ਸਿੰਘ ਮੇਲੇ 'ਤੇ ਅਵਾਰਡ ਦੇ ਨਾਲ 2008 ਵਿਚ ਕੈਨੇਡਾ ਦੇ ਸ਼ਹਿਰ ਸੱਰੀ ਵਿਚ ਗੁਰਦੁਆਰਾ ਦਸ਼ਮੇਸ਼ ਦਰਬਾਰ ਦੇ ਵਿਸਾਖੀ ਨਗਰ ਕੀਰਤਨ 'ਤੇ ਲੱਖਾਂ ਸੰਗਤਾਂ ਦੀ ਹਾਜ਼ਰੀ ਵਿਚ ਗੋਲਡ ਮੈਡਲ ਦਿੱਤਾ ਗਿਆ। ਹੁਣ ਤੱਕ ਦੇ ਆਪਣੇ ਕਲਾਤਮਕ ਜੀਵਨ ਵਿਚ ਉਹ ਇਸੇ ਘੜੀ ਨੂੰ ਸਭ ਤੋਂ ਸੁਲੱਖਣੀ ਘੜੀ ਮੰਨਦਾ ਹੈ। ਹੋਰ ਵੀ ਅਨੇਕਾਂ ਜਥੇਬੰਦੀਆਂ ਰਛਪਾਲ ਸਿੰਘ ਪਮਾਲ ਤੇ ਉਸ ਦੇ ਢਾਡੀ ਜਥੇ ਨੂੰ ਸਮੇਂ ਸਮੇਂ ਸਲਾਹੁਤਾ, ਵਡਿਆਈ ਤੇ ਮਾਣ ਦਿੰਦੀਆਂ ਰਹੀਆਂ ਹਨ।

ਆਪਣੇ ਜੀਵਨ ਦੀ ਸਭ ਤੋਂ ਅਹਿਮ, ਉਤਮ ਤੇ ਮਹਾਨ ਘਟਨਾ ਉਹ ਇਤਿਹਾਸਕ ਅੰਕੜਿਆਂ ਵਾਂਗ ਇਹ ਦੱਸਦਾ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਜੇ ਕਿਸੇ ਢਾਡੀ ਨੂੰ ਆਪਣੇ ਮੁਲਕ ਦੇ ਪ੍ਰਧਾਨ ਮੰਤਰੀ ਦੀ ਸਟੇਜ 'ਤੇ ਵਾਰਾਂ ਪੇਸ਼ ਕਰਨ ਦਾ ਅਵਸਰ ਮਿਲਿਆ ਤਾਂ ਉਹ ਰਛਪਾਲ ਸਿੰਘ ਪਮਾਲ ਹੀ ਹੈ। ਇੱਕ ਵਾਰ ਪ੍ਰਧਾਨ ਮੰਤਰੀ ਐਚ. ਡੀ. ਦੇਵਗੌੜਾ ਦੀ ਸਟੇਜ 'ਤੇ ਉਸੇ ਦੀ ਹਾਜ਼ਰੀ ਵਿਚ ਉਸ ਦੇ ਜਥੇ ਨੇ ਸ਼ਹੀਦ ਊਧਮ ਸਿੰਘ ਦੀ ਬਹਾਦਰੀ ਦੀਆਂ ਵਾਰਾਂ ਪੇਸ਼ ਕਰਕੇ ਸਮਾਂ ਬੰਨ੍ਹ ਦਿੱਤਾ ਸੀ।

ਢਾਡੀ ਰਛਪਾਲ ਸਿੰਘ ਪਮਾਲ ਦੀ ਰਚਨ ਸ਼ੈਲੀ ਦਾ ਇੱਕ ਨਮੂਨਾ ਮਾਤਰ ਪੇਸ਼ ਕਰ ਰਿਹਾ ਹਾਂ:

ਗੀਤਾਂ ਦੇ ਗੁੰਗੇ ਕੋਲੋਂ
ਅਰਥ ਕਰਵਾ ਤੇ ਨੇ,
ਕੋਹੜੀ ਦੇ ਦੁੱਖ ਕੱਟ ਕੇ
ਝੋਲੀ ਸੁੱਖ ਪਾ ਤੇ ਨੇ,
ਰਚਨਾ ਰਛਪਾਲ ਸਿੰਘ ਦੀ
ਉਪਮਾ ਹੈ ਬੋਲਦੀ,
ਸਤਿਗੁਰ 'ਤੇ ਰੱਖ ਭਰੋਸਾ
ਜਿੰਦੇ ਕਿਉਂ ਡੋਲਦੀ।


*ਆਪਣੇ ਜਥੇ ਨਾਲ ਢਾਡੀ ਰਛਪਾਲ ਸਿੰਘ ਪਮਾਲ (ਐਨ ਖੱਬੇ)*

ਇਸ ਵੇਲੇ ਢਾਡੀ ਰਛਪਾਲ ਸਿੰਘ ਪਮਾਲ ਦੇ ਜਥੇ ਵਿਚ ਸੁਖਪਾਲ ਸਿੰਘ ਅਜੀਤਗੜ੍ਹ, ਸਰਬਜੀਤ ਸਿੰਘ ਚੜਿੱਕ, ਪ੍ਰਭਜੋਤ ਸਿੰਘ ਅਜੀਤਗੜ੍ਹ (ਮੋਗਾ) ਸਾਥ ਨਿਭਾ ਰਹੇ ਹਨ। ਉਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਪਮਾਲ 'ਚ ਹੀ ਆਪਣੀ ਪਤਨੀ ਸੁਖਵਿੰਦਰ ਕੌਰ ਅਤੇ ਤਿੰਨ ਬੇਟੀਆਂ-ਹਰਜੋਤ ਕੌਰ, ਪ੍ਰਭਜੋਤ ਕੌਰ ਤੇ ਨਵਜੋਤ ਕੌਰ ਨਾਲ ਢਾਡੀ ਕਲਾ ਦੀ ਛਾਂ ਹੇਠ ਮਾਣ ਭਰੀ ਜ਼ਿੰਦਗੀ ਬਸਰ ਕਰ ਰਿਹਾ ਹੈ।

ਢਾਡੀ ਰਛਪਾਲ ਸਿੰਘ ਪਮਾਲ ਉਨ੍ਹਾਂ ਪੁੱਤਰਾਂ 'ਚੋਂ ਹੈ ਜਿਨ੍ਹਾਂ ਨੇ ਆਪਣੇ ਬਾਪ ਦੀ ਪੱਗ ਨੂੰ ਹੋਰ ਮਾਣ ਦਿੱਤਾ ਹੈ ਤੇ ਸਮਾਜ ਖਾਸ ਕਰ ਪੰਥ ਅਜਿਹੇ ਪੁੱਤਰਾਂ ਨਾਲ ਸਦਾ ਲਈ ਸਬੰਧ ਸੁਖਾਵੇਂ ਬਣਾ ਕੇ ਰੱਖਦਾ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

ਗੁਰਮਤਿ ਵਿਚਾਰ

# ਜਪੁਜੀ ਦਾ ਰੱਬ

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਪਰਮ-ਸਤਿ ਦੇ ਅਕਾਲ ਮੂਰਤਿ ਹੋਣ ਦੀ ਵਿਸ਼ੇਸ਼ਤਾ ਬੜੇ ਵਿਗਿਆਨਕ ਮਹੱਤਵ ਵਾਲੀ ਹੈ। ਇਹ ਸੰਕੇਤ ਹੈ ਕਿ ਸੰਸਾਰ ਰਚਨਾ ਦੀ ਨਾ ਦਿੱਸਣ ਵਾਲੀ ਸਦੀਵੀ ਰੂਪ-ਰੇਖਾ ਇਸ ਦੀ ਮਾਯਾ ਪਿੱਛੇ ਹੀ ਛੁਪੀ ਹੋਈ ਹੈ। ਇਸ ਦੇ ਅੰਦਰੂਨੀ ਤਰਕ ਅਨੁਸਾਰ ਹੀ ਮਾਯਾ ਦਾ ਖਿਲਾਰ ਤੇ ਪਸਾਰ ਹੋਇਆ ਹੈ। ਇਸ ਦੇ ਬੜੇ ਹਿਸਾਬੀ ਕਿਤਾਬੀ ਪੱਕੇ ਤੇ ਨਿਰਪੱਖ ਨਿਯਮ ਹਨ ਜਿਨ੍ਹਾਂ ਦੀ ਤਰਕ-ਸੰਗਤ ਭਾਲ ਕਰਕੇ ਹੀ ਮਾਯਾ ਦੀ ਤਹਿ ਤੀਕ ਜਾਇਆ ਜਾ ਸਕਦਾ ਹੈ। ਇਸ ਤਰ੍ਹਾਂ ਮਾਯਾ ਦਾ ਇਕ ਇਕ ਭੇਤ ਖੋਲ੍ਹ ਕੇ ਇਸ ਦੇ ਪਿਛੋਕੜ ਵਿਚ ਵਿਚਰਦੇ ਪਰਮ-ਸਤਿ ਦੇ ਅਣਕਿਆਸੇ ਖਾਕੇ ਨੂੰ ਪੂਰਿਆ ਜਾ ਸਕਦਾ ਹੈ। ਤਦ ਹੀ ਇਸ ਦੇ ਅਦਿੱਖ ਅਕਸ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਦੀ ਅਸਲ ਛਵੀ ਉਭਰ ਕੇ ਸਾਹਮਣੇ ਆਵੇਗੀ। ਇਸ ਉਪਰੰਤ ਹੀ ਸੰਸਾਰ ਦੇ ਅੰਤਿਮ ਸਤਿ ਦੀ ਹੋਂਦ ਨੂੰ ਜਾਣਿਆ ਜਾ ਸਕੇਗਾ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਨੇ ਹਿੰਦੂ ਵਿਦਵਾਨਾਂ ਵਾਂਗ ਮਾਯਾ ਨੂੰ ਨਕਾਰ ਕੇ ਜਾਂ ਠੁਕਰਾ ਕੇ ਇਸ ਤੋਂ ਦੂਰ ਭੱਜਣ ਦੀ ਸਿੱਖਿਆ ਨਹੀਂ ਦਿੱਤੀ। ਉਨ੍ਹਾਂ ਨੇ ਸਗੋਂ ਇਕ ਸੁਲਝੇ ਵਿਗਿਆਨੀ ਵਾਂਗ ਇਸ ਰਾਹੀਂ ਹੀ ਇਸ ਪਿੱਛੇ ਛੁਪੇ ਸੱਚ ਨੂੰ ਜਾਣਨ 'ਤੇ ਜ਼ੋਰ ਦਿੱਤਾ ਹੈ। ਇਸ ਸੱਚ ਦਾ ਪਤਾ ਮਾਯਾ ਤੋਂ ਬਾਹਰ ਤੇ ਮਾਯਾ ਨੂੰ ਤਜਿਆਂ ਨਹੀਂ ਲੱਗ ਸਕਦਾ। ਇਸ ਨੂੰ ਘੋਖ ਕੇ ਹੀ ਲੱਗ ਸਕਦਾ ਹੈ। ਅਜੀਬ ਮੌਕਾ-ਮੇਲ ਦੀ ਗੱਲ ਹੈ ਕਿ ਸਮਕਾਲੀਨ ਪੱਛਮ ਵਿਚ ਵਿਗਿਆਨ ਦੇ ਮੋਢੀ ਸਕਾਲਿਸਟਿਕ (Scholastic) ਵਿਦਵਾਨਾਂ ਨੇ ਵੀ ਉਸੇ ਵੇਲੇ ਇਹੀ ਗੱਲ ਕਹੀ ਸੀ!

ਅਕਾਲ ਮੂਰਤਿ ਦੇ ਸੰਕਲਪ ਵਾਲਾ ਇਸੇ ਤਰ੍ਹਾਂ ਦਾ ਸਿਧਾਂਤ 18ਵੀਂ ਸਦੀ ਵਿਚ ਜਰਮਨ ਵਿਦਵਾਨ ਹੀਗਲ ਨੇ ਵੀ ਦਿੱਤਾ ਸੀ। ਉਸ ਨੇ ਸ੍ਰਿਸ਼ਟੀ ਦੀ ਉਤਪਤੀ ਇਕ ਸਦੀਵੀ ਕਾਲ-ਆਤਮਾ ਦੇ ਵਲਾਵੇਂ ਖੁਲ੍ਹਣ ਨਾਲ ਹੋਈ ਦੱਸੀ ਸੀ। ਉਸ ਨੇ ਇਸ ਦੇ ਵਿਕਾਸ ਦੇ ਕਈ ਨਿਯਮ ਵੀ ਦੱਸੇ ਸਨ ਜੋ ਥੋੜ੍ਹੀ ਅਦਲਾ-ਬਦਲੀ ਤੋਂ ਬਾਅਦ ਅੱਜ ਵੀ ਸਹੀ ਮੰਨੇ ਜਾਂਦੇ ਹਨ। ਇਨ੍ਹਾਂ ਨਿਯਮਾਂ ਦੇ ਪ੍ਰਭਾਵ ਕਰਕੇ ਹੀ ਕਿਹਾ ਗਿਆ ਸੀ ਕਿ ਉਹ 'ਰੱਬ' ਬਾਰੇ ਇੰਨਾ ਕੁਝ ਜਾਣਦਾ ਸੀ, ਜਿੰਨਾ ਸ਼ਾਇਦ ਰੱਬ ਵੀ ਖੁਦ ਆਪਣੇ ਬਾਰੇ ਨਾ ਜਾਣਦਾ ਹੋਵੇ। ਪਰ ਉਸ ਨੇ ਕਾਲ ਆਤਮਾ ਦਾ ਕੋਈ ਪਤਾ-ਠਿਕਾਣਾ ਨਹੀਂ ਸੀ ਦੱਸਿਆ ਤੇ ਨਾ ਹੀ ਉਸ ਨੂੰ ਜਾਣਨ ਦੀ ਕੋਈ ਖੋਜ ਵਿਧੀ ਸਮਝਾਈ ਸੀ। ਇਸੇ ਲਈ ਕਾਰਲ ਮਾਰਕਸ ਨੇ ਉਸ ਦੇ ਸਿਧਾਂਤ ਦੀ ਚੰਗੀ ਮੁਰੰਮਤ ਕੀਤੀ ਸੀ। ਜੇ ਆਧੁਨਿਕ ਵਿਗਿਆਨੀ ਉਸ ਦੇ ਸਿਧਾਂਤ ਪਿੱਛੇ ਜਾਂਦੇ ਤਾਂ ਸ਼ਾਇਦ ਅੱਜ ਉਸ ਦੀ ਕਾਲ-ਆਤਮਾ ਨੂੰ ਪੁਲਾੜ ਵਿਚ ਖੋਜ ਰਹੇ ਹੁੰਦੇ।

ਗੁਰੂ ਨਾਨਕ ਦੇਵ ਲਈ ਪਰਮ-ਸਤਿ ਮਾਯਾ ਤੋਂ ਬਾਹਰ ਵਸਦੀ ਖਿਆਲੀ (Abstract) ਸੋਚ ਨਹੀਂ ਸਗੋਂ ਮਾਯਾ ਵਿਚ ਰਹਿੰਦੀ ਤੇ ਮਾਯਾ ਦੇ ਵਿਭਿੰਨ ਰੂਪਾਂ ਦੇ ਅੰਗ-ਸੰਗ ਚਲਦੀ ਇਕ ਯਥਾਰਥਕ ਤੇ ਸਦੀਵੀ ਝਲਕ ਹੈ। ਉਨ੍ਹਾਂ ਨੇ ਇਸ ਦਾ ਠਿਕਾਣਾ ਦੱਸਣ ਦੇ ਨਾਲ ਨਾਲ ਇਸ ਦੀ ਖੋਜ ਵਿਧੀ ਵੀ ਦੱਸੀ ਜਿਸ ਦਾ ਸੰਕੇਤ ੴ ਦੇ ਸੂਤਰ ਵਿਚ ਮਿਲਦਾ ਹੈ। ਆਧੁਨਿਕ ਵਿਗਿਆਨ ਗੁਰੂ ਸਾਹਿਬ ਦੀ ਇਸ ਪਹੁੰਚ ਦੀ ਪੈਰ ਪੈਰ 'ਤੇ ਪੁਸ਼ਟੀ ਕਰਦਾ ਆ ਰਿਹਾ ਹੈ। ਇਸ ਪਹੁੰਚ ਸਦਕਾ ਹੀ ਵਿਗਿਆਨੀ ਪਿਛਲੇ ਦੋ ਸੌ ਸਾਲਾਂ ਵਿਚ ਐਵੋਗਾਦਰੋ (Avogadro) ਦੇ ਸਾਧਾਰਨ ਸਿਧਾਂਤ ਤੋਂ ਲੈ ਕੇ 'ਰੱਬ-ਪਦਾਰਥ' (God Particle or Higgs-Boson Particle) ਦੀ ਖੋਜ 'ਤੇ ਪਹੁੰਚ ਗਏ ਹਨ। ਉਨ੍ਹਾਂ ਨੇ ਅਣਗਿਣਤ ਮਾਯਾਵੀ ਨਿਯਮ ਟਟੋਲ ਕੇ ਪਰਮ-ਸਤਿ ਦੀ ਰੂਪ-ਰੇਖਾ ਦੇ ਧੁੰਦਲੇ ਖਾਕੇ ਵਿਚ ਕਈ ਰੰਗ ਭਰ ਦਿੱਤੇ ਹਨ। ਦੂਜੇ ਪਾਸੇ ਪਰਮ-ਸਤਿ ਨੂੰ ਮਾਇਆ ਤੋਂ ਬਾਹਰ ਢੂੰਡਣ ਦੇ ਅਭਿਲਾਸ਼ੀ ਅੱਜ ਵੀ ਕਿਸੇ ਧਾਰਮਕ ਅਸਥਾਨ ਵਿਚ ਬੈਠੇ ਪੂਜਾ-ਪਾਠ ਦੇ ਢੋਲਕ-ਛੈਣੇ ਖੜਕਾ ਰਹੇ ਹਨ।

ਗੁਰੂ ਨਾਨਕ ਸਾਹਿਬ ਦੇ ਸੁਝਾਏ ਪਰਮ-ਸਤਿ ਦੇ ਅਕਾਲ ਮੂਰਤਿ ਹੋਣ ਦੇ ਗੁਣ ਤੋਂ ਕਈ ਵਿਗਿਆਨਕ ਮਹੱਤਵ ਵਾਲੇ ਨਤੀਜੇ ਨਿਕਲਦੇ ਹਨ। ਪਹਿਲਾ ਇਹ ਕਿ ਅਕਾਲ ਮੂਰਤਿ ਦੇ ਰੰਗ ਖੋਜਦਿਆਂ ਪਰਮ-ਸਤਿ ਦੀਆਂ ਅਨੰਤ ਤਹਿਆਂ ਖੁਲ੍ਹਦੀਆਂ ਹਨ। ਅਣਗਿਣਤ ਨਵੇਂ ਭੇਤ ਖੁਲ੍ਹਣ ਨਾਲ ਇਸ ਦੀਆਂ ਬਹੁਤ ਸਾਰੀਆਂ ਅਜਿਹੀਆਂ ਸੰਭਾਵਨਾਵਾਂ ਦਾ ਪਤਾ ਚਲਦਾ ਹੈ ਜਿਨ੍ਹਾਂ ਨਾਲ ਮਨੁੱਖੀ ਉਨਤੀ ਦੇ ਅਥਾਹ ਸੋਮੇ ਹੱਥ ਲਗਦੇ ਹਨ।

ਮਿਸਾਲ ਵਜੋਂ ਬਿਜਲੀ ਦੀ ਖੋਜ ਨਾਲ ਜਗਤ ਨੂੰ ਇਕ ਨਵੀਂ ਕ੍ਰਾਂਤੀਕਾਰੀ ਸ਼ਕਤੀ ਪ੍ਰਾਪਤ ਹੋਈ ਜਿਸ ਦੀ ਵਰਤੋਂ ਨਾਲ ਮਨੁੱਖੀ ਕਲਿਆਣ ਦੇ ਖੇਤਰ ਵਿਚ ਅਥਾਹ ਤਰੱਕੀ ਹੋਈ ਹੈ। ਇਸੇ ਬਿਜਲੀ ਦੀ ਕਈ ਉਪਕਰਣਾਂ ਵਿਚ ਵਰਤੋਂ ਕਰਕੇ ਕੁਦਰਤ ਦੇ ਕਈ ਨਵੇਂ ਭੇਤਾਂ ਦਾ ਪਤਾ ਲੱਗਾ ਹੈ। ਇਨ੍ਹਾਂ ਰਾਹੀਂ ਮਾਯਾ ਦੇ ਤਹਿਖਾਨਿਆਂ ਵਿਚ ਇਕ ਨਵਾਂ ਸੰਸਾਰ ਵਸਿਆ ਨਜ਼ਰ ਆਇਆ ਹੈ ਜੋ ਹੁਣ ਤੀਕ ਮਨੁੱਖੀ ਦ੍ਰਿਸ਼ਟੀ ਤੋਂ ਓਝਲ ਸੀ। ਮਨੁੱਖ ਹੁਣ ਕੁਦਰਤ ਦੇ ਇਸ ਨਵੇਂ ਸੰਸਾਰ ਦਾ ਸ਼ਹਿਰੀ ਬਣ ਗਿਆ ਹੈ ਤੇ ਆਪਣੇ ਬਹੁਤ ਸਾਰੇ ਕਾਰਜ ਕੁਦਰਤ ਵਾਂਗ ਹੀ ਭੇਤ ਭਰੇ ਢੰਗ ਨਾਲ ਕਰਨ ਲੱਗਾ ਹੈ। ਰੋਬੋਟ, ਰਿਮੋਟ, ਕੰਪਿਊਟਰ, ਮੋਬਾਈਲ ਆਦਿ ਨੂੰ ਚਲਾਉਂਦਿਆਂ ਉਹ ਅਜਿਹੀਆਂ ਅਣਦਿਸਦੀਆਂ ਸ਼ਕਤੀਆਂ ਨੂੰ ਵਾਹੁੰਦਾ ਹੈ ਜੋ ਹੁਣ ਤੀਕ ਕੁਦਰਤ ਦੇ ਏਕਾਅਧਿਕਾਰ ਵਿਚ ਸਨ। ਧਰਤੀ ਦੀ ਫਿਜ਼ਾ ਵਿਚ ਪ੍ਰਕਾਸ਼, ਗੁਰੂਤਾ, ਚੁੰਬਕੀ, ਕਾਸਮਿਕ ਆਦਿ ਕੁਦਰਤੀ ਤਰੰਗਾਂ ਦੇ ਨਾਲ ਨਾਲ ਹੁਣ ਰੇਡੀਓ, ਮੋਬਾਇਲ ਤੇ ਇੰਟਰਨੈਟ ਵਰਗੀਆਂ ਨਵ-ਨਿਰਮਾਣਿਤ ਤੇ ਮਨਸੂਈ ਤਰੰਗਾਂ ਦਾ ਜਾਲ ਵਿਛਿਆ ਹੋਇਆ ਹੈ। ਇਹੀ ਨਹੀਂ, ਮਨੁੱਖ ਇਸ ਨਵੀਂ ਤੇ ਅਦਿੱਖ ਡਿਜ਼ੀਟਲ ਦੁਨੀਆਂ ਦੀ ਪੂਰੀ ਇੰਜੀਨੀਅਰਿੰਗ ਕਰਕੇ ਇਸ ਨੂੰ ਹਰ ਤਰ੍ਹਾਂ ਨਾਲ ਆਪਣੇ ਵਸ ਵਿਚ ਰੱਖਦਾ ਹੈ। ਮਾਯਾ ਤੋਂ ਪਰਮ-ਸਤਿ ਤਕ ਦਾ ਪੰਧ ਬੌਧਿਕ ਤੌਰ 'ਤੇ ਇੰਨਾ ਰੌਚਕ ਹੋਵੇਗਾ, ਇਸ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਇਹ ਪੰਧ ੴ ਭਾਵ ਗਣਿਤ ਦੇ ਰਾਹ ਪੈ ਕੇ ਹੀ ਪਾਰ ਹੋਵੇਗਾ, ਇਹ ਗੱਲ ਵੀ ਗੁਰੂ ਨਾਨਕ ਦੇ ਸਭ ਤੋਂ ਪਹਿਲਾਂ ਦੱਸਣ ਤੋਂ ਬਾਅਦ ਹੁਣ ਸਮਝ ਵਿਚ ਆਈ। ਉਨ੍ਹਾਂ ਦੇ ਸੁਝਾਏ ਇਸ ਰਾਹ 'ਤੇ ਕੁਝ ਚਿਰ ਚੱਲ ਕੇ ਹੀ ਗਿਆਨ ਦਾ ਇੰਨਾ ਚਾਨਣ ਹੋ ਗਿਆ ਹੈ ਕਿ ਸਦੀਆਂ ਦੇ ਪੈਂਡੇ ਤੋਂ ਬਾਅਦ ਤਾਂ ਅਨੇਕਾਂ ਹੋਰ ਅੰਧੇਰੇ ਕੋਨੇ ਰੁਸ਼ਨਾ ਉਠਣਗੇ।

ਪਰਮ-ਸਤਿ ਜਿਸ ਨੂੰ ਅਕਾਲ ਮੂਰਤਿ ਕਿਹਾ ਗਿਆ ਹੈ, ਆਪਣੀ ਮਾਯਾ ਵਿਚ ਵਸਦਾ ਹੋਣ ਕਰਕੇ ਹਰ ਵੇਲੇ ਮਨੁੱਖ ਦੇ ਸਿੱਧੇ ਸੰਪਰਕ ਵਿਚ ਹੁੰਦਾ ਹੈ। ਜੋ ਭੋਜਨ ਅਸੀਂ ਖਾ ਕੇ ਜਿਉਂਦੇ ਹਾਂ, ਉਸ ਨੂੰ ਆਪਣੇ ਹੱਥਾਂ ਨਾਲ ਹੀ ਮੂੰਹ ਵਿਚ ਪਾਉਂਦੇ ਹਾਂ। ਪਰ ਇਸ ਵਿਚ ਕੀ ਕੀ ਤੱਤ ਹਨ ਤੇ ਉਹ ਕਿੱਥੇ ਕਿੱਥੇ ਪਏ ਹਨ, ਅਸੀਂ ਨਹੀਂ ਜਾਣਦੇ। ਇਸ ਦੀ ਖੁਸ਼ਬੂ ਤੇ ਸਵਾਦ ਰਾਹੀਂ ਹੀ ਪਤਾ ਚਲਦਾ ਹੈ ਕਿ ਇਹ ਖਾਣਯੋਗ ਭੋਜਨ ਹੈ, ਬਾਕੀ ਕੁਝ ਪਤਾ ਨਹੀਂ ਲਗਦਾ। ਭੋਜਨ ਦੇ ਇਹ ਤੱਤ ਜੋ ਪਰਮ-ਸਤਿ ਨਾਲ ਭਰਪੂਰ ਹਨ, ਇੰਨਾ ਨੇੜੇ ਹੋਣ 'ਤੇ ਵੀ ਪਹੁੰਚ ਤੋਂ ਬਹੁਤ ਦੂਰ ਹਨ। ਮਾਯਾ ਦੇ ਅੰਦਰੂਨੀ ਫਾਸਲੇ ਬਾਹਰਲੇ ਫਾਸਲਿਆਂ ਵਾਂਗੂੰ ਹੀ ਹੁੰਦੇ ਹਨ ਪਰ ਇਹ ਅਸਲੀ ਨਹੀਂ, ਆਭਾਸੀ ਹੁੰਦੇ ਹਨ। ਪਰਮ-ਸਤਿ ਸਾਡੀ ਸਤਹ ਤੋਂ ਇੰਨੀ ਦੂਰ ਹੈ ਕਿ ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸ ਤੱਥ ਨੂੰ ਦਰਸਾਉਣ ਲਈ ਫਿਰ ਗਣਿਤ ਦਾ ਸਹਾਰਾ ਲੈਣਾ ਪਵੇਗਾ। ਪੁਲਾੜ ਤੇ ਪਾਤਾਲ ਦੀਆਂ ਸਾਧਾਰਨ ਦੂਰੀਆਂ ਸੈਂਕੜੇ ਜਾਂ ਹਜ਼ਾਰਾਂ ਵਿਚ ਨਹੀਂ ਸਗੋਂ ਪ੍ਰਕਾਸ਼ ਵਰ੍ਹਿਆਂ ਵਿਚ ਮਿਣੀਆਂ ਜਾਂਦੀਆਂ ਹਨ। ਇਕ ਪ੍ਰਕਾਸ਼ ਵਰ੍ਹਾ ਉਹ ਦੂਰੀ ਹੈ, ਜਿਸ ਨੂੰ ਪ੍ਰਕਾਸ਼ ਦੀ ਕਿਰਣ 1,86,000 ਮੀਲ ਪ੍ਰਤੀ ਸੈਕੰਡ ਦੀ ਰਫਤਾਰ ਨਾਲ ਚਲਦੀ ਹੋਈ ਇਕ ਸਾਲ 'ਚ ਤੈਅ ਕਰਦੀ ਹੈ। ਮੀਲਾਂ ਵਿਚ ਇਹ ਗਿਣਤੀ 5,865,700,000,000 ਬਣਦੀ ਹੈ। ਸਾਦੇ ਲਫਜ਼ਾਂ ਵਿਚ ਇਹ ਸਾਢੇ ਅਠਵੰਜਾ ਖਰਬ ਮੀਲ ਦੇ ਕਰੀਬ ਹੈ। ਮੀਲਾਂ ਅਨੁਸਾਰ ਪ੍ਰਕਾਸ਼ ਵਰ੍ਹਾ ਇਕ ਬੜਾ ਵੱਡਾ ਪੈਮਾਨਾ ਹੈ। ਇਸ ਲਈ ਵਿਗਿਆਨੀ ਇਸ ਨੂੰ ਸੰਖੇਪ ਢੰਗ ਨਾਲ ਲਿਖਣ ਲਈ ਸਾਇੰਟਿਫਿਕ ਨੋਟੇਸ਼ਨ (Scientific Notation) ਦੀ ਵਰਤੋਂ ਕਰਦੇ ਹਨ। ਸਾਇੰਟਿਫਿਕ ਨੋਟੇਸ਼ਨ ਅਨੁਸਾਰ ਇਕ ਪ੍ਰਕਾਸ਼ ਵਰ੍ਹਾ 5.866 ਜਰਬ $10^{12}$ ਮੀਲ ਦਾ ਹੁੰਦਾ ਹੈ।

ਹੁਣ ਅੱਗੇ ਵੇਖੀਏ। ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਦੂਰਬੀਨ ਹੱਬਲ ਟੈਲੀਸਕੋਪ ਹੈ ਜਿਸ ਦੀ ਵੱਡ-ਦਰਸ਼ੀ ਤਾਕਤ 127551 ਗੁਣਾ ਹੈ। ਇਸ ਦੀ ਮਾਰ 15 ਬਿਲੀਆਨ ਪ੍ਰਕਾਸ਼ ਵਰ੍ਹੇ ਹੈ। ਭਾਵ ਇਸ ਦੀ ਇਸ ਤਾਕਤ ਨਾਲ 15 ਬਿਲੀਅਨ ਪ੍ਰਕਾਸ਼ ਵਰ੍ਹਿਆਂ ਦੀ ਦੂਰੀ 'ਤੇ ਸਥਿਤ ਸਿਤਾਰੇ ਨੂੰ ਵੇਖਿਆ ਜਾ ਸਕਦਾ ਹੈ। ਦੂਜੇ ਪਾਸੇ ਅੱਜ ਕੱਲ ਵਿਸ਼ਵ ਵਿਚ ਵਿਗਿਆਨ ਦੀ ਇਸ ਪ੍ਰਾਪਤੀ ਦੇ ਵੀ ਚਰਚੇ ਹਨ ਕਿ ਮਨੁੱਖ ਨੇ ਖੁਰਦਬੀਨ ਰਾਹੀਂ ਹਾਈਡਰੋਜਨ ਦਾ ਐਟਮ ਵੇਖ ਲਿਆ ਹੈ। ਜਿਸ ਟੀ. ਈ. ਐਮ. ਮਾਈਕਰੋਸਕੋਪ ਰਾਹੀਂ ਇਸ ਦੇ ਦਰਸ਼ਨ ਹੋਏ ਹਨ, ਉਸ ਦੀ ਵੱਡ-ਦਰਸ਼ੀ ਸ਼ਕਤੀ 10,000,000 ਹੈ। ਇਸ ਸ਼ਕਤੀ ਦੇ ਹਿਸਾਬ ਹਾਈਡਰੋਜਨ ਅਣੂੰ ਭਾਵ ਐਟਮ ਮਨੁੱਖੀ ਅੱਖ ਤੋਂ 1176 ਬਿਲੀਅਨ ਪ੍ਰਕਾਸ਼ ਵਰ੍ਹੇ ਭਾਵ 1,176,000,000,000,000 ਪ੍ਰਕਾਸ਼ ਵਰ੍ਹੇ ਦੀ ਦੂਰੀ 'ਤੇ ਹੋਇਆ। ਮੀਲਾਂ ਦੇ ਹਿਸਾਬ ਇਹ 6,898,063,200,000,000,000,000,000,000 ਤੋਂ ਵੀ ਵੱਧ ਮੀਲ ਦਾ ਫਾਸਲਾ ਬਣਦਾ ਹੈ। ਇਸ ਨੂੰ ਲਿਖਣ ਕਹਿਣ ਲਈ ਪਰੰਪਰਾਗਤ ਗਣਿਤ ਵਿਚ ਕੋਈ ਅਨੁਕੂਲ ਸੰਖਿਆ ਨਹੀਂ ਹੈ। ਗੁਰੂ ਨਾਨਕ ਦੇ ਕਹਿਣ ਅਨੁਸਾਰ ਇਹ ਫਾਸਲਾ ਅਸੰਖ ਹੈ। ਸਾਇੰਟਿਫਿਕ ਨੋਟੇਸ਼ਨ ਵਿਚ ਇਸ ਨੂੰ 6.9 ਜਰਬ $10^{27}$ ਕਰ ਕੇ ਲਿਖਿਆ ਜਾਂਦਾ ਹੈ, ਪਰ ਇਹ ਤਾਂ ਕੁਝ ਵੀ ਨਹੀਂ। ਇਹ ਫਾਸਲਾ ਤਾਂ ਮਨੁੱਖੀ ਅੱਖ ਤੋਂ ਅਣੂੰ (Atom) ਤੀਕ ਦਾ ਹੀ ਹੈ। ਇਸੇ ਹਾਈਡਰੋਜਨ ਅਣੂੰ ਵਿਚ ਅੱਗੇ ਇਸ ਤੋਂ ਵੀ ਲੱਖਾਂ ਗੁਣਾਂ ਛੋਟੇ ਇਲੈਕਟਰੋਨ (ਪ੍ਰਮਾਣੂ) ਤੇ ਪ੍ਰੋਟੋਨ ਪਏ ਹਨ। ਵਿਆਸ ਅਨੁਸਾਰ ਹਾਈਡਰੋਜਨ ਪ੍ਰਮਾਣੂ ਇਸ ਦੇ ਅਣੂੰ ਤੋਂ ਸਾਢੇ ਤਿੰਨ ਲੱਖ ਗੁਣਾ ਛੋਟਾ ਹੈ। ਆਕਾਰ ਅਨੁਸਾਰ ਇਕ ਅਣੂੰ ਵਿਚ ਚਾਰ ਅਰਬ ਤੋਂ ਵੀ ਵੱਧ ਪ੍ਰਮਾਣੂ ਸਮਾ ਸਕਦੇ ਹਨ। ਇਨ੍ਹਾਂ ਦੀ ਸਹੀ ਗਿਣਤੀ 4.18 ਜਰਬ $10^{10}$ ਬਣਦੀ ਹੈ। ਪ੍ਰਮਾਣੂ ਦਾ ਆਕਾਰ ਇੰਨਾ ਛੋਟਾ ਹੈ ਕਿ ਸਕੈਨਿੰਗ ਖੁਰਦਬੀਨ ਵੀ ਇਸ ਦਾ ਚਿੱਤਰ ਭਾਵ 'ਮੂਰਤਿ' (Image) ਨਹੀਂ ਬਣਾ ਸਕੀ। ਇਸ ਦੇ ਦੀਦਾਰ ਕਰਨ ਲਈ ਹੋਰ ਵਧੇਰੇ ਸ਼ਕਤੀਸ਼ਾਲੀ ਖੁਰਦਬੀਨਾਂ ਦੇ ਈਜ਼ਾਦ ਦੀ ਉਡੀਕ ਕਰਨੀ ਪਵੇਗੀ।

ਇਹ ਵੀ ਹਾਲੇ ਕੁਝ ਨਹੀਂ! ਇਹ ਅੰਕੜੇ ਤਾਂ ਪਰਮ-ਸਤਿ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚਦੇ। ਜੇ ਕੋਈ ਭਰਮ ਹੈ, ਉਹ ਹੋਮਿਓਪੈਥੀ ਦੂਰ ਕਰ ਦਿੰਦੀ ਹੈ। ਹੋਮਿਓਪੈਥੀ ਵਿਚ ਕਿਸੇ ਦਵਾ-ਪਦਾਰਥ ਜਿਵੇਂ ਨਮਕ, ਸਲਫਰ, ਫਾਸਫੋਰਸ ਆਦਿ ਨੂੰ ਆਪਣੇ ਤੋਂ ਸੌ ਗੁਣਾ ਵੱਧ ਘੋਲ-ਪਦਾਰਥ ਵਿਚ ਘੋਲ ਕੇ ਪਹਿਲੀ ਪੋਟੈਂਸੀ (Potency) ਭਾਵ ਤਾਕਤ ਤਿਆਰ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਹ ਦਵਾ-ਪਦਾਰਥ $10^2$ ਗੁਣਾ ਪਤਲਾ ਹੋ ਜਾਂਦਾ ਹੈ ਤੇ ਇਸ ਵਿਚ ਦਵਾ-ਪਦਾਰਥ ਦੀ ਮਾਤਰਾ 1/100 ਰਹਿ ਜਾਂਦੀ ਹੈ। ਇਸ ਦੇ ਇਕ ਭਾਗ ਨੂੰ ਅੱਗੇ ਸੌ ਗੁਣਾ ਘੋਲ ਪਦਾਰਥ ਵਿਚ ਪਾ ਕੇ ਦੂਜੀ ਪੋਟੈਂਸੀ ਬਣਦੀ ਹੈ। ਇਹੀ ਪ੍ਰਕ੍ਰਿਆ ਵਾਰ ਵਾਰ ਦੁਹਰਾਉਣ ਨਾਲ ਇਸ ਦੀਆਂ ਉਚੇਰੀਆਂ ਪੋਟੈਂਸੀਆਂ ਬਣਦੀਆਂ ਜਾਂਦੀਆਂ ਹਨ। 12ਵੀਂ ਪੋਟੈਂਸੀ 'ਤੇ ਪਹੁੰਚਣ ਨਾਲ ਇਹ $10^{12}$ ਗੁਣਾ ਪਤਲਾ ਹੋ ਜਾਵੇਗਾ। ਇਸ ਘੋਲ ਵਿਚ ਮੁਢਲੇ ਦਵਾ-ਪਦਾਰਥ ਦਾ ਇਕ ਨਿਊਨਤਮ ਕਣ ਭਾਵ ਮੌਲੀਕਿਊਲ (Molecule) ਵੀ ਨਹੀਂ ਬਚੇਗਾ। ਐਵੋਗੈਡਰੋ ਦੇ ਨਿਯਮ ਮੁਤਾਬਕ $10^{11}$ ਗੁਣਾ ਪਤਲੇ ਘੋਲ 'ਚੋਂ ਹੀ ਮੂਲ ਪਦਾਰਥ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ।

ਕਿਸੇ ਮਰੀਜ ਦਾ ਇਲਾਜ ਕਰਨ ਵੇਲੇ ਹੋਮਿਓਪੈਥਿਕ ਡਾਕਟਰ ਸਾਧਾਰਣ ਦਵਾ-ਪਦਾਰਥ ਜਿਵੇਂ ਨਮਕ (Natrum Muriaticum) ਦੀ ਘੱਟ ਤੋਂ ਘੱਟ 30ਵੀਂ ਪੋਟੈਂਸੀ ਵਰਤਦੇ ਹਨ ਜੋ ਇਸ ਦੇ ਮੁਢਲੇ ਘੋਲ ਤੋਂ 106° ਗੁਣਾ ਪਤਲੀ ਹੁੰਦੀ ਹੈ। ਇਸ ਸੰਖਿਆ ਨੂੰ ਪ੍ਰਾਪਤ ਕਰਨ ਲਈ ਏਕੇ ਦੇ ਨਾਲ ਸੱਠ ਸਿਫਰਾਂ ਲਾਉਣੀਆਂ ਪੈਂਦੀਆਂ ਹਨ। ਇਹ ਉਹ ਗਿਣਤੀ ਹੈ, ਜਿਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜੇ ਸਾਰੀ ਧਰਤੀ ਭਾਵ ਇਸ ਦੀ ਮਿੱਟੀ, ਪਾਣੀ ਤੇ ਵਾਤਾਵਰਣ ਦੀਆਂ ਗੈਸਾਂ ਨੂੰ ਘੋਲ ਕੇ $10^{56}$ ਵਾਰ ਪਤਲਾ ਕੀਤਾ ਜਾਵੇ ਤਾਂ ਅੰਤਲੇ ਘੋਲ ਵਿਚ ਇਕ ਪ੍ਰਮਾਣੂ ਵੀ ਨਹੀਂ ਰਹੇਗਾ। 106° 'ਤੇ ਪਹੁੰਚ ਕੇ ਤਾਂ ਇਹ ਘੋਲ 1000 ਗੁਣਾ ਹੋਰ ਪੇਤਲਾ ਹੋ ਜਾਵੇਗਾ। ਇੰਨਾ ਹੀ ਨਹੀਂ, ਦਵਾਈ ਦੀਆਂ ਪੋਟੈਂਸੀਆਂ ਉਤੇ ਉਤੇ 200, 1000, 100000 ਤੇ 1000000 ਤੀਕ ਵੀ ਜਾਂਦੀਆਂ ਹਨ। ਜੇ 1000000ਵੀਂ ਪੋਟੈਂਸੀ ਲਈਏ ਤਾਂ ਇਹ ਉਹ ਅੰਕੜਾ ਬਣਦੀ ਹੈ ਜਿਸ ਵਿਚ ਇਕ ਪਿੱਛੇ ਦਸ ਲੱਖ ਜ਼ੀਰੋਆਂ ਲਗਦੀਆਂ ਹੋਣ! ਇੱਡੇ ਵੱਡੇ ਪੱਧਰ ਦੀ ਪੋਟੈਂਸੀ ਵਿਚ ਵੀ ਦਵਾਈ ਲੋਹੜੇ ਦਾ ਕੰਮ ਕਰਦੀ ਹੈ। ਇਸ ਦਾ ਸਬੂਤ ਇਹ ਹੈ ਕਿ ਇਹ ਛੋਟੀਆਂ ਪੋਟੈਂਸੀਆਂ ਤੋਂ ਕਈ ਗੁਣਾ ਵਧੇਰੇ ਅਸਰਦਾਰ ਹੁੰਦੀ ਹੈ। ਫਿਰ ਪਰਮ-ਸਤਿ ਤਾਂ ਇਸ ਤੋਂ ਵੀ ਕਿਤੇ ਅੱਗੇ ਹੋਇਆ। ਖੈਰ! ਪਰਮ-ਸਤਿ ਤਾਂ ਹਾਲੇ ਨਹੀਂ ਮਿਲਿਆ ਪਰ ਇਸ ਗੱਲ ਦੀ ਸੂਝ ਮਿਲ ਗਈ ਹੈ ਕਿ ਉਸ ਤੀਕ ਅਪੜਨ ਲਈ ਗਣਿਤ ਕਿੰਨਾ ਜਰੂਰੀ ਹੈ!

***ਪਰਮ-ਸਤਿ ਦੇ ਅਕਾਲ ਮੂਰਤਿ ਗੁਣ ਦਾ ਵਿਖਿਆਨ ਕਰਕੇ ਗੁਰੂ ਨਾਨਕ ਨੇ ਆਪਣੇ ਸਿੱਖਾਂ ਸਮੇਤ ਸਮੂਹ ਵਿਗਿਆਨੀਆਂ ਨੂੰ ਇਕ ਬੜੀ ਵੱਡੀ ਵੰਗਾਰ ਦਿੱਤੀ ਹੈ। ਇਸ ਵੰਗਾਰ ਦਾ ਸਾਹਮਣਾ ਕਰਨ ਲਈ ਉਨ੍ਹਾਂ ਨੇ ਉਨ੍ਹਾਂ ਨੂੰ ਉਚਤਮ ਵਿਗਿਆਨਕ ਸਿੱਖਿਆ ਦੀ ਪ੍ਰਾਪਤੀ ਵਲ ਪ੍ਰੇਰਿਆ ਹੈ। ਅਜਿਹੀ ਸਿਖਿਆ ਬਿਨਾ ਤਾਂ ਗੁਰੂ ਸਾਹਿਬ ਦਾ ਸਿੱਖ ਬਣਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪਰ ਅਸਚਰਜ ਦੀ ਗੱਲ ਹੈ ਕਿ ਵਾਰ ਵਾਰ ੴ ਦਾ ਸੰਕੇਤਕ ਸੂਤਰ ਵੇਖ-ਪੜ੍ਹ ਕੇ ਵੀ ਬਹੁਤੇ 'ਸਿੱਖਾਂ' ਦੇ ਮਨ ਵਿਚ ਕਦੇ ਵਿਗਿਆਨਕ ਸਿਖਿਆ ਦਾ ਖਿਆਲ ਤੱਕ ਨਹੀਂ ਆਉਂਦਾ। ਧਾਰਮਕ ਸੰਸਥਾਵਾਂ ਦੇ ਪ੍ਰਬੰਧਕ ਤਾਂ ਵਧੇਰੇ ਅੱਧਪੜ੍ਹ ਹਨ ਹੀ, ਬਾਣੀ ਦੇ ਪ੍ਰਸਾਰ ਤੇ ਪ੍ਰਚਾਰ ਲਈ ਵੀ ਆਮ ਤੌਰ 'ਤੇ ਉਨ੍ਹਾਂ ਵਿਅਕਤੀਆਂ ਨੂੰ ਲਾਇਆ ਜਾਂਦਾ ਹੈ ਜੋ ਉਚ ਸਿਖਿਆ ਵਲੋਂ ਕੋਰੇ ਹਨ।***

ਦੂਜੇ, ਪਰਮ-ਸਤਿ ਦਾ ਅਕਾਲ ਮੂਰਤਿ ਹੋਣ ਦਾ ਗੁਣ ਇਸ ਦੀ ਦੋਹਰੀ ਹੋਂਦ ਵਲ ਸੰਕੇਤ ਕਰਦਾ ਹੈ। ਇਸ ਦਾ ਅਕਾਲ ਹੋਣਾ ਇਸ ਨੂੰ ਇਕ ਤਰ੍ਹਾਂ ਮਾਯਾ ਨਾਲ ਜੋੜਦਾ ਹੈ। ਮਾਯਾ ਵਿਨਾਸ਼ਸ਼ੀਲ ਹੈ ਤੇ ਇਹ ਵਿਨਾਸ਼-ਰਹਿਤ। ਇਸ ਦਾ ਅਰਥ ਇਹ ਹੋਇਆ ਕਿ ਇਸ ਦੇ ਕੁਝ ਤੰਤੂ ਮਾਯਾ ਨਾਲ ਜੁੜੇ ਹੋਏ ਹਨ ਜਿਸ ਕਰਕੇ ਇਹ ਮਾਯਾ ਨੂੰ ਜਨਮ ਦਿੰਦਾ ਹੈ। ਪਰ ਇਸ ਦਾ ਕਾਰ ਵਿਹਾਰ ਤੇ ਕਾਰਜ-ਕਾਲ ਮਾਯਾ ਨਾਲੋਂ ਵੱਖਰਾ ਹੈ। ਇਸ ਦਾ ਭਾਵ ਇਹ ਹੋਇਆ ਕਿ ਪਰਮ-ਸਤਿ ਤੇ ਮਾਯਾ-ਦੋਵੇਂ ਅੰਦਰੋਂ ਮਾਦਿਕ ਪ੍ਰਕ੍ਰਿਤੀ ਦੇ ਹੀ ਹਨ ਪਰ ਮਾਯਾ ਰੂਪ ਬਦਲਦੀ ਹੈ ਤੇ ਪਰਮ-ਸਤਿ ਸਦਾ ਠੇਠ ਰੂਪ ਵਿਚ ਰਹਿੰਦਾ ਹੈ। ਇਹ ਪਰਛਾਵੇਂ ਰੂਪ ਵਿਚ ਮਾਯਾ ਦੇ ਅੰਗ-ਸੰਗ ਰਹਿੰਦਾ ਹੋਇਆ ਵੀ ਮਾਯਾ ਤੋਂ ਭਿੰਨ ਹੈ। ਇਹ ਜਿਨਸੀ ਮਾਦੇ ਵਾਂਗ ਅਸਥਾਈ ਹੋਂਦ ਦਾ ਹੈ ਤੇ ਸ਼ਕਤੀ (Spirit) ਵਾਂਗ ਸੰਕਲਪ ਰੂਪ ਹੈ। ਭਾਵ ਇਹ ਕਿ ਪਰਮ-ਸਤਿ ਮਾਯਾ ਪ੍ਰਕ੍ਰਿਤੀ ਦਾ ਹੈ ਵੀ ਤੇ ਨਹੀਂ ਵੀ। ਇਹ ਮਾਦੇ ਤੇ ਸ਼ਕਤੀ ਦਾ ਸੁਮੇਲ ਹੈ, ਜਿਸ ਦਾ ਇਕ ਪਾਸਾ ਪ੍ਰਗਟ ਰੂਪ ਵਿਚ ਹੈ ਤੇ ਦੂਜਾ ਅਪ੍ਰਗਟ ਰੂਪ ਵਿਚ। ਇਸ ਦੀ ਦੋ-ਪਾਸੀ ਹੋਂਦ ਹੈ ਤੇ ਇਹ ਮਾਯਾਵੀ ਖੇਡ ਖੇਡਦਾ ਨਜ਼ਰ ਨਹੀਂ ਆਉਂਦਾ।

ਕੁਦਰਤ ਦੀ ਹੋਂਦ ਦੇ ਇਸ ਦੋਹਰੇਪਨ ਨੂੰ ਅੱਜ ਕੱਲ ਵਿਗਿਆਨ ਵੀ ਪਛਾਣਦਾ ਹੈ। ਅਸੀਂ ਉਤੇ ਵੇਖਿਆ ਹੈ ਕਿ ਪਦਾਰਥ ਦੇ ਕਣ ਛੋਟੇ ਤੋਂ ਛੋਟੇ ਹੁੰਦੇ ਹੋਏ ਅਣੂੰ ਤੀਕ ਚਲੇ ਜਾਂਦੇ ਹਨ। ਅਣੂੰ ਤੋਂ ਅੱਗੇ ਇਨ੍ਹਾਂ ਨੂੰ ਹੋਰ ਛੋਟੇ ਕਰਨਾ ਅਸੰਭਵ ਹੈ। ਇਸ ਤੋਂ ਅੱਗੇ ਇਲੈਕਟ੍ਰੌਨ ਤੇ ਪ੍ਰੋਟੋਨ ਦਾ ਇਕ ਨਵਾਂ ਸੰਸਾਰ ਸ਼ੁਰੂ ਹੁੰਦਾ ਹੈ। ਅਣੂਆਂ ਵਿਚਲੇ ਪ੍ਰਮਾਣੂਆਂ ਦੇ ਗੁਣ-ਵਿਹਾਰ ਕੁਝ ਸਥੂਲ ਮਾਦਿਕ ਅਣੂੰਆਂ ਜਿਹੇ ਤੇ ਕੁਝ ਉਨ੍ਹਾਂ ਤੋਂ ਭਿੰਨ ਹੁੰਦੇ ਹਨ। ਪਦਾਰਥੀ ਅਣੂੰਆਂ ਵਾਂਗ ਇਨ੍ਹਾਂ ਦਾ ਭਾਰ ਤੇ ਅਕਾਰ ਹੁੰਦਾ ਹੈ। ਪਰ ਅਣੂਆਂ ਤੋਂ ਉਲਟ ਇਨ੍ਹਾਂ 'ਤੇ ਬਿਜਲੀ ਦਾ ਚਾਰਜ ਵੀ ਹੁੰਦਾ ਹੈ। ਇਸ ਚਾਰਜ ਨਾਲ ਪ੍ਰਮਾਣੂ ਲਗਾਤਾਰ ਘੁੰਮਣ-ਘੇਰੀਆਂ ਦੀ ਹਾਲਤ ਵਿਚ ਰਹਿੰਦੇ ਹਨ। ਜੇ ਇਹ ਇਕ ਛਿਣ ਲਈ ਵੀ ਰੁਕ ਜਾਣ ਤਾਂ ਪੂਰੇ ਦਾ ਪੂਰਾ ਅਣੂੰ-ਢਾਂਚਾ ਢਹਿ ਢੇਰੀ ਹੋ ਜਾਵੇਗਾ ਤੇ ਸ੍ਰਿਸ਼ਟੀ ਦਾ ਵਿਨਾਸ਼ ਹੋ ਜਾਵੇਗਾ। ਪੱਕੇ ਤੌਰ 'ਤੇ ਗਤੀ ਵਿਚ ਹੋਣ ਕਰਕੇ ਇਨ੍ਹਾਂ ਦੀ ਨਿਸ਼ਚਿਤ ਸਥਿਤੀ ਨਹੀਂ ਜਾਣੀ ਜਾ ਸਕਦੀ। ਇਸ ਨਾਲ ਇਨ੍ਹਾਂ ਦੀ ਸ਼ਕਲ-ਸੂਰਤ ਤੇ ਰੰਗ ਰੂਪ ਦਾ ਵੀ ਪਤਾ ਨਹੀਂ ਚਲਦਾ। ਇਸ ਤਰ੍ਹਾਂ ਇਹ ਪਦਾਰਥ ਦੋਹਰੇ ਗੁਣ ਵਾਲੇ ਹੁੰਦੇ ਹਨ। ਭਾਰ ਪੱਖੋਂ ਇਨ੍ਹਾਂ ਦਾ ਸੁਭਾਅ ਮਾਦੇ ਵਾਲਾ ਹੁੰਦਾ ਹੈ ਤੇ ਘੁੰਮਦੇ ਚਾਰਜ ਪੱਖੋਂ ਲਹਿਰ (Wave) ਵਾਲਾ। ਜਾਂ ਇਹ ਕਹੋ ਕਿ ਪ੍ਰਮਾਣੂ ਉਹ ਮੁਕਾਮ ਹਨ, ਜਿੱਥੇ ਮਾਦਾ ਤੇ ਸ਼ਕਤੀ-ਦੋਵੇਂ ਮਿਲਦੇ ਹਨ। ਇਹੀ ਗੱਲ ਗੁਰੂ ਜੀ ਨੇ ਕਹੀ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਜੀ ਦੇ ਸੰਕਲਪਾਂ ਦੀ ਪੁਸ਼ਟੀ ਆਧੁਨਿਕ ਵਿਗਿਆਨ ਕਿਵੇਂ ਡਟ ਕੇ ਕਰ ਰਿਹਾ ਹੈ!

ਤੀਜਾ, ਇਸ ਵਡਿਆਈ ਦੇ ਜ਼ਿਕਰ ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਉਚ ਵਿਗਿਆਨਕ ਸਿਖਿਆ ਦੇ ਬੜੇ ਭਾਰੇ ਹਾਮੀ ਸਨ। ਇਸ ਵਿਸ਼ੇਸ਼ਤਾਈ ਦੀ ਵਿਆਖਿਆ ਅਨੁਸਾਰ ਅਕਾਲ ਮੂਰਤਿ ਦਾ ਖਾਕਾ ਪੂਰਨਾ ਗੂੜ੍ਹ ਵਿਦਵਤਾ ਦਾ ਕਾਰਜ ਹੈ। ਅਸਿੱਖਿਅਤ ਵਿਅਕਤੀ ਇਸ ਕਾਰਜ ਨੂੰ ਨੇਪਰੇ ਨਹੀਂ ਚਾੜ੍ਹ ਸਕਦੇ। ਅਜਿਹੇ ਵਿਅਕਤੀਆਂ ਵਿਚ ਇਸ ਕਾਰਜ ਨੂੰ ਕਰਨ ਦੀਆਂ ਰੁਚੀਆਂ ਤੇ ਸੰਭਾਵਨਾਵਾਂ ਤਾਂ ਹੁੰਦੀਆਂ ਹਨ ਪਰ ਵਿਦਿਆ ਦੀ ਘਾਟ ਕਰਕੇ ਉਨ੍ਹਾਂ ਦੀਆਂ ਇਨ੍ਹਾਂ ਸੰਭਾਵਨਾਵਾਂ ਦਾ ਵਿਕਾਸ ਨਹੀਂ ਹੁੰਦਾ। ਵਿਦਵਤਾ ਹਾਸਲ ਕਰਨ ਲਈ ਬੱਝਵੀਂ ਸਿੱਖਿਆ ਦੀ ਲੋੜ ਹੈ। ਪਰਮ-ਸਤਿ ਦੀ ਖੋਜ ਲਈ ਖਾਸ ਅਜਿਹੀ ਉਚ ਸਿੱਖਿਆ ਦੀ ਜਰੂਰਤ ਹੈ ਜਿਸ ਵਿਚ ਗਣਿਤ, ਵਿਗਿਆਨ ਤੇ ਵਿਗਿਆਨਕ ਵਿਧੀ ਜਿਹੇ ਵਿਸ਼ੇ ਸ਼ਾਮਲ ਕੀਤੇ ਹੋਣ। ਇਹੀ ਨਹੀਂ, ਇਨ੍ਹਾਂ ਵਿਚ ਵਿਗਿਆਨਕ ਸੁਭਾਅ ਤੇ ਵਿਗਿਆਨਕ ਖੋਜਾਂ ਦੀ ਨਵੀਨਤਮ ਜਾਣਕਾਰੀ ਵੀ ਜੁੜੀ ਹੋਣੀ ਚਾਹੀਦੀ ਹੈ। ਚੰਗੀ ਵਿਗਿਆਨਕ ਸਿੱਖਿਆ ਤੋਂ ਬਿਨਾ ਤਾਂ ਇਹ ਵਿਸ਼ਾ ਸਮਝ ਵਿਚ ਆਉਣਾ ਹੀ ਮੁਸ਼ਕਿਲ ਹੈ। ਇਸ ਦੀਆਂ ਬਾਰੀਕ ਪੇਚੀਦਗੀਆਂ ਸਮਝ ਕੇ ਅੱਗੇ ਵਧਣਾ ਤਾਂ ਹੋਰ ਵੀ ਕਠਿਨ ਹੈ। ਉਚ ਵਿਗਿਆਨਕ ਸਿੱਖਿਆ ਦੀ ਅਣਹੋਂਦ ਵਿਚ ਸਤਿ ਬਾਰੇ ਕੋਈ ਗਿਆਨ ਗੋਸ਼ਟੀ ਜਾਂ ਟਿੱਪਣੀ ਵੀ ਨਹੀਂ ਕੀਤੀ ਜਾ ਸਕਦੀ। ਇਸ ਤੋਂ ਬਿਨਾ ਤਾਂ ਅਗਿਆਨੀ ਲੋਕ ਗੋਲਕਾਂ ਤੇ ਚੌਧਰਾਂ ਲਈ ਲੜ ਹੀ ਸਕਦੇ ਹਨ।

ਪਰਮ-ਸਤਿ ਦੇ ਅਕਾਲ ਮੂਰਤਿ ਗੁਣ ਦਾ ਵਿਖਿਆਨ ਕਰਕੇ ਗੁਰੂ ਨਾਨਕ ਨੇ ਆਪਣੇ ਸਿੱਖਾਂ ਸਮੇਤ ਸਮੂਹ ਵਿਗਿਆਨੀਆਂ ਨੂੰ ਇਕ ਬੜੀ ਵੱਡੀ ਵੰਗਾਰ ਦਿੱਤੀ ਹੈ। ਇਸ ਵੰਗਾਰ ਦਾ ਸਾਹਮਣਾ ਕਰਨ ਲਈ ਉਨ੍ਹਾਂ ਨੇ ਉਨ੍ਹਾਂ ਨੂੰ ਉਚਤਮ ਵਿਗਿਆਨਕ ਸਿੱਖਿਆ ਦੀ ਪ੍ਰਾਪਤੀ ਵਲ ਪ੍ਰੇਰਿਆ ਹੈ। ਅਜਿਹੀ ਸਿਖਿਆ ਬਿਨਾ ਤਾਂ ਗੁਰੂ ਸਾਹਿਬ ਦਾ ਸਿੱਖ ਬਣਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪਰ ਅਸਚਰਜ ਦੀ ਗੱਲ ਹੈ ਕਿ ਵਾਰ ਵਾਰ ੴ ਦਾ ਸੰਕੇਤਕ ਸੂਤਰ ਵੇਖ-ਪੜ੍ਹ ਕੇ ਵੀ ਬਹੁਤੇ 'ਸਿੱਖਾਂ' ਦੇ ਮਨ ਵਿਚ ਕਦੇ ਵਿਗਿਆਨਕ ਸਿਖਿਆ ਦਾ ਖਿਆਲ ਤੱਕ ਨਹੀਂ ਆਉਂਦਾ। ਧਾਰਮਕ ਸੰਸਥਾਵਾਂ ਦੇ ਪ੍ਰਬੰਧਕ ਤਾਂ ਵਧੇਰੇ ਅੱਧਪੜ੍ਹ ਹਨ ਹੀ, ਬਾਣੀ ਦੇ ਪ੍ਰਸਾਰ ਤੇ ਪ੍ਰਚਾਰ ਲਈ ਵੀ ਆਮ ਤੌਰ 'ਤੇ ਉਨ੍ਹਾਂ ਬੰਦਿਆਂ ਨੂੰ ਲਾਇਆ ਜਾਂਦਾ ਹੈ ਜੋ ਉਚ ਸਿਖਿਆ ਤੋਂ ਕੋਰੇ ਹਨ।

ਅਕਾਲ ਮੂਰਤਿ ਦੇ ਸੰਕਲਪ ਤੋਂ ਚੌਥਾ ਸਿੱਟਾ ਇਹ ਨਿਕਲਦਾ ਹੈ ਕਿ ਪਰਮ-ਸਤਿ ਕੋਈ ਦੇਖਣ ਪਰਖਣ ਵਾਲੀ ਜਾਂ ਪਦਾਰਥ ਰੂਪ ਵਿਚ ਪ੍ਰਾਪਤ ਕਰਨ ਵਾਲੀ ਚੀਜ਼ ਨਹੀਂ। ਜਿਵੇਂ ਉਪਰ ਜ਼ਿਕਰ ਕੀਤਾ ਗਿਆ ਹੈ, ਇਹ ਤਾਂ ਪ੍ਰਤੀਤੀ-ਸਤਿ ਦਾ

***(ਬਾਕੀ ਅਗਲੇ ਸਫੇ 'ਤੇ)***

# ਆੜੇ ਹੱਥੀਂ ਲੈਣਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬੀ ਆਲੋਚਕ ਜਲੌਰ ਸਿੰਘ ਖੀਵਾ ਗਾਹੇ ਬਗਾਹੇ ਭਾਸ਼ਾਈ ਮਸਲਿਆਂ ਬਾਰੇ ਵੀ ਲਿਖਦੇ ਰਹਿੰਦੇ ਹਨ। ਉਨ੍ਹਾਂ ਦੇ ਪੰਜਾਬੀ ਸ਼ਬਦਾਂ ਅਤੇ ਮੁਹਾਵਰਿਆਂ ਦੀ ਮੁਢੀ ਦਰਸਾਉਂਦੇ ਕੁਝ ਲੇਖ ਛਪੇ ਹਨ ਜਿਨ੍ਹਾਂ ਵਿਚੋਂ ਕੁਝ ਇਕ ਦਾ ਮੈਂ ਇਨ੍ਹਾਂ ਪੰਨਿਆਂ ਰਾਹੀਂ ਨੋਟਿਸ ਵੀ ਲਿਆ ਸੀ। ਵਿਉਤਪਤੀ ਮੇਰਾ ਵਿਸ਼ਾ ਹੋਣ ਕਰਕੇ ਅਜਿਹੇ ਲੇਖਾਂ ਨੂੰ ਕੁਝ ਸਿੱਖਣ ਦੇ ਇਰਾਦੇ ਨਾਲ ਮੈਂ ਗੰਭੀਰਤਾ ਅਤੇ ਪੂਰੇ ਧਿਆਨ ਨਾਲ ਪੜ੍ਹਦਾ ਹਾਂ। ਪਰ ਅਫਸੋਸ ਉਨ੍ਹਾਂ ਲੇਖਾਂ ਨੇ ਮੈਨੂੰ ਕੋਈ ਸਿੱਖਿਆ ਤਾਂ ਕੀਂ ਦੇਣੀ, ਮੇਰਾ ਦਿਮਾਗ ਹੀ ਚੱਕ ਦਿੱਤਾ ਹੈ।

ਸ਼ਬਦਾਂ ਦੀ ਵਿਉਤਪਤੀ ਖੋਜਣ ਦਾ ਕਾਰਜ ਬਹੁਤ ਤਿਲਕਵਾਂ ਹੈ ਕਿਉਂਕਿ ਕਿਸੇ ਵੀ ਇੱਕ ਸ਼ਾਬਦਿਕ ਇਕਾਈ ਜਾਂ ਮੁਹਾਵਰੇ ਬਾਰੇ ਕਈ ਦਰੁਸਤ ਜਾਪਦੀਆਂ ਵਿਆਖਿਆਵਾਂ ਹੋ ਸਕਦੀਆਂ ਹਨ। ਇਨ੍ਹਾਂ ਵਿਚੋਂ ਅਕਸਰ ਬਹੁਤ ਸਾਰੀਆਂ ਮਨਘੜਤ ਤੇ ਦੰਦ ਕਥਾਵਾਂ 'ਤੇ ਆਧਾਰਤ ਹੀ ਹੁੰਦੀਆਂ ਹਨ ਜੋ ਆਮ ਲੋਕਾਂ ਨੇ ਦੇਸ਼ ਕਾਲ ਦੇ ਪਸਾਰ ਵਿਚ ਡੂੰਘੀ ਥਾਹ ਤੱਕ ਨਾ ਉਤਰ ਕੇ ਮਨੋ ਜੋੜੀਆਂ ਹੁੰਦੀਆਂ ਹਨ। ਕੁਝ ਲੇਖਕ ਤਾਂ ਸ਼ਬਦ ਤੇ ਵਸਤੂ ਵਿਚਕਾਰ ਸੰਜੋਗੀ, ਓਪਰੀ ਅਤੇ ਵਕਤੀ ਸਾਂਝ ਨੂੰ ਦੇਖ ਕੇ ਹੀ ਟਟ-ਫਟ ਨਿਰਣੇ 'ਤੇ ਪਹੁੰਚ ਜਾਂਦੇ ਹਨ। ਜਲੌਰ ਸਿੰਘ ਜਿਹੇ ਵਿਦਵਾਨ ਤੋਂ ਸ਼ਬਦਾਂ ਪ੍ਰਤੀ ਅਜਿਹੇ ਚਲੰਤ ਜਿਹੇ ਵਿਹਾਰ ਦੀ ਆਸ ਨਹੀਂ ਕੀਤੀ ਜਾ ਸਕਦੀ, ਹਾਲਾਂਕਿ ਉਹ ਆਪਣੇ ਯਤਨ ਨੂੰ ਬਹੁਤ ਗੰਭੀਰ ਸਮਝਦੇ ਹਨ।

ਸ. ਖੀਵਾ ਦੇ ਪਹਿਲਾਂ ਲਿਖੇ ਲੇਖਾਂ ਬਾਰੇ ਜਿਥੇ ਮੈਂ 'ਹਾਸੋਹੀਣੇ' ਸ਼ਬਦ ਵਰਤਿਆ ਸੀ, ਹੁਣ ਮੈਂ ਨਾਲ ਤਰਸਯੋਗ ਵਿਸ਼ੇਸ਼ਣ ਵੀ ਲਾਉਣਾ ਚਾਹੁੰਦਾ ਹਾਂ। 'ਪੰਜਾਬੀ ਟ੍ਰਿਬਿਊਨ' ਦੇ 17 ਫਰਵਰੀ 2018 ਦੇ ਅੰਕ ਵਿਚ 'ਅਲੋਕਾਰੀ ਪੰਜਾਬੀ ਮੁਹਾਵਰੇ' ਸਿਰਲੇਖ ਵਾਲੇ ਮਜ਼ਮੂਨ ਵਿਚ ਉਨ੍ਹਾਂ 'ਕੁਝ ਮੁਹਾਵਰਿਆਂ ਦੇ ਸਰੋਤਾਂ ਜਾਂ ਪ੍ਰਸੰਗਾਂ ਬਾਰੇ ਖੋਜ ਕਰਦਿਆਂ' ਹੈਰਾਨੀ ਪ੍ਰਗਟ ਕੀਤੀ ਹੈ ਕਿ 'ਇੰਨੇ ਅਲੋਕਾਰੀ (ਵਿਸ਼ੇਸ਼) ਜੀਵਨ-ਤੱਥ ਲੋਕ-ਜੀਵਨ ਦਾ ਸਹਿਜ ਅੰਗ ਕਿਵੇਂ ਬਣ ਗਏ ਹਨ?' ਅੱਜ ਅਸੀਂ ਲੇਖ ਵਿਚਲੇ ਪਹਿਲੇ ਮੁਹਾਵਰੇ ਨਾਲ ਹੀ ਆਢਾ ਲੈਂਦਿਆਂ ਪਾਠਕਾਂ ਨਾਲ ਆਪਣਾ ਮਨੋਰੰਜਨ ਸਾਂਝਾ ਕਰਦੇ ਹਾਂ। ਹੂਬਹੂ ਉਨ੍ਹਾਂ ਦੇ ਹੀ ਸ਼ਬਦਾਂ ਵਿਚ ਹਾਸੇ ਦਾ ਛਿੱਟਾ ਬਿਖੇਰਦੇ ਹਾਂ:

"ਕਿਸੇ ਵਿਰੋਧੀ ਦਾ ਸਖਤੀ ਨਾਲ ਮੁਕਾਬਲਾ ਜਾਂ ਵਿਰੋਧ ਕਰਨ ਦੀ ਸਥਿਤੀ ਜਾਂ ਘਟਨਾ ਨੂੰ 'ਆੜੇ ਹੱਥੀਂ ਲੈਣਾ' ਮੁਹਾਵਰੇ ਰਾਹੀਂ ਪ੍ਰਗਟ ਕਰਦੇ ਹਾਂ। ਦਰਅਸਲ, ਜਦੋਂ ਕੋਈ ਵਿਅਕਤੀ ਆਪਣੇ ਦੋਵਾਂ ਹੱਥਾਂ ਦੇ ਪੰਜਿਆਂ ਨੂੰ ਖੋਲ੍ਹ ਕੇ ਆਪਣੇ ਵਿਰੋਧੀ ਉਤੇ ਝਪਟਦਾ ਹੈ ਤਾਂ ਅੰਗੂਠਾ ਤੇ ਉਂਗਲਾਂ ਖੁੱਲ੍ਹੀਆਂ ਹੋਣ ਕਰਕੇ ਉਸ ਦੇ ਪੰਜੇ ਦੀ ਸ਼ਕਲ 'ਆੜਾ' ਅੱਖਰ ਜਿਹੀ ਬਣ ਜਾਂਦੀ ਹੈ ਜਿਸ ਕਰਕੇ ਕਿਹਾ ਜਾਂਦਾ ਹੈ ਕਿ ਫਲਾਣੇ ਨੇ ਤਾਂ ਫਲਾਣੇ ਨੂੰ ਅੱਜ ਖੂਬ 'ਆੜੇ ਹੱਥੀਂ' ਲਿਆ।"

ਸਹਿਜ ਬੁਧੀ ਵੀ ਮੁਹਾਵਰੇ ਦੀ ਇਸ ਵਿਆਖਿਆ ਤੋਂ ਗਦਗਦ ਹੋ ਉਠੇਗੀ। ਜੇ ਮੈਂ ਬਹੁਤੀ



ਗਲਤੀ 'ਤੇ ਨਾ ਹੋਵਾਂ ਤਾਂ ਇਹ ਕਹਿ ਦੇਵਾਂ ਕਿ ਇਹ ਮੁਹਾਵਰਾ ਕੇਵਲ ਪੰਜਾਬੀ ਵਿਚ ਹੀ ਨਹੀਂ ਬਲਕਿ ਹਿੰਦੀ ਸਮੇਤ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਇਸਤੇਮਾਲ ਹੁੰਦਾ ਹੈ ਭਾਵੇਂ ਕਿ ਪੰਜਾਬੀ ਨੇ ਵੀ ਇਸ ਦੇ ਇਸ ਰੂਪ ਨੂੰ ਅਪਨਾ ਲਿਆ ਹੈ। ਦੇਵਕੀ ਨੰਦਨ ਖਤਰੀ ਦੁਆਰਾ ਰਚਿਤ 1888 ਵਿਚ ਪ੍ਰਕਾਸ਼ਿਤ ਹਿੰਦੀ ਦੇ ਕਥਿਤ ਪਹਿਲੇ ਨਾਵਲ 'ਚੰਦਰਕਾਂਤਾ' ਵਿਚ ਇਸ ਮੁਹਾਵਰੇ ਦੀ ਵਰਤੋਂ ਇਸ ਪ੍ਰਕਾਰ ਹੈ, "ਇਧਰ ਬੇਚੈਨ ਤਾਰੋਂ ਕੀ ਘਬਰਾਹਟ ਦੇਖ ਅਪਨੇ ਹੁਸਨ ਔਰ ਜਮਾਲ ਪਰ ਭੂਲੀ ਹੂਈ ਖਿਲਖਿਲਾਕਰ ਹੰਸਨੇ ਵਾਲੀ ਕਲੀਓਂ ਕੋ ਸੁਬਹ ਕੀ ਠੰਡੀ ਠੰਡੀ ਹਵਾ ਨੇ ਖੂਬ ਹੀ ਆੜੇ ਹਾਥੋਂ ਲਿਯਾ ਔਰ ਮਾਰੇ ਥਪੇੜੋਂ ਕੇ ਉਨਕੇ ਉਸ ਬਨਾਵ ਕੋ ਬਿਗਾੜਨਾ ਸ਼ੁਰੂ ਕਰ ਦਿਯਾ ਜੋ ਦੋ ਹੀ ਘੰਟੇ ਪਹਿਲੇ ਪ੍ਰਕ੍ਰਿਤੀ ਕੀ ਕਿਸੀ ਭੀ ਲੌਂਡੀ ਨੇ ਦੁਰੁਸਤ ਕਰ ਦਿਯਾ ਥਾ।"

ਮੁਨਸ਼ੀ ਪ੍ਰੇਮ ਚੰਦ ਦੀਆਂ ਰਚਨਾਵਾਂ ਵਿਚ ਇਹ ਮੁਹਾਵਰਾ ਅਕਸਰ ਵਰਤਿਆ ਮਿਲਦਾ ਹੈ। ਉਂਜ ਖੁੱਲ੍ਹੇ ਪੰਜੇ ਦੀ ਸ਼ਕਲ ਆੜੇ ਨਾਲ ਬਹੁਤੀ ਨਹੀਂ ਮਿਲਦੀ ਬਲਕਿ ਦੇਵਨਾਗਰੀ ਦੇ ਆੜੇ ਦਾ ਮੁਹਾਂਦਰਾ ਪੰਜੇ ਨਾਲ ਵਧੇਰੇ ਮਿਲਦਾ ਹੈ ਪਰ ਇਥੇ ਦਿੱਕਤ ਹੈ ਕਿ ਹਿੰਦੀ ਵਿਚ ਇਸ ਨੂੰ 'ਅ' ਕਿਹਾ ਜਾਂਦਾ ਹੈ। ਨਾਲੇ ਪੰਜਾਬੀ ਜਗਤ ਵਿਚ ਇਸ ਅੱਖਰ ਦਾ ਵਧੇਰੇ ਬੋਲਿਆ ਜਾਂਦਾ ਨਾਂ 'ਐੜਾ' ਹੈ। ਇਸ ਤਰ੍ਹਾਂ ਮੁਹਾਵਰੇ ਦਾ ਰੂਪ 'ਐੜੇ ਹੱਥੀਂ ਲੈਣਾ' ਵਧੇਰੇ ਪ੍ਰਚਲਿਤ ਹੋਣਾ ਚਾਹੀਦਾ ਹੈ ਜਾਂ ਘੱਟੋ ਘੱਟ ਦਰੁਸਤ ਸਮਝਿਆ ਜਾਣਾ ਚਾਹੀਦਾ ਹੈ। ਸਪੱਸ਼ਟ ਹੈ ਕਿ ਗੁਰਮੁਖੀ ਵਰਣਮਾਲਾ ਦੇ ਅੱਖਰ 'ਅ' ਜਾਂ ਇਸ ਦੀ ਸ਼ਕਲ ਨਾਲ ਇਸ ਮੁਹਾਵਰੇ ਵਿਚਲੇ ਸ਼ਬਦ 'ਆੜੇ' ਦਾ ਸਬੰਧ ਬਿਲਕੁਲ ਨਹੀਂ। ਮੇਰੇ ਖਿਆਲ ਵਿਚ ਮੁਹਾਵਰੇ ਬਾਰੇ ਸ. ਖੀਵਾ ਦੀ ਵਿਆਖਿਆ ਰੱਦ ਕਰਨ ਲਈ ਏਨਾ ਕੁ ਤਰਕ ਹੀ ਕਾਫੀ ਹੈ।

'ਆੜੇ ਹੱਥੀਂ ਲੈਣਾ' ਮੁਹਾਵਰਾ ਕਿਸੇ ਨੂੰ ਜ਼ਬਰਦਸਤ ਦਲੀਲਾਂ ਸਹਿਤ ਬੁਰੀ ਤਰ੍ਹਾਂ ਘੇਰਨ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਸ ਦੌਰਾਨ ਘੋਰ ਵਿਅੰਗਾਤਮਕ ਸੁਰ ਅਪਨਾਈ ਜਾਂਦੀ ਹੈ। ਅੱਜ ਕਲ੍ਹ ਸਿਆਸਤਦਾਨ ਇਕ ਦੂਜੇ ਨੂੰ ਖੂਬ ਆੜੇ ਹੱਥੀਂ ਲੈਂਦੇ ਹਨ ਤੇ ਇਸ ਦੀ ਵਰਤੋਂ ਵੀ ਬਹੁਤੀ ਇਨ੍ਹਾਂ ਦੇ ਸ਼ਬਦੀ ਹੱਲੇ ਦਰਸਾਉਣ ਲਈ ਕੀਤੀ ਜਾਂਦੀ ਹੈ। ਮੁਹਾਵਰੇ ਦਾ ਅਰਥ ਮੁਹਾਵਰੇ ਨਾਲ ਹੀ ਕਰਨਾ ਹੋਵੇ ਤਾਂ ਅਸੀਂ ਇਸ ਨੂੰ 'ਕਰਾਰੇ ਹੱਥੀਂ ਲੈਣਾ' ਦੇ ਬਰਾਬਰ ਖੜ੍ਹਾ ਕਰ ਸਕਦੇ ਹਾਂ। 'ਹੱਥੀਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ' ਵਿਚ ਵਿਦਮਾਨ ਇਹ ਉਕਤੀ ਲਾਖਣਿਕ ਨਾਲੋਂ ਯਥਾਰਥਕ ਬਿਆਨ ਵਧੇਰੇ ਹੈ।

ਪਲੈਟਸ ਦੇ ਹਿੰਦੁਸਤਾਨੀ ਕੋਸ਼ ਅਤੇ ਹੋਰਨਾਂ ਵਲੋਂ ਇਸ ਮੁਹਾਵਰੇ ਦੇ ਕਈ ਅਰਥ ਕੀਤੇ ਗਏ ਹਨ ਮਸਲਨ ਗਲਵੱਕੜੀ ਪਾਉਣਾ, ਬਾਹਵਾਂ ਵਿਚ ਲੈਣਾ; ਜਕੜਨਾ; (ਕੁਸ਼ਤੀ ਵਿਚ) ਚਿੱਤ ਕਰਨਾ; ਕਿਸੇ ਨੂੰ ਥੱਲੇ ਲਾਉਣਾ, ਪਿਟਾਈ ਕਰਨਾ, ਸ਼ਰਮਿੰਦਾ ਕਰਨਾ ਆਦਿ। ਇਥੇ ਕੁਸ਼ਤੀ ਵਿਚ ਚਿੱਤ ਕਰਨਾ, ਹਰਾ ਦੇਣਾ ਵਾਲਾ ਅਰਥ ਧਿਆਨ ਮੰਗਦਾ ਹੈ। ਸੰਭਵ ਹੈ, ਇਹ ਅਰਥ ਇਕ ਪਹਿਲਵਾਨ ਵਲੋਂ ਦੂਸਰੇ ਨੂੰ ਪਿਛਿਓਂ ਬਾਹਾਂ ਨਾਲ ਗਲਵੱਕੜੀ ਪਾ ਕੇ ਚਿੱਤ ਕਰਨ ਤੋਂ ਬਣਿਆ ਹੋਵੇ। ਇਸ ਸੂਰਤ ਵਿਚ ਇਹ ਮੁਹਾਵਰਾ ਨਹੀਂ ਬਲਕਿ ਅਸਲ ਵਰਤਾਰੇ ਦਾ ਬਿਆਨ ਹੈ। ਕੁਝ ਵੀ ਹੋਵੇ, ਪਹਿਲਵਾਨੀ ਦਾ ਇਕ ਦਾਅ ਅੜਿੰਗਾ ਕਹਾਉਂਦਾ ਹੈ ਜੋ 'ਅੜ' ਤੋਂ ਹੀ ਬਣਿਆ ਹੈ।

ਅਸਲ ਵਿਚ ਪੰਜਾਬੀ ਵਿਚ ਆੜਾ ਦਾ ਰੁਪਾਂਤਰ ਆਢਾ ਸ਼ਬਦ ਹੀ ਬਹੁਤਾ ਚਲਦਾ ਹੈ। ਕੁਝ ਉਪਭਾਸ਼ਾਵਾਂ ਵਿਚ ਇਸ ਦਾ ਰੂਪ ਆਡਾ ਵੀ ਹੈ। 'ਆਢਾ ਲੈਣਾ' ਦਾ ਮਤਲਬ ਹੈ, ਆਪਣੇ ਆਪ ਨੂੰ ਛੋਟਾ ਨਾ ਸਮਝਦਿਆਂ ਕਿਸੇ ਨਾਲ ਬਰਾਬਰ ਦੀ ਟੱਕਰ ਲੈਣੀ। 'ਆਢਾ ਲਈ ਰੱਖਣਾ' ਹੁੰਦਾ ਹੈ ਕਿਸੇ ਨਾਲ ਝਗੜਾ ਪਾਈ ਰੱਖਣਾ, ਅਣਬਣ ਬਣਾਈ ਰੱਖਣਾ, ਇੱਟ ਖੜਿੱਕਾ ਲਾਈ ਰੱਖਣਾ। ਵਾਰਿਸ ਸ਼ਾਹ ਦੀ ਗਵਾਹੀ ਭੁਗਤਾਉਂਦੇ ਹਾਂ,

ਸਿਰ ਜਾਏ, ਨਾ ਯਾਰ ਦਾ ਸਿਰ ਦੀਚੇ,
ਸ਼ਰਮਾਂ ਰੱਖੀਏ ਅੱਖੀਆਂ ਲਾਈਆਂ ਦੀਆਂ।
ਨੀ ਤੂੰ ਕੇਹੜੀ ਗੱਲ 'ਤੇ ਐਡ ਸ਼ੂਕੇਂ,
ਗੱਲਾਂ ਦੱਸ ਖਾਂ ਪੂਰੀਆਂ ਪਾਈਆਂ ਦੀਆਂ।
ਆਢਾ ਨਾਲ ਫਕੀਰਾਂ ਦੇ ਲਾਉਂਦੀਆਂ ਨੇ,
ਖੂਬੀਆਂ ਵੇਖ ਨਨਾਣ ਭਰਜਾਈਆਂ ਦੀਆਂ।
ਵਾਰਿਸ ਸ਼ਾਹ ਤੇਰੇ ਮੂੰਹ ਨਾਲ ਮਾਰਾਂ,
ਪੰਡਾਂ ਬੰਨ੍ਹ ਕੇ ਸਭ ਭਲਿਆਈਆਂ ਦੀਆਂ।

'ਮੇਰੇ ਗੀਤ' ਨਾਮੀਂ ਕਵਿਤਾ ਵਿਚ ਮੋਹਨ ਸਿੰਘ ਦੇ ਤਾਂ ਗੀਤ ਵੀ ਆਢੇ ਲਾਉਂਦੇ ਹਨ:

ਇਹ ਚਾਹਣ ਨਿਕਲਣਾ ਖੁਲ੍ਹਣਾ ਹੁਣ,
ਝੱਖੜਾਂ ਦੇ ਵਾਂਗਰ ਝੁਲਣਾ ਹੁਣ,
ਤੇ ਨਾਲ ਕਿਸਮਤਾਂ ਘੁਲਣਾ ਹੁਣ,
ਅਰਸ਼ਾਂ ਨਾਲ ਆਢੇ ਲਾਉਣ ਗੀਤ।

ਮੁਹਾਵਰੇ ਵਿਚ ਆਏ ਆੜੇ/ਆਢੇ ਸ਼ਬਦ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਸ਼ਬਦ ਵਿਚ ਮੁੱਖ ਭਾਵ ਤਿਰਛਾਪਨ, ਟੇਢ, ਆਰ-ਪਾਰ ਤੇ ਰੋਕ, ਅਟਕਾਅ, ਵਿਰੋਧ ਦੇ ਹਨ। ਤਿਰਛੇ ਦੇ ਅਰਥਾਂ 'ਚ ਇਹ ਆਮ ਤੌਰ 'ਤੇ ਆਢੇ-ਤਿਰਛੇ ਸ਼ਬਦ ਯੁਗਮ ਵਿਚ ਹੀ ਆਉਂਦਾ ਹੈ। ਉਂਜ ਕਿਤੇ ਕਿਤੇ ਆਢੇ ਰੁਖ ਸ਼ਬਦ ਚਲਦਾ ਹੈ। ਇਹ ਦੋਵੇਂ ਭਾਵ ਇਕ ਦੂਜੇ ਨਾਲ ਜੁੜਦੇ ਹਨ। ਕੋਈ ਗਤੀਸ਼ੀਲ ਵਸਤੂ ਜਿਵੇਂ ਗੱਡੇ ਆਦਿ ਅੱਗੇ ਕੋਈ ਚੀਜ਼ ਰੱਖ ਦੇਈਏ ਤਾਂ ਉਹ ਰੁਕ ਜਾਵੇਗੀ। ਚਲਦੇ ਪਹੀਏ ਦੀਆਂ ਅਰਾਂ ਦੇ ਆਰ-ਪਾਰ ਜੇ ਡੰਡਾ ਜਾਂ ਪਰੈਣ ਫਸਾ ਦੇਈਏ ਤਾਂ ਇਹ ਰੁਕ ਜਾਵੇਗੀ। ਟਾਂਗੇ ਦੀ ਰਫਤਾਰ ਇਸੇ ਤਰ੍ਹਾਂ ਘਟਾਉਂਦੇ ਹਨ। ਧਿਆਨ ਦਿਉ, ਅੜ ਤੋਂ ਬਣੇ ਅੜਿੱਕਾ ਸ਼ਬਦ ਵੱਲ। ਅੜਿੱਕਾ ਚਲਦੇ ਵਾਹਣ ਨੂੰ ਰੋਕਣ ਲਈ ਕਾਟਵੇਂ ਰੁੱਖ ਰੱਖਿਆ ਲੱਕੜੀ ਆਦਿ ਦਾ ਟੁਕੜਾ ਹੈ। ਹੋਰ ਸ਼ਬਦ



ਹਨ-ਅੜਚਣ, ਅੜਾਉਣੀ, ਅੜਿੰਗਾ।

ਟੇਢਾ ਸ਼ਬਦ ਵਿਚ ਤਿਰਛਾ ਦੇ ਨਾਲ ਨਾਲ ਆਕ੍ਰਮਣਕ, ਗੁਸਤਾਖ ਹੋਣ ਦੇ ਭਾਵ ਵੀ ਹਨ। ਭਗਤ ਕਬੀਰ ਦੀ 'ਟੇਢ ਪਗਰੀ' ਵੱਲ ਗਹੁ ਕਰੋ। ਅੰਗਰੇਜ਼ੀ Cross, Thwart ਸ਼ਬਦਾਂ ਵਿਚ ਟੇਢ, ਤਿਰਛਾਪਨ ਦੇ ਭਾਵ ਵੀ ਹਨ ਤੇ ਵਿਰੋਧਤਾ ਦੇ ਵੀ। ਧਿਆਨਯੋਗ ਹੈ ਕਿ ਕੁਝ ਸ਼ਬਦ ਕੁਝ ਅਰਥਾਂ ਵਿਚ ਕੇਵਲ ਕਿਸੇ ਮੁਹਾਵਰੇ ਵਿਚ ਹੀ ਕੈਦ ਹੋ ਕੇ ਰਹਿ ਜਾਂਦੇ ਹਨ, ਸੁਤੰਤਰ ਤੌਰ 'ਤੇ ਵਰਤੇ ਨਹੀਂ ਜਾਂਦੇ। ਇਸ ਤਰ੍ਹਾਂ ਆਢਾ ਸ਼ਬਦ ਦਾ ਅਰਥ ਜਿਵੇਂ ਇਕ ਕੋਸ਼ ਨੇ ਜ਼ਿੱਦ, ਬਹਿਸ, ਝਗੜਾ, ਵਿਵਾਦ ਆਦਿ ਕੀਤਾ ਹੈ, ਯੋਗ ਨਹੀਂ।

# ਜਪੁਜੀ ਦਾ ਰੱਬ

*(ਪਿਛਲੇ ਸਫੇ ਦੀ ਬਾਕੀ)*

ਉਹ ਸਥਾਈ ਬਿੰਬ ਹੈ, ਜਿਸ ਦੇ ਨਕਸ਼ਾਂ ਅਨੁਸਾਰ ਮਾਯਾਵੀ ਬ੍ਰਹਿਮੰਡ ਦਾ ਗਠਨ ਹੋਇਆ ਹੈ। ਇਹ ਪਕੜ ਵਿਚ ਆਉਣ ਵਾਲੀ ਕੋਈ ਪਦਾਰਥੀ ਵਸਤੂ ਨਹੀਂ ਸਗੋਂ ਪਦਾਰਥੀ ਹੋਂਦ ਤੋਂ ਪਾਰਲਾ ਇਕ ਪੱਕਾ ਅਕਸ਼ ਹੈ। ਇਸ ਦੀ ਝਲਕ ਵਿਚ ਸੰਸਾਰ ਦੀ ਉਤਪਤੀ ਤੇ ਹੋਂਦ ਦਾ ਸ੍ਰੋਤ ਛੁਪਿਆ ਹੋਇਆ ਹੈ। ਇਸ ਨੂੰ ਵੇਖਿਆ ਨਹੀਂ ਜਾ ਸਕਦਾ ਤੇ ਫੜ੍ਹ ਕੇ ਸਾਹਮਣੇ ਨਹੀਂ ਲਿਆਇਆ ਜਾ ਸਕਦਾ। ਇਹ ਪ੍ਰਕਾਸ਼ ਰੂਪੀ ਸੱਚ ਹੈ ਜੋ ਸਮੁੱਚੇ ਬ੍ਰਹਿਮੰਡ ਵਿਚ ਪਸਰਿਆ ਤੇ ਸਮਾਇਆ ਹੋਇਆ ਹੈ। ਕਿਉਂਕਿ ਇਹ ਬ੍ਰਹਿਮੰਡ ਤੋਂ ਵੱਖ ਨਹੀਂ, ਇਸ ਲਈ ਇਸ ਦੀ ਛਵੀ ਜਾਂ 'ਮੂਰਤਿ' ਵੀ ਬ੍ਰਹਿਮੰਡ ਤੋਂ ਵੱਖ ਹੋ ਕੇ ਨਹੀਂ ਬਣਦੀ। ਇਹ ਮੂਰਤਿ ਇਕ ਬੌਧਿਕ ਸੰਕਲਪ ਹੈ ਜੋ ਗਿਆਨ ਰੂਪੀ ਚਮਕ ਰਾਹੀਂ ਮਨੁੱਖੀ ਮਨ ਵਿਚ ਪ੍ਰਕਾਸ਼ਮਾਨ ਹੁੰਦਾ ਹੈ। ਇਹ ਸੰਕਲਪ ਇਕ ਮਾਡਲ ਵਾਂਗ ਹੈ ਜਿਸ ਨੂੰ ਵਿਗਿਆਨਕ ਸਿੱਖਿਆ ਤੇ ਬੁੱਧੀ ਦੀ ਵਰਤੋਂ ਰਾਹੀਂ ਸਿਰਜਿਆ ਤੇ ਸਮਝਿਆ ਹੀ ਜਾ ਸਕਦਾ ਹੈ, ਵੇਖਿਆ ਨਹੀਂ ਜਾ ਸਕਦਾ। ਇਸ ਨੂੰ ਬ੍ਰਹਿਮੰਡ ਰਚਨਾ ਦੇ ਗਿਆਨ ਲਈ ਤਾਂ ਵਰਤਿਆ ਜਾ ਸਕਦਾ ਹੈ ਪਰ ਇਸ ਤੋਂ ਪੂਜਾ-ਪਾਠ ਜਾਂ ਮੋਕਸ਼ ਪ੍ਰਾਪਤੀ ਜਿਹਾ ਕੋਈ ਕੰਮ ਨਹੀਂ ਲਿਆ ਜਾ ਸਕਦਾ।

ਇਸ ਗੱਲ ਦੀ ਸੱਚਾਈ ਪਰਖਣ ਲਈ ਜ਼ਰਾ ਸੋਚੋ ਕਿ ਕੀ ਕਿਸੇ ਨੇ ਮੈਂਡਲੀਵ ਦੇ ਪੀਰੀਆਡਿਕ ਟੇਬਲ (Mendeleev's Periodic Table of Elements) ਵਿਚੋਂ ਐਟਮ ਨੂੰ ਜਾਂ ਰੁਦਰਫੋਰਡ ਦੇ ਐਟਮੀ ਮਾਡਲ (Rutherford's Model of Atom) ਦੇ ਚਾਰਟ ਵਿਚੋਂ ਪ੍ਰਮਾਣੂ (Electron) ਨੂੰ ਛੂਹਿਆ ਜਾਂ ਤੱਕਿਆ ਹੈ? ਅਜਿਹੇ ਕਿੰਨੇ ਕੁ ਲੋਕ ਹਨ ਜੋ ਇਨ੍ਹਾਂ ਚਾਰਟਾਂ ਨੂੰ ਆਪਣੀਆਂ ਕੰਧਾਂ 'ਤੇ ਲਟਕਾ ਕੇ ਮੋਕਸ਼ ਪ੍ਰਾਪਤੀ ਲਈ ਪੂਜਾ-ਅਰਚਨਾ ਕਰਦੇ ਹਨ ਤੇ ਕਿੰਨੇ ਕੁ ਲੋਕ ਇਨ੍ਹਾਂ ਮਾਡਲਾਂ ਦੀ ਧੂਪ-ਬੱਤੀ ਕਰ ਕੇ 'ਭਵਜਲ ਪਾਰ' ਕਰਨ ਬਾਰੇ ਸੋਚਦੇ ਹਨ? ਸਭ ਜਾਣਦੇ ਹਨ ਕਿ ਇਨ੍ਹਾਂ ਟੇਬਲਾਂ ਨਾਲ ਅਜਿਹਾ ਕੁਝ ਵੀ ਨਹੀਂ ਕੀਤਾ ਜਾ ਸਕਦਾ। ਪਰ ਧਿਆਨਯੋਗ ਗੱਲ ਇਹ ਹੈ ਕਿ ਇਨ੍ਹਾਂ ਹੀ ਟੇਬਲਾਂ ਤੇ ਚਾਰਟਾਂ ਸਹਾਰੇ ਮਨੁੱਖ ਪਦਾਰਥ ਦਾ ਸੀਨਾ ਫਾੜ ਕੇ ਇਸ ਦੇ ਗਰਭ ਤੀਕ ਪਹੁੰਚ ਗਿਆ ਹੈ। ਇਨ੍ਹਾਂ ਦੇ ਸਹਾਰੇ ਹੀ ਉਹ ਉਥੋਂ ਪਹਿਲਾਂ ਬਿਜਲਈ ਤੇ ਫਿਰ ਪ੍ਰਮਾਣੂ ਊਰਜਾ ਕੱਢ ਕੇ ਲਿਆਇਆ ਹੈ। ਇਨ੍ਹਾਂ ਦੇ ਬਲਬੂਤੇ ਹੀ ਅਣੂਆਂ ਤੇ ਪ੍ਰਮਾਣੂਆਂ ਦੇ ਵਿਹਾਰ ਦਾ ਅਧਿਐਨ ਕਰ ਕੇ ਹਜ਼ਾਰਾਂ ਲਾਭਦਾਇਕ ਮਸ਼ੀਨਾਂ ਤੇ ਯੰਤਰ ਬਣਾਏ ਗਏ ਹਨ। ਇਸ ਲਈ ਇਨ੍ਹਾਂ ਚਾਰਟਾਂ ਨੇ ਕਿਸੇ ਇਕ ਬੰਦੇ ਦਾ ਸੰਕਟ ਨਹੀਂ ਹਰਿਆ ਸਗੋਂ ਸਰਬੱਤ ਦੇ ਭਲੇ ਅਨੁਸਾਰ ਸਭ ਨੂੰ ਕਸ਼ਟ-ਮੁਕਤ ਕੀਤਾ ਹੈ।

ਪਰਮ-ਸਤਿ ਦੇ ਅਕਾਲ ਮੂਰਤਿ ਸੰਕਲਪ ਦਾ ਚਾਰਟ ਵੀ ਜਦੋਂ ਕਦੇ ਪ੍ਰਾਪਤ ਹੋਇਆ, ਇਨ੍ਹਾਂ ਟੇਬਲਾਂ ਤੋਂ ਵਧੇਰੇ ਭਿੰਨ ਨਹੀਂ ਹੋਵੇਗਾ। ਇਸ ਵਿਚੋਂ ਵੀ ਲੋਕ-ਮਿਥਿਆ ਦੇ ਕਿਸੇ ਦੈਵੀ ਦੇਵਤੇ ਜਾਂ ਈਸ਼ਵਰ ਪ੍ਰਭੂ ਦਾ ਆਹਵਾਨ ਨਹੀਂ ਹੋਵੇਗਾ। ਜਿਵੇਂ ਐਟਮ ਦੇ ਨਕਸ਼ੇ ਤੋਂ ਐਟਮ ਦੇਖਿਆ ਜਾਂ ਛੋਹਿਆ ਨਹੀਂ ਜਾ ਸਕਦਾ, ਉਵੇਂ ਅਕਾਲ ਮੂਰਤਿ ਦੇ ਖਾਕੇ ਤੋਂ ਵੀ ਕਰਤਾ ਪੁਰਖੁ ਦੇ ਸਾਖਸ਼ਾਤ ਦਰਸ਼ਨ ਨਹੀਂ ਹੋਣਗੇ। ਇਸ ਦਾ ਵੀ ਕਿਸੇ ਵਿਅਕਤੀਗਤ ਦਾਤ, ਬਖਸ਼ਿਸ਼, ਮੋਕਸ਼ ਜਾਂ ਇੱਛਾ ਪੂਰਤੀ ਨਾਲ ਕੋਈ ਸਬੰਧ ਨਹੀਂ ਹੋਵੇਗਾ। ਗੁਰੂ ਨਾਨਕ ਦੇ ਦੱਸਣ ਮੁਤਾਬਕ ਇਹ ਤਾਂ ਕੇਵਲ ਇਕ ਅਪਹੁੰਚ ਹੋਂਦ ਦੇ ਰੇਖਾਂਕਿਕ ਰੁਪਾਂਤਰਣ ਦਾ ਅਹਿਸਾਸ ਮਾਤਰ ਹੋਵੇਗਾ। ਪਰ ਇਕ ਗੱਲ ਦਾ ਭਰੋਸਾ ਹੈ ਕਿ ਇਸ ਵਿਚੋਂ ਵੀ ਜੋ ਕੁਝ ਨਿਕਲੇਗਾ, ਉਹ ਸਰਬੱਤ ਦੇ ਭਲੇ ਲਈ ਹੀ ਨਿਕਲੇਗਾ। ਇਸ ਦਾ ਗਿਆਨ ਮਨੁੱਖੀ ਸੋਚ 'ਚੋਂ ਭਰਮ, ਭਉ, ਅੰਧਵਿਸ਼ਵਾਸ ਤੇ ਅੰਧਕਾਰ ਦਾ ਨਾਸ਼ ਕਰੇਗਾ। ਸੋ ਇਸ ਦੀ ਖੋਜ ਮਨੁੱਖੀ ਬੌਧਿਕਤਾ ਦਾ ਸਰਬ-ਸ੍ਰੇਸ਼ਟ ਉਦੇਸ਼ ਹੀ ਨਹੀਂ ਸਗੋਂ ਇਸ ਦਾ ਗੌਰਵਮਈ ਕਾਰਜ ਵੀ ਹੈ।

*(ਚਲਦਾ)*

# ਦਯ ਗੁਸਾਈ ਮੀਤੁਲਾ ਤੂ ਸੰਗਿ ਹਮਾਰੈ ਬਾਸੁ ਜੀਉ

## ਗੁਰਬਾਣੀ ਗਿਆਨ

**ਰਾਗ ਗਉੜੀ ਬੈਰਾਗਣਿ ਮਹਲਾ ੫**
**ੴ ਸਤਿਗੁਰ ਪ੍ਰਸਾਦਿ॥**

ਦਯ ਗੁਸਾਈ ਮੀਤੁਲਾ ਤੂ
ਸੰਗਿ ਹਮਾਰੈ ਬਾਸੁ ਜੀਉ॥ ਰਹਾਉ॥
ਤੁਝ ਬਿਨੁ ਘਰੀ ਨ ਜੀਵਨਾ
ਧ੍ਰਿਗੁ ਰਹਣਾ ਸੰਸਾਰਿ॥
ਜੀਅ ਪ੍ਰਾਣ ਸੁਖਦਾਤਿਆ
ਨਿਮਖ ਨਿਮਖ ਬਲਿਹਾਰਿ ਜੀ॥
ਹਸਤ ਅਲੰਬਨੁ ਦੇਹੁ ਪ੍ਰਭ
ਗਰਤਹੁ ਉਧਰੁ ਗੋਪਾਲ॥
ਮੋਹਿ ਨਿਰਗੁਨ ਮਤਿ ਥੋਰੀਆ
ਤੂੰ ਸਦ ਹੀ ਦੀਨ ਦਇਆਲ॥
ਕਿਆ ਸੁਖ ਤੇਰੇ ਸੰਮਲਾ
ਕਵਨ ਬਿਧੀ ਬੀਚਾਰ॥
ਸਰਣਿ ਸਮਾਈ ਦਾਸ ਹਿਤ
ਊਚੇ ਅਗਮ ਅਪਾਰ॥
ਸਗਲ ਪਦਾਰਥ ਅਸਟ ਸਿਧਿ
ਨਾਮ ਮਹਾ ਰਸ ਮਾਹਿ॥
ਸੁਪ੍ਰਸੰਨ ਭਏ ਕੇਸਵਾ
ਸੇ ਜਨ ਹਰਿ ਗੁਣ ਗਾਹਿ॥
ਮਾਤ ਪਿਤਾ ਸੁਤ ਬੰਧਪੋ
ਤੂੰ ਮੇਰੇ ਪ੍ਰਾਣ ਅਧਾਰ॥
ਸਾਧਸੰਗਿ ਨਾਨਕੁ ਭਜੈ
ਬਿਖੁ ਤਰਿਆ ਸੰਸਾਰੁ॥

ਗੁਰੂ ਅਰਜਨ ਦੇਵ ਜੀ ਉਸ ਮਿਹਰਬਾਨ ਪ੍ਰਭੂ ਦੀ ਸਿਫਤਿ ਸਾਲਾਹ ਕਰਦਿਆਂ ਬੇਨਤੀ ਕਰਦੇ ਆਖਦੇ ਹਨ, ਹੇ ਦਯਾਵਾਨ ਗੁਸਾਈਂ! ਸ੍ਰਿਸ਼ਟੀ ਦੇ ਮਾਲਕ ਤੂੰ ਮੇਰਾ ਪਿਆਰਾ ਮਿੱਤਰ ਹੈਂ। ਕਿਰਪਾ ਕਰ ਅਤੇ ਪ੍ਰਭੂ ਸਦਾ ਸਦਾ ਮੇਰੇ ਨਾਲ ਹੀ ਵਸਦਾ ਰਹੁ, ਇਹ ਮੇਰੀ ਬੇਨਤੀ ਹੈ।

ਤੁਝ ਬਿਨੁ ਘਰੀ ਨ ਜੀਵਨਾ
ਧ੍ਰਿਗੁ ਰਹਣਾ ਸੰਸਾਰਿ॥
ਜੀਅ ਪ੍ਰਾਣ ਸੁਖਦਾਤਿਆ
ਨਿਮਖ ਨਿਮਖ ਬਲਿਹਾਰਿ ਜੀ॥

ਹੇ ਮੇਰੇ ਪਿਆਰੇ ਮਿੱਤਰ ਜੀਓ, ਤੈਥੋਂ ਬਿਨਾ ਇਕ ਘੜੀ ਵੀ ਆਤਮਕ ਜੀਵਨ ਨਹੀਂ ਹੋ ਸਕਦਾ ਅਤੇ ਇਸ ਤੋਂ ਬਿਨਾ ਤਾਂ ਇਸ ਸੰਸਾਰ ਵਿਚ ਰਹਿਣਾ ਧ੍ਰਿਗ ਭਾਵ ਫਿਟਕਾਰਯੋਗ ਹੈ। ਹੇ ਜਿੰਦ ਦੇਣ ਵਾਲੇ ਪ੍ਰਭੂ, ਹੇ ਸੁਖ ਦੇਣ ਵਾਲੇ ਦਾਤਾਰ ਪ੍ਰਭੂ ਜੀਓ, ਮੈਂ ਤੈਥੋਂ ਨਿਮਖ ਨਿਮਖ ਬਲਿਹਾਰ ਜਾਂਦਾ ਹਾਂ।

ਹਸਤ ਅਲੰਬਨੁ ਦੇਹੁ ਪ੍ਰਭ
ਗਰਤਹੁ ਉਧਰੁ ਗੋਪਾਲ॥
ਮੋਹਿ ਨਿਰਗੁਨ ਮਤਿ ਥੋਰੀਆ
ਤੂੰ ਸਦ ਹੀ ਦੀਨ ਦਇਆਲ॥

ਗੁਰਦੇਵ ਜੀ ਆਖਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭ ਜੀਓ, ਮਿਹਰ ਕਰ ਅਤੇ ਮੈਨੂੰ ਆਪਣੇ ਹੱਥ ਦਾ ਸਹਾਰਾ ਦੇਹ। ਹੇ ਗੋਪਾਲ, ਮੈਨੂੰ ਵਿਕਾਰਾਂ ਦੇ ਟੋਏ ਵਿਚੋਂ ਸਹਾਰਾ ਦੇ ਕੇ ਬਾਹਰ ਕੱਢ ਲੈ। ਹੇ ਗੋਪਾਲ, ਮੈਂ ਨਿਰਗੁਨ ਹਾਂ, ਮੇਰੇ ਵਿਚ ਕੋਈ ਗੁਣ ਨਹੀਂ ਅਤੇ ਮੇਰੀ ਮਤਿ ਵੀ ਹੋਛੀ ਹੈ, ਪਰ ਹੇ ਪ੍ਰਭੂ, ਤੂੰ ਸਦਾ ਹੀ ਦੀਨਾਂ ਭਾਵ ਗਰੀਬਾਂ ਉਤੇ ਦਇਆ ਕਰਨ ਵਾਲਾ ਹੈਂ, ਦਇਆ ਕਰ।

ਕਿਆ ਸੁਖ ਤੇਰੇ ਸੰਮਲਾ
ਕਵਨ ਬਿਧੀ ਬੀਚਾਰ॥
ਸਰਣਿ ਸਮਾਈ ਦਾਸ ਹਿਤ
ਊਚੇ ਅਗਮ ਅਪਾਰ॥

ਗੁਰੂ ਅਰਜਨ ਦੇਵ ਪ੍ਰਭੂ ਦੀ ਉਸਤਤਿ ਵਿਚ ਆਖਦੇ ਹਨ, ਹੇ ਸਭ ਤੋਂ ਉਚੇ, ਅਪਹੁੰਚ ਪ੍ਰਭੂ ਭਾਵ ਜਿਸ ਤਕ ਪਹੁੰਚਿਆ ਨਾ ਜਾ ਸਕੇ, ਹੇ ਬੇਅੰਤ ਪ੍ਰਭੂ, ਹੇ ਆਪਣੇ ਸੇਵਕਾਂ ਦੇ ਹਿਤੂ ਪ੍ਰਭ ਜੀਓ, ਮੈਂ ਤੇਰੇ ਦਿੱਤੇ ਕਿਹੜੇ ਕਿਹੜੇ ਸੁਖ ਚੇਤੇ ਕਰਾਂ? ਹੇ ਮਿਹਰਬਾਨ ਪਿਤਾ, ਮੈਂ ਕਿਹੜੇ ਕਿਹੜੇ ਤਰੀਕਿਆਂ ਨਾਲ ਤੇਰੇ ਬਖਸ਼ੇ ਸੁਖਾਂ ਦੀ ਵਿਚਾਰ ਕਰਾਂ? ਤੂੰ ਦਾਤਾਂ ਦੇਣ ਵਾਲਾ ਦਾਤਾਰ ਹੈਂ ਤੇ ਮੈਂ ਤੇਰੇ ਦਿੱਤੇ ਬੇਅੰਤ ਸੁੱਖਾਂ ਦੀ ਗਿਣਤੀ ਨਹੀਂ ਕਰ ਸਕਦਾ।

ਸਗਲ ਪਦਾਰਥ ਅਸਟ ਸਿਧਿ
ਨਾਮ ਮਹਾ ਰਸ ਮਾਹਿ॥
ਸੁਪ੍ਰਸੰਨ ਭਏ ਕੇਸਵਾ
ਸੇ ਜਨ ਹਰਿ ਗੁਣ ਗਾਹਿ॥

ਸਤਿਗੁਰੂ ਸੰਸਾਰਕ ਪਦਾਰਥਾਂ ਬਾਬਤ ਸਮਝਾਉਂਦੇ ਹਨ, ਹੇ ਭਾਈ! ਦੁਨੀਆਂ ਦੇ ਸਾਰੇ ਪਦਾਰਥ ਅਤੇ ਜੋਗੀਆਂ ਦੀਆਂ ਦੱਸੀਆਂ ਅੱਠੇ ਸਿਧੀਆਂ, ਸਭ ਤੋਂ ਸ੍ਰੇਸ਼ਟ ਰਸ 'ਨਾਮ ਰਸ' ਵਿਚ ਮੌਜੂਦ ਹਨ। ਜਿਨ੍ਹਾਂ ਵਡਭਾਗੇ ਮਨੁਖਾਂ ਉਤੇ ਉਹ ਸੋਹਣੇ ਲੰਮੇ ਕੇਸਾਂ ਵਾਲਾ ਕੇਸਵ ਪ੍ਰਭੂ ਪ੍ਰਸੰਨ ਹੁੰਦਾ ਹੈ, ਉਹ ਬੰਦੇ ਉਸ ਜਗਤ ਦੇ ਮਾਲਕ ਪ੍ਰਭੂ ਦੇ ਗੁਣ ਗਾਉਂਦੇ ਰਹਿੰਦੇ ਹਨ।

ਮਾਤ ਪਿਤਾ ਸੁਤ ਬੰਧਪੋ
ਤੂੰ ਮੇਰੇ ਪ੍ਰਾਣ ਅਧਾਰ॥
ਸਾਧਸੰਗਿ ਨਾਨਕੁ ਭਜੈ
ਬਿਖੁ ਤਰਿਆ ਸੰਸਾਰੁ॥

ਸਤਿਗੁਰੂ ਜੀ ਅਰਦਾਸ ਕਰਦੇ ਹਨ, ਹੇ ਦਇਆਵਾਨ, ਮਿਹਰਾਂ ਦੇ ਮਾਲਕ ਪ੍ਰਭੂ ਜੀਓ, ਮੇਰਾ ਮਾਂ-ਪਿਉ, ਪੁੱਤਰ ਅਤੇ ਰਿਸ਼ਤੇਦਾਰ-ਸਭ ਕੁਝ ਤੂੰ ਹੀ ਹੈ। ਤੇਰਾ ਇਹ ਦਾਸ ਨਾਨਕ, ਤੇਰੀ ਸਾਧ ਸੰਗਤ ਵਿਚ ਤੇਰੀ ਮਿਹਰ ਨਾਲ ਹੀ ਤੇਰਾ ਭਜਨ ਕਰਦਾ ਹੈ। ਹੇ ਪਿਤਾ, ਜੋ ਮਨੁਖ ਤੇਰੇ ਨਾਮ ਦਾ ਭਜਨ ਕਰਦਾ ਹੈ, ਉਹ ਵਿਕਾਰਾਂ ਦੇ ਜ਼ਹਿਰ ਨਾਲ ਭਰੇ ਸੰਸਾਰ ਸਮੁੰਦਰ ਵਿਚੋਂ ਤੇਰੇ ਨਾਮ ਦੀ ਮਿਹਰ ਸਦਕਾ ਸਹੀ ਸਲਾਮਤ ਉਚਾ-ਸੁਚਾ ਜੀਵਨ ਲੈ ਕੇ ਪਾਰ ਲੰਘ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਜੋਬਨ ਜਾਂਦੇ ਨਾ ਡਰਾਂ

ਕਿੰਨੇ ਹੀ ਦਿਨਾਂ ਤੋਂ ਰਿਸ਼ਤੇਦਾਰਾਂ ਤੇ ਸੱਜਣਾਂ-ਮਿੱਤਰਾਂ ਦੇ ਘਰੀਂ ਵਿਆਹ-ਸ਼ਾਦੀਆਂ ਮੁੱਕਣ ਦਾ ਨਾਂ ਨਹੀਂ ਸਨ ਲੈ ਰਹੇ। ਇਸ ਲੰਮੀ ਪ੍ਰਕ੍ਰਿਆ ਤੋਂ ਥੱਕਿਆ ਤੇ ਅੱਕਿਆ ਮਨ ਅੱਜ ਸਵੇਰ ਦੀ ਸੈਰ ਜਾਣ ਲਈ ਹਾਮੀ ਨਹੀਂ ਸੀ ਭਰ ਰਿਹਾ। ਟੀ. ਵੀ. ਦਾ ਬਟਨ ਦਬਾਇਆ, ਈ. ਟੀ. ਸੀ. ਚੈਨਲ ਤੋਂ ਸ਼ਬਦ ਕੀਰਤਨ ਚੱਲ ਰਿਹਾ ਸੀ। ਰਾਗੀ ਜਥਾ ਬੜੀ ਸੁਰੀਲੀ ਆਵਾਜ਼ 'ਚ ਬਾਬਾ ਫਰੀਦ ਦੇ ਵੈਰਾਗਮਈ ਸ਼ਲੋਕ ਗਾ ਰਿਹਾ ਸੀ। ਜਿਉਂ ਜਿਉਂ ਸ਼ਲੋਕ ਸੁਣਦਾ ਗਿਆ, ਮਨ ਅੰਦਰ ਅਜੀਬ ਕਿਸਮ ਦੀ ਹਲਚਲ ਪੈਦਾ ਹੋਣ ਲੱਗੀ। ਕੁਝ ਮਹੀਨੇ ਪਹਿਲਾਂ ਬਾਬਾ ਫਰੀਦ ਦੇ ਦਰਬਾਰ ਵਿਚ ਹਾਜ਼ਰੀ ਦੇ ਕੇ ਆਇਆ ਸਾਂ। ਇਸ ਬਾਰੇ ਕੁਝ ਲਿਖਣ ਦਾ ਵਿਚਾਰ ਸੀ ਪਰ ਕੰਮਚੋਰ ਮਨ ਬੜੀ ਦੇਰ ਤੋਂ ਕਾਬੂ ਨਹੀਂ ਸੀ ਆ ਰਿਹਾ। ਅੱਜ ਬਾਬਾ ਫਰੀਦ ਦੀ ਰਹਿਮਤ ਸਦਕਾ ਕਾਪੀ ਪੈਨਸਿਲ ਚੁੱਕ ਕੇ ਲਿਖਣ ਲੱਗ ਪਿਆ।

ਸੋਚ ਰਿਹਾ ਸਾਂ, ਕਿੰਨੇ ਮਹਾਨ ਸਨ ਗੁਰੂ

**ਹਰਨੇਕ ਸਿੰਘ ਘੜੂੰਆਂ**

ਸਾਹਿਬਾਨ ਜਿਨ੍ਹਾਂ ਨੇ ਜਾਤ ਅਤੇ ਧਰਮ ਦੇ ਹੱਦ-ਬੰਨੇ ਮਿਟਾ ਕੇ ਦਰਵੇਸ਼ਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ। ਮੁਸਲਮਾਨ ਫਕੀਰ ਹਜ਼ਰਤ ਮੀਆਂ ਮੀਰ ਕੋਲੋਂ ਦਰਬਾਰ ਸਾਹਿਬ ਦੀ ਇੱਟ ਰਖਵਾ ਕੇ ਸਾਂਝੀਵਾਲਤਾ ਦੇ ਅਰਥ ਦੱਸੇ। ਇਕ ਵਾਰ ਲਾਹੌਰ ਸਮਾਗਮ ਵਿਚ ਉਘੇ ਲਿਖਾਰੀ ਮਰਹੂਮ ਅਫਜ਼ਲ ਅਹਿਸਨ ਰੰਧਾਵਾ ਨੇ ਕਿਹਾ ਸੀ, "ਅਸੀਂ ਦੇਣਦਾਰ ਹਾਂ ਸਿੱਖ ਗੁਰੂ ਸਾਹਿਬਾਨ ਦੇ ਜਿਨ੍ਹਾਂ ਨੇ ਬਾਬਾ ਫਰੀਦ ਦੀ ਬਾਣੀ ਨੂੰ ਸੰਭਾਲਿਆ; ਨਹੀਂ ਤਾਂ ਸਾਥੋਂ ਇਹ ਕੀਮਤੀ ਸਰਮਾਇਆ ਸਦਾ ਲਈ ਖੁੱਸ ਜਾਣਾ ਸੀ।"

ਬੜੀ ਵਾਰ ਪਾਕਪਟਨ ਸ਼ਰੀਫ ਦਾ ਵੀਜ਼ਾ ਲੈ ਕੇ ਪਾਕਿਸਤਾਨ ਗਿਆ ਸਾਂ, ਪਰ ਲਾਹੌਰੀਆਂ ਦੀਆਂ ਦਾਅਵਤਾਂ ਉਥੇ ਹੀ ਉਲਝਾਈ ਰੱਖਦੀਆਂ। ਇਸ ਵਾਰੀ ਅਸੀਂ ਮੰਡੀ ਬੂਰੇ ਵਾਲਾ ਠਹਿਰੇ ਸਾਂ ਜਿਥੋਂ ਬਾਬਾ ਜੀ ਦਾ ਦਰਬਾਰ ਘੰਟੇ ਕੁ ਦਾ ਰਸਤਾ ਸੀ। ਇਹ ਉਹ ਇਲਾਕਾ ਹੈ ਜਿਥੇ ਚੱਪਾ ਚੱਪਾ ਧਰਤੀ ਨੂੰ ਬਾਬਾ ਜੀ ਦੀ ਚਰਨਛੋਹ ਪ੍ਰਾਪਤ ਹੈ। ਬਾਬਾ ਜੀ ਦਾ ਜਨਮ 1163 ਈਸਵੀ ਵਿਚ ਪਿੰਡ ਕੋਠੀਵਾਲ (ਨੇੜੇ ਮੁਲਤਾਨ) ਪਿਤਾ ਸ਼ੇਖ ਜਮਾਲੁਦੀਨ ਕਾਜੀ ਦੇ ਘਰ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਂ ਕਰਸੂਮ ਬੀਬੀ ਸੀ। ਉਨ੍ਹਾਂ ਦੇ ਪਿਤਾ ਮੰਗੋਲਾਂ ਦੇ ਹਮਲਿਆਂ ਤੋਂ ਤੰਗ ਹੋ ਕੇ ਆਪਣਾ ਵਤਨ ਖੁਰਾਸਾਨ ਛੱਡ ਕੇ ਇਧਰ ਆ ਵੱਸੇ ਸਨ। ਬਾਬਾ ਫਰੀਦ ਹੋਰੀਂ ਤਿੰਨ ਭਰਾ ਸਨ: ਅਜ਼ੀਜ਼-ਉਦ-ਦੀਨ, ਫਰੀਦ-ਉਦ-ਦੀਨ ਮਸਊਦ (ਬਾਬਾ ਫਰੀਦ) ਤੇ ਨਜੀਬ-ਉਦ-ਦੀਨ ਮੁਹੰਮਦ। ਫਰੀਦ ਅਰਬੀ ਦਾ ਸ਼ਬਦ ਹੈ, ਜਿਸ ਦਾ ਮਤਲਬ ਹੈ ਅਦੁੱਤੀ ਜਾਂ ਲਾਸਾਨੀ। ਬਾਬਾ ਫਰੀਦ ਦੀਆਂ ਤਿੰਨ ਪਤਨੀਆਂ ਸਨ। ਇਨ੍ਹਾਂ ਦੀ ਕੁੱਖੋਂ ਪੰਜ ਪੁੱਤਰ ਤੇ ਤਿੰਨ ਧੀਆਂ ਪੈਦਾ ਹੋਏ।

ਬਾਬਾ ਜੀ ਨੂੰ ਅਧਿਆਤਮਕਤਾ ਦੀ ਪਹਿਲੀ ਚਿਣਗ ਆਪਣੀ ਮਾਤਾ ਕੋਲੋਂ ਲੱਗੀ ਅਤੇ ਬਾਅਦ ਵਿਚ ਸ਼ੇਖ ਬਖਤਿਆਰ ਕਾਕੀ ਦੇ ਮੁਰੀਦ ਬਣ ਗਏ। ਬਖਤਿਆਰ ਕਾਕੀ ਦੇ ਮੁਰਸ਼ਦ ਖੁਆਜਾ ਮੁਈਓਦੀਨ ਚਿਸ਼ਤੀ ਅਜਮੇਰ ਸ਼ਰੀਫ ਵਾਲੇ ਸਨ। ਅੱਗੇ ਉਨ੍ਹਾਂ ਦੇ ਮੁਰਸ਼ਦ ਉਸਮਾਨ ਹਾਰੂਨੀ ਸਨ। ਚਿਸ਼ਤੀਆਂ ਦਾ ਸਿਲਸਿਲਾ ਇਰਾਕ ਦੇ ਸੂਫੀ ਸ਼ੇਖ ਇਤਿਹਾਸ ਤੋਂ 9ਵੀਂ ਸਦੀ ਵਿਚ ਸ਼ੁਰੂ ਹੋਇਆ। ਉਹ 'ਚਿਸ਼ਤ' ਦੇ ਰਹਿਣ ਵਾਲੇ ਸਨ ਜੋ ਖੁਰਾਸਾਨ ਪ੍ਰਾਂਤ ਵਿਚ ਪੈਂਦਾ ਸੀ, ਪਰ ਉਨ੍ਹਾਂ ਨੇ ਕਰੜੀ ਤਪੱਸਿਆ ਬਗਦਾਦ ਵਿਚ ਜਾ ਕੇ ਕੀਤੀ ਜੋ ਉਨ੍ਹੀਂ ਦਿਨੀਂ ਇਸਲਾਮ ਦਾ ਵੱਡਾ ਕੇਂਦਰ ਮੰਨਿਆ ਜਾਂਦਾ ਸੀ। ਇਸੇ ਤਰ੍ਹਾਂ ਖੁਆਜਾ ਮੁਈਓਦੀਨ ਵੀ ਸੇਜਿਸਤਾਨ ਦੇ ਰਹਿਣ ਵਾਲੇ ਸਨ, ਜੋ ਮੱਧ ਏਸ਼ੀਆ ਵਿਚ ਪੈਂਦਾ ਸੀ, ਪਰ ਮੰਗੋਲਾਂ ਤੋਂ ਤੰਗ ਆ ਕੇ ਭਾਰਤ ਆ ਗਏ।

ਸ਼ੇਖ ਫਰੀਦ ਉਚ ਵਿੱਦਿਆ ਪ੍ਰਾਪਤ ਕਰਨ ਲਈ 18 ਸਾਲ ਦੀ ਉਮਰ ਵਿਚ ਪਿੰਡ ਕੋਠੀਵਾਲ ਤੋਂ ਮੁਲਤਾਨ ਚਲੇ ਗਏ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਨੇ ਇਥੇ ਮੌਲਾਨਾ ਮਿਹਰਾਜ-ਉਦ-ਦੀਨ ਤੀਰਮਿਦੀ ਪਾਸੋਂ ਕੁਰਾਨ ਮਜੀਦ ਅਤੇ ਹੋਰ ਧਾਰਮਿਕ ਪੁਸਤਕਾਂ ਪੜ੍ਹੀਆਂ। ਉਦੋਂ ਮੁਲਤਾਨ ਸੁਹਰਾਵਰਦੀ ਫਿਰਕੇ ਦਾ ਪ੍ਰਸਿਧ ਕੇਂਦਰ ਸੀ। ਜਿਥੇ ਮੌਲਾਨਾ ਵਰਗ ਕੱਟੜਤਾ ਅਤੇ ਸਰਕਾਰੀ ਸਰਪ੍ਰਸਤੀ ਹੇਠ ਧਰਮ ਪ੍ਰਚਾਰ ਕਰਦਾ ਸੀ, ਉਥੇ ਦਰਵੇਸ਼ ਲੋਕ ਆਪਣੀ ਉਚੀ ਸਾਧਨਾ ਤੇ ਮਿੱਠੀ ਸ਼ਖਸੀਅਤ ਸਦਕਾ ਲੋਕਾਂ ਦੇ ਦਿਲਾਂ 'ਤੇ ਛਾਪ ਲਾ ਰਹੇ ਸਨ। ਮੁਲਤਾਨ ਵਿਚ ਹੀ ਬਾਬਾ ਫਰੀਦ ਦਾ ਬਖਤਿਆਰ ਕਾਕੀ ਨਾਲ ਮੇਲ ਹੋਇਆ। ਉਹ ਉਨ੍ਹਾਂ ਦਾ ਰੂਹਾਨੀ ਜਮਾਲ ਵੇਖ ਕੇ ਬੜੇ ਪ੍ਰਸੰਨ ਹੋਏ।

ਬਾਬਾ ਫਰੀਦ ਬਖਤਿਆਰ ਕਾਕੀ ਦੀ ਸੰਗਤ ਵਿਚ ਦਿੱਲੀ ਕਾਫੀ ਸਮਾਂ ਰਹੇ। ਉਹ ਉਥੇ ਵੱਧ ਤੋਂ ਵੱਧ ਸਮਾਂ ਇਬਾਦਤ ਵਿਚ ਗੁਜ਼ਾਰਦੇ। ਖੁਆਜਾ ਮੁਈਓਦੀਨ ਚਿਸ਼ਤੀ ਜਦੋਂ ਬਖਤਿਆਰ ਕਾਕੀ ਨੂੰ ਮਿਲਣ ਦਿੱਲੀ ਆਏ, ਉਦੋਂ ਖੁਆਜਾ ਮੁਈਓਦੀਨ ਚਿਸ਼ਤੀ ਨੇ ਬਾਬਾ ਫਰੀਦ ਨੂੰ ਸਿਰੋਪਾ ਭੇਟ ਕੀਤਾ ਤੇ ਬਖਤਿਆਰ ਕਾਕੀ ਨੇ ਰੇਸ਼ਮੀ ਚਾਦਰ ਭੇਟ ਕੀਤੀ। ਇਹ ਬਖਸ਼ਿਸ਼ ਸਿਰਫ ਤੇ ਸਿਰਫ ਬਾਬਾ ਫਰੀਦ ਦੇ ਹਿੱਸੇ ਆਈ ਹੈ, ਜਿਸ ਨੂੰ ਦੋ ਮੁਰਸ਼ਦਾਂ ਨੇ ਇਕੱਠਿਆਂ ਰਹਿਮਤਾਂ ਬਖਸ਼ੀਆਂ ਹੋਣ।

ਆਪਣੇ ਮੁਰਸ਼ਦ ਤੋਂ ਆਗਿਆ ਲੈ ਕੇ ਬਾਬਾ ਫਰੀਦ ਕਿਸੇ ਇਕਾਂਤ ਜਗ੍ਹਾ ਦੀ ਭਾਲ ਵਿਚ ਤੁਰ ਪਏ। ਲੱਭਦਿਆਂ ਭਾਲਦਿਆਂ ਅਖੀਰ ਉਹ ਸਤਲੁਜ ਦੇ ਕੰਢੇ ਅਜੋਧਨ ਪਿੰਡ ਜਾ ਟਿਕੇ ਜਿਸ ਦਾ ਨਾਂ ਬਾਅਦ ਵਿਚ ਪਾਕਪਟਨ ਸ਼ਰੀਫ ਪੈ ਗਿਆ। ਇਸ ਦੇ ਆਲੇ-ਦੁਆਲੇ ਬਿਲਕੁਲ ਉਜਾੜ ਤੇ ਬੀਆਬਾਨ ਸੀ। ਬਾਬਾ ਫਰੀਦ ਦੇ ਵੇਲੇ ਏਥੇ ਕੱਚੀਆਂ ਕੰਧਾਂ ਉਤੇ ਸਰਕੜਾ ਪਾ ਕੇ ਡੇਰਾ ਬਣਾਇਆ ਗਿਆ। ਇਥੇ ਦੂਰੋਂ ਦੂਰੋਂ ਮੁਰੀਦ ਆਉਣ ਲੱਗ ਪਏ। ਇਥੇ ਸਾਰਿਆਂ ਦਾ ਸਾਂਝਾ ਲੰਗਰ ਤਿਆਰ ਹੁੰਦਾ। ਕਈ ਵਾਰ ਲੰਗਰ ਮਸਤਾਨਾ ਹੋ ਜਾਂਦਾ ਤੇ ਜੰਗਲ ਵਿਚੋਂ ਡੇਲੇ ਉਬਾਲ ਕੇ ਸਾਰਿਆਂ ਨੂੰ ਵਰਤਾਏ ਜਾਂਦੇ। ਇਕ ਵਾਰ ਡੇਰੇ ਵਿਚ ਲੂਣ ਮੁੱਕ ਗਿਆ ਤੇ ਕਿਸੇ ਮੁਰੀਦ ਨੇ ਲੂਣ ਉਧਾਰ ਲਿਆ ਕੇ ਡੇਲਿਆਂ ਵਿਚ ਪਾ ਦਿੱਤਾ। ਬਾਬਾ ਫਰੀਦ ਨੇ ਆਪਣੇ ਹਿੱਸੇ ਦੀ ਕਟੋਰੀ ਇਹ ਕਹਿ ਕੇ ਵਾਪਸ ਕਰ ਦਿੱਤੀ, "ਤੁਸੀ ਫਕੀਰੀ ਕਮਾ ਕੇ ਵੀ ਸੁਆਦਾਂ ਵਿਚ ਫਸੇ ਹੋਏ ਹੋ।"

ਡੇਰੇ ਵਿਚ ਕੱਪੜੇ-ਲੱਤੇ ਤੇ ਮੰਜਿਆਂ ਦੀ ਕਮੀ ਰਹਿੰਦੀ ਸੀ। ਸਾਰੇ ਚੇਲੇ ਭੁੰਜੇ ਸੌਂਦੇ ਸਨ। ਬਾਬਾ ਫਰੀਦ ਵੀ ਮੰਜਿਆਂ ਦੀ ਘਾਟ ਕਰ ਕੇ ਕਈ ਵਾਰ ਭੁੰਜੇ ਹੀ ਸੌਂਦੇ ਸਨ। ਕਦੇ ਕਦੇ ਹਜ਼ਰਤ ਨਿਜ਼ਾਮੁਦੀਨ ਔਲੀਆ ਦੇ ਆਉਣ 'ਤੇ ਬਾਬਾ ਫਰੀਦ ਅਤੇ ਨਿਜ਼ਾਮੁਦੀਨ ਔਲੀਆ ਲਈ ਦੋ ਮੰਜਿਆਂ ਦਾ ਪ੍ਰਬੰਧ ਕੀਤਾ ਜਾਂਦਾ। ਡੇਰੇ ਵਿਚ ਏਨਾ ਤਿਆਗ ਸੀ ਕਿ ਜੋ ਵੀ ਚੜ੍ਹਾਵਾ ਆਉਂਦਾ, ਉਹ ਰਾਤ ਤੀਕ ਵੰਡ ਦਿੱਤਾ ਜਾਂਦਾ। ਇਕ ਵਾਰ ਸੁਲਤਾਨ ਨਾਸੂਰ-ਉਦ-ਦੀਨ ਨੇ ਆਪਣੇ ਵਜ਼ੀਰ ਉਲੱਗ ਖਾਂ ਨੂੰ ਮੋਹਰਾਂ ਦਾ ਥਾਲ ਅਤੇ ਜਮੀਨ ਦੀ ਮਿਸਲ ਭੇਟ ਕੀਤੀ। ਇਸੇ ਮਿਸਲ ਵਿਚ ਲਿਖਿਆ- ਮੋਹਰਾਂ ਦਰਵੇਸ਼ਾਂ ਲਈ ਅਤੇ ਆਪ ਲਈ (ਫਰੀਦ ਲਈ) ਚਾਰ ਪਿੰਡਾਂ ਦੀ ਜਾਗੀਰ ਭੇਟ ਕੀਤੀ ਜਾਂਦੀ ਹੈ। ਬਾਬਾ ਜੀ ਨੇ ਮੋਹਰਾਂ ਰੱਖ ਲਈਆਂ, ਇਹ ਦਰਵੇਸ਼ਾਂ ਲਈ ਹਨ; ਜਮੀਨ ਤੇ ਜਾਗੀਰ ਇਹ ਕਹਿ ਕੇ ਵਾਪਸ ਕਰ ਦਿੱਤੀ ਕਿ ਇਹ ਕਿਸੇ ਲੋੜਵੰਦ ਨੂੰ ਦੇ ਦੇਣੀ। ਆਪਣੇ ਮੁਰੀਦ ਬਦਰ-ਉਦ-ਦੀਨ ਨੂੰ ਹੁਕਮ ਕੀਤਾ, ਦੀਵਾ ਲੈ ਕੇ ਸਾਰੀਆਂ ਮੋਹਰਾਂ ਘਰ ਘਰ ਵੰਡ ਕੇ ਆ। ਵਾਪਸੀ 'ਤੇ ਜਦੋਂ ਬਾਬਾ ਫਰੀਦ ਨੇ ਪੁੱਛਿਆ, "ਸਾਰੀਆਂ ਮੋਹਰਾਂ ਵੰਡੀਆਂ ਗਈਆਂ?" ਬਦਰ-ਉਦ-ਦੀਨ ਨੇ ਉਤਰ ਦਿੱਤਾ ਕਿ ਥਾਲ ਵਿਚ ਸਿਰਫ ਇਕ ਮੋਹਰ ਬਚੀ ਹੈ। ਬਾਬਾ ਫਰੀਦ ਨੇ ਇਹ ਮੋਹਰ ਵੀ ਬਾਹਰ ਸੁਟਵਾ ਦਿੱਤੀ। ਇੰਨਾ ਤਿਆਗ ਵੇਖ ਕੇ ਉਲੱਗ ਖਾਨ (ਜੋ ਬਾਅਦ ਵਿਚ ਉਲੱਗ-ਉਦ-ਦੀਨ ਬਲਬਨ ਨਾਂ ਨਾਲ ਬਾਦਸ਼ਾਹ ਬਣਿਆ) ਸੁੰਨ ਹੋ ਗਿਆ।

ਕਹਿੰਦੇ ਹਨ ਕਿ ਬਾਬਾ ਫਰੀਦ ਨੂੰ ਕਿਸੇ ਨੇ ਕੈਂਚੀ ਭੇਟ ਕੀਤੀ, ਪਰ ਉਨ੍ਹਾਂ ਇਹ ਕਹਿ ਕੇ ਵਾਪਸ ਕਰ ਦਿੱਤੀ, "ਮੈਨੂੰ ਸੂਈ ਭੇਟ ਕਰੋ, ਮੇਰਾ ਕੰਮ ਕੱਟਣਾ ਨਹੀਂ, ਸਿਊਣਾ ਹੈ।" ਕਿਸੇ ਵਿਦਵਾਨ ਨੇ ਉਨ੍ਹਾਂ ਤੋਂ ਪੁੱਛਿਆ, "ਦੁਨੀਆਂ ਵਿਚ ਸਭ ਤੋਂ ਅਮੀਰ ਕੌਣ ਹੈ?" ਬਾਬਾ ਫਰੀਦ ਨੇ ਜਵਾਬ ਦਿੱਤਾ, "ਜਿਸ ਕੋਲ ਸੰਤੋਖ ਹੈ, ਉਹ ਦੁਨੀਆਂ ਦਾ ਸਭ ਤੋਂ ਵੱਧ ਅਮੀਰ ਆਦਮੀ ਹੈ।"

ਲੰਮੀ ਉਮਰ ਭੋਗ ਕੇ ਬਾਬਾ ਫਰੀਦ 15 ਅਕਤੂਬਰ 1265 ਨੂੰ ਨਮਾਜ਼ ਅਦਾ ਕਰਨ ਤੋਂ ਬਾਅਦ ਦੁਨੀਆਂ ਤੋਂ ਪਰਦਾ ਕਰ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੇ ਚਾਰ ਪਦੇ ਅਤੇ 112 ਸਲੋਕ ਦਰਜ ਹਨ ਜੋ ਗੁਰੂ ਨਾਨਕ ਦੇਵ ਨੇ ਸ਼ੇਖ ਬ੍ਰਹਮ ਤੋਂ ਪ੍ਰਾਪਤ ਕੀਤੇ ਜੋ ਉਸ ਵੇਲੇ ਦੇ ਗੱਦੀ ਨਸ਼ੀਨ ਸਨ।

ਅਸੀਂ ਮੰਡੀ ਬੂਰੇਵਾਲਾ ਤੋਂ ਥੋੜ੍ਹੀ ਦੇਰ ਵਿਚ ਪਾਕਪਟਨ ਸ਼ਰੀਫ ਪਹੁੰਚ ਗਏ। ਬਾਬਾ ਜੀ ਦੀ ਦਰਗਾਹ ਸ਼ਹਿਰ ਦੇ ਵਿਚਕਾਰ ਪੈਂਦੀ ਹੈ। ਇਹ ਪੰਜਾਹ ਕੁ ਫੁੱਟ ਦੀ ਉਚਾਈ 'ਤੇ ਹੈ। ਇਥੇ ਕਦੇ ਰੇਤੇ ਦਾ ਟਿੱਬਾ ਹੁੰਦਾ ਸੀ ਤੇ ਚੜ੍ਹਦੇ ਪਾਸੇ ਤੋਂ ਪੌੜੀਆਂ ਚੜ੍ਹਦੀਆਂ ਹਨ। ਅਸੀਂ ਜਿਉਂ ਜਿਉਂ ਪੌੜੀਆਂ ਚੜ੍ਹਦੇ, ਮਨ ਨੂੰ ਸਰੂਰ ਚੜ੍ਹੀ ਜਾਂਦਾ। ਮੈਂ ਜਦੋਂ ਵੀ ਬਾਬਾ ਫਰੀਦ ਬਾਰੇ ਪੜ੍ਹਿਆ ਜਾਂ ਸੁਣਿਆ ਹੈ, ਜ਼ਿਹਨ ਵਿਚ ਉਨ੍ਹਾਂ ਬਾਬਿਆਂ ਦੇ ਚਿਹਰੇ ਉਕਰੇ ਜਾਂਦੇ ਹਨ, ਜੋ ਹਰ ਪਿੰਡ ਦੇ ਸਾਂਝੇ ਦਰਵਾਜੇ 'ਤੇ ਬੈਠੇ ਹੁੰਦੇ ਹਨ। ਇਹ ਪਿੰਡ ਤੇ ਗਲੀ-ਮੁਹੱਲੇ ਦੀ ਸੁੱਖ ਮੰਗਦੇ ਹਨ ਤੇ ਹਰ ਕਿਸੇ ਦਾ ਦੁੱਖ-ਸੁੱਖ ਇਨ੍ਹਾਂ ਦਾ ਆਪਣਾ ਹੁੰਦਾ ਹੈ। ਇਹ ਬਾਬੇ ਵੋਟਾਂ ਨਾਲ ਚੁਣੇ ਸਰਪੰਚਾਂ ਤੇ ਪੰਚਾਂ ਤੋਂ ਉਪਰ ਰੁਤਬਾ ਰੱਖਦੇ ਹਨ। ਇਨ੍ਹਾਂ ਦੇ ਕੀਤੇ ਹੋਏ ਫੈਸਲੇ ਨੂੰ ਇਲਾਹੀ ਹੁਕਮ ਮੰਨਿਆ ਜਾਂਦਾ ਹੈ। ਅਸੀਂ ਛੋਟੇ ਹੁੰਦੇ ਇਨ੍ਹਾਂ ਨਾਲ ਪਰਚੇ ਰਹਿੰਦੇ ਸਾਂ। ਇਨ੍ਹਾਂ ਦੀਆਂ ਹਦਾਇਤਾਂ ਹੁੰਦੀਆਂ ਸਨ, "ਮੁੰਡਿਓ! ਟੋਭੇ 'ਚ ਨਾ ਨਹਾਇਓ, ਡੁੱਬ ਜਾਓਗੇ। ਕੱਚੀਆਂ ਅੰਬੀਆਂ ਨਾ ਖਾਇਓ, ਅੱਖਾਂ ਦੁਖਣੀਆਂ ਆ ਜਾਣਗੀਆਂ।" ਅਸੀਂ ਕਿੰਨੀ ਦੇਰ ਇਨ੍ਹਾਂ ਦੀਆਂ ਖੂੰਡੀਆਂ ਨੂੰ ਘੋੜੀਆਂ ਬਣਾ ਕੇ ਖੇਡਦੇ ਰਹਿੰਦੇ।



*ਪਾਕਪਟਨ (ਪਾਕਿਸਤਾਨ) ਵਿਚ ਸ਼ੇਖ ਫਰੀਦ ਦਾ ਅਸਥਾਨ*

ਦਰਗਾਹ ਵਿਚ ਦਾਖਲ ਹੁੰਦਿਆਂ ਸੱਜੇ ਪਾਸੇ ਕੱਵਾਲ ਗਾ ਰਹੇ ਸਨ:

ਫਰੀਦਾ ਤੁਰਿਆ ਤੁਰਿਆ ਜਾ ਫਰੀਦਾ ਤੁਰਿਆ ਤੁਰਿਆ ਜਾ...।

ਦਰਗਾਹ ਵਿਚ ਕਈ ਮਜ਼ਾਰ ਹਨ। ਇਕ ਉਚਾ ਮਜ਼ਾਰ ਦੇਖ ਕੇ ਭੁਲੇਖਾ ਪੈਂਦਾ ਹੈ, ਸ਼ਾਇਦ ਇਹ ਬਾਬਾ ਫਰੀਦ ਦਾ ਹੋਵੇਗਾ, ਪਰ ਇਹ ਮਜ਼ਾਰ ਪਰਿਵਾਰ ਦੇ ਦੂਸਰੇ ਜੀਆਂ ਦਾ ਹੈ। ਬਾਬਾ ਫਰੀਦ ਦਾ ਮਜ਼ਾਰ ਦਰਮਿਆਨਾ ਜਿਹਾ ਹੈ। ਇਸ ਦੇ ਨਾਲ ਹੀ ਬਾਬਾ ਫਰੀਦ ਦੇ ਵੇਲੇ ਦਾ ਵਣ ਦਾ ਦਰੱਖਤ ਖੜ੍ਹਾ ਹੈ, ਜਿਸ ਦੇ ਪੱਤੇ ਖਾਣ ਤੋਂ ਬਾਅਦ ਮੂਲੀ ਦਾ ਸਵਾਦ ਆਉਂਦਾ ਹੈ। ਮਜ਼ਾਰ ਨਾਲ ਸ਼ੀਸ਼ੇ ਦੇ ਬਕਸੇ ਵਿਚ ਬਾਬਾ ਫਰੀਦ ਦੀ ਜੁੱਤੀ, ਚੋਗਾ ਤੇ ਕਾਠ ਦੀ ਰੋਟੀ ਪਈ ਹੈ, ਜਿਸ ਦਾ ਜ਼ਿਕਰ ਉਨ੍ਹਾਂ ਦੀ ਬਾਣੀ ਵਿਚ ਆਉਂਦਾ ਹੈ।

ਨਾਲ ਖੜ੍ਹੇ ਕਿਸੇ ਸੱਜਣ ਨੇ ਦੱਸਿਆ ਕਿ ਕੁਝ ਦਿਨ ਬਾਬਾ ਜੀ ਦੀ ਦੇਹ ਨੂੰ ਇਥੇ ਰੱਖਿਆ ਗਿਆ ਤੇ ਹਜ਼ਰਤ ਨਿਜ਼ਾਮੁਦੀਨ ਔਲੀਆ ਦੇ ਦਿੱਲੀ ਤੋਂ ਆ ਕੇ ਨਿਸ਼ਾਨਦੇਹੀ ਕਰਨ ਪਿਛੋਂ ਦਫਨ ਕੀਤਾ ਗਿਆ। ਮਜ਼ਾਰ ਅੰਦਰ ਹੀ ਬਹਿਸ਼ਤੀ ਦਰਵਾਜਾ ਹੈ, ਜੋ ਉਰਸ ਦੇ ਦਿਨਾਂ ਵਿਚ ਖੁੱਲ੍ਹਦਾ ਹੈ। ਖੁਆਜ਼ਾ ਮੁਈਓਦੀਨ ਚਿਸ਼ਤੀ ਦੇ ਵੇਲੇ ਤੋਂ ਲੰਗਰ ਦੀ ਚਲੀ ਆ ਰਹੀ ਪਰੰਪਰਾ ਜਾਰੀ ਹੈ।

ਜਿਉਂ ਹੀ ਅਸੀਂ ਬਾਬਾ ਫਰੀਦ ਦੀ ਦਰਗਾਹ ਵਿਚ ਦਾਖਲ ਹੋਏ, ਮੈਂ ਮੁਹੱਬਤ ਵਿਚ ਭਾਵੁਕ ਹੋ ਗਿਆ। ਅੱਖਾਂ ਵਿਚੋਂ ਆਪ ਮੁਹਾਰੇ ਅੱਥਰੂ ਵਹਿਣ ਲੱਗ ਪਏ। ਮੇਰੇ ਨਾਲ ਸਾਬਕਾ ਮੰਤਰੀ ਹੰਸ ਰਾਜ ਜੋਸਨ ਨੇ ਮੇਰੇ ਵੱਲ ਗਰਦਨ ਭੁਆ ਕੇ ਦੇਖਿਆ, ਮੈਂ ਬਾਬੇ ਦੇ ਦੀਦਾਰ ਕਰ ਕੇ ਬੜੀ ਅਨੰਦਮਈ ਅਵਸਥਾ ਵਿਚ ਪਹੁੰਚਿਆ ਹੋਇਆ ਸਾਂ। ਅਸੀਂ ਕੱਵਾਲਾਂ ਨੂੰ ਸੌ ਸੌ ਰੁਪਇਆ ਦੇ ਕੇ ਅਤੇ ਲੋੜ ਅਨੁਸਾਰ ਲੰਗਰ ਛਕ ਕੇ ਬਾਬਾ ਜੀ ਦੀ ਦਰਗਾਹ ਤੋਂ ਗੱਡੀਆਂ ਵੱਲ ਚੱਲ ਪਏ।

ਈ. ਟੀ. ਸੀ. ਚੈਨਲ ਤੋਂ ਅਜੇ ਵੀ ਰਾਗੀ ਸਲੋਕ ਗਾ ਰਹੇ ਸਨ: "ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥" ਖਿੜਕੀ ਵਿਚੋਂ ਸੂਰਜ ਦੀ ਸੱਜਰੀ ਤੇ ਕੋਸੀ ਧੁੱਪ ਮੇਰੇ ਪਿੰਡੇ ਨੂੰ ਤਰਾਵਟ ਬਖਸ਼ ਰਹੀ ਸੀ। ਰਾਗੀ ਸਿੰਘ ਬਾਬਾ ਫਰੀਦ ਦੀ ਬਾਣੀ ਰਾਹੀਂ ਮੇਰੀ ਰੂਹ ਨੂੰ ਸਕੂਨ ਦੇ ਗੋਤੇ ਦੇ ਰਹੇ ਸਨ। ਮੈਂ ਇਸ ਅਵਸਥਾ ਵਿਚ ਲੇਟਿਆਂ ਬਾਅਦ ਵਿਚ ਕਿੰਨੀ ਦੇਰ ਅਨੰਦ ਮਾਣਦਾ ਰਿਹਾ।

## ਤੇਰਾ ਫਾਇਦਾ ਹੋ ਜੂ

ਜੇ ਮੁੰਡਿਆ ਤੈਨੂੰ ਕੰਮ ਨਹੀਂ ਲਭਦਾ,
ਕੋਈ ਵੀ ਕਿਰਤੀ ਕਰ ਲੈ,
ਓ ਤੇਰਾ ਫੈਦਾ ਹੋ ਜੂ।
ਗਰੀਨ ਹਾਊਸ ਬਣਾ ਲੈ,
ਓ ਤੇਰਾ ਫੈਦਾ ਹੋ ਜੂ।

ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ।
ਵਾਟਰ ਟੇਬਲ ਥੱਲੇ ਲੱਗਾ,
ਮਿਟੀ 'ਚ ਰਿਹਾ ਨਾ ਤੱਤ।
ਨਵੀਆਂ ਕਿਸਮਾਂ, ਕੱਦ ਸੀ ਛੋਟੇ,
ਥੋੜ੍ਹੇ ਦਿਨਾਂ 'ਚ ਜਾਵੇ ਪੱਕ।
ਗਿਆਰਾਂ ਟਨ ਅਨਾਜ ਹੈ ਹੁੰਦਾ ਏਕੜ ਵਿਚੋਂ
ਇਕੇ ਸਾਲ 'ਚ ਧਰਤੀ ਮਾਂ ਗਈ ਥੱਕ।
ਪੰਜਾਹ ਸਾਲ ਤੋਂ ਕਣਕ ਤੇ ਝੋਨਾ,
ਹੋ ਗਈ ਹੈ ਅੱਤ।
ਫਸਲੀ ਚੱਕਰ ਬਦਲਣਾ ਪੈਣਾ,
ਆਕਾਸ਼ਵਾਣੀ ਤੋਂ ਕਹਿੰਦਾ ਫੌਜੂ।
ਕੋਈ ਵੀ ਕਿਰਤੀ ਕਰ ਲੈ,
ਓ ਤੇਰਾ ਫੈਦਾ ਹੋ ਜੂ।
ਗਰੀਨ ਹਾਊਸ ਬਣਾ ਲੈ,
ਓ ਤੇਰਾ ਫੈਦਾ ਹੋ ਜੂ।

ਬਿਨਾ ਰੁੱਤ ਪਨੀਰੀ ਲਾਈਂ,
ਖੂਹ ਦੇ ਨੇੜੇ ਪੌਲੀ ਹਾਊਸ ਬਣਾ ਲੈ।
ਬੈਂਗਣ, ਟਮਾਟਰ, ਮਿਰਚਾਂ ਦੇ ਸੌ-ਸੌ ਬੂਟੇ,
ਗੁੱਡੀ ਵਿਚ ਬੰਨਾ ਲੈ।
ਵੀਹ ਪ੍ਰਸੈਂਟ ਪ੍ਰਾਫਿਟ ਰੱਖੀਂ,
ਖਰਚੇ ਦਾ ਹਿਸਾਬ-ਕਿਤਾਬ ਲਗਾ ਲੈ।
ਹੋਕਾ ਦੇਵੀਂ ਪਨੀਰੀ ਵੇਚਣ ਦਾ,
ਅਖਬਾਰ 'ਚ ਐਡ ਲਵਾ ਲੈ।
ਸੈਲ ਫੋਨ 'ਤੇ ਸੋਸ਼ਲ ਮੀਡੀਆ ਵੇਖੂ,
ਵੈਬ ਸਾਈਟ ਬਣਾ ਲੈ।
ਰੋਜ਼ਗਾਰ ਗਰੀਬ ਨੂੰ ਦੇਵੀਂ,
ਪੱਕੀ ਲੇਬਰ ਖੂਹ 'ਤੇ ਬੈਹ ਜੂ।
ਕੋਈ ਵੀ ਕਿਰਤੀ ਕਰ ਲੈ,
ਓ ਤੇਰਾ ਫੈਦਾ ਹੋ ਜੂ।
ਗਰੀਨ ਹਾਊਸ ਬਣਾ ਲੈ,
ਓ ਤੇਰਾ ਫੈਦਾ ਹੋ ਜੂ।

ਸਬਜੀ ਵੇਚ ਸੀਜ਼ਨ ਤੋਂ ਪਹਿਲਾਂ ਜਾਂ ਮਗਰੋਂ,
ਚੋਖਾ ਧੰਨ ਕਮਾ ਲੈ।
ਜੇ ਤੂੰ ਅੱਗੇ ਕੰਮ ਵਧਾਉਣਾ,
ਪਿੰਡ 'ਚ ਦਾਲ ਮਿੱਲ ਲਵਾ ਲੈ।
ਮੂੰਗੀ, ਮਸਰੀ, ਛੋਲੇ ਦਲ ਕੇ,
ਛੋਟੇ-ਵੱਡੇ ਪੈਕਟ ਜਿਹੇ ਬਣਾ ਲੈ।
ਇਕ ਕਿੱਲੋ, ਦੋ ਕਿੱਲੋ,
ਪੌਲੀਥੀਨ ਦੇ ਲਿਫਾਫੇ 'ਚ
ਸੀਲ ਬੰਦ ਕਰਾ ਲੈ।
ਜੇ ਤੈਨੂੰ ਕੁਝ ਸੁੱਝਦਾ ਨਹੀਂ ਪਿੰਡ 'ਚ
ਡਾ. ਅਸ਼ੋਕ ਤੋਂ ਕੈਂਪ ਲਵਾ ਲੈ।
ਖੇਤੀਬਾੜੀ ਯੂਨੀਵਰਸਿਟੀ ਦੀ
ਟੀਮ ਪਿੰਡ 'ਚ ਆਊ,
ਬਹਿ ਜਾ-ਬਹਿ ਜਾ ਹੋ ਜੂ।
ਕੋਈ ਵੀ ਕਿਰਤੀ ਕਰ ਲੈ,
ਓ ਤੇਰਾ ਫੈਦਾ ਹੋ ਜੂ।
ਗਰੀਨ ਹਾਊਸ ਬਣਾ ਲੈ,
ਓ ਤੇਰਾ ਫੈਦਾ ਹੋ ਜੂ।

ਸਹਾਇਕ ਧੰਦੇ ਕਰਨੇ ਪੈਣੇ,
ਜਿਣਸਾਂ ਦੇ ਭਾਅ ਨੇ ਮਾੜੇ।
ਨੌਕਰੀਆਂ 'ਤੇ ਬੈਨ ਲੱਗਦਾ ਜਾਂਦਾ,
ਕੀ ਕਰਨਗੇ ਪਾੜ੍ਹੇ।
ਜੇ ਨਸ਼ਿਆਂ ਦੇ ਰਾਹ 'ਤੇ ਪੈ ਗਏ,
ਫਿਰ ਸਮਝੋ ਮੁਰਦਾ ਕੱਫਣ ਫਾੜੇ।
ਸੱਚੀਆਂ ਗੱਲਾਂ ਕਹਿ ਹੋ ਜਾਂਦੀਆਂ,
ਲਗਦੇ ਬੋਲ ਕਰਾਰੇ।
ਸਰਕਾਰ ਕਹਿੰਦੀ ਚੰਗੇ ਦਿਨ ਆ ਗਏ,
ਲੱਗਦੇ ਅੱਗੇ ਨਾਲੋਂ ਵੀ ਮਾੜੇ।
ਜੇ ਹਵਾ ਏਦਾਂ ਰਹੀ,
ਤਾਂ ਫਿਰ ਕੀ ਪਿਛੇ ਰਹਿ ਜੂ।
ਕੋਈ ਵੀ ਕਿਰਤੀ ਕਰ ਲੈ,
ਓ ਤੇਰਾ ਫੈਦਾ ਹੋ ਜੂ।
ਗਰੀਨ ਹਾਊਸ ਬਣਾ ਲੈ,
ਉਹ ਤੇਰਾ ਫੈਦਾ ਹੋ ਜੂ।

*-ਡਾ. ਚਰਨਜੀਤ ਸਿੰਘ ਪੰਨੂ*
*ਫੋਨ: 408-646-3597*

---

## ਜੱਟ ਨੂੰ

ਕੁੜਮਾਚਾਰੀ ਦਾ ਨੱਕ ਵਢਾ ਦੇਵਣ,
ਨੀਤਾਂ ਖੋਟੀਆਂ ਗਹਿਣੇ ਜੋ ਘੜਨ ਜੱਟਾ।
ਤੜਕੇ ਤੁਰਦੇ ਨੇ ਚਿੱਟੇ ਦੀ ਲਾ ਚੂੰਢੀ,
ਚੋਬਰ ਸ਼ਾਮ ਨੂੰ ਠੇਕੇ ਖੜ੍ਹਨ ਜੱਟਾ।
ਲਹੂ ਪੀਂਵਦੀ ਵਹੀ ਆੜ੍ਹਤੀ ਦੀ,
ਹੱਡ ਛਿਮਾਹੀ 'ਤੇ ਹਿਸਾਬ ਤੋਂ ਰੜ੍ਹਨ ਜੱਟਾ।
ਮਿਸਲ ਫਸਲੀ ਖਰਾਬੇ ਦੀ ਗਈ ਬਦਲੀ,
ਪਟਵਾਰਖਾਨੇ 'ਚ ਫਾਈਲਾਂ ਸੜਨ ਜੱਟਾ।
ਨਕਲੀ ਵੇਚੀ ਜਾਂਦੇ ਜੋ ਬੀਜ-ਖਾਦਾਂ,
ਵਿਚ ਜੇਲ੍ਹਾਂ ਦੇ ਕਿਉਂ ਨਾ ਸੜਨ ਜੱਟਾ?
ਲੁੱਟਣ ਵਾਸਤੇ ਨੇਤਾ, ਦਲਾਲ, ਅਫਸਰ,
ਘੇਰਾ ਢੇਰੀ ਦਾ ਘੱਤ ਕੇ ਖੜ੍ਹਨ ਜੱਟਾ।
ਮਿਲਦੀ ਹੱਟੀ 'ਚ ਹਰ ਇਕ ਚੀਜ਼ ਨਕਲੀ,
ਕੌਣ ਪਾਊਗਾ ਇਨ੍ਹਾਂ ਨੂੰ ਫੜਨ ਜੱਟਾ।
ਕਾਰਖਾਨੇਦਾਰ ਜ਼ਹਿਰ ਘੋਲਣ ਜਲ ਅੰਦਰ,
ਦੋਸ਼ ਪ੍ਰਦੂਸ਼ਣ ਦਾ ਸਾਡੇ 'ਤੇ ਮੜ੍ਹਨ ਜੱਟਾ।
'ਗਿੱਲ' ਖਿਸਕ ਜਾ ਅਮੀਰ ਮੁਲਕ ਓਸੇ,
ਡਾਲਰ, ਪੌਂਡ, ਯੂਰੋ ਜਿਥੇ ਝੜਨ ਜੱਟਾ।

*-ਜੁਗਰਾਜ ਗਿੱਲ ਅਬੋਹਰਵੀ*
*ਫੋਨ: 704-257-6693*

## ਸੰਪਾਦਕ ਦੀ ਡਾਕ

### ਬੰਦਾ 'ਬੰਦੇ ਦਾ ਪੁੱਤ' ਕਦੋਂ ਬਣੂੰ

**ਸੰਪਾਦਕ ਜੀ,**

ਪੰਜਾਬ ਟਾਈਮਜ਼ ਦੇ 17 ਫਰਵਰੀ ਦੇ ਅੰਕ ਵਿਚ ਸੁਖਮਿੰਦਰ ਸਿੰਘ ਸੇਖੋਂ ਦਾ ਲੇਖ "ਬੰਦਾ 'ਬੰਦੇ ਦਾ ਪੁੱਤ' ਕਦੋਂ ਬਣੂੰ" ਪੜ੍ਹਿਆ। ਅੱਜ ਕੱਲ੍ਹ ਇਨਸਾਨੀਅਤ ਦਾ ਕਾਲ ਪੈ ਰਿਹਾ ਹੈ ਅਤੇ ਅਜੇ ਵੀ ਚੰਗੇ ਮਨੁੱਖ ਸਮਾਜ ਵਿਚ ਪਾਏ ਜਾਂਦੇ ਹਨ ਭਾਵ ਮਨੁੱਖਤਾ ਦੀ ਗੱਲ ਕਰਦੇ ਹਨ। ਇਸੇ ਤਰ੍ਹਾਂ ਲੇਖਕ ਨੇ ਬਹੁਤ ਵਧੀਆ ਨੁਕਤਾ ਉਠਾਇਆ ਹੈ ਕਿ ਮਨੁੱਖ ਬੰਦਾ ਕਦੋਂ ਬਣੂ, ਭਾਵ ਬੰਦਾ ਦੇਖਣ ਨੂੰ ਤਾਂ ਮਨੁੱਖ ਲੱਗਦਾ ਹੈ ਪਰ ਮਨੁੱਖ ਦੇ ਕੰਮ ਪਸ਼ੂਆਂ ਵਾਲੇ ਹਨ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥"

ਇਨਸਾਨ ਹੋਣਾ ਬਹੁਤ ਦੂਰ ਦੀ ਗੱਲ ਹੈ, ਵਧੀਆ ਡਾਕਟਰ, ਅਧਿਆਪਕ, ਗਾਇਕ ਹੋਣਾ ਹੋਰ ਗੱਲ ਹੈ ਪਰ ਚੰਗੇ ਮਨੁੱਖ ਹੋਣਾ ਹੋਰ। ਪਿਆਰ, ਪੈਸਾ, ਵਿਦਿਆ, ਜ਼ਿੰਦਗੀ, ਸ਼ਖਸੀਅਤ, ਕਿਰਦਾਰ, ਇਨਸਾਨੀਅਤ ਅਤੇ ਰੂਹਾਨੀਅਤ ਵੱਖ ਵੱਖ ਪਹਿਲੂ ਹਨ।

*-ਮਾਸਟਰ ਨਿਰਮਲ ਸਿੰਘ ਲਾਲੀ*

# ਅੱਖੀਂ ਡਿੱਠੇ ਸੁਖਦੇਵ, ਭਗਤ ਸਿੰਘ ਅਤੇ ਭਗਵਤੀ ਚਰਨ

***ਸ਼ਹੀਦ ਸੁਖਦੇਵ ਦੇ ਛੋਟੇ ਭਰਾ ਮਥਰਾ ਦਾਸ ਥਾਪਰ ਨੇ ਇਨਕਲਾਬੀਆਂ ਦੀ ਜੱਦੋਜਹਿਦ ਨੂੰ ਬਹੁਤ ਨੇੜਿਓਂ ਦੇਖਿਆ। ਮਹਾਨ ਦੇਸ਼ ਭਗਤਾਂ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਸਾਂਝੀਆਂ ਕਰਦੀ ਇਹ ਰਚਨਾ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲਿਖਤ ਵਿਚ ਇਨ੍ਹਾਂ ਨੌਜਵਾਨਾਂ ਅੰਦਰ ਠਾਠਾਂ ਮਾਰਦੇ ਕੌਮੀ ਜਜ਼ਬੇ ਦੀਆਂ ਝਲਕਾਂ ਪੈਂਦੀਆਂ ਹਨ। -ਸੰਪਾਦਕ***



**ਮਥਰਾ ਦਾਸ ਥਾਪਰ**

ਉਦੋਂ ਮੈਂ ਲਾਹੌਰ ਵਿਚ ਰਹਿ ਰਿਹਾ ਸਾਂ ਤੇ ਮੈਨੂੰ ਟੈਕਨੀਕਲ ਇੰਸਟੀਚਿਊਟ ਵਿਚ ਦਾਖਲ ਕਰਾਉਣ ਤੋਂ ਬਾਅਦ ਭਾਈ ਸਾਹਿਬ (ਸੁਖਦੇਵ) ਨੇ ਹੋਸਟਲ ਛੱਡ ਦਿੱਤਾ ਸੀ ਅਤੇ ਅਸੀਂ ਦੋਵੇਂ ਕਿਰਾਏ ਦੇ ਮਕਾਨ ਵਿਚ ਰਹਿਣ ਲੱਗੇ ਜਿਥੇ ਭਗਵਤੀ ਭਾਈ ਵੀ ਅਕਸਰ ਸਾਡੇ ਕੋਲ ਆ ਧਮਕਦੇ ਸੀ ਤੇ ਭਗਤ ਸਿੰਘ ਭਾਈ ਸਾਹਿਬ ਨਾਲ ਵੀ ਰੋਜ਼ ਹੀ ਮੇਲ ਹੁੰਦਾ ਸੀ, ਇਹ ਤਿੰਨੇ ਯਾਰ 'ਤਿੱਕੜੀ' ਵਜੋਂ ਮਸ਼ਹੂਰ ਸਨ।

ਦਸੰਬਰ 1927 ਦਾ ਕੋਈ ਦਿਨ, ਸਵੇਰ ਦਾ ਵੇਲਾ, ਮੈਂ ਹੌਲੀ ਹੌਲੀ ਡਾਇਮੰਡ ਜੁਬਲੀ ਟੈਕਨੀਕਲ ਇੰਸਟੀਚਿਊਟ ਵੱਲ ਜਾ ਰਿਹਾ ਸਾਂ, ਤਦੇ ਟਾਹਰਾਂ ਮਾਰਦਾ ਹੋਇਆ ਹਾਕਰ ਉਥੋਂ ਲੰਘਿਆ- 'ਕਾਕੋਰੀ ਕੇਸ ਵਿਚ ਕ੍ਰਾਂਤੀਕਾਰੀਆਂ ਨੂੰ ਫਾਂਸੀ!'

ਉਹ ਤਾਂ ਹੋਕਾ ਦਿੰਦਾ ਦੂਰ ਨਿਕਲ ਗਿਆ, ਪਰ ਮੇਰੇ ਕਦਮ ਉਥੇ ਹੀ ਰੁਕ ਗਏ, ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗ ਪਿਆ, ਮਨ ਉਚਾਟ ਹੋ ਗਿਆ ਅਤੇ ਅੱਖਾਂ 'ਚੋਂ ਹੰਝੂ ਵਹਿ ਤੁਰੇ। ਮੈਂ ਤੈਅ ਕਰ ਲਿਆ ਕਿ ਅੱਜ ਮੈਂ ਇੰਸਟੀਚਿਊਟ ਨਹੀਂ ਜਾਵਾਂਗਾ, ਪੂਰਾ ਦਿਨ ਮੌਨ ਰਹਿ ਕੇ ਸੋਗ ਮਨਾਵਾਂਗਾ। ਸੋ, ਮੈਂ ਉਲਟੇ ਪੈਰੀਂ ਪਰਤ ਆਇਆ।

ਬੋਝਲ ਮਨ ਨਾਲ ਹੌਲੀ ਹੌਲੀ ਪੌੜੀਆਂ ਚੜ੍ਹਦਿਆਂ ਉਪਰ ਚਲਾ ਗਿਆ। ਚੁਬਾਰੇ ਦਾ ਦਰਵਾਜ਼ਾ ਖੁੱਲ੍ਹਾ ਹੀ ਸੀ, ਜ਼ਮੀਨ 'ਤੇ ਦਰੀ ਵਿਛੀ ਹੋਈ ਸੀ। ਭਾਈ ਸਾਹਿਬ ਸੁਖਦੇਵ, ਭਗਤ ਸਿੰਘ ਅਤੇ ਭਗਵਤੀ ਚਰਨ ਗੁੰਮ-ਸੁੰਮ ਬੈਠੇ ਸਨ। ਮੈਂ ਇਕ ਪਲ ਰੁਕਿਆ ਅਤੇ ਉਨ੍ਹਾਂ ਵੱਲ ਦੇਖਦਾ ਰਿਹਾ।

ਭਾਈ ਸਾਹਿਬ ਨੇ ਧੌਣ ਚੁੱਕੀ ਅਤੇ ਬੋਲੇ, "ਮਥਰੇ, ਤੂੰ ਤਾਂ ਇੰਸਟੀਚਿਊਟ ਗਿਆ ਸੀ, ਵਾਪਸ ਕਿਉਂ ਆ ਗਿਆ?"

"ਸਾਰਾ ਦੇਸ਼ ਰੋ ਕੁਰਲਾ ਰਿਹੈ ਵੀਰ ਜੀ, ਸਾਰੇ ਲੋਕੀ ਕੰਮ-ਕਾਰ ਛੱਡੀ ਬੈਠੇ ਨੇ, ਫਿਰ ਮੈਂ ਕਿਵੇਂ ਪੜ੍ਹਾਈ ਕਰਨ ਜਾਂਦਾ?" ਮੈਂ ਭਰੀ ਹੋਈ ਆਵਾਜ਼ 'ਚ ਜਵਾਬ ਦਿੱਤਾ।

"ਤੂੰ ਛੱਡ ਪਰ੍ਹਾਂ ਇਨ੍ਹਾਂ ਗੱਲਾਂ ਨੂੰ ਅਤੇ ਆਪਣਾ ਕੰਮ ਵੇਖ। ਅਸੀਂ ਹੀ ਬਥੇਰੇ ਹਾਂ ਦੁੱਖ ਝੱਲਣ ਲਈ।" ਉਨ੍ਹਾਂ ਖਿਝ ਕੇ ਕਿਹਾ।

ਤਦ ਮੈਂ ਸਮਝਿਆ ਕਿ ਮੇਰੇ ਕਲਾਸ ਛੱਡਣ ਕਰ ਕੇ ਉਹ ਨਾਰਾਜ਼ ਹਨ ਅਤੇ ਸਦਾ ਵਾਂਗ ਉਨ੍ਹਾਂ ਨੂੰ ਮੇਰੀ ਪੜ੍ਹਾਈ ਦੀ ਚਿੰਤਾ ਸਤਾ ਰਹੀ ਹੈ। ਮੈਂ ਕੁਝ ਨਾ ਬੋਲਿਆ ਤੇ ਚੁੱਪ-ਚਾਪ ਆਪਣੇ ਕਮਰੇ ਵਿਚ ਚਾਦਰ ਲੈ ਕੇ ਪੈ ਗਿਆ ਸਾਂ। ਕਾਸ਼! ਜੇ ਉਸੇ ਦਿਨ ਹੀ ਉਨ੍ਹਾਂ ਦੇ ਇਸ ਕਥਨ ਦਾ ਮੁੱਲ ਪਾਇਆ ਹੁੰਦਾ ਕਿ 'ਦੁੱਖ ਝੱਲਣ ਲਈ ਅਸੀਂ ਹੀ ਬਥੇਰੇ ਹਾਂ' ਤਾਂ ਸ਼ਾਇਦ ਮੇਰੇ ਲਈ ਫਾਇਦੇਮੰਦ ਹੀ ਹੁੰਦਾ।

ਦੁਪਹਿਰ ਤਕ ਮੈਂ ਬਿਸਤਰੇ ਵਿਚ ਹੀ ਪਿਆ ਰਿਹਾ ਅਤੇ ਪਾਸੇ ਮਾਰਦਾ ਰਿਹਾ। ਕਾਫ਼ੀ ਜ਼ਿਆਦਾ ਭੁੱਖ ਸਤਾਉਣ ਲੱਗੀ ਤਾਂ ਉਠਿਆ ਅਤੇ ਬਾਹਰ ਨਿਕਲ ਤੁਰਿਆ। ਦੇਖਿਆ ਕਿ ਚੁਬਾਰੇ ਵਿਚ ਤਿੰਨੇ ਦੋਸਤ ਉਸੇ ਤਰ੍ਹਾਂ ਗੁੰਮ-ਸੁੰਮ ਬੈਠੇ ਸੀ ਅਤੇ ਅਖ਼ਬਾਰ ਦੇ ਵਰਕੇ ਇਧਰ-ਉਧਰ ਖਿਲਰੇ ਪਏ ਸਨ।

"ਖਾਣਾ ਖਾਣ ਨਹੀਂ ਚੱਲੋਗੇ?" ਮੈਂ ਭਾਈ ਸਾਹਿਬ ਨੂੰ ਪੁੱਛਿਆ। ਜਵਾਬ ਮਿਲਿਆ, "ਨਹੀਂ, ਤੂੰ ਚਲਾ ਜਾ।"

"ਤੁਸੀਂ ਕਹੋ ਤਾਂ ਮੈਂ ਹੇਠਲੇ ਹੋਟਲ ਤੋਂ ਤੁਹਾਡੇ ਲਈ ਵੀ ਰੋਟੀ-ਪਾਣੀ ਲਿਆ ਦੇਨਾ?"

"ਨਹੀਂ, ਕਹਿ ਦਿੱਤੈ ਜੁ ਤੈਨੂੰ, ਤੂੰ ਜਾਹ।" ਉਹ ਫਿਰ ਖਿਝ ਕੇ ਬੋਲੇ।

ਮੈਂ ਸੋਚਿਆ, ਉਨ੍ਹਾਂ ਦੀ ਨਾਰਾਜ਼ਗੀ ਅਜੇ ਗਈ ਨਹੀਂ। ਸੋ, ਚੁੱਪ-ਚਾਪ ਪੌੜੀਆਂ ਉਤਰ ਕੇ ਸਾਈਕਲ ਚੁੱਕਿਆ ਤੇ ਮੋਹਨ ਲਾਲ ਰੋਡ ਦੇ ਮੋੜ 'ਤੇ ਸਾਥੀ ਰਾਮਕਿਸ਼ਨ ਦੇ ਹੋਟਲ 'ਤੇ ਚਲਾ ਗਿਆ, ਪਰ ਉਥੇ ਵੀ ਉਦੋਂ ਰੋਜ਼ ਵਾਂਗ ਭੀੜ-ਭਾੜ ਨਹੀਂ ਸੀ। ਜਿੰਨੇ ਲੋਕ ਸਨ ਵੀ, ਉਹ ਚੁੱਪ-ਚਾਪ ਹੀ ਬੈਠੇ ਸਨ। ਖਾਣੇ ਦੀ ਥਾਂ ਚਾਹ ਪਾਣੀ ਹੀ ਚੱਲ ਰਿਹਾ ਸੀ। ਕਾਊਂਟਰ 'ਤੇ ਸਾਥੀ ਰਾਮਕਿਸ਼ਨ ਵੀ ਮੂੰਹ ਲਮਕਾਈ ਬੈਠਾ ਸੀ। ਬੇਇੰਤਹਾ ਗ਼ਮ ਅਤੇ ਖ਼ੁਸ਼ੀ ਵਿਚ ਲੋਕ ਕਿਸ ਤਰ੍ਹਾਂ ਇਕਜੁਟ ਹੋ ਜਾਂਦੇ ਹਨ, ਮੈਨੂੰ ਉਸ ਦਿਨ ਮਹਿਸੂਸ ਹੋਇਆ। ਪੰਡਿਤ ਰਾਮਪ੍ਰਸਾਦ ਬਿਸਮਿਲ, ਅਸ਼ਫਾਕ ਉੱਲਾ ਅਤੇ ਰੌਸ਼ਨ ਸਿੰਘ 19 ਦਸੰਬਰ 1927 ਨੂੰ ਅਤੇ ਰਾਜੇਂਦਰ ਨਾਥ ਲਹਿੜੀ 17 ਦਸੰਬਰ 1927 ਨੂੰ ਫਾਂਸੀ 'ਤੇ ਲਟਕਾ ਦਿੱਤੇ ਜਾਣ ਕਰ ਕੇ ਸਾਰੇ ਇਹ ਸਾਂਝਾ ਸੰਤਾਪ ਭੋਗ ਰਹੇ ਸਨ। ਭੁੱਖ ਬਹੁਤ ਜ਼ਿਆਦਾ ਲੱਗੀ ਹੋਈ ਸੀ, ਪਰ ਮੈਨੂੰ ਨਾ ਤਾਂ ਖਾਣਾ ਸੁੱਝਿਆ ਤੇ ਨਾ ਹੀ ਸਾਥੀ ਰਾਮਕਿਸ਼ਨ ਨੂੰ ਇਸ ਲਈ ਕਹਿਣਾ ਠੀਕ ਸਮਝਿਆ। ਮੈਂ ਪਾਣੀ ਦਾ ਗਿਲਾਸ ਪੀ ਕੇ ਉਸ ਨੂੰ ਨਮਸਕਾਰ ਆਖ ਸਾਈਕਲ ਚੁਕ ਕੇ ਚਲਾ ਆਇਆ।

ਨੈਸ਼ਨਲ ਕਾਲਜ ਦੇ ਵਿਦਿਆਰਥੀ ਹੁੰਦਿਆਂ ਸੁਖਦੇਵ ਭਾਈ ਸਾਹਿਬ ਸ਼ੀਸ਼ ਮਹਿਲ ਹੋਸਟਲ ਵਿਚ ਸਰਦਾਰ ਭੰਡਾ ਸਿੰਘ ਉਰਫ਼ ਜਸਵੰਤ ਸਿੰਘ ਨਾਲ ਰਿਹਾ ਕਰਦੇ ਸੀ। ਮੈਂ ਲਾਇਲਪੁਰੋਂ ਕਦੇ ਕਦੇ ਲਾਹੌਰ ਆਉਂਦਾ ਤਾਂ ਉਨ੍ਹਾਂ ਕੋਲ ਹੀ ਠਹਿਰਦਾ ਅਤੇ ਉਨ੍ਹਾਂ ਨਾਲ ਮੈੱਸ ਵਿਚ ਖਾਣਾ ਖਾਂਦਾ ਹੁੰਦਾ ਸਾਂ।

ਉਨ੍ਹਾਂ ਦਿਨਾਂ 'ਚ ਵਿਦਿਆਰਥੀਆਂ ਵਿਚ ਜਾਦੂਈ ਲਾਲਟੈਣ ਦੀ ਧੁੰਮ ਪਈ ਹੋਈ ਸੀ ਜੋ ਇਕ ਤਰ੍ਹਾਂ ਦਾ ਪ੍ਰੋਜੈਕਟਰ ਸੀ ਜਿਸ ਦੁਆਰਾ ਸਲਾਈਡਾਂ ਦਿਖਾਈਆਂ ਜਾਂਦੀਆਂ ਸਨ ਤੇ ਜਿਨ੍ਹਾਂ ਦੀ ਕਥਾ ਕੁਮੈਂਟਰੀ ਵਾਂਗ ਭਗਵਤੀ ਚਰਨ ਨਾਲ ਨਾਲ ਬੋਲੀ ਜਾਂਦੇ ਸਨ। ਕਦੇ ਕਦੇ ਇਹ ਕਾਰਜ ਭਗਤ ਸਿੰਘ ਵੀ ਕਰਦੇ। ਉਹ ਸਲਾਈਡਾਂ ਅੰਗਰੇਜ਼ਾਂ ਦੇ ਅੱਤਿਆਚਾਰਾਂ ਦੀਆਂ ਮੂੰਹੋਂ ਬੋਲਦੀਆਂ ਝਾਕੀਆਂ ਹੁੰਦੀਆਂ ਸਨ। ਜਦੋਂ ਭਗਵਤੀ ਚਰਨ ਅਜਿਹੇ ਭਿਆਨਕ ਅਤੇ ਦਿਲ ਦਹਿਲਾ ਦੇਣ ਵਾਲੇ ਦ੍ਰਿਸ਼ਾਂ ਦੀ ਕੁਮੈਂਟਰੀ ਕਰਦੇ ਤਾਂ ਦੇਖਣ-ਸੁਣਨ ਵਾਲਾ ਤੜਫ਼ ਉਠਦਾ ਸੀ, ਸਕੂਲਾਂ-ਕਾਲਜਾਂ ਦੇ ਵਿਦਿਆਰਥੀ ਭੜਕ ਉਠਦੇ, ਭਾਵੁਕ ਵਿਦਿਆਰਥੀ ਰੋ ਪੈਂਦੇ ਤੇ ਜੋਸ਼ੀਲੇ ਮੁੰਡੇ ਤੈਸ਼ ਵਿਚ ਆ ਕੇ ਨਾਹਰੇ ਮਾਰਨ ਲੱਗ ਜਾਂਦੇ ਸਨ।

ਇਕ ਵਾਰ ਮੈਂ ਲਾਹੌਰ ਆ ਕੇ ਭਾਈ ਸਾਹਿਬ ਕੋਲ ਠਹਿਰਿਆ ਸੀ ਤਾਂ ਉਨ੍ਹਾਂ ਮੈਨੂੰ ਬਰੈਡਲਾ ਹਾਲ ਦੇ ਖੁੱਲ੍ਹੇ ਮੈਦਾਨ ਵਿਚ ਅਜਿਹਾ ਪ੍ਰੋਗਰਾਮ ਦਿਖਾਇਆ ਤਾਂ ਮੈਂ ਸਮਝਿਆ ਕਿ ਲੋਕ ਲਹਿਰਾਂ ਤੋਂ ਅੰਗਰੇਜ਼ ਸਰਕਾਰ ਕਿੰਨੀ ਬੁਖਲਾਈ ਹੋਈ ਹੈ? ਦੇਸ਼ ਦੇ ਅਨੇਕਾਂ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ 'ਚ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਨੇ ਮੈਨੂੰ ਦੁਖ ਸੰਤਾਪ ਦੇ ਅਥਾਹ ਸਾਗਰ ਵਿਚ ਡਬੋ ਦਿੱਤਾ। ਉਸ ਦਿਨ ਭਗਵਤੀ ਚਰਨ ਵੋਹਰਾ ਨੂੰ ਮੈਂ ਪਹਿਲੀ ਵਾਰ ਚੰਗੀ ਤਰ੍ਹਾਂ ਵੇਖਿਆ ਸੀ। ਅੱਖਾਂ 'ਤੇ ਚਸ਼ਮਾ ਅਤੇ ਕੁੜਤਾ ਪਜਾਮਾ ਪਾਈ ਇਹ ਉੱਚਾ ਲੰਮਾ ਰਿਸ਼ਟ-ਪੁਸ਼ਟ ਨੌਜਵਾਨ ਮੇਰੇ ਸਾਹਮਣੇ ਖੜ੍ਹਾ ਸੀ। ਉਸ ਦੇ ਚਿਹਰੇ 'ਤੇ ਗੰਭੀਰਤਾ ਅਤੇ ਮਾਸੂਮੀਅਤ ਨਾਲ ਨਾਲ ਝਲਕ ਰਹੀ ਸੀ। ਮੈਨੂੰ ਪਛਾਣਦਿਆਂ ਹੀ ਮੇਰੇ ਕੋਲ ਆ ਕੇ ਉਨ੍ਹਾਂ ਨੇ ਬੜੇ ਤਪਾਕ ਨਾਲ ਆ ਗਲਵਕੜੀ ਪਾਈ ਸੀ। ਉਸ ਦਿਨ ਉਨ੍ਹਾਂ ਨੇ ਕਿਹਾ ਸੀ, "ਤੂੰ ਪੜ੍ਹ ਰਿਹੈਂ ਤਾਂ ਖੂਬ ਪੜ੍ਹ। ਆਜ਼ਾਦੀ ਮਿਲਣ 'ਤੇ ਦੇਸ਼ ਨੂੰ ਪੜ੍ਹੇ-ਲਿਖੇ ਦੇਸੀ ਲੋਕਾਂ ਦੀ ਜ਼ਰੂਰਤ ਪਵੇਗੀ। ਜੇ ਅਸੀਂ ਸਾਰੇ ਹੀ ਆਜ਼ਾਦੀ ਦੀ ਸੰਗਰਾਮ ਵਿਚ ਉਲਝ ਗਏ ਤਾਂ ਬਾਅਦ ਵਿਚ ਅਸੀਂ ਕੀ ਕਰਾਂਗੇ?"

ਸੁਖਦੇਵ ਵੀਰ ਦੇ ਦੋਸਤਾਂ ਅੱਗੇ ਮੈਂ ਕਦੇ ਨਹੀਂ ਸਾਂ ਬੋਲਦਾ। ਮੈਂ ਉਨ੍ਹਾਂ ਦਾ ਬੇਹੱਦ ਸਤਿਕਾਰ ਕਰਦਾ ਸਾਂ। ਇਸ ਲਈ ਭਗਵਤੀ ਚਰਨ ਦੀ ਗੱਲ ਚੁੱਪ-ਚਾਪ ਸੁਣ ਲਈ ਤੇ ਬੋਲਿਆ ਕੁਝ ਨਹੀਂ। ਭਗਵਤੀ ਚਰਨ ਜਦੋਂ ਰਾਵੀ ਕੰਢੇ ਬੰਬ ਅਜ਼ਮਾਇਸ਼ ਦੌਰਾਨ 28 ਮਈ 1930 ਨੂੰ ਸ਼ਹੀਦ ਹੋ ਗਏ ਤਾਂ ਮੈਂ ਜ਼ਾਰੋ-ਜ਼ਾਰ ਰੋਇਆ। ਵਾਰ ਵਾਰ ਮੇਰੇ ਮਨ-ਮਸਤਕ ਵਿਚ ਉਨ੍ਹਾਂ ਦਾ ਉਹੀ ਕਥਨ ਗੂੰਜਦਾ- 'ਜੇ ਸਾਰੇ ਆਜ਼ਾਦੀ ਦੀ ਲੜਾਈ ਵਿਚ ਉਲਝ ਗਏ ਤਾਂ ਬਾਅਦ ਵਿਚ ਅਸੀਂ ਕੀ ਕਰਾਂਗੇ?' ਆਜ਼ਾਦੀ ਦਾ ਵੀ ਇੰਤਜ਼ਾਰ ਨਹੀਂ ਕਰ ਸਕੇ ਭਗਵਤੀ ਚਰਨ ਭਾਈ, ਇਹ ਵੀ ਦੇਖ ਨਹੀਂ ਸਕੇ ਕਿ ਜਿਸ ਨੂੰ ਉਨ੍ਹਾਂ ਖੂਬ ਪੜ੍ਹਨ ਲਈ ਕਿਹਾ ਸੀ, ਉਹ ਇੰਜੀਨੀਅਰ ਬਣ ਗਿਐ। ਮੈਂ ਸੁਣਿਆ ਕਿ ਉਨ੍ਹਾਂ ਦਾ ਬੇਟਾ ਸ਼ਚੀ ਵੀ ਇੰਜੀਨੀਅਰ ਬਣ ਚੁੱਕਾ ਹੈ।

ਇਕ ਦਿਨ ਲਾਹੌਰ ਦੇ ਸਾਰੇ ਅਖ਼ਬਾਰਾਂ 'ਚ ਦਿਲ ਟੁੰਬਣ ਵਾਲੀ ਖ਼ਬਰ ਛਪੀ ਕਿ ਕਾਲਜ ਦੀਆਂ ਲੜਕੀਆਂ ਨੇ ਆਪਣੇ ਹੋਸਟਲ ਸੁਪਰਡੈਂਟ ਕੋਲ ਸ਼ਿਕਾਇਤ ਕੀਤੀ ਸੀ ਕਿ ਲਾਰੈਂਸ ਗਾਰਡਨ ਕੋਲੋਂ ਲੰਘਦਿਆਂ ਗੋਰੇ ਫ਼ੌਜੀ ਉਨ੍ਹਾਂ ਨਾਲ ਅਸ਼ਲੀਲ ਹਰਕਤਾਂ ਕਰਦੇ ਹਨ ਤੇ ਉਹ ਉਨ੍ਹਾਂ ਤੋਂ ਬਹੁਤ ਤੰਗ ਆ ਚੁੱਕੀਆਂ ਹਨ, ਤੇ ਇਸ ਨੂੰ ਤੁਰੰਤ ਰੁਕਵਾਇਆ ਜਾਣਾ ਚਾਹੀਦਾ ਹੈ। ਮੈਂ ਜਦੋਂ ਇਹ ਖ਼ਬਰ ਪੜ੍ਹੀ ਸੀ ਤਾਂ ਮੇਰਾ ਮਨ ਬਹੁਤ ਹੀ ਉਚਾਟ ਹੋਇਆ ਸੀ।

ਮੈਂ ਸਵੇਰੇ ਪੜ੍ਹਦਿਆਂ ਸਾਰ ਸੁਖਦੇਵ ਭਾਈ ਸਾਹਿਬ ਨੂੰ ਕਿਹਾ ਸੀ, "ਇਹ ਤਾਂ ਫ਼ੌਜੀ ਅਨੁਸ਼ਾਸਨ ਦੀ ਘੋਰ ਉਲੰਘਣਾ ਹੈ। ਬਿਨਾਂ ਇਜਾਜ਼ਤ ਲਏ ਇਹ ਲੋਕ ਜਨਤਕ ਥਾਈਂ ਕਿਵੇਂ ਤੁਰੇ ਫਿਰਦੇ ਹਨ।"

"ਉਹ ਅੰਗਰੇਜ਼ ਹਨ, ਉਨ੍ਹਾਂ ਨੂੰ ਇਸ ਗੱਲ ਦਾ ਘੁਮੰਡ ਹੈ ਕਿ ਉਹ ਇਸ ਦੇਸ਼ 'ਤੇ ਰਾਜ ਕਰ ਰਹੇ ਹਨ।" ਉਨ੍ਹਾਂ ਦਾ ਦੋ-ਟੁਕ ਜੁਆਬ ਸੀ।

"ਉਨ੍ਹਾਂ ਦਾ ਨਸ਼ਾ ਕਦੋਂ ਉਤਰੇਗਾ ਭਾਈ ਸਾਹਿਬ?" ਮੈਂ ਪੁੱਛਿਆ।

"ਤੂੰ ਆਪਣਾ ਕੰਮ ਸਾਂਭ। ਤੈਨੂੰ ਕਿੰਨੀ ਵਾਰ ਕਿਹੈ ਕਿ ਇਨ੍ਹਾਂ ਗੱਲਾਂ 'ਤੇ ਸਿਰ ਨਾ ਖਪਾਇਆ ਕਰ।" ਉਨ੍ਹਾਂ ਕਿਹਾ ਤੇ ਸਾਈਕਲ ਲੈ ਕੇ ਕਿਧਰੇ ਚਲੇ ਗਏ।

ਉਸੇ ਦਿਨ ਸ਼ਾਮ ਭਗਵਤੀ ਚਰਨ ਅਤੇ ਭਗਤ ਸਿੰਘ ਹੁਰੀਂ ਆ ਗਏ। ਉਦੋਂ ਮੈਂ ਆਪਣੀ ਪੜ੍ਹਾਈ ਦੇ ਨੋਟਸ ਤਿਆਰ ਕਰ ਰਿਹਾ ਸਾਂ।

"ਓ ਮਥਰਿਆ, ਸੁਖਦੇਵ ਕਿਥੇ ਐ?" ਭਗਤ ਸਿੰਘ ਨੇ ਪੁੱਛਿਆ।

"ਪਤਾ ਨਹੀਂ, ਸਵੇਰ ਦੇ ਗਏ ਹੋਏ ਨੇ।"

ਉਹ ਦੋਵੇਂ ਬੈਠਕ ਵਿਚ ਚਲੇ ਗਏ ਅਤੇ ਉਚੀ ਉਚੀ ਉਸ ਦਿਨ ਦੀਆਂ ਖ਼ਬਰਾਂ ਦੀ ਚਰਚਾ ਕਰਦੇ ਰਹੇ। ਜਦੋਂ ਭਾਈ ਸਾਹਿਬ ਆ ਗਏ ਤਾਂ ਉਨ੍ਹਾਂ ਵਿਚ ਕੁਝ ਘੁਸਰ-ਮੁਸਰ ਹੋਣ ਲੱਗੀ। ਥੋੜ੍ਹੀ ਦੇਰ ਬਾਅਦ ਤਿੰਨੇ ਹੀ ਕਿਤੇ ਚਲੇ ਗਏ।

ਚੌਥੇ ਦਿਨ ਦੇ ਅਖ਼ਬਾਰ ਇਕ ਹੋਰ ਸਨਸਨੀਖੇਜ਼ ਖ਼ਬਰ ਨਾਲ ਭਰੇ ਹੋਏ ਸਨ ਕਿ ਰਾਤੋ-ਰਾਤ ਕੁਝ ਅਣਪਛਾਤੇ ਮੁੰਡਿਆਂ ਨੇ ਉਨ੍ਹਾਂ ਗੋਰੇ ਫ਼ੌਜੀਆਂ ਨੂੰ ਮਾਰ ਮਾਰ ਕੇ ਅਧਮੋਏ ਕਰ ਦਿੱਤਾ ਹੈ, ਜੋ ਲਾਰੈਂਸ ਗਾਰਡਨ ਦੀਆਂ ਝਾੜੀਆਂ ਵਿਚ ਬੇਹੋਸ਼ ਪਏ ਹਨ; ਪੁਲਿਸ ਨੇ ਉਨ੍ਹਾਂ ਨੂੰ ਮੇਓ ਹਸਪਤਾਲ 'ਚ ਦਾਖਲ ਕਰਾ ਦਿੱਤਾ ਹੈ: ਡਾਕਟਰਾਂ ਨੇ ਰਿਪੋਰਟ ਵਿਚ ਲਿਖਿਆ ਹੈ ਕਿ ਉਹ ਸ਼ਰਾਬ ਦੇ ਨਸ਼ੇ ਵਿਚ ਧੁਤ ਸਨ; ਮਿਲਟਰੀ ਦੇ ਉਚ ਅਧਿਕਾਰੀਆਂ ਨੇ ਬੜੀ ਕੋਸ਼ਿਸ਼ ਕੀਤੀ ਕਿ ਡਾਕਟਰਾਂ ਦੀ ਰਿਪੋਰਟ ਅਤੇ ਪੁਲਿਸ ਦੀ ਕਾਰਵਾਈ ਦਬਾ ਦਿੱਤੀ ਜਾਵੇ, ਪਰ ਅਜਿਹਾ ਹੋ ਨਹੀਂ ਸਕਿਆ।

ਮਕਾਨ ਦੇ ਹੇਠਾਂ ਹਾਕਰ ਉਚੀ ਉਚੀ ਟਾਹਰਾਂ ਮਾਰ ਕੇ ਅਖ਼ਬਾਰ ਵੇਚ ਰਿਹਾ ਸੀ। ਭਾਈ ਸਾਹਿਬ ਨੇ ਮੈਨੂੰ ਹੇਠਾਂ ਅਖ਼ਬਾਰ ਲੈਣ ਲਈ ਭੇਜਿਆ ਅਤੇ ਮੈਂ ਅਖ਼ਬਾਰ ਲੈ ਆਇਆ। ਉਹ ਇਸ ਖ਼ਬਰ ਨੂੰ ਉਚੀ ਆਵਾਜ਼ ਵਿਚ ਪੜ੍ਹਨ ਲੱਗ ਪਏ ਅਤੇ ਜ਼ੋਰਦਾਰ ਠਹਾਕਾ ਮਾਰ ਕੇ ਬੋਲੇ, "ਦੇਖਿਆ ਈ ਮਥਰਿਆ, ਤੂੰ ਕਹਿੰਦਾ ਸੀ ਕਿ ਉਨ੍ਹਾਂ ਦਾ ਨਸ਼ਾ ਕਦੋਂ ਉਤਰੇਗਾ। ਲੈ ਉਤਰ ਗਿਆ ਈ ਨਾ ਨਸ਼ਾ। ਹੁਣ ਦੱਸ?" ਮੈਂ ਗੁੜਕਦਾ ਮੁਸਕਰਾਉਂਦਾ ਆਪਣੇ ਕਮਰੇ ਵਿਚ ਚਲਾ ਗਿਆ ਅਤੇ ਉਨ੍ਹਾਂ ਅਣਜਾਣ ਨੌਜਵਾਨਾਂ ਦੀ ਹਿੰਮਤ ਦੀ ਦਾਦ ਦੇਣ ਲੱਗ ਪਿਆ।

ਰਾਤ ਨੂੰ ਫਿਰ ਤਿਕੜੀ ਇਕੱਠੀ ਹੋਈ। ਤਿੰਨੇ ਸਾਥੀ ਚੜ੍ਹਦੀ ਕਲਾ 'ਚ ਸਨ ਅਤੇ ਹੱਸ ਰਹੇ ਸਨ। ਉਨ੍ਹਾਂ ਦੀਆਂ ਆਵਾਜ਼ਾਂ ਮੇਰੇ ਕੰਨਾਂ ਤਕ ਆ ਰਹੀਆਂ ਸਨ। ਸੁਣ ਸੁਣ ਕੇ ਮੈਂ ਗਦਗਦ ਹੋ ਰਿਹਾ ਸਾਂ। ਦਰਅਸਲ, ਉਨ੍ਹਾਂ ਤਿੰਨਾਂ ਅਤੇ ਉਨ੍ਹਾਂ ਦੇ ਸਾਥੀ ਸਵਾਮੀ ਦੇਸਰਾਜ ਨੇ ਹੀ ਰਾਤ ਦੇ ਹਨੇਰੇ ਵਿਚ ਗੋਰੇ ਸਿਪਾਹੀਆਂ ਨੂੰ ਕੁਟਾਪਾ ਚਾੜ੍ਹਿਆ ਸੀ। ਮੈਨੂੰ ਇਹ ਵੀ ਪਤਾ ਲੱਗਾ ਕਿ ਤਿੰਨ-ਚਾਰ ਦਿਨ ਪਹਿਲਾਂ ਤੋਂ ਉਹ ਲਾਰੈਂਸ ਗਾਰਡਨ ਦੀਆਂ ਝਾੜੀਆਂ ਵਿਚ ਲੁਕ-ਛਿਪ ਕੇ ਟੋਹ ਲੈਂਦੇ ਰਹੇ ਸਨ। ਲਾਹੌਰ ਅੰਦਰ ਥਾਂ ਪੁਰ ਥਾਂ ਇਹੀ ਚਰਚਾ ਦਾ ਮੁੱਖ ਵਿਸ਼ਾ ਬਣਿਆ ਹੋਇਆ ਸੀ। ਲੋਕ ਉਨ੍ਹਾਂ ਅਣਜਾਣ ਨੌਜਵਾਨਾਂ ਦੀ ਦਾਦ ਦੇ ਰਹੇ ਸਨ।



ਸੁਖਦੇਵ



ਭਗਤ ਸਿੰਘ



ਭਗਵਤੀ ਚਰਨ ਵੋਹਰਾ

ਮੈਂ ਆਪਣੀ ਪੜ੍ਹਾਈ ਮੁਕਾ ਕੇ ਸੈਨਿਟਰੀ ਡਿਪਾਰਟਮੈਂਟ ਵਿਚ ਚਲਾ ਗਿਆ ਸਾਂ। ਉਦੋਂ ਮੈਂ ਅਸਿਸਟੈਂਟ ਇੰਜਨੀਅਰ ਦੇ ਅਹੁਦੇ 'ਤੇ ਸਿਖਲਾਈ ਅਧੀਨ ਸਾਂ ਤੇ ਮੈਨੂੰ ਸੱਠ ਰੁਪਏ ਤਨਖਾਹ ਤੇ ਚਾਰ ਰੁਪਏ ਸਾਈਕਲ ਅਲਾਊਂਸ ਮਿਲਦਾ ਸੀ। ਪਹਿਲੀ ਤਨਖਾਹ ਮਿਲਣ 'ਤੇ ਮੈਂ ਚਾਈਂ-ਚਾਈਂ ਘਰ ਆਇਆ ਅਤੇ ਰੁਪਏ ਸ਼ਰਧਾਪੂਰਬਕ ਭਾਈ ਸਾਹਿਬ ਮੂਹਰੇ ਰੱਖ ਦਿੱਤੇ। ਉਨ੍ਹਾਂ ਰੁਪਏ ਆਪਣੀ ਜੇਬ੍ਹ ਵਿਚ ਪਾ ਲਏ ਅਤੇ ਮੈਨੂੰ ਸ਼ਾਬਾਸ਼ ਦੇ ਕੇ ਜਾਣ ਹੀ ਲੱਗੇ ਸੀ ਕਿ ਭਗਤ ਸਿੰਘ ਭਾਈ, ਜੋ ਉਸ ਸਮੇਂ ਸਾਡੇ ਕੋਲ ਸਨ, ਨੇ ਕਿਹਾ, "ਕੁਝ ਰੁਪਏ ਏਹਨੂੰ ਵੀ ਦੇ ਦੇ। ਇਸ ਨੂੰ ਵੀ ਤਾਂ ਜੇਬ੍ਹ ਖਰਚ ਚਾਹੀਦੈ।" ਤਦ ਭਾਈ ਸੁਖਦੇਵ ਨੇ ਮੈਨੂੰ ਚਾਰ ਰੁਪਏ ਦਿੱਤੇ ਅਤੇ ਚਲੇ ਗਏ। ਇਸ ਤੋਂ ਬਾਅਦ ਉਹ ਹਮੇਸ਼ਾ ਮੈਥੋਂ ਰੁਪਏ ਲੈਂਦੇ ਰਹੇ। ਮੈਂ ਦੂਜੇ ਸ਼ਹਿਰਾਂ ਵਿਚ ਬਦਲਿਆ ਜਾਂਦਾ ਰਿਹਾ ਤਾਂ ਉਹ ਖੁਦ ਆ ਕੇ ਮੈਥੋਂ ਰੁਪਏ ਲੈ ਜਾਂਦੇ ਜਾਂ ਮਨੀਆਰਡਰ ਰਾਹੀਂ ਮੰਗਵਾ ਲੈਂਦੇ। ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੀ ਮੈਨੂੰ ਪਤਾ ਲੱਗ ਸਕਿਆ ਕਿ ਉਹ ਇਹ ਰੁਪਏ ਆਪਣੇ ਕ੍ਰਾਂਤੀਕਾਰੀ ਕਾਰਜਾਂ 'ਤੇ ਖਰਚ ਕਰਦੇ ਰਹੇ ਸਨ।

ਉਧਰ, ਸਰਦਾਰ ਕਿਸ਼ਨ ਸਿੰਘ ਨੇ ਭਗਤ ਸਿੰਘ ਨੂੰ ਕਾਫ਼ੀ ਸਮਝਾ-ਬੁਝਾ ਕੇ ਲਾਹੌਰ ਲਾਗੇ ਆਪਣੇ ਪਿੰਡ ਵਿਚ ਡੇਅਰੀ ਖੋਲ੍ਹ ਦਿੱਤੀ। ਉਹ ਰੇੜ੍ਹੀ 'ਤੇ ਦੁੱਧ ਲੱਦ ਕੇ ਨੌਕਰ ਨਾਲ ਹਰ ਰੋਜ਼ ਲਾਹੌਰ ਆਇਆ ਕਰਦੇ, ਪਰ ਉਨ੍ਹਾਂ ਦਾ ਇਸ ਕਿੱਤੇ ਵਿਚ ਭੋਰਾ ਵੀ ਮਨ ਨਹੀਂ ਸੀ ਲੱਗਦਾ। ਉਹ ਤਾਂ ਆਜ਼ਾਦ ਤਬੀਅਤ ਦੇ ਮਾਲਕ ਸਨ। ਡੇਅਰੀ ਦੇ ਕੰਮ ਵਿਚ ਬੰਦਿਸ਼ ਸੀ ਜੋ ਉਨ੍ਹਾਂ ਨੂੰ ਰਾਸ ਨਹੀਂ ਸੀ ਆ ਰਹੀ, ਪਰ ਸਾਥੀਆਂ ਨੂੰ ਮੌਜਾਂ ਸਨ। ਖੂਬ ਦੁੱਧ ਲੱਸੀ ਛਕਣੀ ਅਤੇ ਬਹਿ ਕੇ ਗੱਪਾਂ ਮਾਰਨੀਆਂ। ਆਮਦਨ ਤਾਂ ਇਉਂ ਹੀ ਖੁਰਦ-ਬੁਰਦ ਹੋ ਜਾਂਦੀ ਤੇ ਸਰਦਾਰ ਕਿਸ਼ਨ ਸਿੰਘ ਦੇ ਪੱਲੇ ਕੁਝ ਵੀ ਨਹੀਂ ਸੀ ਪੈਂਦਾ।

ਇਕ ਮੌਕੇ ਐਤਵਾਰ ਦੇ ਦਿਨ ਮੈਂ ਅਤੇ ਭਾਈ ਸਾਹਿਬ ਨਹਾ-ਧੋ ਕੇ ਬਾਹਰ ਜਾਣ ਲਈ ਤਿਆਰ ਸਾਂ ਕਿ ਤਦੇ ਡੇਅਰੀ ਦਾ ਨੌਕਰ ਹਫ਼ਦਾ ਹੋਇਆ ਆਇਆ ਅਤੇ ਬੋਲਿਆ ਕਿ ਘੋੜੀ ਮੂੰਹ-ਜ਼ੋਰ ਹੋ ਜਾਣ 'ਤੇ ਰੇੜ੍ਹੀ ਉਲਟ ਕੇ ਟੁੱਟ-ਭੱਜ ਗਈ ਏ ਅਤੇ ਭਗਤ ਸਿੰਘ ਹੋਰਾਂ ਨੂੰ ਕਾਫ਼ੀ ਸੱਟਾਂ ਲੱਗੀਆਂ ਹਨ। ਸੁਖਦੇਵ ਭਾਈ ਸਾਹਿਬ ਹੜਬੜਾ ਕੇ ਭੱਜੇ ਤੇ ਮੈਂ ਵੀ ਉਨ੍ਹਾਂ ਦੇ ਪਿੱਛੇ ਭੱਜ ਤੁਰਿਆ। ਅਨਾਰਕਲੀ ਬਾਜ਼ਾਰ ਵਿਚ ਸਾਹਮਣਿਓਂ ਸਰਦਾਰ ਕਿਸ਼ਨ ਸਿੰਘ ਆਉਂਦੇ ਮਿਲ ਪਏ। ਭਾਈ ਸਾਹਿਬ ਦੇ ਪੁੱਛਣ 'ਤੇ ਬੋਲੇ, "ਬਚਾਅ ਹੋ ਗਿਆ, ਹੱਡੀ-ਪਸਲੀ ਨਹੀਂ ਟੁੱਟੀ। ਪੱਟੀ ਬੰਨ੍ਹਾ ਕੇ ਹੀ ਚਲਾ ਗਿਆ ਹੈ। ਡੇਅਰੀ ਦਾ ਕੰਮ ਉਸ ਦੇ ਵੱਸ ਦਾ ਰੋਗ ਨਹੀਂ। ਕਿਸੇ ਹੋਰ ਆਹਰੇ ਲਾਵਾਂਗਾ।" ਤੇ ਇੰਨਾ ਕਹਿ ਕੇ ਉਹ ਚਲੇ ਗਏ। ਰਾਤ ਨੂੰ ਪੱਟੀਆਂ ਬੰਨ੍ਹਿਆਂ ਮੈਂ ਭਗਤ ਸਿੰਘ ਨੂੰ ਦੇਖਿਆ। ਉਹ ਹੱਸ ਰਹੇ ਸਨ। ਭਾਈ ਸਾਹਿਬ ਨੂੰ ਉਨ੍ਹਾਂ ਕਿਹਾ ਸੀ, "ਚਲੋ ਚੰਗਾ ਹੀ ਹੋਇਆ, ਜਾਨ ਛੁੱਟ ਗਈ।" ਅਤੇ ਫਿਰ ਦੋਵੇਂ ਜ਼ੋਰ ਦੀ ਠਹਾਕਾ ਮਾਰ ਕੇ ਹੱਸ ਪਏ।

ਇਕ ਦਿਨ ਮੈਂ ਥੱਕਿਆ-ਟੁੱਟਿਆ ਘਰ ਆਇਆ, ਦਰਵਾਜ਼ਾ ਖੁੱਲ੍ਹਾ ਪਿਆ ਸੀ। ਪਹਿਲਾਂ ਮੈਂ ਸੋਚਿਆ ਕਿ ਭਾਈ ਸਾਹਿਬ ਆ ਗਏ ਹੋਣਗੇ, ਪਰ ਉਨ੍ਹਾਂ ਦਾ ਸਾਈਕਲ ਤਾਂ ਉਥੇ ਨਜ਼ਰ ਨਹੀਂ ਸੀ ਆ ਰਿਹਾ। ਮੈਂ ਘਬਰਾ ਗਿਆ ਕਿ ਅੱਜ ਤਾਂ ਕੋਈ ਤਾਲਾ ਤੋੜ ਕੇ ਅੰਦਰ ਵੜ ਗਿਆ ਹੋਊ। ਮੈਂ ਚੌਕਸ ਹੋ ਕੇ ਦੱਬੇ ਪੈਰੀਂ ਉਪਰ ਗਿਆ ਤਾਂ ਦੇਖਿਆ ਕਿ ਕੋਈ ਅਜਨਬੀ ਨੌਜਵਾਨ ਬੈਠਕ ਵਿਚ ਘੂਕ ਸੁੱਤਾ ਪਿਆ ਸੀ। ਸਾਂਵਲਾ ਰੰਗ, ਮਾਤਾ ਦੇ ਦਾਗ਼ ਅਤੇ ਗਠਿਆ ਸਰੀਰ। ਮੈਂ ਪਹਿਲਾਂ ਉਸ ਨੂੰ ਕਦੇ ਨਹੀਂ ਸੀ ਦੇਖਿਆ। ਮੈਂ ਬੌਂਦਲ ਗਿਆ ਕਿ ਪਤਾ ਨਹੀਂ ਭਾਈ ਸਾਹਿਬ ਦੇ ਇਹ ਮਿੱਤਰ ਕਿਥੋਂ ਕਿਥੋਂ ਆ ਟਪਕਦੇ ਨੇ ਅਤੇ ਉਨ੍ਹਾਂ 'ਤੇ ਉਹ ਇੰਨਾ ਭਰੋਸਾ ਕਰਦੇ ਹਨ ਕਿ ਸੁੰਨੇ ਘਰ ਦੀ ਚਾਬੀ ਤਕ ਵੀ ਦੇ ਦਿੰਦੇ ਹਨ।

ਬਹੁਤ ਅਰਸੇ ਬਾਅਦ ਜਦੋਂ ਚੰਦਰ ਸ਼ੇਖਰ ਆਜ਼ਾਦ ਸ਼ਹੀਦ ਹੋਏ ਤੇ ਉਨ੍ਹਾਂ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪੀਆਂ ਤਾਂ ਮੈਂ ਸੋਚੀਂ ਪੈ ਗਿਆ ਕਿ ਹੋਵੇ ਨਾ ਹੋਵੇ, ਇਹ ਤਾਂ ਉਹੀ ਨੌਜਵਾਨ ਹੈ ਜੋ ਸਾਡੇ ਘਰ ਦੀ ਬੈਠਕ ਵਿਚ ਸੌਂ ਰਿਹਾ ਸੀ, ਪਰ ਮੈਨੂੰ ਭੁਲੇਖਾ ਸੀ। ਮੁੱਦਤਾਂ ਪਿੱਛੋਂ ਇਕ ਵਾਰ ਸ਼ਿਵ ਵਰਮਾ ਮੇਰੇ ਕੋਲ ਹਾਪੁੜ ਆਏ। ਜਦੋਂ ਮੈਂ ਉਨ੍ਹਾਂ ਨੂੰ ਇਹ ਕਿੱਸਾ ਸੁਣਾਇਆ ਤਾਂ ਉਨ੍ਹਾਂ ਮੇਰੀ ਭੁੱਲ ਸੁਧਾਰੀ ਕਿ ਉਹ ਨੌਜਵਾਨ ਚੰਦਰ ਸ਼ੇਖਰ ਆਜ਼ਾਦ ਨਹੀਂ, ਸਗੋਂ ਕਾਲੀਚਰਨ ਸੀ।

15 ਅਪਰੈਲ 1929 ਨੂੰ ਸੁਖਦੇਵ ਭਾਈ ਸਾਹਿਬ ਦੀ ਬੰਬ ਫੈਕਟਰੀ ਫੜੀ ਗਈ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੀਹਦਾ ਪਹਿਲਾ ਝਟਕਾ ਇਹ ਲੱਗਿਆ ਕਿ ਮੈਨੂੰ ਆਪਣੀ ਸਰਕਾਰੀ ਨੌਕਰੀ ਤੋਂ ਹੱਥ ਧੋਣੇ ਪਏ ਅਤੇ ਮੈਂ ਮਾਤਾ ਜੀ ਨੂੰ ਲੈ ਕੇ ਲਾਇਲਪੁਰ ਚਲਾ ਗਿਆ। ਕੋਈ ਵੀਹ-ਪੱਚੀ ਦਿਨਾਂ ਦੀ ਭੱਜ-ਨੱਸ ਤੋਂ ਬਾਅਦ ਸਾਨੂੰ ਹਾਈਕੋਰਟ ਰਾਹੀਂ ਭਾਈ ਸਾਹਿਬ ਨਾਲ ਮੁਲਾਕਾਤ ਦੀ ਇਜਾਜ਼ਤ ਮਿਲ ਗਈ। ਇਨ੍ਹੀਂ ਦਿਨੀਂ ਮੈਂ ਇਹ ਪੁੱਛਣ ਲਈ ਦੁਰਗਾ ਭਾਬੀ ਦੇ ਘਰ ਗਿਆ ਕਿ ਸ਼ਾਇਦ ਉਹ ਕੋਈ ਸੁਨੇਹਾ ਭੇਜਣਾ ਚਾਹੁੰਦੇ ਹੋਣ, ਕਿਉਂਕਿ ਮੈਨੂੰ ਭਾਬੀ ਜੀ ਦੀ ਪਾਰਟੀ ਨਾਲ ਸਾਂਝ ਦਾ ਪਤਾ ਸੀ।

ਗਵਾਲ ਮੰਡੀ ਵਿਚ ਭਗਵਤੀ ਭਾਈ ਦਾ ਘਰ ਸੀ। ਮੈਂ ਉਥੇ ਪਹੁੰਚਿਆ ਤਾਂ ਭਾਬੀ ਜੀ ਮੈਨੂੰ ਵੇਖਦਿਆਂ ਸਾਰ ਚੌਂਕੇ ਤੇ ਅਚਾਨਕ ਉਨ੍ਹਾਂ ਦੇ ਮੂੰਹੋਂ ਨਿਕਲਿਆ, "ਓਏ ਸੁਖਦੇਵ, ਤੂੰ ਹਵਾਲਾਤ 'ਚੋਂ ਕਿਵੇਂ ਭੱਜ ਆਇਆ?"

"ਮੈਂ ਉਨ੍ਹਾਂ ਦਾ ਛੋਟਾ ਭਰਾ ਹਾਂ, ਰੰਗ ਰੂਪ ਉਨ੍ਹਾਂ ਨਾਲ ਮਿਲਦੈ।"

ਉਹ ਹੱਸਣ ਲੱਗ ਪਏ। ਮੈਨੂੰ ਪਿਆਰ ਨਾਲ ਬਿਠਾਇਆ ਅਤੇ ਅਸੀਂ ਗੱਲਾਂਬਾਤਾਂ ਕਰਦੇ ਰਹੇ। ਸੱਚਮੁੱਚ ਉਹ ਸਨੇਹ ਅਤੇ ਮਮਤਾ ਦੇ ਪੁੰਜ ਸਨ। ਉਹ ਮਹਾਨ ਦੇਸ਼ ਭਗਤ ਭਗਵਤੀ ਚਰਨ ਵੋਹਰਾ ਦੀ ਜੀਵਨ ਸਾਥਣ ਅਤੇ ਮੇਰੇ ਲਈ ਪੂਜਣਯੋਗ। ਇਹ ਮੇਰੀ ਉਨ੍ਹਾਂ ਨਾਲ ਪਹਿਲੀ ਭੇਂਟ ਸੀ। ਉਸ ਤੋਂ ਬਾਅਦ ਉਸੇ ਦਿਨ ਸ਼ਾਮ ਨੂੰ ਮਾਤਾ ਜੀ ਨਾਲ ਮੈਂ ਉਨ੍ਹਾਂ ਦੇ ਘਰ ਗਿਆ ਸਾਂ। ਫਿਰ ਤਾਂ ਪਤਾ ਨਹੀਂ ਉਨ੍ਹਾਂ ਨਾਲ ਕਿੰਨੀਆਂ ਮੁਲਾਕਾਤਾਂ ਹੋਈਆਂ। ਉਥੇ ਹੀ ਧਨਵੰਤਰੀ, ਸੁਸ਼ੀਲਾ ਦੀਦੀ ਅਤੇ ਸ਼ਕੁੰਤਲਾ ਜੀ ਨੂੰ ਵੀ ਨੇੜਿਉਂ ਮਿਲਣ-ਜਾਣਨ ਦਾ ਮੌਕਾ ਮਿਲਿਆ।

# ਸਿੱਖ ਰਾਜ ਦੇ ਖਾਤਮੇ ਲਈ ਕੌਣ ਜਿੰਮੇਵਾਰ?

*ਇਤਿਹਾਸ-ਮਿਥਿਹਾਸ ਬਾਰੇ ਡੂੰਘੀ ਖੋਜ ਕਰ ਕੇ ਸਾਹਿਤ ਰਚਨਾ ਕਰਨ ਵਾਲੇ ਉਚ-ਦੁਮਾਲੜੇ ਲੇਖਕ ਮਨਮੋਹਨ ਬਾਵਾ ਨੇ ਇਸ ਲੇਖ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅਤੇ ਜੀਵਨ ਬਾਰੇ ਕੁਝ ਟਿੱਪਣੀਆਂ ਕੀਤੀਆਂ ਹਨ। ਅਸਲ ਵਿਚ, ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦੇ ਸਮੇਂ ਬਾਰੇ ਨਾਵਲ 'ਯੁੱਗ-ਅੰਤ' ਲਿਖਿਆ ਜੋ ਵਾਹਵਾ ਚਰਚਾ ਵਿਚ ਰਿਹਾ ਹੈ। ਇਸ ਵਿਚ ਸਿੱਖ ਰਾਜ ਦੇ ਪਤਨ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਮਿਲਦੀ ਹੈ। ਇਹ ਲੇਖ ਇਸ ਨਾਵਲ ਦੇ ਪ੍ਰਸੰਗ ਵਿਚ ਹੀ ਲਿਖਿਆ ਗਿਆ ਹੈ। -ਸੰਪਾਦਕ*

ਪੰਜਾਬ ਦੇ ਇਤਿਹਾਸ ਵਿਚ ਤਿੰਨ ਕਾਲ ਅਹਿਮ ਹੋ ਗੁਜ਼ਰੇ ਹਨ ਜਿਨ੍ਹਾਂ ਨੇ ਪੰਜਾਬ ਦੇ ਵਾਸੀਆਂ ਦੀ ਮਾਨਸਿਕਤਾ ਅਤੇ ਸਭਿਆਚਾਰ ਨੂੰ ਬਦਲ ਕੇ ਰੱਖ ਦਿੱਤਾ। ਇਹ ਹਨ: 1. ਸਿਕੰਦਰ ਦਾ ਪੰਜਾਬ 'ਤੇ ਹਮਲਾ 2. ਮਹਿਮੂਦ ਗਜ਼ਨਵੀ ਦੇ ਪੰਜਾਬ 'ਤੇ ਹਮਲੇ 3. ਸਿੱਖ ਕਾਲ, ਪੰਜਾਬ ਵਿਚ 800 ਵਰ੍ਹਿਆਂ ਪਿਛੋਂ ਮੁੜ ਪੰਜਾਬੀਆਂ ਦਾ ਆਪਣਾ ਰਾਜ। ਸਿੱਖ ਕਾਲ ਦਾ ਇਤਿਹਾਸ ਪੜ੍ਹਦਿਆਂ ਮੈਂ ਸੋਚਣੋਂ ਨਾ ਰਹਿ ਸਕਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਦੇ ਨੌਂ-ਦਸ ਵਰ੍ਹਿਆਂ ਪਿਛੋਂ ਸਿੱਖ ਰਾਜ ਖਤਮ ਹੀ ਨਹੀਂ ਹੋਇਆ, ਉਹ ਸਭ ਕੁਝ ਵੀ ਗਾਇਬ ਹੋਇਆ ਦਿਸਣ ਲੱਗਾ ਜਿਸ 'ਤੇ ਸਿੱਖ ਕੌਮ ਦਾ ਗੌਰਵ ਕਾਇਮ ਸੀ। ਇਹ ਕੌਮ ਆਪਣੀ ਹੋਂਦ ਕਾਇਮ ਰੱਖਣ ਲਈ ਡੇਢ-ਦੋ ਸੌ ਵਰ੍ਹਿਆਂ ਤਕ ਜ਼ੁਲਮ ਖਿਲਾਫ



**ਮਨਮੋਹਨ ਬਾਵਾ**

ਲੜਦਿਆਂ ਕੁਰਬਾਨੀਆਂ ਦਿੰਦੀ ਰਹੀ। ਲੰਮੀ ਜੱਦੋ-ਜਹਿਦ ਤੋਂ ਬਾਅਦ ਇਹਨੇ ਪੰਜਾਬ ਵਿਚ ਆਪਣਾ ਰਾਜ ਕਾਇਮ ਕੀਤਾ ਸੀ। ਸਿੱਖ ਦੀ ਬਹਾਦਰੀ ਅਤੇ ਚਰਿਤਰ ਮਿਸਾਲੀ ਸਨ। ਇਹ ਸਭ ਕੁਝ ਸਾਲਾਂ ਵਿਚ ਨਸ਼ਟ ਹੋ ਗਿਆ, ਕਿਵੇਂ?

ਜ਼ਾਹਰ ਹੈ, ਖੋਰਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਹੀ ਲੱਗ ਚੁਕਾ ਸੀ। ਕਿਹਾ ਜਾ ਸਕਦਾ ਹੈ ਕਿ ਇਸ ਖੋਰੇ ਦਾ ਉਦੈ-ਬਿੰਦੂ ਰਣਜੀਤ ਸਿੰਘ, ਆਪਣੇ ਅਨੇਕ ਗੁਣਾਂ ਦੇ ਬਾਵਜੂਦ, ਆਪ ਸੀ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਸਿੱਖ ਰਾਜ ਦੇ ਅੰਤ ਦੇ ਕਾਰਨ ਕੀ ਉਸ ਸਮੇਂ ਦੇ ਸਿਆਸੀ ਹਾਲਾਤ ਸਨ, ਜਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਸੰਜੀਦਾ ਕਮਜ਼ੋਰੀਆਂ, ਉਕਾਈਆਂ ਅਤੇ ਰਾਜਨੀਤਕ ਅਵੇਸਲਾਪਣਾ ਸੀ? ਜੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਵਿਚ ਸਿੱਖ ਰਾਜ ਕਾਇਮ ਕਰਨ ਵਿਚ ਕਾਮਯਾਬ ਹੋਇਆ ਤਾਂ ਇਸ ਵਿਚ ਮਹਾਰਾਜੇ ਦੀ ਆਪਣੀ ਕਿੰਨੀ ਕੁ ਭੂਮਿਕਾ ਸੀ। ਉਸ ਤੋਂ ਪਹਿਲਾਂ ਵਾਪਰੀਆਂ ਸਿਆਸੀ ਘਟਨਾਵਾਂ, ਗਤੀਵਿਧੀਆਂ, ਸਿੱਖ ਮਿਸਲਾਂ ਦੇ ਕਾਰਨਾਮਿਆਂ ਜਾਂ ਹੋਰ ਬੰਦਿਆਂ ਦਾ ਰਾਜ ਕਾਇਮ ਵਿਚ ਕਿੰਨਾ ਕੁ ਯੋਗਦਾਨ ਸੀ? ਮੇਰੇ ਨਾਵਲ 'ਯੁੱਗ-ਅੰਤ' ਦੇ ਵਜੂਦ ਵਿਚ ਆਉਣ ਪਿਛੇ ਇਹ ਸੁਆਲ ਹਨ।

ਰਣਜੀਤ ਸਿੰਘ ਦੀਆਂ ਕਮਜ਼ੋਰੀਆਂ ਬਾਰੇ ਜੋ ਗਹਿਰੀ ਚੋਭ ਮੇਰੇ ਮਨ ਅੰਦਰ ਵਸੀ ਹੋਈ ਹੈ, ਉਹ ਇਸ ਨਾਵਲ ਦਾ ਉਦੈ-ਸਰੋਤ ਬਣੀ। ਬਹੁਤੇ ਲੋਕ ਮਹਾਰਾਜਾ ਰਣਜੀਤ ਸਿੰਘ ਦੀਆਂ ਕਮਜ਼ੋਰੀਆਂ ਬਾਰੇ ਫਰਾਖ-ਦਿਲੀ ਨਾਲ ਸੋਚਦੇ ਹਨ। ਮੇਰੇ ਮਨ ਵਿਚ ਵੀ ਉਹਦੇ ਬਾਰੇ ਸਨਮਾਨ ਭਾਵਨਾ ਦੀ ਘਾਟ ਨਹੀਂ, ਪਰ ਇਸ ਸੁਆਲ ਦਾ ਜਵਾਬ ਤਾਂ ਲੱਭਣਾ ਹੀ ਪੈਣਾ ਹੈ ਕਿ ਉਹਦੇ ਤੁਰ ਜਾਣ ਬਾਅਦ ਜੋ ਹੋਇਆ, ਜੋ ਨੈਤਿਕ ਪੱਧਰ 'ਤੇ ਗਿਰਾਵਟ ਦਾ ਦ੍ਰਿਸ਼ ਦੇਖਣ ਨੂੰ ਮਿਲਿਆ, ਉਹਦੇ ਲਈ ਜ਼ਿੰਮੇਵਾਰ ਕੌਣ ਸੀ? ਮੇਰੀ ਇਹੀ ਸ਼ਿਕਾਇਤ ਅਤੇ ਰੋਸ ਹੈ ਕਿ ਜੋ ਉਹ ਕਰ ਸਕਦਾ ਸੀ, ਉਹ ਉਸ ਨਾ ਕੀਤਾ।

ਆਪਣੇ ਅੰਦਰ ਪੈਦਾ ਹੋਏ ਸ਼ੰਕੇ ਅਤੇ ਕਿੰਤੂਆਂ ਤੋਂ ਸੁਰਖਰੂ ਹੋਣ ਲਈ ਮੈਂ ਇਤਿਹਾਸਕਾਰਾਂ ਦੁਆਰਾ ਲਿਖੀਆਂ ਪੁਸਤਕਾਂ, ਲੇਖ, ਸਫਰਨਾਮੇ ਆਦਿ ਪੜ੍ਹਦਾ ਰਿਹਾ। ਮੈਨੂੰ ਸਮਝ ਪੈਣ ਲੱਗੀ ਕਿ ਰਣਜੀਤ ਸਿੰਘ ਬਾਰੇ ਲਿਖਿਆ ਜੋ ਆਮ ਪਾਠਕਾਂ ਕੋਲ ਪਹੁੰਚਦਾ ਹੈ, ਉਹ ਜ਼ਿਆਦਾਤਰ ਸਿੱਖ ਇਤਿਹਾਸਕਾਰਾਂ ਦਾ ਲਿਖਿਆ ਹੁੰਦਾ ਹੈ। ਆਪਣੇ 'ਮਹਾਂ ਨਾਇਕ' ਬਾਰੇ ਹਰ ਕੌਮ ਦੇ ਇਤਿਹਾਸਕਾਰਾਂ ਦਾ ਇਰਾਦਾ ਹੁੰਦਾ ਹੈ ਕਿ ਉਹਦੇ ਗੁਣ-ਗਾਨ ਕੀਤੇ ਜਾਣ ਅਤੇ ਉਹਦੀਆਂ ਊਣਤਾਈਆਂ ਨੂੰ ਦਰੀ ਥੱਲੇ ਲੁਕਾ ਦਿੱਤਾ ਜਾਵੇ। ਉਹ ਸੋਚਦੇ ਹਨ ਕਿ ਕੌਮ ਦੀ ਸੇਵਾ ਇੱਦਾਂ ਹੀ ਕੀਤੀ ਜਾ ਸਕਦੀ ਹੈ। ਇਉਂ ਨਤੀਜੇ ਚੰਗੇ ਨਹੀਂ ਨਿਕਲਦੇ। ਜੋ ਇਤਿਹਾਸ ਸਾਡੇ ਤੱਕ ਪਹੁੰਚਦਾ ਹੈ, ਉਹ ਇਤਿਹਾਸ ਘੱਟ, ਮਿਥਿਹਾਸ ਜ਼ਿਆਦਾ ਹੁੰਦਾ ਹੈ। ਜੋ ਲੋਕ ਸਾਰੀਆਂ ਇਤਿਹਾਸਕ ਗਤੀਵਿਧੀਆਂ ਦਾ ਜਾਇਜ਼ਾ ਲੈਂਦਿਆਂ ਕਿਸੇ ਅਸੁਖਾਵੇਂ ਨਿਰਣੇ 'ਤੇ ਪੁੱਜਦੇ ਹਨ, ਉਨ੍ਹਾਂ ਨੂੰ ਸ਼ਲਾਘਾ ਦੀ ਥਾਂ ਇੱਟਾਂ-ਵੱਟੇ ਮਿਲਦੇ ਹਨ।

'ਯੁੱਗ-ਅੰਤ' ਬਾਰੇ ਮੈਂ ਸ਼ੁਰੂ ਵਿਚ ਹੀ ਕਹਿ ਦਿਆਂ ਕਿ ਮੈਂ ਇਤਿਹਾਸ 'ਤੇ ਆਧਾਰਤ ਨਾਵਲ ਨਹੀਂ ਲਿਖਿਆ ਸਗੋਂ ਨਾਵਲ ਦੀ ਰੂਪ-ਵਿਧਾ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਦੇਹਾਂਤ ਤੋਂ ਬਾਅਦ ਦੀਆਂ ਸਿਆਸੀ ਗਤੀਵਿਧੀਆਂ ਦਾ ਵਿਸ਼ਲੇਸ਼ਣ ਕਰਦਿਆਂ ਕੁਝ ਅਹਿਮ ਮਸਲਿਆਂ, ਨੁਕਤਿਆਂ ਬਾਰੇ ਨਤੀਜਿਆਂ 'ਤੇ ਪਹੁੰਚਣ ਦਾ ਯਤਨ ਕੀਤਾ ਹੈ।

ਇਤਿਹਾਸ ਲਿਖਣ ਦੇ ਢੰਗ ਬਦਲ ਰਹੇ ਹਨ। ਇਤਿਹਾਸਕਾਰ ਕੁਝ ਚੁਣੇ ਹੋਏ ਵਾਕਿਆਤ ਨੂੰ ਹੀ ਪਾਠਕਾਂ ਸਾਹਮਣੇ ਨਹੀਂ ਰੱਖਦੇ। ਦੇਖਣ ਵਾਲੀ ਗੱਲ ਇਹ ਹੈ ਕਿ ਜੋ ਗੁਰੂ ਨਾਨਕ ਤੋਂ ਸ਼ੁਰੂ ਹੋ ਕੇ ਗੁਰੂ ਗੋਬਿੰਦ ਸਿੰਘ ਤੱਕ ਅਤੇ ਫਿਰ ਬੰਦਾ ਬਹਾਦਰ ਤੋਂ ਲੈ ਕੇ ਰਣਜੀਤ ਸਿੰਘ ਤੱਕ ਹੋਇਆ ਵਾਪਰਿਆ, ਉਸ ਦਾ ਸਾਡੀ ਪੰਜਾਬੀਆਂ/ਸਿੱਖਾਂ ਦੀ ਮਾਨਸਿਕਤਾ ਅਤੇ ਸਭਿਆਚਾਰ ਉਤੇ ਕੀ ਪ੍ਰਭਾਵ ਪਿਆ ਅਤੇ ਕੀ ਕੁਝ ਰਸਤੇ ਵਿਚ ਗੁਆਚ ਗਿਆ? ਅੱਜ ਜੋ ਕੁਝ ਸਾਡੇ ਪਾਸ ਪਹੁੰਚਿਆ, ਉਹ ਕਿਸ ਰੂਪ ਵਿਚ ਪਹੁੰਚਿਆ ਹੈ? ਆਪਣੇ ਅਧਿਐਨ ਅਤੇ ਵਿਵੇਕ ਦੇ ਆਸਰੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ, ਤੇ ਇਹਦਾ ਜ਼ਿਕਰ ਮੈਂ ਨਾਵਲ 'ਯੁੱਗ-ਅੰਤ' ਵਿਚ ਕੀਤਾ ਹੈ, ਕਿ ਰਣਜੀਤ ਸਿੰਘ ਨੂੰ ਸਭ ਕੁਝ ਥਾਲੀ ਵਿਚ ਪਰੋਸਿਆ ਮਿਲ ਗਿਆ ਸੀ। ਸਿੱਖ ਰਾਜ ਦੀ ਨੀਂਹ ਰੱਖਣ ਅਤੇ ਸਥਾਪਨਾ ਵਲ ਕਦਮ ਵਧਾਉਣ ਦਾ ਸਿਹਰਾ ਜੇ ਕਿਸੇ ਦੇ ਸਿਰ ਬੱਝਦਾ ਹੈ ਤਾਂ ਉਹ ਬਾਬਾ ਬੰਦਾ ਬਹਾਦਰ ਹੈ। ਜੇ ਗੁਰੂ ਗੋਬਿੰਦ ਸਿੰਘ ਨੇ ਨਾਂਦੇੜ (ਮਹਾਰਾਸ਼ਟਰ) ਤੋਂ ਬਾਬਾ ਬੰਦਾ ਬਹਾਦਰ ਨੂੰ ਪੰਜਾਬ ਵਲ ਨਾ ਭੇਜਿਆ ਹੁੰਦਾ ਤਾਂ ਸਿੱਖ ਕੌਮ ਦਾ ਰੂਪ ਅੱਜ ਵਰਗਾ ਨਹੀਂ ਸੀ ਹੋਣਾ।

ਬਾਬਾ ਬੰਦਾ ਬਹਾਦਰ ਨੇ ਪੰਜਾਬ ਵਿਚ ਆ ਕੇ ਪੰਜਾਬੀਆਂ/ਸਿੱਖਾਂ ਨੂੰ ਮੁੜ ਜਥੇਬੰਦ ਕੀਤਾ ਅਤੇ ਜੋ ਮਨੋਰਥ ਲੈ ਕੇ ਉਹ ਨਾਂਦੇੜ ਤੋਂ ਤੁਰਿਆ ਸੀ, ਪੂਰਾ ਕੀਤਾ। 1716 ਈਸਵੀ ਵਿਚ ਬੰਦਾ ਬਹਾਦਰ ਦੀ ਮੌਤ ਪਿਛੋਂ 1801 ਤਕ (85 ਸਾਲ) ਸਾਰੇ ਪੰਜਾਬ ਵਿਚ ਮਿਸਲਾਂ ਦੇ ਸਰਦਾਰ, ਮੁਗਲਾਂ ਤੇ ਅਫਗਾਨਾਂ ਨਾਲ ਲੜਦਿਆਂ ਆਪਣੇ ਪੈਰ ਮਜ਼ਬੂਤ ਅਤੇ ਰਾਜ ਕਾਇਮ ਕਰਦੇ ਰਹੇ, ਭਾਵੇਂ ਉਹ ਆਪਸ ਵਿਚ ਵੀ ਲੜਦੇ ਰਹਿੰਦੇ ਸਨ।

ਰਣਜੀਤ ਸਿੰਘ ਨੇ ਆਪਣੀ ਚਤੁਰਾਈ, ਸੂਝ ਅਤੇ ਬਹਾਦਰੀ ਨਾਲ ਲਾਹੌਰ ਉਤੇ ਕਬਜ਼ਾ ਜਮਾ ਕੇ ਸ਼ੁਕਰਚਕੀਆ ਮਿਸਲ ਦੇ ਸਰਦਾਰ/ਜਥੇਦਾਰ ਤੋਂ ਮਹਾਰਾਜਾ ਰਣਜੀਤ ਸਿੰਘ ਬਣ ਗਿਆ। ਇਥੇ ਕਹਿ ਸਕਦੇ ਹਾਂ ਕਿ ਰਣਜੀਤ ਸਿੰਘ ਨੇ ਵਕਤ ਅਤੇ ਇਤਿਹਾਸ ਦੀ ਆਵਾਜ਼ ਨੂੰ ਪਛਾਣਿਆ ਅਤੇ ਅੱਠ ਸੌ ਵਰ੍ਹਿਆਂ ਬਾਅਦ ਪੰਜਾਬ ਵਿਚ ਪੰਜਾਬੀਆਂ ਦਾ ਰਾਜ ਕਾਇਮ ਕਰਨ ਵਿਚ ਕਾਮਯਾਬ ਹੋ ਗਿਆ; ਪਰ ਦੁੱਖ ਦੀ ਗੱਲ ਇਹ ਹੈ ਕਿ ਰਣਜੀਤ ਸਿੰਘ ਦੀ ਮੌਤ ਤੋਂ ਸਿਰਫ ਨੌਂ-ਦਸ ਸਾਲ ਬਾਅਦ ਹੀ ਕੱਚੀਆਂ ਨੀਂਹਾਂ 'ਤੇ ਖੜ੍ਹੇ ਸਿੱਖ ਰਾਜ ਦਾ ਭੋਗ ਪੈ ਗਿਆ। ਜਿਸ ਯੁਗ ਦਾ ਆਰੰਭ ਗੁਰੂ ਗੋਬਿੰਦ ਸਿੰਘ (ਜਾਂ ਇਸ ਤੋਂ ਪਹਿਲਾਂ) ਅਤੇ ਬੰਦਾ ਬਹਾਦਰ ਤੋਂ ਸ਼ੁਰੂ ਹੋਇਆ, ਉਸ ਦਾ ਅੰਤ ਹੋ ਗਿਆ। ਇਹ ਅੰਤ ਕੇਵਲ ਰਾਜ ਦਾ ਹੀ ਨਹੀਂ, ਯੁੱਗ ਦਾ ਅੰਤ ਸੀ। ਮੇਰੇ ਨਾਵਲ ਦਾ ਮੁੱਖ ਮੰਤਵ ਉਸ ਯੁਗ ਦੇ ਅੰਤ ਦੇ ਕਾਰਨਾਂ ਦੀ ਤਲਾਸ਼ ਕਰਨਾ ਅਤੇ ਇਹਨੂੰ ਨਾਵਲੀ ਵਿਧਾ ਵਿਚ ਪਾਠਕਾਂ ਸਨਮੁਖ ਰੱਖਣਾ ਸੀ, ਕਿਉਂਕਿ ਉਨ੍ਹਾਂ ਕਾਰਨਾਂ ਦੇ ਪ੍ਰਨਾਮ ਉਥੋਂ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਦਿਆਂ ਵਰਤਮਾਨ ਤਕ ਪਹੁੰਚਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸ ਵਿਚ ਯੋਗਦਾਨ ਦਾ ਮੁਲੰਕਣ ਕਰਨ ਲਈ ਉਸ ਦੀ ਤੁਲਨਾ ਹਿੰਦੁਸਤਾਨ ਦੇ ਦੂਜੇ ਮਹਾਰਾਜਿਆਂ, ਸੁਲਤਾਨਾਂ ਨਾਲ ਕਰਨੀ ਸਹੀ ਹੋਵੇਗੀ। ਇਤਿਹਾਸ ਪੜ੍ਹਨ ਵਾਲੇ ਜਾਣਦੇ ਹਨ ਕਿ 12ਵੀਂ ਸਦੀ ਦੇ ਕੁਤਬ-ਉਦ-ਦੀਨ ਐਬਕ ਤੋਂ ਲੈ ਕੇ 18ਵੀਂ-19ਵੀਂ ਸਦੀ ਤਕ ਹਿੰਦੁਸਤਾਨ ਦੇ ਮੁਸਲਮਾਨਾਂ ਦੇ ਕਈ ਖਾਨਦਾਨਾਂ ਦੀ ਹਕੂਮਤ ਰਹੀ: ਗੁਲਾਮ ਖਾਨਦਾਨ, ਖਿਲਜੀ, ਤੁਗਲਕ, ਲੋਧੀ ਅਤੇ ਅੰਤ ਵਿਚ ਮੁਗਲ। ਹਰ ਖਾਨਦਾਨ ਨੇ ਤਿੰਨ ਜਾਂ ਉਸ ਤੋਂ ਵੱਧ ਪੀੜ੍ਹੀਆਂ ਤਕ ਰਾਜ ਕੀਤਾ-ਅਨੇਕ ਵਿਰੋਧ, ਦੁਸ਼ਵਾਰੀਆਂ ਦੇ ਹੁੰਦਿਆਂ ਵੀ; ਪਰ ਰਣਜੀਤ ਸਿੰਘ ਦਾ ਰਾਜ ਉਹਦੇ ਨਾਲ ਹੀ ਖਤਮ ਹੋ ਗਿਆ।

ਉਸੇ ਇਤਿਹਾਸਕ ਕਾਲ ਵਿਚ ਮਹਾਰਾਸ਼ਟਰ ਦੇ ਸ਼ਿਵਾਜੀ ਤੇ ਮਰਾਠਿਆਂ ਦੀ ਜੱਦੋ-ਜਹਿਦ ਅਤੇ ਸ਼ਾਸਨ ਦਾ ਆਰੰਭ ਹੋਇਆ। ਉਨ੍ਹਾਂ ਦੀਆਂ ਦੁਸ਼ਵਾਰੀਆਂ ਵੀ ਕੋਈ ਘੱਟ ਨਹੀਂ ਸਨ। ਸ਼ਿਵਾਜੀ ਮਰਾਠਾ ਨਾ ਸਿਰਫ ਔਰੰਗਜ਼ੇਬ ਦੀ ਅਪਾਰ ਫੌਜੀ ਤਾਕਤ ਦਾ ਮੁਕਾਬਲਾ ਕਰਦਿਆਂ ਸਫਲ ਹੋਇਆ ਸਗੋਂ ਉਸ ਦੀ 'ਕੌਮ' ਆਪਣੀ ਹਕੂਮਤ ਦੇ ਵਿਸਥਾਰ ਦੇ ਨਾਲ ਸੌ ਤੋਂ ਵੱਧ ਸਾਲ ਰਾਜ ਕਰਦੀ ਰਹੀ। ਵਿਚਲੀ ਗੱਲ ਇਹ ਹੈ ਕਿ ਕਿਸੇ ਕੌਮ ਵਲੋਂ ਅਪਨਾਈਆਂ ਗਈਆਂ ਕਦਰਾਂ-ਕੀਮਤਾਂ ਉਨ੍ਹਾਂ ਦੇ ਭਾਵਨਾਤਮਕ ਨਿਯਮ ਹੁੰਦੇ ਹਨ, ਜਿਨ੍ਹਾਂ ਰਾਹੀਂ ਕੌਮ/ਸਮਾਜ, ਖਾਸ ਕਰ ਕੇ ਸ਼ਾਸਕ ਵਰਗ ਆਪਣੇ ਆਪ ਨੂੰ ਕੰਟਰੋਲ ਵਿਚ ਰੱਖਦਾ ਅਤੇ ਨਿਯਮਬਧ ਕਰਦਾ ਹੈ। ਮਹਾਰਾਜਾ ਰਣਜੀਤ ਸਿੰਘ ਬੇਸ਼ਕ ਨਿਪੁੰਨ ਯੋਧਾ, ਸੈਨਾਪਤੀ ਸੀ ਅਤੇ ਆਪਣੀ ਕਾਬਲੀਅਤ ਨਾਲ ਖਾਲਸਾ/ਪੰਜਾਬੀ ਰਾਜ ਦੀਆਂ ਸਰਹੱਦਾਂ ਖੈਬਰ ਤੱਕ ਲੈ ਗਿਆ ਸੀ, ਪਰ ਸੁਆਲ




ਹੈ ਕਿ ਇਹ ਹਕੂਮਤ ਕਿਨ੍ਹਾਂ ਕਦਰਾਂ-ਕੀਮਤਾਂ ਅਤੇ ਨਿਯਮਾਂ 'ਤੇ ਖੜ੍ਹੀ ਸੀ।

ਇਕ ਪੱਧਰ 'ਤੇ ਮਹਾਰਾਜਾ ਰਣਜੀਤ ਸਿੰਘ ਅਤੇ ਮੁਸਲਮਾਨ ਜਾਂ ਦੂਜੇ ਰਾਜਿਆਂ ਹਾਕਮਾਂ ਵਿਚ ਕੋਈ ਫਰਕ ਨਹੀਂ ਸੀ। ਲਾਹੌਰ ਦੇ ਤਖਤ ਤੋਂ ਇਕ ਸਾਮੰਤ ਸ਼ਾਸਕ ਗਿਆ, ਦੂਜਾ ਸ਼ਾਸਕ ਆ ਗਿਆ। ਫਿਰ ਵੀ ਕਈ ਪੱਧਰਾਂ 'ਤੇ ਬਹੁਤ ਫਰਕ ਸੀ। ਰਣਜੀਤ ਸਿੰਘ ਦਾ ਸਭ ਤੋਂ ਵੱਡਾ ਔਗੁਣ ਇਹ ਸੀ ਕਿ ਉਸ ਨੇ ਸਿੱਖ ਰਾਜ ਨੂੰ ਕਿਸੇ ਨਿਜ਼ਾਮ, ਨਿਯਮ, ਵਿਧਾਨ, ਪ੍ਰਸ਼ਾਸਨ ਵਿਵਸਥਾ ਤੋਂ ਵਾਂਝੇ ਰੱਖਿਆ। ਹਕੂਮਤ ਕਰਨ ਦਾ ਸਾਰਾ ਢਾਂਚਾ ਯੋਜਨਾ ਰਹਿਤ ਸੀ। ਦਿਸ਼ਾਹੀਣਤਾ ਵੀ ਸੀ। ਖੁਦਗਰਜ਼ੀ ਦਾ ਬੋਲਬਾਲਾ ਸੀ; ਅਜਿਹੀ ਖੁਦਗਰਜ਼ੀ ਜੋ ਅੱਜ ਵੀ ਹੈ। ਨੀਂਹ ਕੱਚੀ ਸੀ; ਇਸ ਉਤੇ ਉਸਰਨ ਵਾਲੇ ਥੰਮ੍ਹ ਵੀ ਕੱਚੇ ਸਨ। ਮੁਸਲਮਾਨ ਸੁਲਤਾਨ, ਹਿੰਦੂ ਰਾਜੇ ਮਹਾਰਾਜੇ ਆਪਣੀ ਸੰਤਾਨ ਨੂੰ ਹਕੂਮਤ ਕਰਨ ਦੇ ਯੋਗ ਬਣਾਉਣ ਲਈ ਉਨ੍ਹਾਂ ਦੀ ਢੁਕਵੀਂ ਸਿੱਖਿਆ ਵਲ ਧਿਆਨ ਦਿੰਦੇ ਸਨ, ਪਰ ਰਣਜੀਤ ਸਿੰਘ ਨੇ ਨਾ ਆਪਣੀ ਸੰਤਾਨ ਦੀ ਢੁਕਵੀਂ ਸਿੱਖਿਆ ਵਲ ਧਿਆਨ ਦਿੱਤਾ, ਤੇ ਨਾ ਹੀ ਆਪਣੇ ਨਿਜੀ ਆਚਰਣ ਦੀ ਕੋਈ ਆਹਲਾ ਮਿਸਾਲ ਉਨ੍ਹਾਂ ਸਾਹਮਣੇ ਰੱਖੀ। ਉਸ ਨੇ ਅੱਠ ਵਿਧੀਵਤ ਵਿਆਹ ਕਰਵਾਏ। ਇਸ ਤੋਂ ਇਲਾਵਾ ਕਈ ਰਖੇਲਾਂ ਅਤੇ ਨੱਚਣ ਵਾਲੀਆਂ ਸਨ। ਉਸ ਸਮੇਂ ਦੇ ਨਿਰਪੱਖ ਯਾਤਰੀਆਂ ਅਨੁਸਾਰ, ਰਣਜੀਤ ਸਿੰਘ ਦੇ ਦਿਨ ਦਾ ਬਹੁਤ ਸਾਰਾ ਸਮਾਂ ਘੋੜ ਸਵਾਰੀ (ਜਦ ਤਕ ਮੋਰਾਂ ਉਸ ਕੋਲ ਰਹੀ, ਉਸ ਨੂੰ ਆਪਣੇ ਪਿੱਛੇ ਬਿਠਾ ਕੇ), ਨਾਚ-ਗਾਣੇ ਅਤੇ ਸ਼ਰਾਬਨੋਸ਼ੀ ਵਿਚ ਬੀਤਦਾ ਸੀ। ਖੁਸ਼ਾਮਦੀ ਵਜ਼ੀਰ, ਅਹੁਦੇਦਾਰ ਉਸ ਨੂੰ ਤੋਹਫਿਆਂ ਵਜੋਂ ਖੂਬਸੂਰਤ ਔਰਤਾਂ ਪੇਸ਼ ਕਰਦੇ, ਜਿਨ੍ਹਾਂ ਵਿਚੋਂ ਉਹ ਕੁਝ ਕੁ ਆਪਣੇ ਪੁੱਤਰ ਸ਼ੇਰ ਸਿੰਘ ਨੂੰ ਬਟਾਲੇ ਭੇਜ ਦਿੰਦਾ।

ਇਕ ਪੁੱਤਰ ਸ਼ੇਰ ਸਿੰਘ ਸ਼ਰਾਬੀ, ਦੂਜਾ ਖੜਕ ਸਿੰਘ ਅਫੀਮੀ, ਤੀਜਾ ਨੌਨਿਹਾਲ ਸਿੰਘ ਭ੍ਰਿਸ਼ਟ ਵਜ਼ੀਰਾਂ ਦੇ ਹੱਥਾਂ ਵਿਚ ਕਠਪੁਤਲੀ। ਇਹ ਰਣਜੀਤ ਸਿੰਘ ਦੀ ਖੁਸ਼ਕਿਸਮਤੀ ਹੈ ਕਿ ਉਸ ਨੂੰ ਆਰੰਭ ਕਾਲ ਵਿਚ ਹੀ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਸ਼ਾਮ ਸਿੰਘ ਅਟਾਰੀਵਾਲਾ ਵਰਗੇ ਸੈਨਾਪਤੀ ਅਤੇ ਹਕੀਮ ਅਜ਼ੀਜ਼-ਉਦ-ਦੀਨ ਵਰਗੇ ਵਜ਼ੀਰ ਮਿਲੇ; ਪਰ ਬਾਅਦ ਵਿਚ ਉਸ ਨੇ ਜਿਨ੍ਹਾਂ ਨੂੰ ਵੀ ਹਕੂਮਤ ਦੇ ਅਹਿਮ ਅਹੁਦਿਆਂ ਲਈ ਚੁਣਿਆ, ਉਹ ਕਿੰਨੇ ਘਟੀਆ ਅਤੇ ਸਿੱਖ ਰਾਜ ਲਈ ਕਿੰਨੇ ਗੱਦਾਰ/ਘਾਤਕ ਸਾਬਤ ਹੋਏ, ਉਨ੍ਹਾਂ ਦੇ ਕਾਲੇ ਕਾਰਨਾਮਿਆਂ ਨਾਲ ਉਸ ਸਮੇਂ ਦੇ ਪੰਜਾਬ ਦਾ ਇਤਿਹਾਸ ਭਰਿਆ ਪਿਆ ਹੈ।

ਅੰਗਰੇਜ਼ਾਂ ਨੂੰ ਸਿੱਖ ਰਾਜ ਦੇ ਖਾਤਮੇ ਦਾ ਜ਼ਿੰਮੇਵਾਰ ਠਹਿਰਾਉਣਾ ਗਲਤ ਹੈ। ਹਰ ਹਕੂਮਤ ਦਾ ਮੁੱਢ ਕਦੀਮ ਤੋਂ ਇਹ ਅਸੂਲ ਰਿਹਾ ਹੈ ਕਿ ਉਹ ਆਪਣੇ ਗੁਆਂਢੀ ਹੁਕਮਰਾਨ ਦੀਆਂ ਕਮਜ਼ੋਰੀਆਂ ਨੂੰ ਵੇਖਦਾ-ਸਮਝਦਾ ਰਹੇ ਅਤੇ ਮੌਕਾ ਆਉਣ 'ਤੇ ਉਸ ਨੂੰ ਹੜੱਪ ਕਰ ਜਾਵੇ। ਰਣਜੀਤ ਸਿੰਘ ਨੇ ਵੀ ਇਹੀ ਕੁਝ ਕੀਤਾ, ਪਰ ਨਾਲ ਹੀ ਉਹ ਕੁਝ ਕੀਤਾ, ਜੋ ਕਰਨ ਦੀ ਲੋੜ ਨਹੀਂ ਸੀ। ਉਨ੍ਹਾਂ ਨੇ ਮਿਸਲਾਂ ਦੇ ਸਰਦਾਰਾਂ, ਜਿਨ੍ਹਾਂ ਨਾਲ ਉਸ ਨੇ ਦੋਸਤਾਨਾ ਸਮਝੌਤੇ ਕੀਤੇ, ਨਾਲ ਧੋਖਾ ਕਰਦਿਆਂ ਉਨ੍ਹਾਂ ਦੇ ਕਿਲ੍ਹੇ ਢਾਹ ਕੇ ਮਿੱਟੀ ਵਿਚ ਮਿਲਾ ਦਿੱਤੇ। ਕਰੋੜਸਿੰਘੀਆ ਮਿਸਲ ਦਾ ਸਰਦਾਰ ਬਘੇਲ ਸਿੰਘ, ਜਿਸ ਨੇ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ ਆਦਿ ਨਾਲ ਮਿਲ ਕੇ ਦਿੱਲੀ ਨੂੰ ਫਤਿਹ ਕੀਤਾ ਸੀ, ਦੀ ਵਿਧਵਾ ਦੇ ਘਰ ਆਪਣੇ ਸਿਪਾਹੀ ਭੇਜ ਕੇ ਉਸ ਦੇ ਘੋੜੇ, ਬਲਦ, ਇਥੋਂ ਤੱਕ ਕਿ ਉਸ ਦੇ ਘਰ ਭਾਂਡੇ ਤੱਕ ਉਠਾ ਕੇ ਗੱਡਿਆਂ 'ਤੇ ਲਦਵਾ ਲਏ।

ਖਾਲਸਾ ਰਾਜ ਦੇ ਖਾਤਮੇ ਲਈ ਅੰਗਰੇਜ਼ਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਇਸ ਲਈ ਵੀ ਗਲਤ ਹੈ ਕਿ ਰਣਜੀਤ ਸਿੰਘ ਦੀ ਮੌਤ ਪਿਛੋਂ ਉਸ ਦੇ ਨਾਲਾਇਕ ਪੁੱਤਰਾਂ ਅਤੇ ਮਹੱਤਵ-ਅਕਾਂਖੀ ਵਜ਼ੀਰਾਂ ਪਤਵੰਤਿਆਂ ਨੇ ਆਪਸ ਵਿਚ ਲੜ ਕੇ ਇਕ-ਦੂਜੇ ਨੂੰ ਮਾਰ ਮੁਕਾਇਆ। ਜਦ ਰਣਜੀਤ ਸਿੰਘ ਦੇ ਸਾਰੇ ਜਾਨ-ਨਸ਼ੀਨ ਮਰ ਮੁੱਕ ਗਏ ਤਾਂ ਰਹਿ ਗਈ ਜਿੰਦਾਂ। ਫਿਰ ਉਸ ਨੇ ਜੋ ਕੀਤਾ, ਉਸ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ:

ਅਰਜ਼ੀ ਲਿਖੀ ਫਰੰਗੀ ਨੂੰ ਕੁੰਜ-ਗੋਸ਼ੇ,
ਪਹਿਲਾਂ ਆਪਣਾ ਸੁਖ ਆਨੰਦ ਵਾਰੀ।
ਤੇਰੇ ਵਲ ਮੈਂ ਫੌਜ ਨੂੰ ਭੇਜਦੀ ਹਾਂ,
ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।

ਉਦੋਂ ਕਿਸੇ ਨੂੰ ਵੀ ਖਰੀਦਿਆ ਜਾ ਸਕਦਾ ਸੀ। ਕੌਮ ਦੇ ਸਾਰੇ ਸਰਗਣੇ ਵਿਕਾਊ ਸਨ। ਇਕ ਤਰ੍ਹਾਂ ਨਾਲ ਹਰ ਸ਼ਹਿਜ਼ਾਦੇ, ਵਜ਼ੀਰ ਤੇ ਰਾਣੀ ਨੇ ਫਰੰਗੀਆਂ ਨਾਲ ਮਿਲ ਕੇ ਆਪਣੇ ਨਿਜੀ ਸੁਆਰਥ ਖਾਤਰ ਖਾਲਸਾ ਫੌਜ ਨੂੰ ਕਮਜ਼ੋਰ ਕਰਨ ਅਤੇ ਅੰਗਰੇਜ਼-ਸਿੱਖ ਜੰਗਾਂ ਵਿਚ ਸਿੱਖਾਂ ਦੇ ਹਾਰ ਜਾਣ ਵਿਚ ਭੂਮਿਕਾ ਨਿਭਾਈ। ਇਸ ਦੇ ਨਾਲ ਹੀ ਐਸੀ ਆਪਾ-ਧਾਪੀ ਚੱਲੀ, ਜਿਸ ਦੀ ਹਿੰਦੋਸਤਾਨ ਦੇ ਇਤਿਹਾਸ ਵਿਚ ਕੋਈ ਬਰਾਬਰੀ ਨਹੀਂ।

ਸਿੱਖ ਇਤਿਹਾਸਕਾਰ ਜਦ ਰਣਜੀਤ ਸਿੰਘ ਦੇ ਸਿੱਖ ਰਾਜ ਅਤੇ ਉਸ ਦੀ ਸ਼ਖਸੀਅਤ ਦੀਆਂ ਸਿਫਤਾਂ ਦੇ ਪੁਲ ਬੰਨ੍ਹਦੇ ਹਨ ਤਾਂ ਇਕ ਤਰ੍ਹਾਂ ਨਾਲ ਉਹ ਆਪਣੀ ਹੀ ਹਉਮੈ ਦੀ ਪੂਰਤੀ ਕਰ ਰਹੇ ਹੁੰਦੇ ਹਨ। ਗੁਣਾਂ ਦੇ ਬਾਵਜੂਦ ਰਣਜੀਤ ਸਿੰਘ ਵਿਚ ਜਿਸ ਤਰ੍ਹਾਂ ਦੀ 'ਸਟੇਟਸਮੈਨਸ਼ਿਪ' ਸਿਆਸਤਦਾਨੀ ਅਤੇ ਹੌਸਲੇ ਦੀ ਲੋੜ ਸੀ, ਉਹਦੀ ਪ੍ਰਤਖ ਘਾਟ ਸੀ। ਕਈ ਇਤਿਹਾਸਕਾਰ ਮੰਨਦੇ ਹਨ ਕਿ ਰਣਜੀਤ ਸਿੰਘ ਅੰਗਰੇਜ਼ਾਂ ਨਾਲ ਸਖਤੀ ਦੀ ਨੀਤੀ ਅਪਨਾਉਂਦਾ ਤਾਂ ਵੱਧ ਸਫਲ ਹੁੰਦਾ। ਇਹ ਗੱਲ ਵੀ ਧਿਆਨ ਮੰਗਦੀ ਹੈ ਕਿ ਮਰਾਠਾ ਪੇਸ਼ਵਾ, ਜੋ ਉਸ ਸਮੇਂ ਤਾਕਤਵਰ ਸੀ, ਨੇ ਰਣਜੀਤ ਸਿੰਘ ਨੂੰ ਸੰਦੇਸ਼ ਭੇਜੇ ਕਿ ਮਿਲ ਕੇ ਫਰੰਗੀਆਂ ਨੂੰ ਹਿੰਦੋਸਤਾਨ ਦੀ ਧਰਤੀ ਤੋਂ ਭਜਾਉਣ ਦੇ ਯਤਨ ਕੀਤੇ ਜਾ ਸਕਦੇ ਹਨ, ਪਰ ਰਣਜੀਤ ਸਿੰਘ ਨੇ ਪੇਸ਼ਵਾ ਦੇ ਏਲਚੀ ਨੂੰ ਛੇ ਮਹੀਨੇ ਤਕ ਲਾਹੌਰ ਬਿਠਾਈ ਰੱਖਿਆ ਅਤੇ ਫਰੰਗੀਆਂ ਦੀ ਨਾਰਾਜ਼ਗੀ ਤੋਂ ਡਰਦਿਆਂ ਉਸ ਨਾਲ ਮੁਲਾਕਾਤ ਵੀ ਨਾ ਕੀਤੀ। ਭਰਤਪੁਰ ਦੇ ਰਾਜੇ ਦੇ ਵੀ ਸੰਦੇਸ਼ ਆਏ। ਸਤਲੁਜ ਪਾਰ ਦੇ ਸਿੱਖ ਰਾਜਿਆਂ ਨੇ ਵੀ ਇਸ ਤਰ੍ਹਾਂ ਦੇ ਲੁਕਵੇਂ ਸੰਦੇਸ਼ ਭੇਜੇ। ਇਸ ਸਭ ਕੁਝ ਤੋਂ ਲੱਗਦਾ ਹੈ, ਰਣਜੀਤ ਸਿੰਘ ਚਾਹੁੰਦਾ ਸੀ ਕਿ ਉਸ ਦੇ ਜਿਉਂਦੇ ਜੀਅ ਉਸ ਦੀ ਪਾਤਸ਼ਾਹੀ ਬਣੀ ਰਹੇ। ਉਹ ਕੋਈ 'ਰਿਸਕ' ਲੈਣਾ ਨਹੀਂ ਸੀ ਚਾਹੁੰਦਾ। ਬਾਅਦ 'ਚ ਚਾਹੇ ਸਭ ਕੁਝ ਵੱਠੇ ਖੂਹ ਵਿਚ ਜਾਵੇ।

ਜਿਨ੍ਹਾਂ ਨਿਖੇਧਾਤਮਕ ਪਰੰਪਰਾਵਾਂ, ਰਸਮਾਂ-ਰਿਵਾਜਾਂ ਨੂੰ ਗੁਰੂ ਸਾਹਿਬਾਨ ਨੇ ਨਕਾਰਿਆ, ਬੰਦਾ ਬਹਾਦਰ ਨੇ ਜੋ ਸਾਕਾਰਾਤਮਕ ਕੰਮ ਕੀਤੇ (ਜਿਵੇਂ ਛੋਟੇ ਕਿਸਾਨਾਂ, ਹਲ ਵਾਹਕਾਂ ਲਈ) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਉਸ ਨੂੰ ਵੀ ਤਿਲਾਂਜਲੀ ਦੇ ਦਿੱਤੀ ਗਈ।

ਚਾਪਲੂਸਾਂ, ਕੁਪਾਤਰਾਂ (ਕਿਤੇ ਕਿਤੇ ਸੁਪਾਤਰਾਂ ਨੂੰ ਵੀ) ਨੂੰ ਵੱਡੀਆਂ ਜਾਗੀਰਾਂ ਮਿਲਣੀਆਂ ਸ਼ੁਰੂ ਹੋ ਗਈਆਂ। ਧਰਮ ਨਿਰਪੱਖ ਨੀਤੀ ਬੇਸ਼ਕ ਅਪਨਾਈ ਗਈ ਅਤੇ ਸਿੱਖ, ਮੁਸਲਮਾਨ ਵਿਚ ਕੋਈ ਫਰਕ ਨਹੀਂ ਰੱਖਿਆ; ਪਰ ਜਿਸ ਤਰ੍ਹਾਂ ਪਦਾਰਥਵਾਦ, ਭ੍ਰਿਸ਼ਟਾਚਾਰ, ਦੇਹ-ਵਾਦ, ਖੁਸ਼ਾਮਦਪ੍ਰਸਤੀ, ਮਤਲਬਪ੍ਰਸਤੀ, ਭਰੂਣ ਹੱਤਿਆ, ਐਸ਼-ਓ-ਇਸ਼ਰਤ ਦਾ ਬੋਲਬਾਲਾ ਰਿਹਾ, ਉਸ ਦਾ ਜ਼ਿੰਮੇਵਾਰ ਕੌਣ ਸੀ? ਇਹ ਸਭ ਕੁਝ ਰਾਜ ਦੇ ਸ਼ੁਰੂ ਤੋਂ ਹੀ ਦਿਸਣ ਲੱਗ ਪਿਆ ਸੀ। ਪੁਰੀ, ਜਵਾਲਾਮੁਖੀ ਦੇ ਮੰਦਿਰਾਂ ਦੇ ਕਲਸ਼ਾਂ ਲਈ ਸੋਨਾ ਦਾਨ ਕਰਨਾ, ਬਨਾਰਸ ਦੇ ਬ੍ਰਾਹਮਣਾਂ/ਪੰਡਿਤਾਂ ਨੂੰ ਦਾਨ-ਦੱਖਣਾਂ ਆਦਿ ਦਸਾਂ ਗੁਰੂਆਂ ਦੇ ਸੰਦੇਸ਼ ਤੋਂ ਟੁੱਟ ਜਾਣ ਦੀਆਂ ਨਿਸ਼ਾਨੀਆਂ ਹੀ ਸਨ।

ਅੱਜ ਅਸੀਂ ਅਮਰੀਕਾ ਨੂੰ ਜਿਸ ਬਾਜ਼ਾਰਵਾਦ ਦਾ ਦੋਸ਼ੀ ਮੰਨਦੇ ਹਾਂ, ਇਹ ਬਾਜ਼ਾਰਵਾਦ/ਪਦਾਰਥਵਾਦ ਤਾਂ ਸਾਡੀ ਕੌਮ ਦੀ ਨਸ ਨਸ ਵਿਚ, ਦਿਲਾਂ ਵਿਚ ਵਸਿਆ ਹੋਇਆ ਹੈ।

ਫਰੰਗੀਆਂ ਦੀ ਪੰਜਾਬ ਵਿਚ ਹਕੂਮਤ ਕਾਇਮ ਹੋਣ ਬਾਅਦ ਵੀ ਕੁਝ ਪੁਰਾਣੇ ਕੌਮੀ ਲੱਛਣ ਬਾਕੀ ਬਚੇ ਜ਼ਰੂਰ ਰਹਿ ਗਏ, ਪਰ ਇਨ੍ਹਾਂ ਲੱਛਣਾਂ ਦੇ ਧਾਰਨੀ ਆਮ ਆਦਮੀ ਸਨ। ਨਾਮਧਾਰੀਆਂ ਦੀਆਂ ਕੁਰਬਾਨੀਆਂ, ਬੱਬਰ ਅਕਾਲੀ ਅਤੇ ਗਦਰੀ ਬਾਬਿਆਂ ਦੀ ਚਲਾਈ ਲਹਿਰ ਉਨ੍ਹਾਂ ਦੀਆਂ ਸਾਕਾਰਾਤਮਕ ਕਦਰਾਂ ਕੀਮਤਾਂ ਦਾ ਪ੍ਰਨਾਮ ਹੈ। ਇਹਦੇ ਨਾਲ ਇਹ ਵੀ ਦੇਖੋ ਕਿ ਅਮੀਰਜ਼ਾਦੇ, ਜਾਗੀਰਦਾਰ, ਅਹੁਦੇਦਾਰ ਵੀ ਹਨ ਜਿਨ੍ਹਾਂ ਨੇ (ਚੀਫ ਖਾਲਸਾ ਦੀਵਾਨ ਦੇ ਪਤਵੰਤੇ) ਸਰਦਾਰ ਸਾਹਿਬ, ਸਰਦਾਰ ਬਹਾਦਰ ਦੀਆਂ ਪਦਵੀਆਂ ਅੰਗਰੇਜ਼ਾਂ ਕੋਲੋਂ ਹਾਸਲ ਕੀਤੀਆਂ ਅਤੇ ਜਲ੍ਹਿਆਂਵਾਲਾ ਬਾਗ ਦੇ ਕਸਾਈ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਬਾਅਦ ਵੀ ਸਿੱਖ ਸਿਪਾਹੀ ਦੀ ਬਹਾਦਰੀ, ਵਫਾਦਾਰੀ ਵਿਚ ਕੋਈ ਕਮੀ ਨਹੀਂ ਦਿਸਦੀ। ਮੁਦਕੀ ਦੀ ਪਹਿਲੀ ਲੜਾਈ ਤੋਂ ਲੈ ਕੇ ਚੇਲਿਆਂ ਵਾਲਾ ਅਤੇ ਗੁਜਰਾਤ ਦੀ ਲੜਾਈ ਤਕ ਆਮ ਸਿਪਾਹੀ ਨੇ ਆਪਣੇ ਜੌਹਰ ਦਿਖਾਏ। ਪਠਾਣ ਤੋਪਚੀਆਂ ਬਾਰੇ ਕਿੰਤੂ ਕਰਨਾ ਵੀ ਅਸੰਭਵ ਹੈ। ਮੁਲਤਾਨ ਦੇ ਹਿੰਦੂ/ਖੱਤਰੀ ਸੂਬੇਦਾਰ ਮੂਲ ਰਾਜ ਦੀ ਖੁਦਦਾਰੀ ਅਤੇ ਬਹਾਦਰੀ ਦੀ ਦਾਦ ਦੇਣੀ ਬਣਦੀ ਹੈ। ਨਾਲ ਚੇਤ ਸਿੰਘ ਅਤੇ ਉਸ ਦੇ ਪੁੱਤਰ ਸ਼ੇਰ ਸਿੰਘ ਦੀ ਵੀ। ਚੇਲਿਆਂ ਵਾਲਾ ਦੀ ਲੜਾਈ ਬਾਰੇ ਫਰੰਗੀ ਅਫਸਰ ਬੈਕਵੈਲ ਲਿਖਦਾ ਹੈ: 'ਉਹ ਦੈਂਤਾਂ ਵਾਂਗ ਲੜੇ, ਬਹੁਤ ਬਹਾਦਰ ਅਤੇ ਅੱਖੜ, ਜੋ ਮੌਤ ਤੋਂ ਵੀ ਨਹੀਂ ਸਨ ਡਰਦੇ। ਬੱਬਰ ਸ਼ੇਰਾਂ ਵਾਂਗ ਗਰਜਣ ਵਾਲੇ ਗੱਭਰੂ ਮੈਂ ਅੱਜ ਤਕ ਨਹੀਂ ਵੇਖੇ। ਉਹ ਬੈਨਟਾਂ ਦੀਆਂ ਨੋਕਾਂ ਉਪਰ ਨੱਚਦੇ...।'

ਨਾਵਲ ਦੇ ਬਿਰਤਾਂਤ ਲਈ ਮੈਂ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਦਾ ਉਹ ਸਮਾਂ ਚੁਣਿਆ, ਜਦ ਸਿੱਖਾਂ ਅਤੇ ਫਰੰਗੀਆਂ ਵਿਚਕਾਰ ਕਾਫੀ ਲੜਾਈਆਂ ਹੋ ਚੁੱਕੀਆਂ ਸਨ ਅਤੇ ਮੁਲਤਾਨ ਚੇਲਿਆਂ ਵਾਲੇ ਦੀ ਲੜਾਈ ਅਜੇ ਬਾਕੀ ਸੀ। ਨਾਵਲ ਲਿਖਣ ਦੀ ਵਿਧੀ, ਸਟਾਈਲ ਵਿਚ ਮੈਂ ਕੋਈ ਨਵਾਂ ਪ੍ਰਯੋਗ ਨਹੀਂ ਕੀਤਾ, ਕਿਉਂਕਿ ਇਸ ਤਰ੍ਹਾਂ ਮੈਂ ਆਪਣੇ ਅਸਲੀ ਮੰਤਵ ਤੋਂ ਦੂਰ ਚਲੇ ਜਾਣ ਦਾ ਖਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦਾ। ਜੇ ਥੋੜ੍ਹਾ ਬਹੁਤ ਨਵਾਂ ਹੈ ਤਾਂ ਉਹ ਇਹ ਕਿ ਇਸ ਨਾਵਲ ਦੇ ਬਿਰਤਾਂਤ ਨੂੰ ਅੱਗੇ ਵਧਾਉਣ ਅਤੇ ਪ੍ਰਮਾਣਿਕ ਬਣਾਉਣ ਲਈ ਮੈਂ ਸ਼ਾਹ ਮੁਹੰਮਦ ਦੇ ਪੁੱਤਰ ਨੂੰ ਵਿਸ਼ੇਸ਼ ਭੂਮਿਕਾ ਨਿਭਾਉਂਦਿਆਂ ਵਿਖਾਇਆ ਹੈ। ਮਹਾਰਾਜਾ ਰਣਜੀਤ ਸਿੰਘ ਦੀਆਂ ਅੱਠ ਵਿਆਹੁਤਾ ਰਾਣੀਆਂ ਦੀਆਂ ਕੁੱਖੋਂ ਪੁੱਤਰਾਂ ਨੇ ਹੀ ਜਨਮ ਲਿਆ, ਕਿਸੇ ਧੀ ਨੇ ਕਿਉਂ ਨਹੀਂ? ਇਹ ਪ੍ਰਸ਼ਨ ਉਠਾ ਕੇ ਮੈਂ ਉਸ ਦੀ ਇਕ ਧੀ ਨੂੰ ਇਸ ਨਾਵਲ ਦੀ ਨਾਇਕਾ ਦੇ ਤੌਰ 'ਤੇ ਪੇਸ਼ ਕੀਤਾ ਹੈ।

ਮੈਂ ਆਪਣੀਆਂ ਰਚਨਾਵਾਂ ਦਾ ਮੁੱਖ ਨਾਇਕ ਆਮ ਕਰ ਕੇ 'ਆਮ ਆਦਮੀ' ਨੂੰ ਹੀ ਬਣਾਉਂਦਾ ਹਾਂ। ਇਸ ਨਾਵਲ ਵਿਚ ਮੇਰੇ ਪਹਿਲੇ ਨਾਵਲ 'ਯੁਧ ਨਾਦ' ਵਾਂਗ ਆਮ ਅਤੇ ਅਣਇਤਿਹਾਸਕ ਮਨੁੱਖ ਹੈ, ਪਰ ਜੋ ਵੀ ਇਤਿਹਾਸਕ ਪਾਤਰ ਮੈਂ ਲਏ ਹਨ, ਚਾਹੇ ਹਿੰਦੁਸਤਾਨੀ ਚਾਹੇ ਫਰੰਗੀ, ਉਹ ਆਪਣੀਆਂ ਇਤਿਹਾਸਕ ਭੂਮਿਕਾਵਾਂ ਦੇ ਬਹੁਤ ਨੇੜੇ ਅਤੇ ਪ੍ਰਮਾਣਿਕ ਹਨ।

ਕਹਾਣੀ

# ਤਾਈ ਮਹਾਕੁਰ

**ਜ਼ਮਾਨਾ ਬਦਲਣ ਨਾਲ ਕਦਰਾਂ-ਕੀਮਤਾਂ ਵੀ ਬਦਲ ਗਈਆਂ ਹਨ। ਕਦੇ ਘਰ ਦੇ ਡੰਗਰ, ਪਸ਼ੂ ਆਪਣੇ ਪਰਿਵਾਰ ਦੇ ਜੀਆਂ ਵਾਂਗ ਜਾਪਦੇ ਸਨ। ਜਦੋਂ ਟਰੈਕਟਰ ਆ ਗਏ, ਘਰ ਦੇ ਬਲਦ ਵਾਧੂ ਜਾਪਣ ਲੱਗੇ ਪਰ ਬਜ਼ੁਰਗਾਂ ਦਾ ਉਨ੍ਹਾਂ ਨਾਲ ਮੋਹ ਇਸ ਕਦਰ ਸੀ ਕਿ ਉਹ ਆਪਣੀ ਜਾਨ ਨਾਲੋਂ ਵੀ ਪਿਆਰੇ ਲੱਗਦੇ। ਬੁੱਢੇ ਹੋਏ ਬਲਦ ਦਾ ਰੱਸਾ ਬੁੱਚੜਾਂ ਦੇ ਹੱਥ ਫੜ੍ਹਾਉਣਾ ਬਹੁਤ ਵੱਡਾ ਪਾਪ ਲੱਗਦਾ ਪਰ ਨਵੀਂ ਪੀੜ੍ਹੀ ਨੂੰ ਅਜਿਹਾ ਮੋਹ ਕਿੱਥੇ? ਇਸ ਕਹਾਣੀ ਵਿਚ ਵੀ ਜਦੋਂ ਨੌਜਵਾਨ ਪੁੱਤ ਬੁੱਢੇ ਹੋਏ ਬਲਦ ਦਾ ਰੱਸਾ ਬੁੱਚੜਾਂ ਦੇ ਹੱਥ ਫੜ੍ਹਾਉਂਦਾ ਹੈ ਤਾਂ ਕਹਾਣੀ ਦੀ ਮੁੱਖ ਪਾਤਰ ਤਾਈ ਦੀ ਤਾਂ ਜਿੰਦ ਹੀ ਨਿਕਲ ਜਾਂਦੀ ਹੈ। -ਸੰਪਾਦਕ**

ਮੰਗਲ ਸਿੰਘ ਬਰਾੜ

ਬਾਹਰਲਾ ਬੂਹਾ ਲੰਘ ਕੇ ਅਜੇ ਮੈਂ ਵਿਹੜੇ 'ਚ ਥੋੜ੍ਹਾ ਹੀ ਅੱਗੇ ਗਿਆ ਸਾਂ ਕਿ ਕੰਧੋਲੀਆਂ ਦੇ ਅੰਦਰਵਾਰ ਵਾਲੇ ਪਾਸੇ ਚੌਂਤਰੇ 'ਚੋਂ ਤਾਈ ਮਹਾਕੁਰ ਦੇ ਖਰ੍ਹਵੇ ਬੋਲ ਸੁਣਾਈ ਦਿੱਤੇ, "ਜਾਹ ਦਫਾ ਹੋ ਜਾਹ। ਖਸਮਾਂ ਦਾ ਸਿਰ ਖਾਹ...ਜਿਵੇਂ ਤੇਰਾ ਜੀਅ ਕਰਦੈ, ਕਰੀ ਚੱਲ...ਤੂੰ ਹੁਣ ਮਾਲਕ ਬਣ ਗਿਐਂ ਨਾ ਘਰ ਦਾ...ਮੇਰਾ ਕੀ ਐ ਏਥੇ...ਨਦੀ ਕਿਨਾਰੇ ਰੁੱਖੜਾ...।"

ਮੈਂ ਵੇਖਿਆ ਤਾਈ ਹੱਥ 'ਚ ਖੂੰਡੀ ਫੜੀ ਮੰਜੇ ਦੀ ਦੌਣ 'ਤੇ ਬੈਠੀ ਬੁੜ੍ਹਕ-ਬੁੜ੍ਹਕ ਤਾਂਹਾਂ ਨੂੰ ਉਠਦੀ ਸੀ ਤੇ ਕੰਧੋਲੀ ਨਾਲ ਢੋਅ ਲਾਈ ਖੜ੍ਹਾ ਬਲਦੇਵ ਵੀ ਅੱਗੋਂ ਮੋੜ 'ਤੇ ਮੋੜ ਦੇਈ ਜਾ ਰਿਹਾ ਸੀ। ਬੜਾ ਕਸੂਤਾ ਫਸ ਗਿਆ ਸਾਂ ਮੈਂ ਵੀ...ਨਾ ਪਿਛੇ ਮੁੜਨ ਜੋਗਾ ਸਾਂ ਤੇ ਨਾ ਹੀ ਪੈਰ ਅਗਾਂਹ ਜਾਣ ਦਾ ਹੌਸਲਾ ਕਰਦੇ ਸੀ। ਸੋਚਿਆ ਸੀ, ਤਾਈ ਨੂੰ ਮਿਲ ਚੱਲੀਏ। ਪੂਰੇ ਛੇ ਮਹੀਨਿਆਂ ਤੋਂ ਪਿੰਡ ਆਇਆ ਸਾਂ। ਸੋ, ਜੇਰਾ ਕਰਕੇ ਜਾ ਪੈਰੀਂ ਹੱਥ ਲਾਏ ਤਾਈ ਦੇ। ਬਲਦੇਵ ਵੀ ਮੈਨੂੰ ਵੇਖ ਕੇ ਕੁਸ਼ ਸਹਿਮ ਜਿਹਾ ਗਿਆ। ਉਹਦੇ ਨਾਲ ਹੱਥ ਮਿਲਾ ਕੇ ਤੇ ਰਸਮੀ ਸੁੱਖ-ਸਾਂਦ ਪੁੱਛਣ ਮਗਰੋਂ ਮੈਂ ਤਾਈ ਆਲੇ ਮੰਜੇ 'ਤੇ ਹੀ ਓਕੜੂ ਜਿਹਾ ਹੋ ਕੇ ਬੈਠ ਗਿਆ।

"ਆ ਪੁੱਤ! ਮਾਂ ਸਦਕੇ! ਕਦੋਂ ਆਇਐਂ? ਤੂੰ ਭਲਾ ਕੱਲ੍ਹ ਆਥਣੇ ਜੇ ਬੀਰੇ ਮਹਾਜਨ ਕੀ ਚੱਕੀ ਵੰਨੀ ਨੀਂ ਤੁਰਿਆ ਜਾਂਦਾ ਸੈਂ?" ਤਾਈ ਇਕੋ ਸਾਹੇ ਕਈ ਕੁਝ ਕਹਿ ਗਈ।

"ਹਾਂ ਤਾਈ, ਮੈਂ ਗਿਆ ਸੀ ਕੱਲ੍ਹ ਓਧਰਲੇ ਪਾਸੇ। ਆਏ ਨੂੰ ਤਾਂ ਮੈਨੂੰ ਚਾਰ ਪੰਜ ਦਿਨ ਹੋ 'ਗੇ, ਬੱਸ ਤੈਨੂੰ ਮਿਲਣ ਆਇਆ ਈ ਨੀਂ ਗਿਆ। ਅੱਜ ਮੈਂ ਸੋਚਿਆ ਮਿਲ ਈ ਆਈਏ ਪਰ ਮੇਰੇ ਆਉਂਦੇ ਨੂੰ ਤੁਸੀਂ ਆਹ ਕੀ ਝੱਜੂ ਪਾਈ ਖੜ੍ਹੇ ਐਂ, ਮਾਂ-ਪੁੱਤ।"

"ਬਾਈ ਕੀ ਦੱਸਾਂ ਤੈਨੂੰ। ਬੇਬੇ ਐ ਪੁਰਾਣੇ ਖਿਆਲਾਂ ਦੀ। ਬੱਸ ਜਿਹੜੀ ਗੱਲ ਦੇ ਮਗਰ ਪੈ ਜੇ ਓਸੇ ਨੂੰ ਦੱਬੀ ਜਾਊ। ਨਾ ਅਗਲੇ ਦੀ ਸੁਣੇ, ਨਾ ਸਮਝੇ। ਤੂੰ ਆਪ ਈ ਦੱਸ, ਭਲਾ ਔਹ ਬੌਡਾ ਬਲਦ ਖੜ੍ਹਾ ਐ ਨਾ ਖੁਰਲੀ 'ਤੇ...ਦੱਸ ਉਹਤੋਂ ਕੀ ਕਰਾਉਣੈਂ ਹੁਣ। ਵਾਹੀ ਦਾ ਸਾਰਾ ਕੰਮ ਟਰੈਕਟਰ ਨਾਲ ਕਰੀਦੈ। ਪੱਠੇ ਲਿਆਉਣ ਨੂੰ ਵਹਿੜਕਾ ਹੈਗਾ। ਦੱਸ ਏਹਨੂੰ ਪੱਠੇ ਪਾਉਣ ਦਾ ਕੀ ਫਾਇਦੈ। ਨਾਲੇ ਇਹ ਵਿਹਲਾ ਊਂ ਹਕਾਰ ਗਿਐ, ਜਿਹੜਾ ਕੋਈ ਬਾਹਰੋਂ ਘਰੇ ਆਉਂਦੈ ਉਹਨੂੰ ਮਾਰਨ ਪੈ ਜਾਂਦੈ। ਐਵੇਂ ਕਿਸੇ ਦਾ ਢਿੱਡ ਪਾੜ ਦੂ।" ਬਲਦੇਵ ਨੇ ਤਕਰਾਰ ਦੀ ਵਜ੍ਹਾ ਦੱਸਣੀ ਚਾਹੀ।

"ਨਾ, ਜੇ ਹੁਣ ਉਹ ਬੁੱਢਾ ਹੋ ਗਿਐ ਤਾਂ ਘਰੋਂ ਕੱਢ ਦੇਣੈ? ਲੋਕ ਬੁੜ੍ਹੇ-ਬੁੜ੍ਹੀਆਂ ਨੂੰ ਘਰੋਂ ਕੱਢ ਦਿੰਦੇ ਹੁੰਦੇ ਐ? ਨਾ, ਮੈਂ ਹੁਣ ਕਿਹੜਾ ਕਮਾਂਦਰਾ ਕਰਦੀ ਆਂ, ਮੈਨੂੰ ਵੀ ਵੇਚ ਦੇਹ।"

ਤੇ ਪੈਂਦੀ ਸੱਟੇ ਮੈਨੂੰ ਸੰਬੋਧਨ ਕਰਕੇ ਕਹਿਣ ਲੱਗੀ, "ਭਾਈ ਤੂੰ ਵੀ ਆਵਦਾ ਪਿਓ ਵੇਚ ਦੇ, ਉਹ ਕਿਹੜਾ ਕੰਮ ਕਰਦੈ ਕੋਈ।"

"ਲੈ ਬਾਈ ਬੇਬੇ ਤਾਂ ਪੁੱਠੀ ਉਰੀ ਐ। ਜਦੋਂ ਪੁੱਠੀ ਘੁੱਕਣ ਲੱਗ ਜੇ ਫੇਰ ਮਜਾਲ ਐ ਕੋਈ ਮੂਹਰੇ ਅੜ ਜੇ। ਮੈਂ ਕੋਈ ਮਾਂ-ਪਿਓ ਨੂੰ ਵੇਚਣ ਦੀ ਗੱਲ ਤਾਂ ਨੀ ਕਰਦਾ। ਕਿਥੇ ਮਾਂ-ਪਿਓ, ਕਿਥੇ ਬੌਡਾ ਬਲਦ। ਇਹ ਸਾਰਿਆਂ ਨੂੰ ਇਕੋ ਰੱਸੇ ਈ ਧਰ ਲੈਂਦੀ ਐ, ਜਦੋਂ ਚਲ ਪੇ।"

"ਲੈ ਵੇਖ ਲਾ, ਉਲਟਾ ਮੈਨੂੰ ਪੁੱਠੀ ਉਰੀ ਦੱਸਦੈ।" ਤਾਈ ਪਿਛੇ ਹਟਣ ਨੂੰ ਤਿਆਰ ਨਹੀਂ ਸੀ।

"ਬਲਦੇਵ ਖੜ੍ਹਾ ਰਹਿਣ ਦੇ ਯਾਰ, ਤੇਰਾ ਕੀ ਲੈਂਦੈ।" ਮੈਂ ਬਲਦੇਵ ਨੂੰ ਸਮਝਾਇਆ। "ਕਦੇ ਅੜੇ-ਥੁੜੇ ਜੋਤ ਲਿਆ ਕਰੀਂ।"

"ਇਉਂ ਬਾਈ ਮਾੜਾ ਤਾਂ ਨੀ ਇਹ। ਅਜੇ ਵੀ ਵਹਿੜਕਿਆਂ ਨਾਲੋਂ ਬਾਹਲਾ ਤੁਰਦੈ। ਅਣਖੀ ਬੜੈ। ਸੋਟੀ ਕਿਹੜਾ ਧਰਨ ਦਿੰਦੈ।"


"ਚਲ ਹੁਣ ਤੁਸੀਂ ਛੱਡੋ ਵੀ। ਘਰੇ ਬਹਿ ਕੇ ਸਲਾਹ ਕਰ ਲਓ ਜੇ ਵੇਚਣਾ ਐ ਤਾਂ, ਜੇ ਰੱਖਣਾ ਐ ਤਾਂ।" ਮੈਂ ਗੱਲ ਮੁਕਾਉਣੀ ਚਾਹੁੰਦਾ ਸਾਂ।

"ਚੰਗਾ ਭਾਈ ਤੂੰ ਬੈਠ। ਮੈਂ ਖੇਤ ਰੋਟੀ ਫੜਾ ਆਵਾਂ ਸੀਰੀ ਦੀ।"

ਤੇ ਬਲਦੇਵ ਲੱਸੀ ਵਾਲਾ ਡੋਲ ਤੇ ਰੋਟੀਆਂ ਲੈ ਕੇ ਖੇਤ ਨੂੰ ਤੁਰ ਗਿਆ।

"ਵੇਖ ਪੁੱਤ, ਜਿੰਦੇ ਦਾ ਤੇਰਾ ਤਾਇਆ ਤੁਰ ਗਿਆ, ਮੈਂ ਇਹਨੂੰ ਕਦੇ ਅਲਫੋਂ ਬੇ ਨੀ ਆਖੀ। ਜੋ ਮਰਜ਼ੀ ਵੇਚੇ-ਵੱਟੇ। ਸ਼ਾਹੀ ਕਰੇ ਸਫੈਦੀ ਕਰੇ, ਮੈਨੂੰ ਕੀ। ਕਦੇ ਏਹਤੋਂ ਕੁਸ਼ ਮੰਗਿਆ ਨੀਂ। ਮੇਰੀਆਂ ਦੋਵੇਂ ਧੀਆਂ ਆਵਦੇ ਆਵਦੇ ਘਰੀਂ ਮੌਜ ਕਰਦੀਐਂ। ਏਹਨੂੰ ਕਦੇ ਨੀ ਆਖਿਆ ਬਈ ਉਨ੍ਹਾਂ ਨੂੰ ਤਿੰਨ ਲੀੜੇ ਈ ਬਣਾ ਕੇ ਦੇ ਦੇਵੇ। ਮੈਂ ਆਪ ਸਾਰਾ ਦਿਨ ਖੂੰਡੀ ਫੜ ਕੇ ਏਹਦੇ ਘਰ ਦੀ ਰਾਖੀ ਬੈਠੀ ਰਹਿਨੀ ਆਂ। "ਓਹਨੇ ਮੁੱਕਣਾ ਸੀ ਤੇ ਮੈਂ ਆਹ ਦਿਨ ਵੇਖਣੇ ਸੀ।" ਬੀਤੇ ਦੀ ਯਾਦ ਕਰਕੇ ਤਾਈ ਦਾ ਗੱਚ ਭਰ ਆਇਆ ਸੀ। ਉਹਨੇ ਐਨਕ ਉਤਾਂਹ ਕਰਕੇ ਚੁੰਨੀ ਦੇ ਲੜ ਨਾਲ ਅੱਖਾਂ ਪੂੰਝੀਆਂ ਤੇ ਲੰਮਾ ਸਾਹ ਲਿਆ।

"ਕੋਈ ਨੀ ਤਾਈ ਮੈਂ ਸਮਝਾਊਂ ਉਹਨੂੰ। ਅਜੇ ਬੇਸਮਝ ਹੈ। ਹਾਲੇ ਉਹਦੀ ਉਮਰ ਵੀ ਕੀ ਐ।" ਮੈਂ ਤਾਈ ਨੂੰ ਦਿਲਾਸਾ ਦਿੱਤਾ।



"ਭਲਾ ਔਹ ਗੋਰਾ ਬਲਦ ਵੇਚ ਕੇ ਇਹਦਾ ਪੂਰਾ ਪੈ ਜੂ।" ਹੱਥੀਂ ਪਾਲਿਆ ਸੀ ਮੈਂ ਇਹਨੂੰ। ਘਰ ਜੰਮ ਵਹਿੜਕਾ ਸੀ। ਤੂੰ ਆਵਦੀ ਮਾਂ ਨੂੰ ਪੁੱਛੀਂ। ਉਦੋਂ ਆਪਾਂ 'ਕੱਠੇ ਹੁੰਦੇ ਸੀ। ਮੇਰੇ ਪਿਓ ਨੇ ਇਕ ਗਾਂ ਦਿੱਤੀ ਸੀ ਮੈਨੂੰ। ਆਂਹਦਾ ਸੀ, ਲੈ ਪੁੱਤ ਤੈਨੂੰ ਸੁਹੇਣੀ ਹੋਵੇ...ਰਵੇ ਦੀ ਐ...ਤੇ ਨਾਲੇ ਵੱਛੇ ਦਿੰਦੀ ਐ।"

ਤਾਈ ਨੇ ਗੱਲ ਜਾਰੀ ਰੱਖੀ, "ਆਪਣੇ ਘਰੇ ਆ ਕੇ ਪੂਰੇ ਛੀ ਸੂਏ ਸੂਈ ਸੀ ਤੇ ਤਿੰਨ ਜੋਗਾਂ ਘਰ ਦੀਆਂ ਈ ਬਣ ਗਈਆਂ ਸਨ। ਬਲਦ ਤਾਂ ਥਿਰ ਹੁੰਦੇ ਐ ਜੱਟ ਦੀ। ਜਦੋਂ ਤੇਰਾ ਤਾਇਆ ਤੇ ਤੇਰਾ ਪਿਓ ਹਰਨਾਂਤੀਆਂ ਲੈ ਕੇ ਪਿੰਡ ਵਿਚ ਦੀ ਖੇਤ ਨੂੰ ਜਾਂਦੇ ਤਾਂ ਸ਼ਰੀਕਾਂ ਨੇ ਢਿੱਡ ਫੜ ਲੈਣੇ। ਤੀਜਾ ਸੀਰੀ ਹੁੰਦਾ ਸੀ ਨਾਲ, ਗੈਣੇ ਕਾ ਫਗਣ। ਉਹ ਜਾਏ ਖਾਣਾ ਬੜਾ ਘੜਿੱਤੀ ਹੁੰਦਾ ਸੀ। ਜਿਥੇ ਚਾਰ ਜਣੇ ਬੈਠੇ ਹੁੰਦੇ, ਉਥੇ ਜਾ ਕੇ ਬਲਦਾਂ ਨੂੰ ਜਾਣ-ਬੁੱਝ ਕੇ ਛੇੜ ਦਿੰਦਾ ਤੇ ਨਚਾਉਂਦਾ ਈ ਜਾਂਦਾ।"

ਤਾਈ ਦੂਰ ਅਤੀਤ ਦੀਆਂ ਡੂੰਘਾਣਾਂ ਤੀਕਰ ਲਹਿ ਚੁੱਕੀ ਸੀ। ਉਸ ਨੂੰ ਆਪਣੇ ਹੱਥੀਂ ਪਾਲੇ ਗੋਰੇ ਵਹਿੜਕੇ ਨਾਲ ਜੋ ਹੁਣ ਬੁੱਢਾ ਬਲਦ ਬਣ ਚੁੱਕਾ ਸੀ, ਅੰਤਾਂ ਦਾ ਮੋਹ ਸੀ। ਮੈਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਪਰ ਬਲਦੇਵ ਸੀ ਕਿ ਉਸ ਦੇ ਦਿਲ ਦੀ ਭਾਵਨਾ ਨੂੰ ਸਮਝਣ ਤੋਂ ਅਸਮਰਥ ਸੀ। ਉਂਜ ਭਾਵੇਂ ਉਹ ਸੁਭਾਅ ਦਾ ਨੇਕ ਸੀ ਅਤੇ ਤਾਏ ਦੀ ਮੌਤ ਪਿਛੋਂ ਉਸ ਨੇ ਘਰ ਦੀ ਕਬੀਲਦਾਰੀ ਨੂੰ ਪੂਰੀ ਜ਼ਿੰਮੇਵਾਰੀ ਨਾਲ ਸਾਂਭਿਆ ਸੀ। ਉਹ ਪੜ੍ਹਿਆ ਲਿਖਿਆ ਸੀ ਤੇ ਨਵੀਂ ਤਕਨੀਕ ਨਾਲ ਖੇਤੀ ਕਰਨ ਦਾ ਇਛੁਕ ਸੀ। ਉਹ ਨਹੀਂ ਸੀ ਚਾਹੁੰਦਾ ਕਿ ਬੇਲੋੜੇ ਡੰਗਰਾਂ ਦਾ ਖਰਚਾ ਬਰਦਾਸ਼ਤ ਕਰੇ। ਪਰ ਮਾਂ ਦੇ ਖਰ੍ਹਵੇ ਸੁਭਾਅ ਤੋਂ ਤੰਗ ਆ ਕੇ ਕਦੇ-ਕਦੇ ਤੈਸ਼ ਵਿਚ ਵੀ ਆ ਜਾਂਦਾ ਸੀ।

ਏਨੇ ਚਿਰ ਨੂੰ ਬਲਦੇਵ ਦੀ ਵਹੁਟੀ ਨੇ ਪਾਸਾ ਜਿਹਾ ਵੱਟ ਕੇ ਚਾਹ ਦਾ ਗਿਲਾਸ ਮੇਰੇ ਕੋਲ ਭੁੰਜੇ ਹੀ ਰੱਖ ਦਿੱਤਾ ਤੇ ਬੋਲੀ, "ਤੂੰ ਜੀ, ਆਵਦੇ ਭਰਾ ਨੂੰ ਸਮਝਾ ਕੁਸ਼। ਐਵੇਂ ਕਾਹਨੂੰ ਬੌਡੇ ਬਲਦ ਪਿਛੇ ਕਲੇਸ਼ ਪਾਇਐ ਘਰੇ।"

ਉਹਨੇ ਕਾਣਾ ਘੁੰਡ ਕੱਢਿਆ ਹੋਇਆ ਸੀ। ਏਨਾ ਆਖ ਕੇ ਉਹ ਫੇਰ ਚੌਂਕੇ 'ਚ ਗਈ ਤੇ ਤਾਈ ਵਾਸਤੇ ਪਿੱਤਲ ਦੀ ਬਾਟੀ 'ਚ ਚਾਹ ਪਾ ਲਿਆਈ।

"ਲੈ ਕਲੇਸ਼ ਦੀ ਸੁਣ ਲਾ", ਤਾਈ ਨੇ ਪ੍ਰਸੰਗ ਉਥੋਂ ਈ ਫੇਰ ਸ਼ੁਰੂ ਕਰ ਦਿੱਤਾ, "ਮੈਂ ਆਖਿਆ ਪੂਰੇ ਵੀਹ ਸਾਲ ਕਮਾਈ ਖਾਧੀ ਐ ਗਊ ਦੇ ਜਾਏ ਦੀ ਤੇ ਹੁਣ ਆਏਂ ਘਰੋਂ ਕਿਵੇਂ ਕੱਢਿਆ ਜਾਂਦੈ। ਤੇ ਨਾਲੇ ਹੁਣ ਇਹਦਾ ਕੋਈ ਕੀ ਦੇ ਦੂ? ਤਾਂ ਪੁੱਛ ਬਹੂ ਨੂੰ, ਅੱਗੋਂ ਆਂਹਦਾ, 'ਆਹ ਪਿੰਡ 'ਚ ਆਉਂਦੇ ਹੁੰਦੇ ਐ ਨਾ ਕੱਟੇ ਖਰੀਦਣ ਆਲੇ, ਉਹ ਗਾਈਆਂ ਤੇ ਬੌਡੇ ਬਲਦ ਵੀ ਲੈ ਜਾਂਦੇ ਐ।' ਬੂਹ! ਮੈਂ ਮਰਜਾਂ ਨੀ! ਇਹਨੂੰ ਭੋਰਾ ਸ਼ਰਮ ਨੀ ਆਈ ਆਂਹਦੇ ਨੂੰ ਅਖੇ ਕੱਟਿਆਂ ਆਲਿਆਂ ਨੂੰ ਦੇ ਦੂੰ। ਉਹ ਤਾਂ ਬੁੱਚੜਖਾਨੇ ਲੈ ਜਾਂਦੇ ਐ। ਮੈਂ ਆਖਿਆ ਤੂੰ ਹੱਥ ਲਾ ਕੇ ਵਿਖਾ ਤੀਹੋ ਕਾਲ ਮੈਂ ਨੀ ਵੇਚਣ ਦੇਣਾ। ਕੋਈ ਪੁੱਛੇ ਭਲਾ ਇਹਨੂੰ ਉਹਦਾ ਸਰਾਪ ਨੀਂ ਮਾਰ ਜੂ। ਪਤਾ ਨੀ ਵਿਚਾਰੇ ਦੀ ਸਾਲ ਛੀ ਮਹੀਨੇ ਉਮਰ ਹੈ ਵੀ ਕਿ ਨਹੀਂ। ਟੋਕਰੀ ਪੱਠਿਆਂ ਨਾਲੋਂ ਤਾਂ ਨੀ ਮਾੜਾ।" ਤਾਈ ਫੇਰ ਤਮਕ ਚੱਲੀ ਸੀ।

"ਖੈਰ ਤਾਈ ਹੱਥੀਂ ਪਾਲੇ ਜਾਨਵਰ ਦਾ ਮੋਹ ਤਾਂ ਪੁੱਤਾਂ ਨਾਲੋਂ ਵੀ ਬਾਹਲਾ ਹੁੰਦੈ।" ਮੈਂ ਤਾਈ ਨੂੰ ਕੁਸ਼ ਨਰਮ ਕਰਨ ਦੀ ਕੋਸ਼ਿਸ਼ ਨਾਲ ਕਿਹਾ।

"ਲੈ ਮੋਹ ਵਰਗਾ ਮੋਹ? ਪਾਲਿਆ ਵੀ ਤਾਂ ਪੁੱਤਾਂ ਨਾਲੋਂ ਵੱਧ ਸੀ। ਜਦੋਂ ਮੈਂ ਖੇਤ ਤੇਰੇ ਤਾਏ ਦੀ ਰੋਟੀ ਲੈ ਕੇ ਜਾਣੀ ਤਾਂ ਨਾਲ ਆਟਾ ਗੁੰਨ੍ਹ ਕੇ ਬਲਦਾਂ ਵਾਸਤੇ ਵੀ ਲੈ ਕੇ ਜਾਣਾ। ਤੇਰਾ ਤਾਇਆ ਰੋਟੀ ਖਾਂਦਾ ਤੇ ਮੈਂ ਆਪ ਪੇੜੇ ਵੱਟ ਕੇ ਚਾਰਦੀ। ਸਿਆਲਾਂ 'ਚ ਸੁੱਕੀਆਂ ਜ਼ਮੀਨਾਂ ਵਾਹੁੰਦੇ ਤਾਂ ਚੜ੍ਹੇ ਸਿਆਲ ਦੋ ਪਸੇਰੀਆਂ ਘਿਓ ਚਾਰਦੀ ਤੇ ਫੇਰ ਬਲਦਾਂ ਦੇ ਪਿੰਡਿਆਂ ਤੋਂ ਜਿਵੇਂ ਮੱਖੀ ਤਿਲਕ-ਤਿਲਕ ਜਾਣੀ। ਤੇਰੇ ਤਾਏ ਨੇ ਇਕ ਹੱਥ ਨੱਥ ਨੂੰ ਪਾ ਦੂਜਾ ਹੱਥ ਬੰਨ੍ਹ 'ਤੇ ਤੇ ਫੇਰ ਪਿੰਡੇ ਉਤੇ ਦੋਵਾਂ ਬਲਦਾਂ ਦੇ ਵਾਰੀ-ਵਾਰੀ ਇਉਂ ਫੇਰਨਾ ਜਿਵੇਂ ਕੋਈ ਗਲ ਨਾਲ ਲਾ ਕੇ ਪੁੱਤਾਂ ਨੂੰ ਪਲੋਸਦੈ। ਕਈ ਵਾਰ ਉਹ ਪਹਿਲੀ ਰਾਤ ਈ ਹਲ ਜੋੜ ਲੈਂਦਾ ਤੇ ਵਹੁਲਾਂ ਵਾਲੇ ਖੇਤਾਂ 'ਚੋਂ ਕਲੀਆਂ ਲਾਉਂਦੇ ਦੀ ਹੇਕ ਵੱਡੇ ਤੜਕੇ ਘਰੇ ਪਿਆਂ ਨੂੰ ਉਵੇਂ ਜਿਵੇਂ ਸੁਣਦੀ।"

ਜ਼ਰਾ ਕੁ ਸਾਹ ਲੈ ਕੇ ਤਾਈ ਫਿਰ ਤੁਰ ਪਈ, "ਸੱਚ ਹੋਰ ਸੁਣ...ਆਹ ਪਿਛਲੀ ਮੱਸਿਆ ਸੀ ਨਾ ਸੋਮਵਾਰੀ। ਓਦਣ ਬਹੂ ਨੇ ਥੇਈ ਰੱਖੀ ਵੀ ਸੀ। ਵੱਡਾ ਤੜਕਾ। ਗੁਰਦੁਆਰੇ ਆਲਾ ਭਾਈ ਜੀ ਅਜੇ ਬੋਲਿਆ ਨੀ ਸੀ। ਮੈਂ ਜਾਗੋ ਮੀਟੀ 'ਚ ਪਈ ਸਾਂ ਪੁੱਤ। ਤੇਰਾ ਤਾਇਆ ਵਖਾਲੀ ਦਿੱਤਾ। ਜਾਣੀ ਓਵੇਂ ਜਿਵੇਂ ਮੋਢੇ 'ਤੇ ਸਾਫਾ ਤੇ ਹੱਥ 'ਚ ਪਰਾਣੀ। ਆ ਕੇ ਆਂਹਦਾ, ਸੀਬੋ ਦੀ ਮਾਂ, ਗੋਰੇ ਨੂੰ ਗੁੜ ਚਾਰੀ ਰੱਖਿਆ ਕਰ। ਐਤਕੀਂ ਦਬਊ ਜਿਹਾ ਦੀਂਹਦੈ। ਪੁੱਤ ਜਾਣੀ ਉਵੇਂ ਦਿਸਿਆ ਸਾਮਰਤੱਖ ਤੇ ਮੇਰੀ ਭੜੱਕ ਦੇਣੇ ਅੱਖ ਖੁੱਲ੍ਹਗੀ। ਵਾਖਰੂ...।"

ਮੈਂ ਤਾਈ ਦੀ ਗੋਰੇ ਨਾਲ ਜਜ਼ਬਾਤੀ ਸਾਂਝ ਨੂੰ ਮਹਿਸੂਸ ਕਰਦਾ ਸਾਂ। ਮੈਂ ਆਪ ਵੀ ਸੋਚਦਾ-ਸੋਚਦਾ ਕਿਤੇ ਦੂਰ ਨਿਕਲ ਗਿਆ ਸਾਂ। ਮੇਰੇ ਆਪਣੇ ਵੇਖਣ ਦੀਆਂ ਗੱਲਾਂ ਸਨ। ਤਾਇਆ ਬੜਾ ਸ਼ੌਕੀਨ ਸੀ ਬਲਦਾਂ ਦਾ। ਜੇ ਕਦੇ ਕੜਾਪਾ ਆ ਜਾਣਾ ਉਹਨੇ ਆਪ ਭਾਵੇਂ ਰੁੱਖੀ ਮਿੱਸੀ ਖਾ ਲੈਣੀ ਪਰ ਬਲਦਾਂ ਨੂੰ ਘਿਓ ਜ਼ਰੂਰ ਦੇਣਾ, ਭਾਵੇਂ ਮੁੱਲ ਖਰੀਦ ਕੇ ਲਿਆਵੇ ਜਾਂ ਕਿਸੇ ਸਕੀਰੀ 'ਚੋਂ। ਮੈਨੂੰ ਯਾਦ ਹੈ ਜਦੋਂ ਵੱਡੀ ਸਵਾਤ ਪਾਈ ਸੀ ਤਾਂ ਅੱਠ-ਨੌਂ ਕੋਹ 'ਤੇ ਭੱਠਾ ਸੀ ਤੇ ਤਾਇਆ ਤਿੰਨ ਮਹੀਨੇ ਗੱਡੇ 'ਤੇ ਇੱਟਾਂ ਢੋਂਹਦਾ ਰਿਹਾ ਸੀ। ਦਿਨੇ ਗਰਮੀ ਹੁੰਦੀ ਤਾਂ ਰਾਤ ਨੂੰ ਗੇੜਾ ਲੈ ਆਉਂਦਾ ਤੇ ਫੇਰ ਕੋਈ ਸਿਧਰੀ ਜਿਹੀ ਮਿੱਟੀ ਢੋਈ ਸੀ ਭਰਤ ਪਾਉਣ ਵਾਸਤੇ। ਬੱਸ ਗੋਰੇ ਹੁਰੀਂ ਜਾਣਨ ਤੇ ਤਾਇਆ ਜਾਣੇ। ਜੇ ਜੈਤੋ ਤੋਂ ਸ਼ਤੀਰੀਆਂ ਲਿਆਂਦੀਆਂ ਤਾਂ ਗੱਡੇ 'ਤੇ। ਪਤਾ ਨਹੀਂ ਮੈਂ ਹੋਰ ਕਿੰਨਾ ਚਿਰ ਖਿਆਲਾਂ 'ਚ ਡੁੱਬਿਆ ਰਹਿੰਦਾ ਜੇ ਤਾਈ ਨਾ ਬੋਲ ਉਠਦੀ,

"ਤੇ ਪੁੱਤ, ਏਹਨੂੰ ਕੀ ਪਤਾ ਐ ਜਾਨਵਰਾਂ ਦੇ ਮੋਹ ਦਾ। ਨਾ ਪਾਲਿਆ ਨਾ ਵਾਹਿਆ। ਏਹਨੂੰ ਤਾਂ ਬੱਸ ਔਹ ਟਰੈਗਟ ਦਾ ਪਤੈ। ਬਾਹਲਾ ਸਿਆਣਾ। ਅਖੇ ਬਾਹਰੋਂ ਆਏ ਓਪਰੇ ਬੰਦੇ ਨੂੰ ਖੁਰਲੀ 'ਤੇ ਖੜ੍ਹਾ ਘੂਰਦੈ। ਲੈ ਭਲਾ ਤੇਰਾ ਕੀ ਲੈਂਦੈ। ਉਹਨੂੰ ਘਰ ਦੀ ਮੇਰ ਐ, ਉਹਨੇ ਏਸ ਘਰ ਦਾ ਲੂਣ-ਪਾਣੀ ਖਾਧੈ ਤਾਂ ਹੀ ਤਾਂ ਬੇਗਾਨਿਆਂ ਨੂੰ ਘਰੇ ਆਉਣ 'ਤੇ ਕੌੜਦੈ।"

"ਤਾਈ ਬੰਦੇ ਵਾਂਗੂੰ ਜਾਨਵਰਾਂ ਨੂੰ ਵੀ ਸਮਝ ਤਾਂ ਬਥੇਰੀ ਹੁੰਦੀ ਐ।" ਮੈਂ ਚਾਹੁੰਦਾ ਸਾਂ ਕਿ ਤਾਈ ਆਪਣਾ ਢਿੱਡ ਮੇਰੇ ਕੋਲ ਹੀ ਹੌਲਾ ਕਰ ਲਵੇ ਤਾਂ ਚੰਗਾ ਹੈ।

"ਲੈ ਸੁੱਖਿਆ, ਏਹਨੂੰ ਕੀ ਪਤੈ ਕੱਲ੍ਹ ਦੇ ਜਵਾਕ ਨੂੰ। ਇਹ ਤਾਂ ਉਦੋਂ ਕਛਨੀ ਜਿਹੀ ਪਾ ਕੇ ਗਲੀਆਂ 'ਚ ਸੱਕਰ-ਭਿੱਜੀ ਖੇਡਦਾ ਫਿਰਦਾ ਹੁੰਦਾ ਸੀ। ਇਕ ਵਾਰੀ ਨਾ, ਮੈਂ ਤਾਂ ਗਈ ਸਾਂ ਕਪਾਹ ਚੁਗਣ। ਤੇਰੇ ਤਾਏ ਦੀ ਪਾਣੀ ਦੀ ਵਾਰੀ ਸੀ। ਟਿੱਬਿਆਂ ਵਾਲੇ ਖੇਤ 'ਤੇ ਆਪਣੀ ਸੀਬੋ ਘਰੇ ਸੀ 'ਕੱਲੀ। ਚੰਦੇ ਸੂਮ ਦੀ ਕੁੜੀ ਦਾ ਵਿਆਹ ਸੀ ਉਦਣ। ਜੰਨ 'ਚੋਂ ਇਕ ਬੰਦੇ ਦੀ ਸ਼ਰਾਬ ਪੀਤੀ ਵੀ ਤੇ ਮੂੰਹ ਚੱਕ ਕੇ ਸਿੱਧਾ ਘਰ ਨੂੰ ਤੁਰਿਆ ਆਵੇ। ਉਹਨੂੰ ਕਿਹੜਾ ਸੁਰਤ ਸੀ ਕੋਈ। ਅਜੇ ਬਾਹਰੋਂ ਅੰਦਰ ਈ ਹੋਇਆ ਸੀ ਕਿ ਗੋਰੇ ਨੇ ਰੱਸਾ ਤੁੜਾ ਕੇ ਢੁੱਡ ਮਾਰ ਕੇ ਹੇਠਾਂ ਸਿੱਟ ਲਿਆ। ਲੋਕਾਂ ਨੇ ਆ ਕੇ ਛੁਡਾਇਆ। ਮੈਂ ਆਖਾਂ ਹੇ ਵਾਖਰੂ! ਸੁਕਰ ਐ ਤੇਰਾ। ਤੇਰਾ ਤਾਇਆ ਆਖੇ ਅਖੇ ਇਹ ਬਲਦ ਨੀਂ, ਇਹ ਤਾਂ ਮੇਰਾ ਪਿਛਲੇ ਜਨਮ ਦਾ ਭਰਾ ਐ, ਜੀਹਨੇ ਮੇਰੀ ਇੱਜ਼ਤ ਬਚਾ 'ਤੀ।...ਤੇ ਇਹ ਸਲੰਗ ਆਂਹਦੇ ਅਖੇ ਇਹ ਮੇਰੇ ਘਰੇ ਆਉਣ ਵਾਲਿਆਂ ਨੂੰ ਕੌੜਦੈ। ਨਾਲੇ ਪੱਠੇ ਪਾਉਣੇ ਪੈਂਦੇ ਐ ਵਿਹਲੇ ਨੂੰ। 'ਗੁਣ' ਵੀ ਕੋਈ ਚੀਜ਼ ਹੁੰਦੀ ਐ, ਪਰ ਪੁੱਤ, ਗੁਣ ਨੂੰ ਕੋਈ ਵਿਰਲਾ ਈ ਜਾਣਦੈ।"

"ਕੋਈ ਨੀਂ ਤਾਈ, ਤੂੰ ਫਿਕਰ ਨਾ ਕਰ। ਨਹੀਂ ਵੇਚਣ ਦਿੰਦਾ ਗੋਰਾ। ਮੈਂ ਕਹਿ ਦੂੰਗਾ ਬਲਦੇਵ ਨੂੰ।"

"ਚੰਗਾ ਪੁੱਤ ਸ਼ਾਵਾਸ਼ੇ। ਜਾਣ ਲੱਗਿਆਂ ਮਿਲ ਕੇ ਜਾਈਂ। ਕਿੰਨੇ ਕੁ ਦਿਨ ਰਹੇਂਗਾ ਹੋਰ?"

"ਅਜੇ ਲੱਗ ਜੂ ਹਫਤਾ ਕੁ ਤਾਂ।" ਤੇ ਮੈਂ ਤਾਈ ਤੋਂ ਸਿਰ ਪਲਸਾ ਕੇ ਘਰ ਆ ਗਿਆ। ਤੇ ਅਗਲੇ ਦਿਨ ਦੁਪਹਿਰ ਦੇ ਅਜੇ ਮਸਾਂ ਬਾਰ੍ਹਾਂ ਕੁ ਹੀ ਵੱਜੇ ਸਨ ਕਿ ਬਲਦੇਵ ਦੀ ਵੱਡੀ ਕੁੜੀ ਘਬਰਾਈ-ਘਬਰਾਈ ਸਾਡੇ ਘਰ ਆਈ ਤੇ ਮੇਰੀ ਪਤਨੀ ਨੂੰ ਕਹਿਣ ਲੱਗੀ, "ਤਾਈ ਜੀ, ਸਾਡੇ ਘਰੇ ਆਇਓ, ਬੇਬੇ ਨੂੰ ਪਤਾ ਨੀ ਕੀ ਹੋ ਗਿਆ।"

"ਕਿਉਂ, ਕੀ ਗੱਲ ਹੋ ਗੀ? ਬਲਦੇਵ ਨੇ ਤਾਂ ਨੀ ਆਖਿਆ ਕੁਸ਼?" ਮੈਂ ਸਿਰ 'ਤੇ ਪੱਗ ਦੇ ਵਲ੍ਹੇਟੇ ਮਾਰਦੇ ਨੇ ਪੁੱਛਿਆ।

"ਨਹੀਂ ਜੀ, ਅੱਜ ਸਵੇਰੇ-ਸਵੇਰੇ ਕੱਟਿਆਂ ਵਾਲੇ ਆਏ ਸੀ। ਪਾਪਾ ਨੇ ਗੋਰੇ ਦਾ ਰੱਸਾ ਉਨ੍ਹਾਂ ਨੂੰ ਫੜਾ ਦਿੱਤਾ। ਬੇਬੇ ਨੇ ਬਥੇਰਾ ਰੌਲਾ ਪਾਇਆ। ਆਖੇ, 'ਵੇ ਟੁੱਟ ਪੈਣਿਆ, ਤੈਨੂੰ ਐਡੀ ਕੀ ਕਾਹਲ ਐ, ਟੋਕਰੀ ਪੱਠੇ ਤਾਂ ਚਰ ਲੈਣ ਦੇ। ਇਹ ਕਸਾਈ ਤਾਂ ਆਪਣੇ ਫੇਰ ਆ ਜਾਣਗੇ ਓਦੋਂ ਫੜਾ ਦੇਈਂ।' ਪਰ ਪਾਪਾ ਨਹੀਂ ਮੰਨਿਆ। ਬੇਬੇ ਨੇ ਰੋਟੀ ਵੀ ਨਹੀਂ ਖਾਧੀ ਤੇ ਅੰਦਰ ਜਾ ਕੇ ਉਤੇ ਖੇਸੀ ਲੈ ਕੇ ਪੈ ਗਈ। ਮੈਂ ਹੁਣ ਚਾਹ ਫੜਾਉਣ ਗਈ ਸਾਂ ਪਰ ਉਹ ਨਾ ਤਾਂ ਬੋਲਦੀ ਹੈ, ਨਾ ਹਿਲਦੀ ਹੈ।

"ਪਾਪਾ ਸ਼ਹਿਰ ਗਏ ਵੇ ਐ।" ਗੱਲ ਦੱਸਦਿਆਂ ਕੁੜੀ ਦਾ ਸਾਹ ਉਖੜ ਗਿਆ ਸੀ।

"ਕੋਈ ਨੀ ਬੇਟਾ, ਆਪਾ ਚਲਦੇ ਆਂ।"

...ਤੇ ਮੈਂ ਜਾ ਕੇ ਵੇਖਿਆ, ਤਾਈ ਜਾਣੀ ਕਦੋਂ ਦੀ ਸੁੱਤੀ ਪਈ ਸੀ।

## ਦਿਨੇ ਤਾਰੇ!

ਮੌਸਮ ਗੰਧਲਾ ਲੱਗਦਾ ਹੈ,
ਅਜੇ ਹੋਰ ਹਨੇਰੀਆਂ ਆਉਣਗੀਆਂ।
ਸਾਉਂਓ ਅੰਦਰ ਵੜ ਜਾਓ ਵੇ,
ਵਿਹੜੇ ਵਿਚ ਭੰਗੜਾ ਪਾਉਣਗੀਆਂ।

ਉਨ੍ਹਾਂ ਇੱਕ ਦਵਾਈ ਦੱਸੀ ਸੀ
ਜਿਹੜੀ ਮਿਲਦੀ ਮੋਦੀ ਖਾਨੇ ਤੋਂ,
ਦੋ ਪਲ ਤਾਂ ਯਾਰੋ ਠਹਿਰ ਜਾਓ
ਜ਼ਖਮਾਂ 'ਤੇ ਨਮਕ ਵੀ ਪਾਣਗੀਆਂ।

ਉਂਜ ਗੁੱਡੀ ਤੇਰੀ ਚੜ੍ਹਦੀ ਹੈ,
ਪਰ ਡੋਰਾਂ ਤੈਥੋਂ ਖੋਹ ਲਈਆਂ,
ਲੱਗਦਾ ਹੈ ਧਰਤੀ ਉਤੇ ਵੀ
ਕੋਈ ਨਵਾਂ ਹੀ ਚੰਦ ਚੜ੍ਹਾਣਗੀਆਂ।

ਤੂੰ ਕੱਟੇ ਵੱਛੇ ਸਾਂਭ ਲਈਂ
ਉਨ੍ਹਾਂ ਸੇਲ 'ਤੇ ਤੈਨੂੰ ਲਾ ਦਿੱਤਾ,
ਤੇਰੇ ਪੁੱਤਾਂ ਜਿਹੇ ਟਰੈਕਟਰ ਵੀ
ਚੁੱਕ ਆਪਣੇ ਨਾਲ ਲਿਜਾਣਗੀਆਂ।

ਉਨ੍ਹਾਂ ਰੱਸੇ ਪੈੜੇ ਵੱਟ ਲਏ
ਪਰ ਤੇਰੇ ਡੇਰੇ ਖਬਰ ਨਹੀਂ,
ਤੇਰੇ ਜਾਤਾਂ ਪਾਤਾਂ ਪਾ ਪੱਲੇ
ਤੈਨੂੰ ਆਪਸ ਵਿਚ ਲੜਾਣਗੀਆਂ।

ਤੈਥੋਂ ਰਾਤ ਦੇ ਜੁਗਨੂੰ ਖੋਹਣ ਲਈ
ਸਲਫਾਸਾਂ ਦੇ ਨਾਲ ਘਰ ਭਰਿਆ,
ਜੋ ਰਾਤ ਨੂੰ ਚਮਕਦੇ ਦੇਖੇ ਸੀ
ਤੈਨੂੰ ਤਾਰੇ ਦਿਨੇ ਦਿਖਾਣਗੀਆਂ।

-ਹਰਜਿੰਦਰ ਗੁਲਪੁਰ
ਫੋਨ: 91-98722-38981

## ਸਵਾਲ

ਮੈਨੂੰ ਇਸ ਹਾਲਤ 'ਚ ਵੇਖ ਹੈਰਾਨ ਕਿਉਂ ਏ?
ਜ਼ਿੰਦਾ ਹਾਂ, ਕੀ ਘਟ ਹੈ, ਤੂੰ ਹੈਰਾਨ ਕਿਉਂ ਏ?

ਮਿਲੀਆਂ ਦੁਨੀਆਂ ਭਰ ਦੀਆਂ ਠਾਠਾਂ ਐਪਰ
ਫਿਰ ਵੀ ਦਿਲ ਚੰਦਰਾ ਪ੍ਰੇਸ਼ਾਨ ਕਿਉਂ ਏ?

ਤੇਰੀ ਬੇਰੁਖੀ ਤੋਂ ਦੁਖੀ ਸੀ ਹੁਣ ਫਿਰ
ਕੋਈ ਵਜ੍ਹਾ ਤਾਂ ਹੈ, ਤੂੰ ਮਿਹਰਬਾਨ ਕਿਉਂ ਏ?
ਮਿਟਣੇ ਨਹੀਂ ਅਹਿਸਾਨ, ਯਾਦਾਂ ਦੇ ਪਲ ਤੈਥੋਂ
ਫਿਰ ਮੇਰੇ ਜ਼ਿਕਰ ਤੋਂ ਗਲਤਾਨ ਕਿਉਂ ਏ?

ਪ੍ਰੇਮ ਕਬਜ਼ਾ ਨਹੀਂ, ਪਹਿਚਾਣ ਮੈਂ ਕੀਤੀ
ਫਿਰ ਤੇਰੇ ਹੱਥ 'ਗਿੱਲ' ਗਿਰੇਬਾਨ ਕਿਉਂ ਏ?

-ਜੁਗਰਾਜ ਗਿੱਲ, ਸ਼ੌਰਕ
ਫੋਨ: 704-257-6693

# ਪੰਜਾਬੀ ਸਭਿਆਚਾਰ ਦਾ ਸ਼ਾਹਜਹਾਂ: ਮਹਿੰਦਰ ਸਿੰਘ ਰੰਧਾਵਾ

ਮਹਿੰਦਰ ਸਿੰਘ ਰੰਧਾਵਾ ਨੇ 1956 ਵਿਚ ਭਾਰਤੀ ਖੇਤੀਬਾੜੀ ਖੋਜ ਕੌਂਸਲ (ਆਈ ਸੀ ਏ ਆਰ) ਦਾ ਮੀਤ ਪ੍ਰਧਾਨ ਬਣਦੇ ਸਾਰ ਖੇਤੀਬਾੜੀ ਦੇ ਖੋਜ ਨਤੀਜੇ ਦੇਸ਼ ਦੇ ਦੂਰ-ਦੁਰਾਡੇ ਪਿੰਡਾਂ ਵਿਚ ਪਹੁੰਚਾਉਣ ਲਈ ਕੌਂਸਲ ਵੱਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਚੋਣਵਾਂ ਸਾਹਿਤ ਖੇਤਰੀ ਭਾਸ਼ਾ ਵਿਚ ਛਾਪਣ ਦਾ ਫੈਸਲਾ ਕੀਤਾ। ਇਸ ਖਾਤਰ ਜੋ ਛੇ ਭਾਸ਼ਾਵਾਂ ਚੁਣੀਆਂ ਗਈਆਂ, ਉਨ੍ਹਾਂ ਵਿਚ ਬੰਗਾਲੀ, ਮਰਾਠੀ, ਤਾਮਿਲ ਤੇ ਤੇਲਗੂ ਦੇ ਨਾਲ ਨਾਲ ਉਰਦੂ ਤੇ ਪੰਜਾਬੀ ਵੀ ਸ਼ਾਮਿਲ ਸਨ। ਇਹ ਉਹੀਓ ਸੀ ਜਿਸ ਨੇ ਉਰਦੂ ਨੂੰ ਉਸ ਸਮੇਂ ਵੀ ਗਲ ਨਾਲ ਲਾਇਆ ਜਦੋਂ ਉਤਰ ਪ੍ਰਦੇਸ਼ ਵਾਲੇ ਵੀ ਉਸ ਨੂੰ ਵਿਸਾਰ ਚੁੱਕੇ ਸਨ। ਜਦੋਂ ਪੁੱਛਿਆ ਗਿਆ ਕਿ ਉਰਦੂ ਵਾਲੀ ਸਮੱਗਰੀ ਕਿਹੜੇ ਰਾਜ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਦੇ ਕੰਮ ਆਵੇਗੀ ਤਾਂ ਰੰਧਾਵਾ ਦਾ ਫੌਰੀ ਉਤਰ ਸੀ: ਜੰਮੂ ਕਸ਼ਮੀਰ।

ਉਨ੍ਹੀਂ ਦਿਨੀਂ ਡਾ. ਰੰਧਾਵਾ ਨੇ ਪੰਜਾਬ ਬਾਰੇ ਅਜਿਹੀ ਪੁਸਤਕ ਛਾਪਣ ਦਾ ਫੈਸਲਾ ਕੀਤਾ ਜੋ ਇਸ ਦੇ ਇਤਿਹਾਸ, ਮਿਥਿਹਾਸ, ਸਭਿਆਚਾਰ, ਸਾਹਿਤ ਤੇ ਕੋਮਲ ਕਲਾਵਾਂ ਬਾਰੇ ਪੂਰੀ ਜਾਣਕਾਰੀ ਦਿੰਦੀ ਹੋਵੇ। ਭਾਸ਼ਾ ਵਿਭਾਗ, ਪੰਜਾਬ ਦੇ ਅਧਿਕਾਰੀ ਇਸ ਪੁਸਤਕ ਲਈ ਚੁਣੇ ਗਏ ਵਿਸ਼ਿਆਂ ਤੇ ਉਨ੍ਹਾਂ 'ਤੇ ਲਿਖਣ ਵਾਲੇ ਵਿਦਵਾਨਾਂ ਦੇ ਨਾਂ ਲੈ ਕੇ ਪਟਿਆਲਾ ਤੋਂ ਨਵੀਂ ਦਿੱਲੀ ਪਹੁੰਚ ਗਏ। ਸਪਤਸਿੰਧੂ ਪੰਜਾਬ ਤੋਂ ਲੈ ਕੇ ਅਜੋਕੇ ਪੰਜਾਬ ਦੀ ਦੇਣ ਤਕ ਸਾਰੇ ਵਿਸ਼ੇ ਲਏ ਜਾਣੇ ਸਨ। ਗੁਰੂ, ਸੰਤ, ਸੂਫੀ, ਇਤਿਹਾਸਕ ਤੇ ਧਾਰਮਿਕ ਸਥਾਨ, ਚਿੱਤਰਕਾਰੀ ਕਲਾ ਤੇ ਲੋਕਯਾਨ, ਮੇਲੇ-ਤਿਉਹਾਰ ਤੇ ਰਸਮ ਰਿਵਾਜ। ਮੁਲਕ ਰਾਜ ਆਨੰਦ, ਗੰਡਾ ਸਿੰਘ, ਕਿਰਪਾਲ ਸਿੰਘ ਨਾਰੰਗ, ਗਿਆਨੀ ਗੁਰਦਿੱਤ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਦੇਵਿੰਦਰ ਸਤਿਆਰਥੀ ਤੇ ਕੁਲਵੰਤ ਸਿੰਘ ਵਿਰਕ ਇਨ੍ਹਾਂ ਵਿਸ਼ਿਆਂ ਉਤੇ ਲਿਖਣ ਲਈ ਚੁਣੇ ਗਏ। ਰਸਮ ਰਿਵਾਜ ਬਾਰੇ ਲਿਖਣ ਲਈ ਕੋਈ ਨਹੀਂ ਸੀ ਲੱਭ ਰਿਹਾ। ਮੈਂ ਕੀ ਦੇਖਦਾ ਹਾਂ ਕਿ ਰੰਧਾਵਾ ਦੀ ਨਜ਼ਰ ਮੇਰੇ ਉਤੇ ਪਈ ਤੇ ਉਨ੍ਹਾਂ ਨੇ ਫਟਾਫਟ ਇਸ ਕੰਮ ਲਈ ਮੇਰਾ ਨਾਂ ਬੋਲ ਦਿੱਤਾ। ਮੈਂ ਉਨ੍ਹਾਂ ਕੋਲ ਪੰਜਾਬੀ ਦਾ ਸਬ-ਐਡੀਟਰ ਲੱਗਿਆ ਹੀ ਸਾਂ।

ਇੰਨੇ ਵੱਡੇ ਮਹਾਰਥੀਆਂ ਵਿਚ ਆਪਣਾ ਨਾਂ ਸੁਣ ਕੇ ਮੈਂ ਆਲਾ-ਦੁਆਲਾ ਦੇਖ ਰਿਹਾ ਸਾਂ ਤਾਂ ਉਨ੍ਹਾਂ ਝੱਟ ਤਿੰਨ ਵਾਕ ਬੋਲੇ- (ੳ) ਆਪਣੀਆਂ ਤਾਈਆਂ-ਚਾਚੀਆਂ ਤੇ ਮਾਮੀਆਂ-ਮਾਸੀਆਂ ਤੋਂ ਪੁੱਛੀਂ, ਉਨ੍ਹਾਂ ਨੂੰ ਸਭ ਪਤਾ ਹੈ; (ਅ) ਵੱਡੀਆਂ ਲਾਇਬਰੇਰੀਆਂ ਵਿਚ ਅੰਗਰੇਜ਼ਾਂ ਦੇ ਲਿਖੇ ਹੋਏ ਗਜ਼ਟੀਅਰ ਪਏ ਹਨ, ਉਨ੍ਹਾਂ ਵਿਚ ਵੀ ਬਹੁਤ ਕੁਝ ਹੈ; (ੲ) ਇਹ ਕੰਮ ਕਿਸਾਨੀ ਜੀਵਨ ਨਾਲ ਸਬੰਧ ਰੱਖਦਾ ਹੈ। ਟੂਰ ਬਣਾ ਕੇ ਮੇਰੇ ਕੋਲੋਂ ਮਨਜ਼ੂਰੀ ਲੈ ਲਈਂ। ਉਦੋਂ ਮੈਂ ਸਿਰਫ 20 ਸਾਲ ਦਾ ਸਾਂ। ਡਾ. ਰੰਧਾਵਾ ਨੇ ਮੈਨੂੰ ਬੈਠੇ-ਬੈਠੇ ਨੂੰ 70-80 ਸਾਲ ਦੇ ਵਿਦਵਾਨਾਂ ਜਿੱਡਾ ਬਣਾ ਦਿੱਤਾ। ਮੈਨੂੰ ਬੜੀ ਮਿਹਨਤ ਕਰਨੀ ਪਈ, ਪਰ ਮੇਰਾ ਇਹ ਲੇਖ ਅੱਜ ਪੰਜਾਬ ਦੇ ਸਕੂਲਾਂ ਵਿਚ ਪੜ੍ਹਾਇਆ ਜਾਂਦਾ ਹੈ। ਮੈਨੂੰ ਆਪਣੇ ਇਸ ਕੰਮ 'ਤੇ ਮਾਣ ਹੈ।

ਮੈਂ ਉਨ੍ਹਾਂ ਨੂੰ ਇਕ ਸਮੇਂ ਤਿੰਨ ਮੀਟਿੰਗਾਂ ਦੀ ਪ੍ਰਧਾਨਗੀ ਕਰਦੇ ਵੇਖਿਆ ਹੈ। ਇਕ ਮੀਟਿੰਗ ਕਮਰੇ ਵਿਚ ਚੱਲ ਰਹੀ ਸੀ, ਦੂਜੀ ਮਿਆਨੀ ਵਿਚ ਤੇ ਤੀਜੀ ਛੱਤ ਉਤੇ। ਉਹ ਤਿੰਨਾਂ ਮੀਟਿੰਗਾਂ ਦੇ ਚਲਦੇ-ਫਿਰਦੇ ਪ੍ਰਧਾਨ ਸਨ।

ਡਾ. ਰੰਧਾਵਾ ਵਿਚ ਇਹ ਗੁਣ ਨਾ ਹੁੰਦਾ ਤਾਂ ਉਹ ਪਹਿਲਾਂ ਦਿੱਲੀ ਤੇ ਫਿਰ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਨੂੰ ਇੰਨੀ ਛੇਤੀ ਵਸਾ ਨਹੀਂ ਸੀ ਸਕਦੇ। ਉਹ ਦਫਤਰ ਦੇ ਅੰਦਰ ਬੈਠ ਕੇ ਕੰਮ ਕਰਨ ਦੀ ਥਾਂ ਦੋ ਦੋ ਨਿਜੀ ਸਹਾਇਕ ਨਾਲ ਲੈ ਕੇ ਸ਼ਰਨਾਰਥੀਆਂ ਦੀ ਪਾਲ ਦੇ ਮੂਹਰੇ ਖਲੋ ਜਾਂਦੇ ਤੇ ਇਕ ਇਕ ਦੀ ਅਰਜ਼ੀ ਉਤੇ ਥਾਏਂ ਖੜ੍ਹੇ ਅਲਾਟਮੈਂਟ ਦੇ ਆਰਡਰ ਕਰ ਦਿੰਦੇ। ਕਿਹੜੇ ਜ਼ਿਮੀਂਦਾਰ ਨੂੰ ਕਿੰਨੀ ਜ਼ਮੀਨ, ਕਿਹੜੇ ਜ਼ਿਲ੍ਹੇ ਦੇ ਕਿਹੜੇ ਪਿੰਡ ਵਿਚ ਦਿੱਤੀ, ਦਫਤਰ ਦੀਆਂ ਕਾਪੀਆਂ ਵਿਚ ਵੀ ਦਰਜ ਹੋ ਜਾਂਦਾ ਤੇ ਅਰਜ਼ੀਆਂ ਉਤੇ ਵੀ। ਦੇਸ਼ ਵੰਡ ਕਾਰਨ ਲਾਵਾਰਸ ਹੋਈਆਂ ਜ਼ਮੀਨਾਂ ਖਸਮਾਂ ਨੂੰ ਉਡੀਕ ਰਹੀਆਂ ਸਨ। ਇੰਨੇ ਵੱਡੇ ਫੈਸਲੇ, ਏਦਾਂ ਲੈਣ ਵਾਲਾ ਉਨ੍ਹਾਂ ਦਿਨਾਂ ਵਿਚ ਉਹੀਓ ਸੀ। ਮਸਲਾ ਉਜੜ ਕੇ ਆਏ ਲੋਕਾਂ ਨੂੰ ਬਿਠਾਉਣ ਦਾ ਸੀ। ਮਾਪ-ਤੋਲ ਬਾਅਦ ਵਿਚ ਵੇਖੇ ਜਾ ਸਕਦੇ ਸਨ।

ਡਾ. ਰੰਧਾਵਾ ਦੀ ਸ਼ਖਸੀਅਤ ਦੀ ਵੱਡੀ ਖੂਬੀ ਵਿਕਾਸ ਲਈ ਸੁੰਦਰਤਾ ਦਾ ਮਾਰਗ ਅਪਨਾਉਣਾ ਸੀ। ਤਨ ਤੇ ਮਨ ਦੀ ਸਵੱਛਤਾ ਲਈ ਪ੍ਰਤਾਪ ਸਿੰਘ ਕੈਰੋਂ ਦੇ ਸਹਿਯੋਗ ਨਾਲ ਪਿੰਡਾਂ ਵਿਚ ਲਾਇਬਰੇਰੀਆਂ ਦਾ ਪਸਾਰ ਕਰਨ, ਲਛਮਣ ਸਿੰਘ ਗਿੱਲ ਨੂੰ ਪ੍ਰੇਰ ਕੇ ਲਿੰਕ ਰੋਡਾਂ ਦਾ ਜਾਲ ਵਿਛਾਉਣ ਅਤੇ ਪਿੰਡਾਂ ਵਿਚ ਖੇਡਾਂ-ਕੁਸ਼ਤੀਆਂ ਤੇ ਮੇਲਿਆਂ ਨੂੰ ਉਤਸ਼ਾਹਿਤ ਕਰਨ ਦਾ ਮਨੋਰਥ ਸਦਾ ਇਕ ਹੀ



*ਮਹਿੰਦਰ ਸਿੰਘ ਰੰਧਾਵਾ, ਬਲਰਾਜ ਸਾਹਨੀ ਅਤੇ ਪ੍ਰੋ. ਮੋਹਨ ਸਿੰਘ।*

ਸੀ-ਲੋਕ ਤਕੜੇ ਹੋਣ ਤੇ ਸੋਹਣੇ ਸੁਪਨੇ ਲੈ ਸਕਣ।

ਪਿੰਡ ਨਿਵਾਸੀਆਂ ਦੀ ਬਿਹਤਰੀ ਬਾਰੇ ਸੋਚਣਾ ਉਨ੍ਹਾਂ ਦਾ ਨਿੱਤ-ਨੇਮ ਸੀ। ਸਵੇਰੇ-ਸ਼ਾਮ ਜਦੋਂ ਵੀ ਵਿਹਲ ਮਿਲਦੀ ਤਾਂ ਕਿਥੇ ਕੀ ਹੋ ਸਕਦਾ ਹੈ, ਨੋਟ ਕਰਦੇ ਰਹਿਣਾ। ਕਿਸ ਨੂੰ ਕਹਿ ਕੇ ਕਰਵਾਇਆ ਜਾ ਸਕਦਾ ਹੈ, ਚਿੱਠੀ ਸਵੇਰ ਦੀ ਪਹਿਲੀ ਡਾਕ ਵਿਚ ਨਿਕਲ ਜਾਂਦੀ। ਸਫ਼ਰਾਂ ਵੇਲੇ ਉਹ ਆਪਣੇ ਸਟੈਨੋ ਨੂੰ ਨਾਲ ਰੱਖਦੇ। ਕਿਹੜਾ ਫੁਰਨਾ ਕਿਸ ਵੇਲੇ ਫੁਰ ਸਕਦਾ ਹੈ ਤੇ ਉਸ ਸਬੰਧੀ ਕਿਹੜੀ ਕਾਰਗੁਜ਼ਾਰੀ ਕਿਹੜੇ ਪਾਸਿਓਂ ਕਾਰਗਰ ਹੋ ਸਕਦੀ ਹੈ, ਸਟੈਨੋ ਨੂੰ ਉਸੇ ਵੇਲੇ ਨੋਟ ਕਰਵਾ ਦਿੰਦੇ।

ਸਮੁੱਚੇ ਭਾਰਤ ਲਈ ਆਮ ਕਰ ਕੇ ਤੇ ਪੰਜਾਬ ਲਈ ਖਾਸ ਕਰ ਕੇ ਡਾ. ਰੰਧਾਵਾ ਦਾ ਯੋਗਦਾਨ ਸਦਾ ਹੀ ਚੇਤੇ ਕੀਤਾ ਜਾਵੇਗਾ। ਉਨ੍ਹਾਂ ਗਿਆਨ ਦੀ ਭਾਲ, ਸੁੰਦਰਤਾ ਦੀ ਪਰਖ ਤੇ ਸਮਾਜ ਦੇ ਵਿਕਾਸ ਦਾ ਅਜਿਹਾ ਸੁਮੇਲ ਬਣਾਈ ਰੱਖਿਆ ਕਿ ਉਨ੍ਹਾਂ ਦਾ ਸਤਿਕਾਰ ਉਚੀ ਤੋਂ ਉਚੀ ਪਦਵੀ 'ਤੇ ਬੈਠੇ ਰਾਜਸੀ ਆਗੂਆਂ ਤੇ ਆਮ ਜਨਤਾ ਵਿਚ ਬਰਾਬਰ ਬਣਿਆ ਰਿਹਾ ਤੇ ਹਾਲੇ ਵੀ ਕਾਇਮ ਹੈ।

ਡਾ. ਰੰਧਾਵਾ ਦੀ ਸਰਕਾਰੀ ਨੌਕਰੀ ਨਵੇਂ ਸਿਰਜੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਚੀਫ ਕਮਿਸ਼ਨਰ ਵਜੋਂ ਸੀ। ਇਕ ਵਾਰੀ ਮੇਰੀ ਉਨ੍ਹਾਂ ਦੇ ਚੰਡੀਗੜ੍ਹ ਵਾਲੇ ਸੈਕਟਰੀ ਕੇ.ਐਲ. ਮਲਹੋਤਰਾ ਨਾਲ ਗੱਲ ਹੋਈ ਤਾਂ ਉਸ ਨੇ ਡਾ. ਰੰਧਾਵਾ ਦੇ ਅਕਾਲ ਚਲਾਣੇ ਪਿੱਛੋਂ ਮਿਲੀਆਂ ਸਲਾਮਾਂ ਦਾ ਜ਼ਿਕਰ ਕੀਤਾ। ਬਹੁਤਿਆਂ ਨੂੰ ਉਹ ਸੈਕਟਰੀ ਪਛਾਣਦਾ ਵੀ ਨਹੀਂ ਸੀ। ਉਹ ਮਲਹੋਤਰਾ ਨੂੰ ਰੋਕ ਕੇ ਦੱਸਦੇ ਸਨ ਕਿ ਉਨ੍ਹਾਂ ਦਾ ਫਲਾਣਾ-ਫਲਾਣਾ ਵੱਡਾ ਕੰਮ ਰੰਧਾਵਾ ਜੀ ਨੇ ਉਦੋਂ ਕੀਤਾ ਸੀ, ਜਦੋਂ ਉਹ ਉਨ੍ਹਾਂ ਦਾ ਸੈਕਟਰੀ ਸੀ। ਮਲਹੋਤਰਾ ਨੇ ਡਾ. ਰੰਧਾਵਾ ਨੂੰ ਲਾਜਵਾਬ ਹਸਤੀ ਕਿਹਾ ਤਾਂ ਮੇਰੇ ਮੂੰਹੋਂ ਸੁਤੇ ਸਿਧ ਨਿਕਲ ਗਿਆ, "ਉਹ ਸਮੇਂ ਚੰਗੇ ਸਨ। ਅੱਜ ਤਾਂ ਕੋਈ ਵੀ ਕਿਸੇ ਦੀ ਨਹੀਂ ਸੁਣਦਾ। ਕੀ ਅੱਜ ਦੇ ਸਮੇਂ ਵਿਚ ਵੀ ਰੰਧਾਵਾ ਓਨੇ ਵੱਡੇ ਕੰਮ ਕਰਦਾ?" ਮਲਹੋਤਰਾ ਨੇ ਇਕ ਅੱਧਾ ਮਿੰਟ ਰੁਕ ਕੇ ਉਤਰ ਦਿੱਤਾ, "ਮੈਂ ਉਨ੍ਹਾਂ ਨੂੰ ਬਹੁਤ ਨੇੜੇ ਤੋਂ ਜਾਣਿਆ ਹੈ। ਮੇਰਾ ਉਤਰ 'ਹਾਂ' ਵਿਚ ਹੈ।" ਡਾ. ਰੰਧਾਵਾ ਸੱਚਮੁੱਚ ਲਾਜਵਾਬ ਪ੍ਰਤਿਭਾ ਦਾ ਮਾਲਕ ਸੀ। ਵੱਡੇ ਬੰਦਿਆਂ ਦੀ ਰਗ ਰਗ ਤੋਂ ਜਾਣੂ ਪੰਜਾਬੀ ਲੇਖਕ ਬਲਵੰਤ ਗਾਰਗੀ, ਰੰਧਾਵਾ ਨੂੰ 'ਪੰਜਾਬੀ ਸਭਿਆਚਾਰ ਦਾ ਸ਼ਾਹਜਹਾਂ' ਕਹਿੰਦਾ ਸੀ।

3 ਮਾਰਚ 2018 ਨੂੰ ਮਹਿੰਦਰ ਸਿੰਘ ਰੰਧਾਵਾ ਵੱਲੋਂ ਇਸ ਧਰਤੀ ਨੂੰ ਅਲਵਿਦਾ ਆਖਿਆਂ 32 ਸਾਲ ਹੋ ਗਏ ਹਨ। ਉਨ੍ਹਾਂ ਦੀਆਂ ਅਨੇਕਾਂ ਪ੍ਰਾਪਤੀਆਂ ਵਿਚੋਂ ਇਕ ਟ੍ਰਿਬਿਊਨ ਟਰੱਸਟ ਵੱਲੋਂ 'ਪੰਜਾਬੀ ਟ੍ਰਿਬਿਊਨ' ਕਢਵਾਉਣਾ ਸੀ। ਇਸ ਪ੍ਰਾਜੈਕਟ ਵਿਚ ਜਾਨ ਪਾਉਣ ਵਾਲੇ ਉਹੀਓ ਸਨ। ਬਰਜਿੰਦਰ ਸਿੰਘ 'ਅਜੀਤ' ਵਿਚ ਚਲੇ ਜਾਣ 'ਤੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਦਾ ਅਹੁਦਾ ਖਾਲੀ ਹੋਇਆ ਤਾਂ ਡਾ. ਰੰਧਾਵਾ ਨੇ ਮੈਨੂੰ ਸੁਨੇਹਾ ਭੇਜਿਆ। ਉਹ ਚੋਣ ਕਮੇਟੀ ਦੇ ਪ੍ਰਧਾਨ ਸਨ। ਬਾਕੀ ਦੇ ਮੈਂਬਰ ਹਾਲੇ ਮੈਨੂੰ ਟੋਹ ਹੀ ਰਹੇ ਸਨ ਕਿ ਡਾ. ਰੰਧਾਵਾ ਚੋਣ ਕਮੇਟੀ ਦੇ ਸਕੱਤਰ ਨੂੰ ਮੇਰੇ ਬੈਠਿਆਂ ਹੀ ਪੁੱਛੀ ਜਾਣ ਕਿ ਆਪਾਂ ਗੁਲਜ਼ਾਰ ਸਿੰਘ ਨੂੰ ਨਿਯੁਕਤੀ ਪੱਤਰ ਇਥੇ ਬੈਠਿਆਂ ਹੀ ਕਿਉਂ ਨਹੀਂ ਦੇ ਸਕਦੇ। ਗੱਲ ਤਾਂ ਅਜੀਬ ਹੀ ਸੀ, ਪਰ ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਇੰਜ ਕਰ।

**ਕੁਝ ਗੱਲਾਂ ਹੋਰ, ਜ਼ਰਾ ਹਟਵੀਆਂ**

ਇਕ ਵਾਰੀ ਮੈਨੂੰ ਡਾ. ਰੰਧਾਵਾ ਨਾਲ ਲੁਧਿਆਣੇ ਯੂਨੀਵਰਸਿਟੀ ਜਾਣਾ ਪੈ ਗਿਆ। ਜਦੋਂ ਅਗਲੀ ਸਵੇਰ ਵਾਪਸ ਆਉਣਾ ਸੀ ਤਾਂ ਉਨ੍ਹਾਂ ਕੋਲੋਂ ਵਰਤੇ ਹੋਏ ਕੱਪੜੇ ਅਟੈਚੀ ਵਿਚ ਨਹੀਂ ਸਨ ਪੈ ਰਹੇ। ਮੈਨੂੰ ਵੇਖਦੇ ਸਾਰ ਉਨ੍ਹਾਂ ਨੇ ਨਾਲਾ ਫੜਾ ਕੇ ਮੈਨੂੰ ਕਿਹਾ, "ਇਸ ਨਾਲ ਬੰਨ੍ਹ ਦੇ। ਸੌਖਾ ਰਹੇਗਾ।" ਪਰਬਤ ਪਰਬਤ ਗਾਹੁਣ ਵਾਲਾ ਤੇ ਲੋਕਾਂ ਨੂੰ ਉਚੇ ਅਹੁਦਿਆਂ ਉਤੇ ਬਿਠਾਉਣ ਵਾਲਾ ਰੰਧਾਵਾ ਉਸ ਅਟੈਚੀ ਨਾਲ ਹੀ ਸੰਤੁਸ਼ਟ ਸੀ।

ਫਿਰ ਇਕ ਵਾਰੀ ਅਸੀਂ ਦੋਵੇਂ ਨੀਲੋਂ ਦੇ ਪੁਲ ਕੋਲੋਂ ਲੰਘੇ ਤਾਂ ਡਰਾਈਵਰ ਨੂੰ ਕਹਿ ਕੇ ਗੱਡੀ ਰੁਕਵਾ ਲਈ। ਆਲਾ-ਦੁਆਲਾ ਦੇਖ ਕੇ ਕਹਿਣ ਲੱਗੇ, ਪੰਜਾਬ ਦੇ ਸਾਰੇ ਲੇਖਕਾਂ ਨੂੰ ਇਥੇ ਲਿਆ ਕੇ ਇਕ-ਦੂਜੇ ਨਾਲ ਮਿਲਾਉਣਾ ਚਾਹੀਦਾ ਹੈ। ਐਵੇਂ ਇਕ-ਦੂਜੇ ਨਾਲ ਰੁੱਸੇ ਰਹਿੰਦੇ ਹਨ। ਇਸ ਘਟਨਾ ਤੋਂ ਥੋੜ੍ਹੇ ਦਿਨ ਪਿੱਛੋਂ ਉਹ ਦਿਲ ਦੇ ਦੌਰੇ ਕਾਰਨ ਚੱਲ ਵਸੇ।

ਹੁਣ ਇਕ ਉਹ ਗੱਲ ਜਿਹੜੀ ਸਿਰਫ ਮੈਂ ਹੀ ਜਾਣਦਾ ਹਾਂ। ਉਹ ਯੋਜਨਾ ਕਮਿਸ਼ਨ ਦੇ ਸਲਾਹਕਾਰ ਲੱਗੇ ਤਾਂ ਉਨ੍ਹਾਂ ਕੋਲ ਬਹੁਤ ਘੱਟ ਕੰਮ ਸੀ। ਮੇਰੇ ਕੋਲੋਂ ਗੁਰਮੁਖੀ ਲਿਖਣੀ ਸਿੱਖਣ ਲੱਗੇ। ਮੈਂ ਹਰ ਐਤਵਾਰ ਉਨ੍ਹਾਂ ਦੇ ਤੀਨ ਮੂਰਤੀ ਲੇਨ ਵਾਲੇ ਘਰ ਜਾਂਦਾ ਤਾਂ ਉਹ ਮੇਰੀਆਂ ਕੱਢੀਆਂ ਗਲਤੀਆਂ ਨੂੰ ਕਈ ਕਈ ਵਾਰ ਲਿਖ ਕੇ ਰੱਖਦੇ। ਲਗਾਂ-ਮਾਤਰਾਂ ਤੇ ਸ਼ਬਦ-ਜੋੜਾਂ ਵੱਲ ਏਦਾਂ ਧਿਆਨ ਦਿੰਦੇ ਜਿਵੇਂ ਛੋਟਾ ਬਾਲਕ। ਕਈ ਵਾਰ ਦੂਰ ਵਾਲੀ ਕੁਰਸੀ 'ਤੇ ਬਹਿ ਕੇ ਮੁੜ ਲਿਖਦੇ ਤੇ ਮੈਨੂੰ ਇਕ ਵਾਰੀ ਫੇਰ ਵਿਖਾਉਣ ਮੇਰੇ ਕੋਲ ਏਦਾਂ ਆਉਂਦੇ ਜਿਵੇਂ ਮੇਰੇ ਵਿਦਿਆਰਥੀ ਹੋਣ।

# ਬੱਬਰ ਹਜ਼ਾਰਾ ਸਿੰਘ ਮੰਡੇਰ

ਬੱਬਰ ਹਜ਼ਾਰਾ ਸਿੰਘ ਪੁੱਤਰ ਸ. ਇੰਦਰ ਸਿੰਘ ਪਿੰਡ ਮੰਡੇਰ (ਥਾਣਾ ਆਦਮਪੁਰ, ਜ਼ਿਲ੍ਹਾ ਜਲੰਧਰ) ਦਾ ਰਹਿਣ ਵਾਲਾ ਸੀ। ਇਸ ਪਿੰਡ ਦੀ ਹੱਦਬਸਤ ਨੰਬਰ 28 ਅਤੇ ਰਕਬਾ 103 ਹੈਕਟੇਅਰ ਹੈ। ਇਹ ਪਿੰਡ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਵਿਚ ਖਾਸ ਥਾਂ ਰੱਖਦਾ ਹੈ, ਕਿਉਂਕਿ ਇਸ ਪਿੰਡ ਵਿਚ ਪੁਲਿਸ ਅਤੇ ਮਿਲਟਰੀ ਦੇ ਰਸਾਲੇ ਨਾਲ ਮੁਕਾਬਲਾ ਕਰਦੇ ਹੋਏ ਬੱਬਰ ਬੰਤਾ ਸਿੰਘ ਧਾਮੀਆਂ ਕਲਾਂ ਅਤੇ ਬੱਬਰ ਜੁਆਲਾ ਸਿੰਘ ਸਹੋਤਾ, ਪਿੰਡ ਫਤਿਹਪੁਰ ਕੋਠੀ ਨੇ ਸ਼ਹੀਦੀਆਂ ਪਾਈਆਂ ਅਤੇ ਬੱਬਰ ਵਰਿਆਮ ਸਿੰਘ ਧੁੱਗਾ ਅੱਧ-ਜਲਿਆ ਬਚ ਕੇ ਨਿਕਲ ਗਿਆ ਸੀ।

ਬੱਬਰ ਹਜ਼ਾਰਾ ਸਿੰਘ ਨੇ ਸੰਨ 1915 ਤੋਂ 1920 ਤਕ ਅੰਗਰੇਜ਼ੀ ਸਰਕਾਰ ਦੀ ਫੌਜ ਵਿਚ ਨੌਕਰੀ ਕੀਤੀ ਸੀ ਅਤੇ ਸੰਨ 1920 ਵਿਚ



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਡਿਸਚਾਰਜ ਲੈ ਕੇ ਆਪਣੇ ਪਿੰਡ ਆ ਗਿਆ। ਉਸ ਨੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਮੋਰਚੇ ਵਿਚ ਬੜੀ ਦਿਲਚਸਪੀ ਲਈ ਅਤੇ ਗੁਰੂ ਕੇ ਬਾਗ ਮੋਰਚੇ ਵਿਚ ਪੁਲਿਸ ਹੱਥੋਂ ਬਹੁਤ ਕੁੱਟ ਖਾਧੀ ਤੇ ਨੌਂ ਮਹੀਨੇ ਦੀ ਕੈਦ ਵੀ ਕੱਟੀ। ਉਸ ਤੋਂ ਬਾਅਦ ਉਹ ਬੱਬਰ ਅਕਾਲੀ ਜਥੇ ਵਿਚ ਸ਼ਾਮਲ ਹੋ ਗਿਆ। ਉਸ ਨੇ ਇਸ ਇਲਾਕੇ ਵਿਚ ਹੋਏ ਅਕਾਲੀਆਂ ਦੇ ਹਰ ਦੀਵਾਨ ਵਿਚ ਹਾਜ਼ਰੀ ਭਰੀ। ਬੱਬਰ ਅਮਰ ਸਿੰਘ ਰਾਜੋਵਾਲ ਅਤੇ ਬੱਬਰ ਛੱਜਾ ਸਿੰਘ ਮਸਾਣੀਆਂ ਨਾਲ ਮਿਲ ਕੇ ਬੱਬਰਾਂ ਨੇ ਦੋਖੀ ਹਰਨਾਮ ਸਿੰਘ ਸਫੇਦਪੋਸ਼ 'ਤੇ ਹਮਲਾ ਕਰ ਕੇ ਉਸ ਨੂੰ ਸਖਤ ਜ਼ਖਮੀ ਕੀਤਾ ਅਤੇ ਸੂਬੇਦਾਰ ਸੁੰਦਰ ਸਿੰਘ ਰੰਧਾਵਾ ਬਰੋਟਾ ਨੂੰ ਕਤਲ ਕਰਨ ਦੀ ਸਾਜ਼ਿਸ਼ ਵਿਚ ਵੀ ਹਿੱਸਾ ਲਿਆ।

ਬੱਬਰ ਹਜ਼ਾਰਾ ਸਿੰਘ ਨੇ ਪਹਿਲਾਂ ਮੀਆਂ ਅਬਦੁਲ ਫਤਿਹ ਮੈਜਿਸਟਰੇਟ ਦਰਜਾ ਅੱਵਲ ਜਲੰਧਰ ਸਾਹਮਣੇ 18 ਜਨਵਰੀ 1924 ਨੂੰ ਆਪਣਾ ਕਸੂਰ ਮੰਨ ਲਿਆ ਪਰ ਬਾਅਦ ਵਿਚ ਆਪਣੇ ਬਿਆਨ ਤੋਂ ਮੁਨਕਰ ਹੋ ਗਿਆ। ਇਸ ਤੋਂ ਬਾਅਦ ਉਸ ਨੂੰ ਬਹੁਤ ਦਿਮਾਗੀ ਅਤੇ ਜਿਸਮਾਨੀ ਤਸੀਹੇ ਝੱਲਣੇ ਪਏ ਪਰ ਇਸ ਨਾਲ ਕਈ ਬੱਬਰ ਅਕਾਲੀਆਂ ਨੂੰ ਸਜ਼ਾਵਾਂ ਤੋਂ ਨਿਜਾਤ ਮਿਲੀ। 28 ਫਰਵਰੀ 1924 ਨੂੰ ਸਪੈਸ਼ਲ ਮੈਜਿਸਟਰੇਟ (ਲਾਹੌਰ) ਮਿਸਟਰ ਲਈਸ ਏ. ਬੁੱਲ ਦੀ ਅਦਾਲਤ ਵਿਚ ਸਰਕਾਰੀ ਵਕੀਲ ਦੀਵਾਨ ਪਿੰਡੀਦਾਸ ਨੇ ਬੱਬਰ ਹਜ਼ਾਰਾ ਸਿੰਘ ਤੋਂ ਸਵਾਲ ਪੁੱਛੇ:

**ਸਵਾਲ:** ਕੀ ਤੂੰ 21 ਜਨਵਰੀ 1924 ਨੂੰ ਜਿਨ੍ਹਾਂ ਮੁਲਜ਼ਮਾਂ ਨੇ ਤੇਰੇ ਨਾਲ ਜੁਰਮ ਕੀਤੇ ਸੀ, ਦੀ ਸ਼ਨਾਖਤ ਕੀਤੀ ਸੀ?

**ਜਵਾਬ:** ਮੈਨੂੰ ਪੁਲਿਸ ਨੇ ਬੇਰਹਿਮੀ ਨਾਲ ਮਾਰਿਆ-ਕੁੱਟਿਆ ਸੀ। ਉਸ ਵੇਲੇ ਮੀਆਂ ਅਬਦੁਲ ਫਤਿਹ ਮੈਜਿਸਟਰੇਟ ਵੀ ਜੇਲ੍ਹ ਵਿਚ ਹੀ ਸੀ ਅਤੇ ਪੁਲਿਸ ਨੇ ਆਪੇ ਨਾਂ ਦੱਸ ਕੇ ਉਨ੍ਹਾਂ ਚਾਰ ਆਦਮੀਆਂ ਦੀ ਸ਼ਨਾਖਤ ਕਰਵਾਈ ਸੀ। ਜਦੋਂ ਮੈਜਿਸਟਰੇਟ ਨੇ ਮੈਨੂੰ ਸ਼ਨਾਖਤ ਕਰਨ ਨੂੰ ਆਖਿਆ ਤਾਂ ਮੈਂ ਕਿਹਾ ਕਿ ਮੈਂ ਇਨ੍ਹਾਂ ਵਿਚੋਂ ਕਿਸੇ ਨੂੰ ਨਹੀਂ ਜਾਣਦਾ। ਮੈਂ ਕੋਈ ਸ਼ਨਾਖਤ ਨਹੀਂ ਸੀ ਕੀਤੀ। ਇਹ ਪੁਲਿਸ ਦੀ ਝੂਠੀ ਕਾਰਵਾਈ ਸੀ।

ਫੇਰ ਬੱਬਰ ਹਜ਼ਾਰਾ ਸਿੰਘ ਉਪਰ ਮਿਸਟਰ ਐਸ. ਐਸ. ਹੈਰੀਸਨ ਦੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਅਨੂਪ ਸਿੰਘ ਤੇ ਧੰਨਾ ਸਿੰਘ, ਦੋਵੇਂ ਵਾਅਦਾ ਮੁਆਫ, ਦੇ ਬਿਆਨਾਂ ਨੂੰ ਸੱਚ ਮੰਨਦੇ ਹੋਏ ਹਜ਼ਾਰਾ ਸਿੰਘ ਨੂੰ ਦੋਸ਼ੀ ਮੰਨਿਆ ਗਿਆ ਅਤੇ ਉਸ ਨੂੰ ਹਰਨਾਮ ਸਿੰਘ ਸਫੇਦਪੋਸ਼ ਮਹਿਦੀਪੁਰ 'ਤੇ ਕਾਤਲਾਨਾ ਹਮਲਾ ਕਰਨ ਦੀ ਸਜ਼ਾ ਆਈ.ਪੀ.ਸੀ. ਦੀ ਧਾਰਾ 326 ਤੇ 109 ਅਤੇ 120 ਬੀ ਅਧੀਨ 14 ਸਾਲ ਦੀ ਉਮਰ ਕੈਦ ਤੇ ਸੂਬੇਦਾਰ ਸੁੰਦਰ ਸਿੰਘ ਰੰਧਾਵਾ ਬਰੋਟਾ ਨੂੰ ਕਤਲ ਕਰਨ ਦੀ ਨਾਕਾਮਯਾਬ ਕੋਸ਼ਿਸ਼ ਲਈ ਸੈਕਸ਼ਨ 302/115 ਅਤੇ 120 ਬੀ ਅਧੀਨ ਚਾਰ ਸਾਲ ਦੀ ਕੈਦ ਬਾਮੁਸ਼ੱਕਤ ਦੀ ਸਜ਼ਾ ਸੁਣਾਈ ਗਈ। ਇਸ ਵਿਚੋਂ ਉਸ ਨੂੰ ਤਿੰਨ ਮਹੀਨੇ ਕੋਠੀ ਬੰਦ ਰੱਖਿਆ ਜਾਣਾ ਸੀ। ਕੋਠੀ ਐਨੀ ਛੋਟੀ ਹੁੰਦੀ ਸੀ ਜਿਸ ਵਿਚ ਕੈਦੀ ਨਾ ਤਾਂ ਚੰਗੀ ਤਰ੍ਹਾਂ ਸੌਂ ਸਕਦਾ ਸੀ ਅਤੇ ਨਾ ਹੀ ਇਧਰ ਉਧਰ ਘੁੰਮ ਸਕਦਾ ਸੀ।

ਬੱਬਰ ਹਜ਼ਾਰਾ ਸਿੰਘ ਮੰਡੇਰ 1929 ਵਿਚ ਮੁਲਤਾਨ ਜੇਲ੍ਹ ਵਿਚ ਕੋਠੀ ਬੰਦ ਸੀ। ਉਸ ਨਾਲ ਹੋਰ ਵੀ ਕੈਦੀ ਕੋਠੀ ਬੰਦ ਸਨ ਪਰ ਉਹ ਸਾਰੇ ਹੀ ਇਖਲਾਕੀ ਕੈਦੀ ਸਨ। ਹਜ਼ਾਰਾ ਸਿੰਘ ਨੇ ਉਨ੍ਹਾਂ ਨੂੰ ਮਨਾ ਲਿਆ ਕਿ ਆਪਾਂ ਸਾਰੇ ਸੁਰੰਗ ਪੁੱਟ ਕੇ ਫਰਾਰ ਹੋ ਜਾਈਏ। ਉਨ੍ਹਾਂ ਨੇ ਜਮਾਂਦਾਰਾਂ ਨੂੰ ਆਪਣੇ ਭਰੋਸੇ ਵਿਚ ਲਿਆ ਅਤੇ ਉਹ ਮਲ-ਮੂਤਰ ਦੇ ਨਾਲ ਸੁਰੰਗ ਦੀ ਮਿੱਟੀ ਵੀ ਡਰੰਮਾਂ ਵਿਚ ਲੈ ਜਾਂਦੇ ਰਹੇ। ਉਨ੍ਹਾਂ ਨੇ ਅੰਦਾਜ਼ਨ 75 ਫੁੱਟ ਸੁਰੰਗ ਪੁੱਟ ਕੇ ਜੇਲ੍ਹ ਦੀ ਵੱਡੀ ਦੀਵਾਰ ਤੋਂ ਪਾਰ ਹੋ ਜਾਣਾ ਸੀ। ਉਨ੍ਹਾਂ ਇਕ ਜਮਾਂਦਾਰ ਰਾਹੀਂ ਬਾਹਰ ਇਕ ਲੁਹਾਰ ਨਾਲ ਗੱਲ ਕਰ ਲਈ ਸੀ ਜੋ ਉਨ੍ਹਾਂ ਦੀਆਂ ਬੇੜੀਆਂ ਕੱਟਣ ਲਈ ਮੰਨ ਗਿਆ। ਪੰਜਾਬ ਅੰਦਰ ਇਹ ਮਨੌਤ ਹੈ ਕਿ ਜੇ ਕੋਈ ਲੁਹਾਰ ਕਿਸੇ ਦੀ ਹਥਕੜੀ ਜਾਂ ਬੇੜੀ ਨਾ ਕੱਟੇ ਤਾਂ ਉਸ ਨੂੰ ਕੋੜ੍ਹ ਹੋ ਜਾਂਦਾ ਹੈ ਅਤੇ ਜੋ ਕੱਟ ਦੇਵੇ, ਉਹ ਸਿੱਧਾ ਸਵਰਗ ਨੂੰ ਜਾਂਦਾ ਹੈ। ਕੈਦੀਆਂ ਨੇ ਮਤਾ ਪਕਾਇਆ ਹੋਇਆ ਸੀ ਕਿ ਜੇਲ੍ਹ ਵਿਚੋਂ ਨਿਕਲ ਕੇ ਸਿੱਧੇ ਹੀ ਬੁੱਚੜ ਜੇਲ੍ਹ ਸੁਪਰਡੈਂਟ ਸੋਧੀ ਨੂੰ ਸੋਧਾ ਲਾਉਣਾ ਹੈ।

ਬਦਕਿਸਮਤੀ ਨਾਲ ਜਿਸ ਰਾਤ ਸੁਰੰਗ ਰਾਹੀਂ ਨਿਕਲਣ ਦੀ ਵਿਉਂਤ ਸੀ, ਉਸ ਦਿਨ ਉੜਦੀ ਲੱਗ ਗਈ। 'ਉੜਦੀ' ਜੇਲ੍ਹ ਟਰਮ ਹੁੰਦੀ ਹੈ। ਜੇਲ੍ਹ ਦੇ ਉਚ ਅਧਿਕਾਰੀ ਕਿਸੇ ਦਿਨ ਅਚਾਨਕ ਹੀ ਕੈਦੀਆਂ ਦੀਆਂ ਕੋਠੀਆਂ ਬਦਲ ਦਿੰਦੇ ਹਨ। ਸੋ, ਕੈਦੀ ਹੱਥ ਮਲਦੇ ਰਹਿ ਗਏ, ਪਰ ਹਜ਼ਾਰਾ ਸਿੰਘ ਹਿੰਮਤ ਹਾਰਨ ਵਾਲਾ ਨਹੀਂ ਸੀ। ਉਸ ਨੇ ਫੇਰ ਸੁਰੰਗ ਪੁੱਟਣੀ ਸ਼ੁਰੂ ਕਰ ਦਿੱਤੀ। ਕੁਝ ਦਿਨਾਂ ਵਿਚ ਇਸ ਨਵੀਂ ਸੁਰੰਗ ਨੂੰ ਪਹਿਲੀ ਨਾਲ ਮਿਲਾ ਲਿਆ। 'ਉੜਦੀ' ਕਿਤੇ ਫੇਰ ਨਾ ਲੱਗ ਜਾਵੇ, ਉਨ੍ਹਾਂ ਨੇ ਬਾਹਰ ਕਿਸੇ ਲੁਹਾਰ ਨੂੰ ਮਨਾਉਣ ਦਾ ਇੰਤਜ਼ਾਰ ਵੀ ਨਾ ਕੀਤਾ ਅਤੇ ਜਿਸ ਰਾਤ ਸੁਰੰਗ ਪੂਰੀ ਹੋਈ, ਉਹ ਸਣੇ ਬੇੜੀਆਂ ਜੇਲ੍ਹ ਵਿਚੋਂ ਬਾਹਰ ਆ ਗਏ ਅਤੇ ਬੇੜੀਆਂ ਸਮੇਤ ਟੁਰਦੇ ਟੁਰਦੇ ਤੜਕ ਸਾਰ ਛਾਂਗੇ ਮਾਂਗੇ ਦੀਆਂ ਟਾਹਲੀਆਂ ਅਤੇ ਹੋਰ ਦਰੱਖਤਾਂ ਦੀ ਸਰਕਾਰੀ ਪਨੀਰੀ ਜੋ ਕਾਫੀ ਸੰਘਣੀ ਝਿੜੀ ਸੀ, ਵਿਚ ਲੁਕ ਕੇ ਬਹਿ ਗਏ। ਸਾਰਿਆਂ ਨੇ ਦਿਨ ਭਰ ਇਥੇ ਰਹਿ ਕੇ ਅਗਲੀ ਰਾਤ ਅੱਗੇ ਚੱਲਣ ਦੀ ਸਲਾਹ ਬਣਾਈ।

ਉਧਰ, ਜੇਲ੍ਹ ਅੰਦਰ ਪਹਿਰੇਦਾਰ ਨੇ ਕੋਠਤੀਆਂ ਅੱਗੇ ਜਾ ਕੇ ਕੈਦੀ ਦਾ ਨੰਬਰ ਪੁਕਾਰ ਕੇ ਹਾਜ਼ਰੀ ਲਾਈ। ਜਦ ਅੱਗੋਂ ਕੋਈ ਆਵਾਜ਼ ਨਾ ਆਈ, ਉਸ ਨੇ ਖਤਰੇ ਦੀ ਸੀਟੀ ਵਜਾ ਦਿੱਤੀ। ਜੇਲ੍ਹ ਅੰਦਰ ਭਾਜੜਾਂ ਪੈ ਗਈਆਂ। ਪੁਲਿਸ ਨੂੰ ਫੋਨ ਕੀਤਾ ਗਿਆ। ਪੁਲਿਸ ਵਿਚ ਬੜੇ ਟਰੇਂਡ ਖੋਜੀ ਹੁੰਦੇ ਸਨ। ਪੁਲਿਸ ਉਨ੍ਹਾਂ ਦੀ ਪੈੜ ਨੱਪਦੀ ਨੱਪਦੀ ਪਨੀਰੀ ਦੀ ਝਿੜੀ ਤਕ ਪਹੁੰਚ ਗਈ। ਪੁਲਿਸ ਦੀਆਂ ਟੋਲੀਆਂ ਝਿੜੀ ਅੰਦਰ ਲੱਭਣ ਲੱਗੀਆਂ। ਬਾਕੀ ਕੈਦੀ ਤਾਂ ਲੱਭ ਪਏ, ਪਰ ਹਜ਼ਾਰਾ ਸਿੰਘ ਇਕੱਲਾ ਹੀ ਅੱਗੇ ਝਿੜੀ ਵਿਚ ਲੁਕਿਆ ਬੈਠਾ ਸੀ। ਉਸ ਨੂੰ ਵੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਅੰਗਰੇਜ਼ ਰਾਜ ਵਿਚ ਪੁਲਿਸ ਵੀ ਆਪਣੇ ਵਲੋਂ ਕਾਨੂੰਨ ਨਾਲ ਚਲਦੀ ਸੀ। ਅੱਜ ਕੱਲ੍ਹ ਦੇ ਸਮੇਂ ਤਾਂ ਪੁਲਿਸ ਵਾਲੇ ਫਰਾਰ ਕੈਦੀ ਦੇ ਗੋਲੀ ਮਾਰ ਕੇ ਉਸ ਨੂੰ ਢੇਰੀ ਕਰ ਕੇ ਉਸ ਦੇ ਹੱਥ ਕੋਈ ਨਾਜਾਇਜ਼ ਰਿਵਾਲਵਰ ਫੜਾ ਕੇ ਪੁਲਿਸ ਮੁਕਾਬਲੇ ਦਾ ਕੇਸ ਬਣਾ ਦਿੰਦੇ ਹਨ।

ਉਸ ਸਮੇਂ ਜੇਲ੍ਹ ਮੈਨੂਅਲ ਦੀ ਉਲੰਘਣਾ ਕਰਨ ਵਾਲੇ ਕੈਦੀਆਂ ਨੂੰ 30 ਬੈਂਤਾਂ ਦੀ ਸਜ਼ਾ ਸੁਣਾਈ ਜਾਂਦੀ ਸੀ। ਬੈਂਤਾਂ ਮਾਰਨ ਵਾਲੇ ਜੱਲਾਦਾਂ ਨੂੰ ਬੈਂਤਾਂ ਮਾਰਨ ਦੀ ਟਰੇਨਿੰਗ ਦਿੱਤੀ ਜਾਂਦੀ ਸੀ ਕਿ ਇਕ ਬੈਂਤ ਦੇ ਨਿਸ਼ਾਨ ਉਤੇ ਦੂਜੀ ਬੈਂਤ ਨਾ ਲੱਗੇ, ਪਰ ਜੇਲ੍ਹ ਸੁਪਰਡੈਂਟ ਸੋਧੀ ਨੇ ਆਪ ਬੈਠ ਕੇ ਹਜ਼ਾਰਾ ਸਿੰਘ ਨੂੰ ਇਕੋ ਸਮੇਂ ਅਸੂਲਾਂ ਦੀ ਉਲੰਘਣਾ ਕਰ ਕੇ 90 ਬੈਂਤਾਂ ਦੀ ਸਜ਼ਾ ਸੁਣਾਈ। ਜਦੋਂ ਉਹ ਬੇਹੋਸ਼ ਹੋ ਗਿਆ ਤਾਂ ਸਟਰੈਚਰ 'ਤੇ ਪਾ ਕੇ ਹਸਪਤਾਲ ਲੈ ਗਏ। ਜਦੋਂ ਤਕ ਬੱਬਰ ਨੂੰ ਹੋਸ਼ ਰਹੀ, ਉਹ ਸੋਧੀ ਜੋ ਕੁਰਸੀ 'ਤੇ ਬੈਠਾ ਬੱਬਰ ਨੂੰ ਤੜਫਦਾ ਦੇਖ ਕੇ ਖੁਸ਼ ਹੋ ਰਿਹਾ ਸੀ, ਨੂੰ ਮਣ ਮਣ ਪੱਕੇ ਦੀਆਂ ਗਾਲਾਂ ਕੱਢਦਾ ਰਿਹਾ।

ਦੂਜੇ ਦਿਨ ਸੋਧੀ, ਬੱਬਰ ਨੂੰ ਦੇਖਣ ਆਇਆ ਤੇ ਪੁੱਛਿਆ, "ਕੀ ਹਾਲ ਏ ਭਾਈ ਹਜ਼ਾਰਾ ਸਿਹਾਂ?"

"ਲਾਲਾ ਜੀ ਬੜਾ ਚੰਗਾ ਹਾਲ ਏ ਤੁਹਾਡੇ ਜੁਆਈ ਦਾ।" ਬੱਬਰ ਨੇ ਗਰਜਵੀਂ ਆਵਾਜ਼ ਵਿਚ ਜਵਾਬ ਦਿੱਤਾ। ਡਾ. ਬਖਸ਼ੀਸ਼ ਸਿੰਘ ਨਿੱਜਰ ਜਿਨ੍ਹਾਂ 'ਬੱਬਰ ਅਕਾਲੀਆਂ ਦਾ ਇਤਿਹਾਸ' ਕਿਤਾਬ ਲਿਖੀ ਹੈ, ਨੇ ਕਿਤਾਬ ਦੇ ਪੰਨਾ 551 'ਤੇ ਲਿਖਿਆ ਹੈ ਕਿ ਉਸ ਸਮੇਂ ਜੇਲ੍ਹ ਦੇ ਡਾਕਟਰ ਦਸੌਂਧਾ ਸਿੰਘ ਨੇ ਦੱਸਿਆ ਕਿ ਬੱਬਰ ਨੇ ਇਲਾਜ ਕਰਵਾਉਣ ਤੋਂ ਨਾਂਹ ਕਰ ਦਿੱਤੀ, ਭਾਵੇਂ 90 ਬੈਂਤ ਲੱਗਣ ਨਾਲ ਉਸ ਦੇ ਪੁੜਿਆਂ ਦਾ ਮਾਸ ਲੱਥ ਕੇ ਲਹੂ ਸਿੰਮ ਰਿਹਾ ਸੀ। ਉਸ ਦੀ ਹਾਲਤ ਵਿਗੜਦੀ ਦੇਖ ਕੇ ਸੋਧੀ ਨੂੰ ਫਿਕਰ ਹੋਇਆ ਤੇ ਉਸ ਨੇ ਬੱਬਰ ਦੀਆਂ ਮਿੰਨਤਾਂ ਕਰ ਕੇ ਉਸ ਨੂੰ ਮਨਾਇਆ ਤੇ ਅੱਗੇ ਤੋਂ ਕਿਸੇ ਵੀ ਬੱਬਰ ਕੈਦੀ ਨਾਲ ਬਦਸਲੂਕੀ ਨਾ ਕਰਨ ਦੀ ਸਹੁੰ ਖਾਧੀ।

## ਦੁੱਖ ਪਰਦੇਸਾਂ ਦੇ

# ਅਸਤਕਾਲ ਅਤੇ ਅਸਥੀਆਂ ਦੇ ਪੈਂਦੇ ਹਿੱਸੇ

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਸ ਲੇਖ ਵਿਚ ਉਨ੍ਹਾਂ ਬੜੀ ਲਾਚਾਰੀ ਦੀ ਜ਼ਿੰਦਗੀ ਜਿਉਂ ਰਹੇ ਬਜ਼ੁਰਗਾਂ ਦੀ ਵਾਰਤਾ ਛੋਂਹਦਿਆਂ ਉਸ ਮਾਰਮਿਕ ਸਥਿਤੀ ਦਾ ਜ਼ਿਕਰ ਕੀਤਾ ਹੈ ਜਦੋਂ ਬਜ਼ੁਰਗਾਂ ਦਾ ਅੰਤਿਮ ਸਸਕਾਰ ਵੀ ਬੱਚਿਆਂ ਲਈ ਬੋਝ ਬਣ ਜਾਂਦਾ ਹੈ। ਪਰਦੇਸਾਂ ਦੀ ਜ਼ਿੰਦਗੀ ਵਿਚ ਬਜ਼ੁਰਗਾਂ ਦੀਆਂ ਅੰਤਿਮ ਰਸਮਾਂ ਤਾਂ ਹੋਰ ਵੀ ਮਹਿੰਗੀਆਂ ਹੋ ਗਈਆਂ ਭਾਸਦੀਆਂ ਹਨ। ਅਜਿਹੇ ਵਿਚ ਪ੍ਰਿੰਸੀਪਲ ਬਾਜਵਾ ਨੇ ਨਸੀਹਤ ਦਿੱਤੀ ਹੈ ਕਿ ਵਾਧੂ ਦੀਆਂ ਰਸਮਾਂ ਤੋਂ ਬਚਿਆ ਜਾਵੇ। ਬਜ਼ੁਰਗ ਆਪਣੀ ਅੰਤਿਮ ਇੱਛਾ ਵਿਚ ਅਜਿਹਾ ਕੁਝ ਦਰਜ ਵੀ ਕਰ ਸਕਦੇ ਹਨ। -ਸੰਪਾਦਕ***



**ਪ੍ਰਿੰ. ਬਲਕਾਰ ਸਿੰਘ ਬਾਜਵਾ**
balkarbajwa1935@gmail.com
ਫੋਨ: 647-402-2170

ਬਾਪ ਦੇ ਪੂਰੇ ਹੋ ਜਾਣ ਪਿੱਛੋਂ ਇਕਲੌਤਾ ਪੁੱਤ ਆਪਣੀ ਮਾਂ ਨੂੰ ਬਿਰਧ ਘਰ ਵਿਚ ਦਾਖਲ ਕਰਾ ਸੁਰਖਰੂ ਹੋ ਬੈਠਾ। ਕਦੀ ਕਦੀ ਮਿਲ ਜ਼ਰੂਰ ਆਉਂਦਾ। ਇੱਕ ਦਿਨ ਫੋਨ ਆਇਆ, ਮਾਂ ਅੰਤਲੇ ਸਾਹਾਂ 'ਤੇ ਹੈ, ਮਿਲ ਜਾਓ। ਕੋਲ ਖਲੋਤੇ ਪੁੱਤ ਵੱਲ ਅੱਖਾਂ ਚੁੱਕ ਮਾਂ ਕਹਿੰਦੀ, "ਪੁੱਤ ਮੇਰੇ ਪਿੱਛੋਂ ਇਥੇ ਇੱਕ ਪੱਖਾ ਜ਼ਰੂਰ ਲੁਆ ਦਈਂ।"

ਪੁੱਤ ਬੋਲਿਆ, "ਕੀ ਲੋੜ ਹੈ ਮਾਂ। ਤੂੰ ਤਾਂ ਹੁਣ ਆਖਰੀ ਸਾਹਾਂ 'ਤੇ ਹੈਂ।"

ਮਾਂ ਦਮ ਲੈਣ ਲਈ ਥੋੜ੍ਹਾ ਰੁਕੀ ਅਤੇ ਕਿਹਾ, "ਪੁੱਤ ਜਾਨ ਕੱਢਵੀਂ ਗਰਮੀ 'ਚ ਮੈਂ ਤਾਂ ਇੱਥੇ ਸਮਾਂ ਕੱਟ ਲਿਆ ਪਰ ਪੁੱਤ! ਜਦੋਂ ਤੇਰੇ ਬੱਚੇ ਤੈਨੂੰ ਇੱਥੇ ਛੱਡ ਗਏ, ਮੈਨੂੰ ਪਤਾ ਐ, ਤੇਰੇ ਕੋਲੋਂ ਇਹ ਗਰਮੀ ਸਹਾਰੀ ਨਹੀਂ ਜਾਣੀ।" ਏਨਾ ਕਹਿ ਮਾਂ ਸ਼ਾਂਤ ਹੋ ਗਈ ਅਤੇ ਸਦਾ ਲਈ ਅੱਖਾਂ ਮੀਟ ਗਈ।

ਲੋਕ ਤਾਂ ਹੋਰ ਵੀ ਇੱਕ ਹਿਰਦੇਵੇਦਕ ਕਥਾ ਸੁਣਾਉਂਦੇ ਹਨ: "ਪ੍ਰੇਮਿਕਾ ਦੇ ਕਹੇ 'ਤੇ ਪੁੱਤ ਮਾਂ ਦਾ ਦਿਲ ਕੱਢ ਛੇਤੀ ਤੋਂ ਛੇਤੀ ਪ੍ਰੇਮਿਕਾ ਕੋਲ ਪਹੁੰਚਣ ਲਈ ਭੱਜਾ ਜਾ ਰਿਹਾ ਸੀ। ਤੇਜ ਭੱਜੇ ਜਾਂਦੇ ਨੂੰ ਠੇਡਾ ਲੱਗਾ, ਡਿੱਗ ਪਿਆ। ਮਾਂ ਦੇ ਦਿਲ 'ਚੋਂ ਦਰਦਮਈ ਹੂਕ ਨਿਕਲੀ, ਮਾਂ ਸਦਕੇ, ਪੁੱਤ ਸੱਟ ਤਾਂ ਨ੍ਹੀਂ ਲੱਗੀ?"

ਏਦਾਂ ਦਾ ਹੀ ਪਾਕਿਸਤਾਨੀ ਸ਼ਾਇਰ ਅਨਵਰ ਮਸੂਦ ਦੀ ਤਨਜ਼ੀਆ ਸ਼ਾਇਰੀ ਵਿਚ ਸੁਣਾਇਆ ਕਿੱਸਾ ਦੱਸੇ ਬਿਨਾ ਗੱਲ ਅੱਗੇ ਨਈਂ ਜੇ ਤੁਰਦੀ। ਪਿਆਰੇ ਦੋਸਤੋ! ਪਿਆਰੇ ਵੀਰੋ! ਮਾਸਟਰ ਲੇਟ ਆਏ ਬਸ਼ੀਰ ਨੂੰ ਪੁੱਛਦੈ, "ਓਏ ਬਸ਼ੀਰਿਆ, ਤੂੰ ਲੇਟ ਆਉਣੋਂ ਹਟਦਾ ਨਈਂ, ਕਰਾਂ ਤੇਰੀ ਮੁਰੰਮਤ?"

"ਮਾਸਟਰ ਜੀ, ਸਜ਼ਾ ਜੋ ਮਰਜ਼ੀ ਦੇ ਲਓ, ਇੱਕ ਵਾਰੀ ਮੇਰੀ ਗੱਲ ਸੁਣ ਲਓ।" ਮੁਨਸ਼ੀ ਮਾਸਟਰ ਮਸੂਦ ਆਪ ਏ। ਬਸ਼ੀਰਾ ਬੋਲਿਆ, "ਮੁਨਸ਼ੀ ਜੀ, ਅੱਜ ਸਵੇਰੇ ਔਹ ਬੈਠੇ ਅਕਰਮ ਦੀ ਮਾਂ, ਸਾਡੇ ਘਰ ਆਈ, ਉਹਦੇ ਮੱਥੇ 'ਤੇ ਇੱਕ ਨੀਲਾ ਰੋੜ ਉਭਰਿਆ ਹੋਇਆ ਸੀ, ਬੁੱਲ੍ਹ ਸੁੱਜੇ ਹੋਏ ਸਨ, ਤੇ ਸਿੰਮੇ ਖੂਨ ਦੇ ਨਿਸ਼ਾਨ ਸਨ, ਅੱਖਾਂ 'ਚ ਅੱਥਰੂ, ਬਹੁਤੀ ਹੀ ਬੇਹਾਲ ਜਿਹੀ, ਰੋਂਦੀ ਹੋਈ ਕਹਿੰਦੀ, 'ਵੇ ਬਸ਼ੀਰਿਆ, ਪੁੱਤ ਅੱਜ ਫਿਰ ਤੇਰਾ ਯਾਰ ਅਕਰਮ, ਮੇਰੇ ਨਾਲ ਲੜ ਕੇ ਸਕੂਲ ਗਿਆ ਈ, ਰੋਟੀ ਨਹੀਓਂ ਲੈ ਕੇ ਗਿਆ, ਨਕਰਮਾ। ਆਹ ਮੈਂ ਕਾਹਲੀ ਕਾਹਲੀ 'ਚ ਪੋਣੇ 'ਚ ਮੱਖਣ ਤੇ ਸ਼ੱਕਰ 'ਚ ਚੂਰੀ ਗੁੰਨੀ ਈ, ਲੈ ਜਾਈਂ ਵੇ ਪੁੱਤ, ਉਹਦੀਆਂ ਤਾਂ ਭੁੱਖ ਨਾਲ ਆਂਦਰਾਂ ਲੂਸਦੀਆਂ ਹੋਣੀਆਂ ਨੇ।' ਤਾਂ ਹੀ ਲੇਟ ਹੋਇਆਂ।"

ਵੈਸੇ ਏਥੇ ਹੀ ਸਪਸ਼ਟ ਕਰ ਦਿਆਂ। ਸਾਰੇ ਧੀਆਂ-ਪੁੱਤ ਏਦਾਂ ਦੇ ਨਹੀਂ ਹੁੰਦੇ। ਏਥੇ ਪੂਣੀ ਕੇਵਲ ਉਸ ਔਲਾਦ ਦੀ ਕੱਤ ਰਿਹਾਂ, ਜਿਸ ਹੱਥੋਂ ਅਜਿਹੇ ਕਈ ਕਿਸਮ ਦੇ ਵਰਤਾਰੇ ਸੰਵੇਦਨਸ਼ੀਲ ਬਜ਼ੁਰਗ ਹੰਢਾਉਂਦੇ ਤੇ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ। ਖਬਰਾਂ ਵੀ ਪੜ੍ਹੀਦੀਆਂ ਹਨ। ਇਸ ਦੇ ਬਾਵਜੂਦ ਉਹ ਆਪਣੇ ਹੱਥੀਂ ਪਾਲੇ ਦਿਲ ਜਾਨ ਤੋਂ ਪਿਆਰੇ, ਕੋਮਲ, ਮਲੂਕ ਜਿਹੇ ਬੱਚਿਆਂ ਨੂੰ ਮਹਿਸੂਸ ਨਹੀਂ ਹੋਣ ਦਿੰਦੇ। ਜਦੋਂ ਉਹ ਦਿਲਗੀਰ ਹੋਏ ਆਪਣੇ ਸਸਕਾਰ ਸਮੇਂ ਦੇ ਦ੍ਰਿਸ਼ ਬਾਰੇ ਨਿਰਾਸ਼ਾਜਨਕ ਕਿੱਸੇ ਛੋਹ ਧਰਦੇ ਹਨ। ਪਰ ਲੋਕਾਚਾਰੀ ਵਜੋਂ ਸੁਣਦੇ ਜ਼ਰੂਰ ਨੇ, "ਕਾਹਨੂੰ ਭੈੜੀਆਂ ਗੱਲਾਂ ਕਰਦੇ ਓ, ਵਾਹਿਗੁਰੂ ਵਾਹਿਗੁਰੂ ਕਰੋ, ਅਸੀਂ ਹੈਗੇ ਆਂ।"

ਕੁਝ ਪੜ੍ਹੇ-ਲਿਖੇ ਤਾਂ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਆਪਣਾ ਆਪਣਾ ਹਿੱਸਾ' ਵਿਚਲੀ ਬੁੱਢੇ ਪਿਉ, ਭਰਾਵਾਂ ਤੇ ਭੈਣ ਦਰਮਿਆਨ ਮਾਂ ਦੇ 'ਕੱਠ ਬਾਰੇ ਸਿਖਰ 'ਤੇ ਪਹੁੰਚੀ ਵਾਰਤਾਲਾਪ ਛੋਹ ਧਰਦੇ ਨੇ ਜੋ ਇਉਂ ਚੱਲਦੀ ਐ: "ਮਾਂ ਦਾ 'ਕੱਠ ਕਰਨਾ ਗੱਜ ਵੱਜ ਕੇ, ਸਾਰੇ ਅੰਗ-ਸਾਕ ਸੱਦਣੇ ਨੇ। ਬੁਢੜੀ ਕਰਮਾਂ ਆਲੀ, ਦੋਹਤਿਆਂ-ਪੋਤਿਆਂ ਵਾਲੀ ਹੋ ਕੇ, ਉਮਰ ਭੋਗ ਕੇ ਗਈ ਆ, ਉਹਨੂੰ ਵੱਡਿਆਂ ਕਰਨਾ, ਹੈਂ ਕੀ ਸਲਾਹ ਐ?"

ਬਾਪ ਬੋਲਿਆ, "ਪੁੱਤ! ਮੇਰੀ ਕੀ ਸਲਾਹ ਹੋਣੀ ਐ, ਪਰ ਸਾਡੇ ਅਰਗੇ ਛੋਟੇ ਬੰਦਿਆਂ ਨੂੰ ਕਾਹਦਾ ਵੱਡਾ ਕਰਨਾ ਹੋਇਆ।"

ਭਰਾਵਾਂ ਤੇ ਭੈਣ ਵਿਚ ਚੱਲਦੀ ਠੰਡੀ-ਤੱਤੀ ਸਲਾਹ ਅਖੀਰ ਦੋਹਾਂ ਭਰਾਵਾਂ ਤੋਂ ਮਾੜੀ ਆਰਥਕ ਦਸ਼ਾ ਵਿਚ ਖੇਤੀ ਵਾਲਾ ਛੋਟਾ ਘੁੱਦੂ ਬੋਲਿਆ, "ਵੇਖੋ ਜੀ! ਤੁਹਾਡੇ ਤੋਂ ਕੋਈ ਗੁੱਝੀ-ਛਿਪੀ ਗੱਲ ਨ੍ਹੀਂ, ਆਪਾਂ ਆਂ ਮਾੜੇ, ਆਪਣੇ ਤੋਂ ਤਾਂ ਅਜੇ ਨ੍ਹੀਂ ਜੇ ਗੰਗਾ-ਗੁੰਗਾ ਪੁਗਦੀਆਂ। ਜੇ ਬਹੁਤੀ ਗੱਲ ਐ ਤਾਂ ਬੁੱਢੜੀ ਦੇ ਫੁੱਲ ਤੁਸੀਂ ਗੰਗਾ ਪਾ ਆਓ, ਤੇ ਆਹ ਬੁੱਢੜਾ ਬੈਠਾ, ਤੁਹਾਡੇ ਸਾਹਮਣੇ ਜਿਉਂਦਾ ਜਾਗਦਾ, ਇਹਦੇ ਮੈਂ 'ਕੱਲਾ ਈ ਗੰਗਾ ਪਾ ਆਊਂ। ਸੱਚੀ ਗੱਲ ਐ, ਅਜੇ ਆਪਣੀ ਪੁੱਜਤ ਨ੍ਹੀਂ, ਤੇ ਜੇ ਇਹ ਸੌਦਾ ਵੀ ਨ੍ਹੀਂ ਮਨਜ਼ੂਰ ਤਾਂ ਸਰਦਾਰ ਜੀ, ਔਹ ਕਿੱਲੀ 'ਤੇ ਤੀਜੇ ਹਿੱਸੇ ਦੇ ਫੁੱਲ ਟੰਗ ਦਿਓ, ਜਦੋਂ ਮੇਰੀ ਪਹੁੰਚ ਪਈ, ਮੈਂ ਆਪੇ ਪਾ ਆਊਂ।" ਆਖ ਕੰਮ ਜਾ ਲੱਗਾ।

ਅਜਿਹੀਆਂ ਅਸਲੀਅਤਾਂ ਬਜ਼ੁਰਗਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਅਰਜਨ ਦੀ ਅੱਖ ਵਾਂਗ ਮੱਛੀ ਦੀ ਅੱਖ ਤੇ ਤੀਰ ਦੇ ਨਿਸ਼ਾਨੇ ਨੂੰ ਇੱਕ ਲਾਈਨ 'ਚ ਸੇਧਤ ਹੋ ਜਾਂਦੀਆਂ ਹਨ। ਉਹ ਮੂੰਹ-ਰੱਖਣੀਆਂ ਨਾਲ ਪਸੀਜਦੇ ਨਹੀਂ, ਅਤੇ ਨਾਲੇ ਉਨ੍ਹਾਂ ਸਾਰੀ ਉਮਰ ਆਪਣੇ ਹੱਥੀਂ ਪਾਲੇ ਪਿਆਰੇ ਬੱਚਿਆਂ 'ਤੇ ਕਦੀ ਬੋਝ ਨਹੀਂ ਪੈਣ ਦਿੱਤਾ। ਉਹ ਨਹੀਂ ਚਾਹੁੰਦੇ ਕਿ ਅੰਤ ਕਾਲ ਵੇਲੇ ਉਨ੍ਹਾਂ ਦੀਆਂ ਅਸਥੀਆਂ ਦੇ ਹਿੱਸੇ ਪੈਣ। ਉਹ ਆਪਣੇ ਅੰਤ ਕਾਲ ਦੇ ਸੰਭਾਵੀ ਬੋਝ ਨੂੰ ਇਸ ਮੰਡੀ ਸਮਾਜ ਵਿਚ ਏਨਾ ਸੁਖਾਲਾ, ਸਰਲ ਤੇ ਸਸਤਾ ਜਿਹਾ ਬਣਾ ਜਾਣਾ ਚਾਹੁੰਦੇ ਹਨ ਕਿ ਕਿਸੇ ਨੂੰ ਅਸਥੀਆਂ ਦੇ ਹਿੱਸੇ ਨਾ ਪਾਉਣੇ ਪੈਣ।

***ਕਈ ਵਾਰੀ ਪੁੱਤ ਵੱਡੀਆਂ ਅਫਸਰੀਆਂ ਮਾਣਦੇ ਹੁੰਦੇ ਨੇ ਅਤੇ ਬਾਪ ਬਿਰਧ ਆਸ਼ਰਮ ਵਿਚ ਪਹੁੰਚਾਇਆ ਹੁੰਦਾ। ਕੈਨੇਡੀਅਨ ਸਰਕਾਰ ਵੱਲੋਂ ਮਿਲਦੀ ਪੈਨਸ਼ਨ ਦੇ ਹਿੱਸੇ ਪਾਏ ਜਾਂ ਹਿੱਸਿਆਂ ਦੀਆਂ ਆਸਾਂ ਰੱਖੀਆਂ ਜਾਂਦੀਆਂ ਹਨ। ਤੇਜ਼ ਕਾਰੋਬਾਰੀ ਰੁਝੇਵਿਆਂ ਵਿਚ ਬੁੱਢੇ ਦੀ ਦੇਹ ਨੂੰ ਸੰਭਾਲਣ ਦੇ ਕਾਰਜ ਨੂੰ 'ਕੰਮ 'ਚ ਘੜੰਮ' ਪਿਆ ਲੱਗਦੈ। ਫੁੱਲ ਚੁਗਣ ਵੇਲੇ ਸਿਵੇ ਦੇ ਠੰਡੇ ਹੋਣ ਦੀ ਉਡੀਕ 'ਚ ਜੇ ਦੇਰੀ ਹੋ ਜਾਵੇ ਤਾਂ ਕੁਲੱਛਣੇ ਬੋਲ ਸੁਣਨ ਨੂੰ ਮਿਲਦੇ ਹਨ, "ਹਾਏ, ਬੁੱਢੇ ਦੀਆਂ ਹੱਡੀਆਂ ਚੁਗਣ 'ਚ ਏਨਾ ਚਿਰ! ਕਰਨ ਵਾਲੇ ਏਨੇ ਕੰਮ ਪਏ ਨੇ, ਬੁੱਢਾ ਮਰ ਕੇ ਵੀ, ਵਖਤ ਪਾਈ ਬੈਠਾ।"***

'ਮਾਪੇ ਕਦੀ ਨਾ ਹੋਣ ਕੁਮਾਪੇ ਭਾਵੇਂ ਲੱਖ ਮੁਸੀਬਤਾਂ ਪੈਣ।' ਅਜੋਕੀਆਂ ਪਦਾਰਥਕ ਖੁਦਗਰਜ਼ੀਆਂ 'ਚ ਪੁੱਤ ਕਪੁੱਤ ਹੁੰਦੇ ਦੇਖੇ ਜਾ ਰਹੇ ਹਨ। ਅਨੇਕ ਕਥਾਵਾਂ ਪੜ੍ਹੀਦੀਆਂ-ਸੁਣੀਦੀਆਂ ਹਨ। ਚੰਗੇ ਮੁਰਾਤਬੇ 'ਤੇ ਪਹੁੰਚੇ, ਕੋਠੀਆਂ 'ਚ ਨੌਕਰਾਂ ਤੇ ਕਾਰਾਂ ਦੇ ਸੁਖ ਸਹੂਲਤਾਂ ਮਾਣਦੇ ਪੁੱਤ ਮਹੀਨਿਆਂ ਦੇ 28, 29, 30, 31 ਦਿਨਾਂ ਦੇ ਹਿਸਾਬ ਨਾਲ ਮਾਪਿਆਂ ਨੂੰ ਰੱਖਣ ਦੀਆਂ ਕਮੀਨੀਆਂ ਗੱਲਾਂ ਕਰਦੇ ਹਨ। ਦਿਨਾਂ ਦਾ ਹਿਸਾਬ ਕਰਦੇ ਆਪਣੇ ਜਨਮਦਾਤਿਆਂ ਨੂੰ ਕਈ ਵਾਰੀ ਗੇਟ ਤੋਂ ਵੀ ਅੰਦਰ ਨਹੀਂ ਵੜਨ ਦਿੰਦੇ। ਉਸ ਵੇਲੇ ਧੀਆਂ ਭਾਵੇਂ ਰੁੱਸੀਆਂ ਧਰ ਹਿੱਸੇ ਨਹੀਂ ਵੰਡਦੀਆਂ ਪਰ ਉਹ ਫਿਰ ਵੀ ਔਖੀ ਬਣੀ ਵੇਲੇ ਬਹੁੜਦੀਆਂ ਹਨ। ਅਜਿਹੀਆਂ ਦੁਰਗਤੀਆਂ ਦੇ ਕਿੱਸੇ ਸੁਣ ਸੁਣ ਪਸੀਨੇ ਛੁਟ ਪੈਂਦੇ ਹਨ, ਤੇ ਜਿਨ੍ਹਾਂ ਦਾ ਇਕਲੌਤਾ ਪੁੱਤ ਵੀ ਉਨ੍ਹਾਂ ਦੇ ਪੱਖ ਵਿਚ ਨਹੀਂ ਬੋਲਦਾ, ਉਨ੍ਹਾਂ ਦੀ ਕੀ ਹਾਲਤ ਹੁੰਦੀ ਹੋਵੇਗੀ। ਏਦੂੰ ਵੱਧ 'ਦੁਰਗਤੀ' ਕੀ ਹੋਵੇਗੀ ਜਦੋਂ ਬਜ਼ੁਰਗਾਂ ਨੂੰ ਹਰ 15-16 ਦਿਨਾਂ ਪਿੱਛੋਂ ਦੂਜੇ ਕੋਲ ਛੱਡਣ ਲਈ ਘਰੋਂ ਤੋਰ ਦਿੱਤਾ ਜਾਂਦੈ।

ਕਈ ਵਾਰੀ ਪੁੱਤ ਵੱਡੀਆਂ ਅਫਸਰੀਆਂ ਮਾਣਦੇ ਹੁੰਦੇ ਨੇ ਅਤੇ ਬਾਪ ਬਿਰਧ ਆਸ਼ਰਮ ਵਿਚ ਪਹੁੰਚਾਇਆ ਹੁੰਦਾ। ਕੈਨੇਡੀਅਨ ਸਰਕਾਰ ਵੱਲੋਂ ਮਿਲਦੀ ਪੈਨਸ਼ਨ ਦੇ ਹਿੱਸੇ ਪਾਏ ਜਾਂ ਹਿੱਸਿਆਂ ਦੀਆਂ ਆਸਾਂ ਰੱਖੀਆਂ ਜਾਂਦੀਆਂ ਹਨ। ਤੇਜ਼ ਕਾਰੋਬਾਰੀ ਰੁਝੇਵਿਆਂ ਵਿਚ ਬੁੱਢੇ ਦੀ ਦੇਹ ਨੂੰ ਸੰਭਾਲਣ ਦੇ ਕਾਰਜ ਨੂੰ 'ਕੰਮ 'ਚ ਘੜੰਮ' ਪਿਆ ਲੱਗਦੈ। ਫੁੱਲ ਚੁਗਣ ਵੇਲੇ ਸਿਵੇ ਦੇ ਠੰਡੇ ਹੋਣ ਦੀ ਉਡੀਕ 'ਚ ਜੇ ਦੇਰੀ ਹੋ ਜਾਵੇ ਤਾਂ ਕੁਲੱਛਣੇ ਬੋਲ ਸੁਣਨ ਨੂੰ ਮਿਲਦੇ ਹਨ, "ਹਾਏ, ਬੁੱਢੇ ਦੀਆਂ ਹੱਡੀਆਂ ਚੁਗਣ 'ਚ ਏਨਾ ਚਿਰ! ਕਰਨ ਵਾਲੇ ਏਨੇ ਕੰਮ ਪਏ ਨੇ, ਬੁੱਢਾ ਮਰ ਕੇ ਵੀ, ਵਖਤ ਪਾਈ ਬੈਠਾ।"

ਇਸ ਸੋਚ ਅਧੀਨ ਕੈਨੇਡੀਅਨ ਬਜ਼ੁਰਗਾਂ ਦੀਆਂ ਕਲੱਬਾਂ ਵਿਚ ਬਜ਼ੁਰਗ ਜਿੱਥੇ ਆਪਣੇ ਰੋਜ਼ਾਨਾ ਮਨਪ੍ਰਚਾਵੇ ਅਤੇ ਸਾਲਾਨਾ ਸੈਰ-ਸਪਾਟਿਆਂ ਦੀਆਂ ਸਰਗਰਮੀਆਂ ਕਰਦੇ ਰਹਿੰਦੇ ਹਨ, ਉਥੇ ਉਨ੍ਹਾਂ ਆਪਣੇ ਅੰਤ ਕਾਲ ਵੇਲੇ ਦੇ ਮਸਲਿਆਂ ਨੂੰ ਆਪ ਹੀ ਕਿਉਂਟਣ ਦੇ ਰੱਸੇ-ਪੈੜੇ ਵੱਟਣੇ ਅਰੰਭ ਦਿੱਤੇ ਹਨ। ਉਨ੍ਹਾਂ ਨੇ ਤਾਂ ਉਹ ਵੀ ਕਹਾਣੀ ਸੁਣੀ ਹੋਈ ਹੈ, ਜਦੋਂ ਅਸਤ ਹੋ ਚੁਕੀ ਪਤਨੀ ਨੂੰ ਇੱਕ ਪਤੀ ਚਿੱਠੀ ਲਿਖਦਾ ਹੈ, "ਬਲਵੰਤ ਕੁਰੇ, ਤੇਰੇ ਸਸਕਾਰ ਵੇਲੇ, ਤੇਰੇ ਲਾਡਲਿਆਂ ਨੇ ਟਾਲੇ ਵੱਟੇ ਸਨ, ਕੀ ਕੀ ਦੱਸਾਂ, ਕਾਲਜਾ ਬਾਹਰ ਨੂੰ ਆਉਂਦੈ। ਇੱਕ ਕਹਿੰਦਾ, 'ਤੁਸੀਂ ਪ੍ਰਬੰਧ ਕਰੋ, ਮੇਰੀ ਚੰਡੀਗੜ੍ਹ ਇੱਕ ਮੀਟਿੰਗ ਏ, ਮੈਂ ਪਹੁੰਚੂੰ ਜ਼ਰੂਰ, ਪਰ ਦਾਗ ਲਾਉਣ ਵੇਲੇ।' ਦੂਜਾ, ਜੋ ਵੱਡਾ ਕਾਰੋਬਾਰੀ ਈ, ਲਾਗਲੇ ਸ਼ਹਿਰ ਕੋਠੀ ਬਣਾ, ਭਾਈਚਾਰੇ 'ਚ ਪੂਰਾ ਚਿੱਟ ਕੱਪੜੀਆ ਬਣਿਆ ਫਿਰਦੈ, ਮਸੀਂ ਹੀ ਤੇਰੇ ਇਸ਼ਨਾਨ ਵੇਲੇ ਪਹੁੰਚਿਆ। ਅਖੇ ਕੱਲ ਬੱਚਿਆਂ ਦੇ ਪੇਪਰ ਸਨ। ਏਦਾਂ ਹੀ ਉਨ੍ਹਾਂ ਤੇਰੇ ਭੋਗ 'ਤੇ ਕੀਤਾ। ਐਨ ਉਦੋਂ ਪਹੁੰਚੇ ਜਦੋਂ ਭਾਈ ਅਰਦਾਸ ਕਰਨ ਉਠਿਆ। ਇਹ ਵਰਤਾਰਾ ਵੇਖਦਿਆਂ, ਮੈਂ ਤਾਂ ਬਲਵੰਤ ਕੌਰੇ, ਆਪਣਾ ਕੱਫਣ ਵੀ ਤਿਆਰ ਕਰ ਰੱਖਿਆ ਈ, ਅਰਥੀ ਦੀ ਸਜਾਵਟ ਦੀਆਂ ਝੰਡੀਆਂ ਵਗੈਰਾ ਵੀ ਲੈ ਰੱਖੀਆਂ ਹਨ, ਤੇ ਅੱਜ ਆਪਣੇ ਹੱਥੀਂ ਆਪ ਹੀ, ਭੋਗ ਵੀ ਪਵਾ ਦਿੱਤਾ ਈ, ਐਵੇਂ ਖਰਚਿਆਂ ਦੇ ਹਿੱਸੇ ਪਾਉਂਦੇ ਫਿਰਨਗੇ। ਸ਼ਰੀਕੇ ਨੂੰ ਤੇ ਸਾਰੇ ਸਾਕ-ਸਬੰਧੀਆਂ ਨੂੰ ਬੁਲਾ ਕੇ ਇੱਕ ਵੱਡੇ 'ਕੱਠ ਵਾਲਾ ਲੈਣ-ਦੇਣ, ਤੇ ਖਾਣ-ਪੀਣ ਦੇ ਅਡੰਬਰ ਮੁਕਾ ਹੁਣ ਸੁਰਖਰੂ ਹੋ, ਹੌਲਾ ਫੁੱਲ ਮਹਿਸੂਸ ਕੀਤਾ ਈ। ਤੈਨੂੰ ਆਹ ਚਿੱਠੀ ਲਿਖ ਦਿੱਤੀ ਆ, ਤਾਂ ਜੋ ਸਨਦ ਰਹੇ, ਅਗਲੀਆਂ ਪੀੜ੍ਹੀਆਂ ਲਈ, ਆਦਿ ਇਤਿਆਦਿ। ਬੰਤ ਸਿੰਘ ਬਕਲਮਖੁਦ।"

ਜਦੋਂ ਬਜ਼ੁਰਗਾਂ ਨੇ ਆਪਣੇ ਸਸਕਾਰ ਦਾ ਅਗਾਊਂ ਪ੍ਰਬੰਧ ਕਰਨ ਦਾ ਬੀੜਾ ਚੁੱਕਿਆ ਤਾਂ ਕਈਆਂ ਨੇ ਇਹਨੂੰ ਬਦਸ਼ਗਨੀ ਕਿਹਾ। ਪਰ ਇਹ ਅੰਤ ਕਾਲ ਦੇ ਸੱਚ ਹਨ। ਸਭ ਨੂੰ ਪਤਾ ਹੈ ਇਹ ਆਖਰੀ ਵੇਲਾ ਰਾਜੇ ਰਾਣਿਆਂ 'ਤੇ ਵੀ ਆਇਆ ਸੀ। ਉਨ੍ਹਾਂ 'ਤੋਂ ਵੀ ਨਹੀਂ ਸੀ ਟਲਿਆ, ਜਿਨ੍ਹਾਂ ਕਾਲ ਪਾਵੇ ਨਾਲ ਬੰਨਿਆ ਹੋਇਆ ਸੀ। ਇਹਨੇ ਟਲਣਾ ਨਹੀਂ, ਕਿਸੇ ਵੇਲੇ ਵੀ ਵਾਪਰ ਸਕਦੈ, ਕਿਸੇ 'ਤੇ ਵੀ। ਇਨ੍ਹਾਂ ਵਿਚਾਰਾਂ, ਕਿਆਸਾਂ ਤਹਿਤ ਹੋਂਦ 'ਚ ਆਈ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੇ ਉਦਮਾਂ ਤੇ ਚਾਰਾਜੋਈਆਂ ਨੇ ਇਸ ਮਸਲੇ 'ਤੇ ਇੱਕ ਵੱਡੀ ਕਾਮਯਾਬੀ ਹਾਸਲ ਕਰ ਲਈ ਹੈ। ਮੀਟਿੰਗ ਵਿਚ ਹਾਜ਼ਰ ਸੀਨੀਅਰਜ਼ ਕਲੱਬਾਂ ਦੇ ਨੁਮਾਇੰਦਿਆਂ ਨੂੰ ਐਸੋਸੀਏਸ਼ਨ ਦੇ ਸਪੋਕਸਮੈਨ ਨੇ ਸਸਕਾਰ ਪ੍ਰਾਜੈਕਟ ਦੀ ਰਿਪੋਰਟ ਪੇਸ਼ ਕੀਤੀ ਜਿਸ ਦਾ ਸਭ ਨੇ ਇੱਕ ਵੱਡੀ ਪ੍ਰਾਪਤੀ ਵਜੋਂ ਸਵਾਗਤ ਕੀਤਾ। ਉਸ ਨੇ ਇਸ ਮੀਟਿੰਗ ਵਿਚ ਅਸਤਕਾਲ ਵੇਲੇ ਦੇ ਪ੍ਰਬੰਧ ਦਾ ਵਿਸਤ੍ਰਿਤ ਖੁਲਾਸਾ ਕੀਤਾ।

ਸੰਜਮੀ ਜੀਵਨ ਸ਼ੈਲੀ ਦੇ ਮਾਲਕ ਬਜ਼ੁਰਗਾਂ ਲਈ ਕੈਨੇਡਾ ਵਿਚ ਮਰਨ ਬਾਅਦ 15-20 ਹਜ਼ਾਰ ਡਾਲਰ ਸਸਕਾਰ 'ਤੇ ਖਰਚਣਾ ਬੜਾ ਹੀ ਫਜ਼ੂਲ ਲੱਗਦੈ। ਭਾਵੇਂ ਉਨ੍ਹਾਂ ਦੇ ਬੱਚਿਆਂ ਲਈ ਇਹ ਖਰਚ ਪਿਤਰੀ ਮੋਹ ਦੇ ਸਾਹਮਣੇ ਕੁਝ ਵੀ ਨਾ ਲੱਗਦਾ ਹੋਵੇ, ਪਰ ਬਜ਼ੁਰਗ ਇਸ ਰਕਮ ਨੂੰ ਬਹੁਤ ਵੱਡੀ ਸਮਝਦੇ ਹਨ। ਇੰਡੀਆ ਦੇ ਰੁਪਿਆਂ ਮੁਤਾਬਕ ਕੈਨੇਡਾ ਵਿਚ ਇੱਕ ਬੰਦੇ ਦਾ ਮਰਨਾ 10-12 ਲੱਖ 'ਚ ਪੈਂਦੈ। ਪੰਜਾਬ ਵਿਚ ਏਨੇ ਪੈਸੇ ਨਾਲ ਕੁੜੀ ਵਿਆਹੀ ਜਾ ਸਕਦੀ ਹੈ। ਇਸ ਲਈ ਐਸੋਸੀਏਸ਼ਨ ਨੇ ਸਸਕਾਰਾਂ ਵਾਸਤੇ ਇੱਕ ਸੰਜਮੀ ਰਾਹ ਤਲਾਸ਼ ਲਿਐ। ਸਸਕਾਰ ਦੋ ਕਿਸਮ ਦੇ ਹਨ। ਇੱਕ ਦਾ ਨਾਮ ਹੈ ਹਿੰਦੂ-ਸਿੱਖ ਬੇਸਿਕ ਸਸਕਾਰ ਅਤੇ ਦੂਜਾ ਹੈ, ਹਿੰਦੂ-ਸਿੱਖ ਸ਼ਾਹੀ ਸਸਕਾਰ। ਪਿਛਲੇ ਵਿਚ ਉਹ ਸਭ ਕੁਝ ਹੁੰਦਾ ਹੈ ਜੋ ਆਮ 10-12 ਹਜ਼ਾਰ ਵਾਲੇ ਸਸਕਾਰ ਵਿਚ ਹੁੰਦੈ। ਸਸਕਾਰ ਸੇਵਾਵਾਂ ਲਈ ਕੇਵਲ 100 ਡਾਲਰ ਦੀ ਅਡਵਾਂਸ ਅਦਾਇਗੀ ਨਾਲ ਬੁਕਿੰਗ ਕੀਤੀ ਜਾ ਸਕਦੀ ਹੈ। ਬੇਸਿਕ ਸਸਕਾਰ ਸਿਰਫ 1600 ਡਾਲਰ ਵਿਚ ਹੋ ਜਾਂਦੈ।

ਸ਼ਾਹੀ ਸਸਕਾਰ ਵਿਚ ਸਿਰਫ 30-35% ਵੱਧ ਖਰਚ ਹੁੰਦੈ। ਆਮ ਰਿਸ਼ਤੇਦਾਰ ਸ਼ਾਹੀ ਸਸਕਾਰ ਦੀ ਸਲਾਹ ਦਿੰਦੇ ਹਨ। ਜੇ ਤੁਸੀਂ ਇਸ ਅਡਵਾਂਸ ਦੀ ਵਰਤੋਂ ਨਹੀਂ ਕਰਦੇ ਤਾਂ ਐਗਰੀਮੈਂਟ ਚਿੱਠੀ ਐਸੋਸੀਏਸ਼ਨ ਨੂੰ ਵਾਪਸ ਕਰਕੇ ਅਡਵਾਂਸ ਵਾਪਸ ਲੈ ਸਕਦੇ ਹੋ। ਇਸ ਪੈਕੇਜ ਦਾ ਸੰਚਾਰ ਅਖਬਾਰਾਂ, ਟੀ. ਵੀ. ਅਤੇ ਰੇਡੀਓ ਰਾਹੀਂ ਕੀਤਾ ਜਾ ਰਿਹੈ। ਸਭ ਨੇ ਹੀ ਇਸ ਸੁਵਿਧਾ ਦੀ ਸ਼ਲਾਘਾ ਕੀਤੀ ਅਤੇ ਕਲੱਬਾਂ ਨੂੰ ਇਸ ਪੈਕੇਜ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਕਿਹਾ। ਸਸਤੀ ਸਸਕਾਰ ਦੀ ਜਾਣਕਾਰੀ ਦਾ ਇੱਕ ਪੈਕੇਜ ਹਾਜ਼ਰ ਕਲੱਬਾਂ ਨੂੰ ਵੰਡਣ ਲਈ ਦਿੱਤਾ ਗਿਆ। ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਨੂੰ ਬੜਾ ਹੁੰਗਾਰਾ ਮਿਲਿਆ।

ਜੇ ਆਮ ਸੰਗਤ ਇਸ ਨਿਵੇਕਲੇ ਤਰੀਕੇ ਸਸਕਾਰ ਕਰਨ ਦੀ ਪਿਰਤ ਪਾ ਲਵੇ ਤਾਂ ਭਾਈਚਾਰੇ ਦਾ ਲੱਖਾਂ ਡਾਲਰ ਬਚ ਸਕਦੈ। ਆਪਣੇ ਪਿਆਰੇ ਬੱਚਿਆਂ ਕੋਲੋਂ ਅਸੀਸਾਂ ਲੈਣ ਦਾ ਇਹ ਇੱਕ ਉਤਮ ਤਰੀਕਾ ਹੈ। ਆਪਣੀ ਸੰਜਮੀ ਜੀਵਨ ਜਾਚ ਦਾ ਜਾਂਦੀ ਵਾਰੀ ਵੀ ਵਿਖਾਵਾ ਕਰ ਵਿਖਾਓ। ਆਉਣ ਵਾਲੀਆਂ ਨਸਲਾਂ ਤੁਹਾਨੂੰ ਯਾਦ ਕਰਨਗੀਆਂ।

ਇਸ ਮੰਡੀ ਸਿਸਟਮ ਵਿਚ ਆਪਣੇ ਸਸਕਾਰ ਨੂੰ ਘੱਟ ਤੋਂ ਘੱਟ ਭਾਅ 'ਤੇ ਕਿਉਂਟਣ ਲਈ ਬਜ਼ੁਰਗ ਆਖਰੀ ਸਮੇਂ 'ਤੇ ਕਿਸੇ ਕਿਸਮ ਦਾ ਬੋਝ ਨਹੀਂ ਬਣਨਾ ਚਾਹੁੰਦੇ। ਉਹ ਆਪਣੇ ਆਪ ਆਪਣਾ ਬੋਝ ਸਮੇਟ ਰੁਖਸਤ ਹੋਣ ਦੀ ਠਾਣੀ ਬੈਠੇ ਹਨ। ਉਨ੍ਹਾਂ ਨੇ ਕਈ ਵਾਰੀ ਪਰਿਵਾਰਕ ਤਾਣੇ-ਪੇਟੇ ਦੇ ਤਣਾਅਵਾਂ ਵਿਚ ਗੁਆਚੀਆਂ ਕਦਰਾਂ ਦੇ ਬਣਦੇ ਦੁਸਹਿਰੇ ਅੱਖੀਂ ਵੇਖੇ ਹਨ। ਕਈ ਅਤਿ ਦੇ ਅਣਹੋਣੇ ਭਾਣੇ ਜੱਗ ਜ਼ਾਹਰ ਹਨ। ਅਜਿਹੇ ਵਰਤਾਰੇ ਵਿਚ ਅੰਤਲੇ ਸਮੇਂ ਹੁੰਦੀ ਖੁਆਰੀ ਤੋਂ ਬਚਣ ਲਈ ਇਸ ਪੰਜਭੂਤੀ ਦੇਹ ਨੂੰ ਕਿਉਂਟਣ ਦੇ ਪ੍ਰਬੰਧਾਂ ਨੂੰ ਅਗਾਊਂ ਤਿਆਰ ਕਰ ਲਿਐ। ਅਜਿਹੇ ਅਹਿਸਾਸ ਉਨ੍ਹਾਂ ਮਾਲੀਆਂ ਨੂੰ ਹੀ ਹੁੰਦੈ, ਜਿਨ੍ਹਾਂ ਨੇ ਆਪਣੇ ਹੱਥਾਂ ਅਤੇ ਪਲਕਾਂ ਦੇ ਸਾਏ ਹੇਠ ਆਪਣੇ ਪਰਿਵਾਰਕ ਬਾਗ ਨੂੰ ਪਾਲਿਆ ਹੁੰਦੈ।

ਬਜ਼ੁਰਗ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਪਰਿਵਾਰ ਅੰਤਿਮ ਰਸਮਾਂ 'ਤੇ ਵੱਡੀਆਂ ਰਕਮਾਂ ਖਰਚਣ। ਇਸੇ ਕਰਕੇ ਮਜਬੂਰੀਵੱਸ ਕਈ ਘਰਾਂ ਵਾਲੇ ਬਜ਼ੁਰਗਾਂ ਨੂੰ ਮਰਨ ਲਈ ਪੰਜਾਬ ਭੇਜ ਦਿੰਦੇ ਹਨ। ਉਨ੍ਹਾਂ ਲਈ ਘਰ ਦੀਆਂ ਮੌਰਗੇਜਾਂ ਅਤੇ ਬੱਚਿਆਂ ਦੀ ਪੜ੍ਹਾਈ ਵਗੈਰਾ ਦੇ ਭਾਰੀ ਖਰਚੇ ਇੱਕ ਚੈਲਿੰਜ ਬਣ ਜਾਂਦੇ ਹਨ। ਲੋਕ ਸਸਕਾਰ ਵਰਗੇ ਮਹਿੰਗੇ ਫਜ਼ੂਲ ਦੇ ਖਰਚੇ ਦੇ ਬੋਝ ਤੋਂ ਪ੍ਰੇਸ਼ਾਨ ਹੋ ਜਾਂਦੇ ਹਨ। ਕਈ ਬਜ਼ੁਰਗਾਂ ਨੇ ਤਾਂ ਆਪਣੀਆਂ ਨਿਰਜਿੰਦ ਦੇਹਾਂ ਨੂੰ ਦਾਨ ਵੀ ਕਰ ਰੱਖਿਆ ਹੋਇਐ। ਹਸਪਤਾਲ ਵਾਲੇ ਸੰਭਾਲਣ, ਖੋਜਾਂ ਕਰਨ ਤੇ ਆਉਂਦੀਆਂ ਪੁਸ਼ਤਾਂ ਦੀ ਸਿਹਤ ਲਈ ਨਵੇਂ ਗਿਆਨ ਦੀ ਖੋਜ ਕਰਨ।

ਸਾਡੇ ਧਰਮ ਵਿਚ ਮਰਨ ਪਿੱਛੋਂ ਮਹਿੰਗੇ ਤਾਬੂਤਾਂ ਵਿਚ ਰੱਖਣਾ ਸਾਡੇ ਕਿਸੇ ਵੀ ਰੀਤੀ-ਰਿਵਾਜ ਵਿਚ ਸ਼ਾਮਲ ਨਹੀਂ। ਇਹ ਪਰੰਪਰਾ ਸਿਰਫ ਸਰਮਾਏਦਾਰੀ ਸਿਸਟਮ ਦੀ ਕਾਢ ਹੈ। ਕੈਨੇਡਾ ਵਿਚ ਜਿੱਥੇ ਆਪਣੇ ਧਾਰਮਕ ਸੰਸਕਾਰਾਂ ਨੂੰ ਕਾਇਮ ਰੱਖਣ ਦੀ ਪੂਰੀ ਖੁੱਲ੍ਹ ਹੈ, ਉਥੇ ਕਿਸੇ ਵੀ ਧਰਮ ਵਾਲੇ ਨੇ ਅਜੇ ਤੱਕ ਇਹ ਖੁੱਲ੍ਹ ਲੈਣ ਦੀ ਜੁਰਅਤ ਨਹੀਂ ਕੀਤੀ ਕਿ ਅਸੀਂ ਆਪਣੇ ਮੁਰਦੇ ਨੂੰ ਮਹਿੰਗੇ ਤਾਬੂਤ ਵਿਚ ਨਹੀਂ ਰੱਖਣਾ। ਤਾਬੂਤ ਵੇਚਣ ਵਾਲਿਆਂ ਨੇ ਇਹ ਵਹਿਮ ਖਿਲਾਰ ਰੱਖਿਐ ਕਿ ਤਾਬੂਤ ਕਾਨੂੰਨ ਜ਼ਰੂਰੀ ਹੈ। ਇਸ ਤੋਂ ਬਿਨਾ ਸਸਕਾਰ ਨਹੀਂ ਹੋ ਸਕਦਾ ਪਰ ਇਹ ਨਿਰਾ ਵਪਾਰਕ ਢਕੌਂਸਲਾ ਹੈ। ਇਹ ਮਜ਼ਬੂਰੀ ਨਹੀਂ, ਇੱਕ ਭੇਡ ਚਾਲ ਹੈ। ਜਿਵੇਂ ਵਪਾਰੀ ਲੋਕਾਂ ਨੇ ਮਦਰ'ਜ਼ ਡੇ, ਫਾਦਰ'ਜ਼ ਡੇ ਅਤੇ ਹੋਰ ਖਰਚੀਲੇ ਤਿਉਹਾਰ ਜਿਵੇਂ ਹਾਲੋਵੀਨ, ਕ੍ਰਿਸਮਸ ਅਤੇ ਬੌਕਸ ਡੇਅ ਪ੍ਰਚਲਿਤ ਕਰ ਰੱਖੇ ਹਨ। ਇਸੇ ਤਰ੍ਹਾਂ ਲਿਸ਼ਕਾਂ ਮਾਰਦੇ ਵੱਡੇ ਵੱਡੇ ਹਾਲਾਂ ਵਾਲੇ ਸਸਕਾਰ ਘਰਾਂ ਵਿਚ ਸਾਧਾਰਣ ਬੰਦੇ ਦਾ ਸਸਕਾਰ ਐਸੇ 'ਪੰਪ ਐਂਡ ਸ਼ੋਅ' ਨਾਲ ਕਰਦੇ ਹਨ, ਜਿਵੇਂ ਉਹ ਕਿਸੇ ਸ਼ਾਹੀ ਪਰਿਵਾਰ ਦਾ ਬੰਦਾ ਹੋਵੇ। ਭਾਵੇਂ ਬੰਦੇ ਨੇ ਅੰਤ ਕਾਲ ਬਿਰਧ ਆਸ਼ਰਮ 'ਚ ਗੁਜ਼ਾਰਿਆ ਹੋਵੇ। ਵੇਖਾ-ਵੇਖੀ ਲੋਕ ਉਸੇ ਤਰ੍ਹਾਂ ਇਸ ਭੇਡ ਚਾਲ ਦਾ ਸ਼ਿਕਾਰ ਹੋਈ ਜਾ ਰਹੇ ਹਨ, ਜਿਵੇਂ ਪੰਜਾਬ ਵਿਚ ਮੈਰਿਜ ਪੈਲੇਸਾਂ 'ਚ ਪੰਜਾਬੀ ਗਾਇਕਾਂ ਨੂੰ ਸੱਦਣ ਲਈ ਲੱਖਾਂ ਖਰਚਦੇ ਹਨ।

ਐਸੇ ਕ੍ਰੀਮੇਸ਼ਨ ਸੈਂਟਰ ਵੀ ਹਨ ਜੋ ਇੱਕ ਗੱਤੇ ਦੇ ਡੱਬੇ ਵਿਚ ਦੇਹ ਹਸਪਤਾਲ ਤੋਂ ਪ੍ਰਾਪਤ ਕਰ ਲੈਂਦੇ ਹਨ। ਆਪਣੀ ਸਮਿਟਰੀ ਵਿਚ ਦੇਹ ਨੂੰ ਲਾਈਨ ਵਿਚ ਲਾ ਦਿੱਤਾ ਜਾਂਦੈ। ਹਫਤੇ ਦੇ ਵਿਚ ਵਿਚ ਜਿਸ ਦਿਨ ਨੰਬਰ ਲਗਣਾ ਹੋਵੇ, ਉਸ ਦਿਨ ਪਰਿਵਾਰ ਨੂੰ ਦਰਸ਼ਨ ਕਰਨ ਲਈ ਇੱਕ-ਅੱਧੇ ਘੰਟੇ ਦਾ ਸਮਾਂ ਦਿੰਦੇ ਹਨ। ਤੁਸੀਂ ਆਪਣੇ ਪਰਿਵਾਰਾਂ ਨਾਲ ਕੀਰਤਨ ਸੋਹਲਾ ਪੜ੍ਹੋ ਅਤੇ ਅੰਤਿਮ ਅਰਦਾਸ ਕਰੋ। ਗੁਰਦੁਆਰੇ ਜਾਂ ਮੰਦਿਰ ਜਾ ਕੇ ਇਕੱਠੇ ਹੋ ਅਰਦਾਸ ਕਰੋ ਤੇ ਪਬਲਿਕ ਸ਼ਰਧਾਂਜਲੀਆਂ ਦੇਵੋ। ਤੁਹਾਡਾ ਕੰਮ ਸੰਪੰਨ ਹੋ ਜਾਂਦੈ। ਸਾਰੀ ਦਿਹਾੜੀ ਕਦੇ ਸ਼ੋਇੰਗ, ਕਦੇ ਸਸਕਾਰ ਅਤੇ ਕਦੇ ਗੁਰਦੁਆਰੇ/ਮੰਦਿਰ ਵਿਚ ਅੰਤਿਮ ਅਰਦਾਸਾਂ 'ਤੇ ਕਈ ਕਈ ਕੀਮਤੀ ਘੰਟੇ ਖਰਾਬ ਕਰਨ ਦੀ ਕੋਈ ਲੋੜ ਨਹੀਂ। ਮੌਤ ਦੇ ਸਰਟੀਫਿਕੇਟਾਂ ਦੇ ਨਾਲ ਤੁਹਾਨੂੰ ਘਰ ਬੈਠਿਆਂ ਨੂੰ ਅਸਥੀਆਂ ਭੇਜ ਦਿੱਤੀਆਂ ਜਾਂਦੀਆਂ ਹਨ ਜਾਂ ਤੁਸੀਂ ਖੁਦ ਪ੍ਰਾਪਤ ਕਰ ਸਕਦੇ ਹੋ। ਜਿਥੇ ਮਰਜ਼ੀ ਜਲ ਪ੍ਰਵਾਹ ਕਰੋ।

ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੀਆਂ ਕੋਸ਼ਿਸ਼ਾਂ ਨਾਲ ਪ੍ਰਾਪਤ ਹੋਏ ਪੈਕੇਜ ਤਹਿਤ ਸਸਕਾਰ ਹੋਣੇ ਅਰੰਭ ਹੋ ਗਏ ਹਨ। ਸਬੰਧਤ ਪਰਿਵਾਰਾਂ ਨੇ ਅਤਿ ਦੀ ਤਸੱਲੀ ਪ੍ਰਗਟ ਕੀਤੀ ਹੈ। ਇਹ ਤਾਂ ਹਰ ਘਰ ਦੀ ਜ਼ਰੂਰਤ ਹੈ। ਮੌਤ ਦਾ ਕੋਈ ਸਮਾਂ ਨਹੀਂ ਹੁੰਦਾ। ਇਹ ਕਿਸੇ ਵੇਲੇ, ਕਿਸੇ 'ਤੇ ਵੀ ਵਾਪਰ ਸਕਦੈ। ਜੇ ਕਿਤੇ ਇਹ ਕਿਸੇ ਨਵੇਂ ਆਏ 'ਤੇ ਵਾਪਰ ਜਾਏ ਤਾਂ ਵਖਤ ਪੈ ਜਾਂਦੇ ਹਨ। ਵੈਸੇ ਬਜ਼ੁਰਗਾਂ ਨੂੰ ਵੀ ਆਪਣੀ ਵਸੀਅਤ ਦੇ ਨਾਲ ਅੰਤਕਾਲ ਕਿਉਂਟਣ ਸਬੰਧੀ ਆਪਣੀ ਇੱਛਾ ਜ਼ਰੂਰ ਲਿਖ ਰੱਖਣੀ ਚਾਹੀਦੀ ਹੈ। ਉਨ੍ਹਾਂ ਨੂੰ ਫਜ਼ੂਲ 'ਕੱਠ ਕਰਨ ਦੀਆਂ ਰਸਮਾਂ 'ਤੇ ਵੱਡੇ ਖਰਚ ਕਰਨ ਦੀ ਥਾਂ ਇਹ ਪੈਸਾ ਪਿੱਛੇ ਉਹਦੇ ਪਿੰਡ ਦੇ ਗਰੀਬ ਬੱਚਿਆਂ ਦੀਆਂ ਕਿਤਾਬਾਂ, ਕਾਪੀਆਂ, ਫੀਸਾਂ ਵਾਸਤੇ, ਪਿੰਗਲਵਾੜੇ, ਅਪਾਹਜ ਤੇ ਬਿਰਧ ਆਸ਼ਰਮਾਂ ਆਦਿ ਦੀ ਮਦਦ ਵਿਚ ਲਾਉਣ ਲਈ ਕਹਿ ਰੱਖਣਾ ਚਾਹੀਦਾ ਹੈ। ਮਰਨ ਪਿੱਛੋਂ ਬਿਸਤਰੇ, ਬਸਤਰ, ਮੰਜੇ ਦੇਣੇ ਕਰਮ-ਕਾਂਡਾਂ ਤੋਂ ਵੱਧ ਕੁਝ ਨਹੀਂ। ਗੁਰਦੁਆਰਿਆਂ ਕੋਲੋਂ ਤਾਂ ਪਹਿਲਾਂ ਹੀ ਰੁਮਾਲੇ ਨਹੀਂ ਸੰਭਾਲੇ ਜਾਂਦੇ! ਅਜਿਹੇ ਤਰੀਕਿਆਂ ਨਾਲ ਅਸਤਕਾਲ ਦੀ ਦੁਰਦਸ਼ਾ ਤੋਂ ਇਹ ਪੰਜਭੂਤੀ ਸਰੀਰ ਬਚ ਜਾਏਗਾ ਤੇ ਉਸ ਦੀ ਭਾਵਨਾ ਦਾ ਵਧੀਆ ਸਨਮਾਨ ਹੋ ਸਕੇਗਾ।

###

# ਧੁੱਪ ਦੀਆਂ ਕਣੀਆਂ

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਵਰਤਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਇਸ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜ਼ਾਹਰ ਕੀਤਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਚੰਦ ਅਤੇ ਇਸ ਦੀ ਚਾਨਣੀ ਦੀਆਂ ਨਿਆਮਤਾਂ ਦਾ ਵਿਖਿਆਨ ਕੀਤਾ ਸੀ। ਹਥਲੇ ਲੇਖ ਵਿਚ ਉਨ੍ਹਾਂ ਧੁੱਪ (ਚਾਨਣ) ਦੀਆਂ ਬਰਕਤਾਂ ਦਾ ਵਿਖਿਆਨ ਕੀਤਾ ਹੈ, "ਧੁੱਪ ਹੀ ਹੁੰਦੀ ਜੋ ਹਨੇਰੇ ਪਲਾਂ ਦੀ ਕੁੱਖ ਵਿਚ ਚਾਨਣ ਬੀਜਦੀ ਅਤੇ ਹਨੇਰੀਆਂ ਰਾਤਾਂ ਨੂੰ ਦਿਨਾਂ ਦਾ ਵਰਦਾਨ ਦਿੰਦੀ।...ਇਕ ਧੁੱਪ ਸਾਡੀ ਮਾਂ ਦੀ ਕੁੱਖ ਵਿਚ ਉਤਰੀ ਜੋ ਸਾਡੀ ਹੋਂਦ ਦੀ ਜਾਮਨ ਬਣੀ, ਇਕ ਧੁੱਪ ਬਾਪ ਦੀ ਫੜ੍ਹੀ ਹੋਈ ਉਂਗਲ ਰਾਹੀਂ ਸਾਡੇ ਮਸਤਕ ਵਿਚ ਉਤਰੀ ਜਿਸ ਨੇ ਸਾਨੂੰ ਸੁਪਨੇ ਦੇਖਣ ਅਤੇ ਸੁਪਨ-ਮਾਰਗ 'ਤੇ ਤੁਰਨ ਦੀ ਤੌਫੀਕ ਬਖਸ਼ੀ।...ਇਕ ਧੁੱਪ ਬਾਹਰੀ ਹੁੰਦੀ ਜੋ ਬਾਹਰਲੀ ਦੁਨੀਆਂ ਨੂੰ ਰੌਸ਼ਨ ਕਰਦੀ ਅਤੇ ਚੌਗਿਰਦੇ ਨੂੰ ਨਿਹਾਰਨ ਦੇ ਸਮਰੱਥ ਕਰਦੀ। ਪਰ ਸਭ ਤੋਂ ਅਜ਼ੀਮ ਉਹ ਧੁੱਪ ਹੁੰਦੀ ਜੋ ਸਾਡੇ ਅੰਦਰ ਉਗਦੀ, ਅੰਤਰੀਵ ਨੂੰ ਰੁਸ਼ਨਾਉਂਦੀ, ਸੋਚ ਤੇ ਕਰਮਸਾਧਨਾ ਵਿਚ ਸੁੱਚਮ, ਸਾਦਗੀ, ਸਮਰਪਣ ਦਾ ਜਾਗ ਲਾ, ਸਾਡੀ ਝੋਲੀ 'ਚ ਸੁਖਨ, ਸੰਤੋਖ, ਸਬਰ ਅਤੇ ਸੰਤੁਸ਼ਟੀ ਦਾ ਸ਼ਗਨ ਪਾਉਂਦੀ।" -ਸੰਪਾਦਕ***

ਧੁੱਪ, ਧੁੱਪੀਲੇ ਪਹਿਰਾਂ ਦੀ ਜਨਮਦਾਤੀ, ਸੱਤਰੰਗੀ ਦੀ ਜਣਨਹਾਰੀ, ਜੀਵਨ-ਧੜਕਣ ਦਾ ਨਾਮ ਅਤੇ ਪੀਲੱਤਣ ਦੇ ਮੱਥੇ 'ਤੇ ਹਰਿਆਵਲ ਕਰਨ ਦਾ ਉਦਮ।

ਧੁੱਪ, ਧਰਮ ਤੇ ਦਯਾ ਦੀ ਸੂਰਤ ਅਤੇ ਸੀਰਤ। ਹਰੇਕ ਵਿਹੜੇ ਨੂੰ ਨਿੱਘੀ ਅਪਣੱਤ ਨਾਲ ਭਰਦੀ ਅਤੇ ਹਰੇਕ ਬਨੇਰੇ ਨੂੰ ਸੂਰਜ ਵਰਦੀ।

ਧੁੱਪ, ਨਿੱਘ ਅਤੇ ਚਾਨਣ ਦਾ ਸੁਮੇਲ, ਕੋਸੇਪਣ ਦਾ ਹਰਫਨਾਮਾ, ਜਗਦੇ ਚਿਰਾਗਾਂ ਦੀ ਡਾਰ ਅਤੇ ਪੌੜੀਆਂ ਰਾਹੀਂ ਮਟਕ ਮਟਕ ਉਤਰਦੀ ਚਾਨਣ-ਰੁੱਤ। ਇਹ ਰੁੱਤ ਜੋ ਸਾਡੇ ਜੀਵਨ ਵਿਚ ਰੰਗ ਭਰਦੀ।

ਧੁੱਪ, ਚੌਗਿਰਦੇ ਵਿਚ ਰੰਗਾਂ, ਖੁਸ਼ੀਆਂ ਅਤੇ ਖੇੜਿਆਂ ਦਾ ਪਹਿਰ। ਧੁੱਪ-ਸੋਚ ਵਿਚੋਂ ਝਰਦੀ ਸੁਪਨ-ਇਨਾਇਤ, ਕਰਮਯੋਗਤਾ ਦੀ ਕਰਮਸ਼ਾਲਾ ਅਤੇ ਵਕਤ-ਵਿਹੜੇ ਹੁੰਦੀ ਤਾਰਿਆਂ ਦੀ ਬਾਰਸ਼।

ਗਾਚਣੀ ਨਾਲ ਫੱਟੀਆਂ ਪੋਚ ਕੇ ਧੁੱਪ ਵਿਚ ਸੁਕਾਉਣਾ, ਪੂਰਨੇ ਪਵਾਉਣਾ, ਪੂਰਨਿਆਂ ਰਾਹੀਂ ਲਿਖਤ ਨਿਖਾਰਨਾ ਅਤੇ ਮਾਸਟਰਾਂ ਦੀਆਂ ਨਸੀਹਤਾਂ ਤੇ ਝਿੜਕਾਂ ਵਿਚੋਂ ਜੋ ਕੁਝ ਸੋਚ-ਜੂਹੇ ਲਾਇਆ ਸੀ, ਇਹ ਸਾਡੀ ਮੌਜੂਦਾ ਸ਼ਖਸ਼ੀਅਤ 'ਚੋਂ ਬਾਖੂਬੀ ਝਲਕਦਾ ਏ। ਦੱਸਣ ਦੀ ਤਾਂ ਲੋੜ ਹੀ ਨਹੀਂ।

ਧੁੱਪ ਸਭ ਤੋਂ ਉਤਮ ਦਵਾਈ। ਵਿਟਾਮਿਨ ਡੀ ਦਾ ਸਰੋਤ। ਜ਼ਰਮਾਂ ਨੂੰ ਮਾਰਨ ਦੀ ਤਰਕੀਬ। ਧੁੱਪ ਵਿਚ ਤਾਂਬੇ ਵਾਂਗ ਲਿਸ਼ਕਦੇ ਜਿਸਮਾਂ ਵਿਚੋਂ ਤੰਦਰੁਸਤੀ ਨੂੰ ਅੰਤਰੀਵ ਵਿਚ ਉਤਾਰਨਾ, ਤੁਹਾਨੂੰ ਇਸ ਦੀ ਉਤਮਤਾ ਦਾ ਅਹਿਸਾਸ ਹੋ ਜਾਵੇਗਾ। ਕਈ ਦੇਸ਼ਾਂ ਵਿਚ ਸਰਦ ਮੌਸਮਾਂ ਦੀ ਮਾਰ ਹੇਠ ਆਏ ਲੋਕ ਅਕਸਰ ਹੀ ਗਰਮੀਆਂ ਵਿਚ ਨੰਗੇ ਪਿੰਡੇ ਬੈਠ, ਧੁੱਪ ਨੂੰ ਜਿਸਮ ਵਿਚ ਰਚਾਉਣ ਦੇ ਆਹਰ ਵਿਚ ਰੁੱਝੇ ਦੇਖੇ ਜਾ ਸਕਦੇ ਨੇ।

ਧੁੱਪ ਦੀਆਂ ਸਰਬ ਹਿੱਤਕਾਰੀ ਕਿਰਨਾਂ, ਮਨੁੱਖ ਲਈ ਸੰਜੀਵਨੀ। ਪਰ ਮਨੁੱਖ ਕੇਹਾ ਅਕ੍ਰਿਤਘਣ ਏ ਕਿ ਉਸ ਨੇ ਗਰੀਨ ਗੈਸਾਂ ਰਾਹੀਂ ਧਰਤੀ ਦੇ ਵਾਤਾਵਰਣੀ ਚੌਗਿਰਦੇ ਵਿਚ ਬਹੁਤ ਸਾਰੇ ਮਘੋਰੇ ਕਰ ਦਿਤੇ ਨੇ ਜਿਸ ਨਾਲ ਅਲਟਰਾ-ਵਾਇਲਟ ਕਿਰਨਾਂ ਮਨੁੱਖੀ ਜਿਸਮ 'ਤੇ ਪੈਂਦੀਆਂ, ਮਨੁੱਖ ਨੂੰ ਚਮੜੀ ਦੇ ਕੈਂਸਰ ਨਾਲ ਪੀੜਤ ਕਰ ਰਹੀਆਂ ਨੇ। ਇਸੇ ਲਈ ਵਿਕਸਿਤ ਦੇਸ਼ਾਂ ਵਿਚ ਚਮੜੀ ਦੇ ਕੈਂਸਰ ਦੀ ਬਹੁਤਾਤ ਏ।

ਜਦ ਪੱਤੇ ਪੀਲੇ ਹੋ ਕੇ ਆਖਰੀ ਸਫਰ ਦੀ ਤਿਆਰੀ ਕਰਦੇ ਤਾਂ ਉਨ੍ਹਾਂ ਦੇ ਮਨ ਵਿਚ ਧੁੱਪ ਪ੍ਰਤੀ ਸ਼ੁਕਰਗੁਜ਼ਾਰੀ ਹੁੰਦੀ। ਪਰ ਤੇਜ ਹਵਾਵਾਂ ਦਾ ਖੌਫ ਵੀ ਹੁੰਦਾ ਕਿ ਪਤਾ ਨਹੀਂ ਇਹ ਕਿਥੇ ਉਡਾ ਕੇ ਲੈ ਜਾਵੇ? ਕੀ ਮਨੁੱਖੀ ਮਨ ਵਿਚ ਵੀ ਕਦੇ ਧੁੱਪ ਦੀ ਸ਼ੁਕਰਗੁਜ਼ਾਰੀ ਪੈਦਾ ਹੋਈ ਏ?

'ਨਾ ਧੁੱਪ ਰਹਿਣੀ ਨਾ ਛਾਂ ਬੰਦਿਆ, ਨਾ ਪਿਓ ਰਹਿਣਾ ਨਾ ਮਾਂ ਬੰਦਿਆ' ਗੀਤ ਵਿਚ ਪਰਮ ਸੱਚਾਈ ਸਰਬਮਾਨ ਹੈ ਜਿਸ ਤੋਂ ਅਸੀਂ ਹਰ ਵੇਲੇ ਬੇਮੁੱਖ ਹੋਏ ਰਹਿੰਦੇ ਹਾਂ।

ਧੁੱਪ ਹੀ ਹੁੰਦੀ ਜੋ ਹਨੇਰੇ ਪਲਾਂ ਦੀ ਕੁੱਖ ਵਿਚ ਚਾਨਣ ਬੀਜਦੀ ਅਤੇ ਹਨੇਰੀਆਂ ਰਾਤਾਂ ਨੂੰ ਦਿਨਾਂ ਦਾ ਵਰਦਾਨ ਦਿੰਦੀ।

ਧੁੱਪ, ਬਿਰਖਾਂ ਦੇ ਪਿੰਡਿਆਂ 'ਤੇ ਪੈਂਦੀ ਤਾਂ ਇਹ ਪੱਤਿਆਂ ਨੂੰ ਜੀਵਨ-ਦਾਨ ਬਖਸ਼ਦੀ, ਕਦੇ ਕਦਾਈਂ ਟਹਿਣੀਆਂ ਤੋਂ ਛਣ ਕੇ ਆਉਂਦੀ ਚਿੱਤਕਬਰੀ ਛਾਂ ਅਤੇ ਹਵਾ ਵਿਚ ਤੈਰਦੇ ਕਣਾਂ ਨੂੰ ਨਿਹਾਰਨਾ, ਤੁਹਾਨੂੰ ਵਿਅਕਤਿਤਵ ਕੁਤਾਹੀਆਂ ਅਤੇ ਕਮੀਆਂ ਨਜ਼ਰ ਆਉਣਗੀਆਂ ਜੋ ਅਕਸਰ ਸਾਨੂੰ ਨਜ਼ਰ ਨਹੀਂ ਆਉਂਦੀਆਂ। ਧੁੱਪ ਹੀ ਸਾਨੂੰ ਇਨ੍ਹਾਂ ਦੇ ਰੂਬਰੂ ਕਰਦੀ।

ਧੁੱਪ, ਬਹੁਪਰਤੀ ਸਰੋਕਾਰਾਂ ਰਾਹੀਂ ਜ਼ਿੰਦਗੀ ਨੂੰ ਪ੍ਰਭਾਵਤ ਕਰਦੀ ਅਤੇ ਅਸੀਂ ਇਸ ਵਿਚੋਂ ਖੁਦ ਨੂੰ ਵਿਸਥਾਰਤ ਕਰ ਸਕਦੇ ਹਾਂ। ਯਾਦ ਰੱਖਣਾ! ਧੁੱਪ ਵਿਚ ਸਾਰੇ ਰੰਗ ਸਮੋਏ ਹੁੰਦੇ ਜੋ ਮਿਲ ਕੇ ਧੁੱਪ ਨੂੰ ਚਿੱਟਾਪਣ ਬਖਸ਼ਦੇ ਨੇ। ਇਹ ਵੱਖੋ-ਵੱਖਰੇ ਰੰਗ ਜਦ ਹਵਾ ਵਿਚ ਲਟਕਦੇ ਜਲ-ਕਣਾਂ ਵਿਚੋਂ ਆਰ-ਪਾਰ ਹੁੰਦੇ ਤਾਂ ਅੰਬਰ ਦੇ ਮੱਥੇ 'ਤੇ ਸਤਰੰਗੀ ਉਕਰ ਜਾਂਦੇ ਜੋ ਮਨੁੱਖੀ ਜੀਵਨ ਨੂੰ ਅਨੰਦ ਨਾਲ ਭਰ ਜਾਂਦੀ। ਕੀ ਅਸੀਂ ਕਦੇ ਆਪਣੀ ਅੰਦਰਲੀ ਸੱਤਰੰਗੀ ਦੇ ਸਨਮੁੱਖ ਹੋ, ਇਸ ਦੇ ਰੰਗਾਂ ਨੂੰ ਨਿਖਾਰ ਕੇ ਮਨੁੱਖਤਾ ਦਾ ਮੁਹਾਂਦਰਾ ਲਿਸ਼ਕਾਉਣ ਦਾ ਉਪਰਾਲਾ ਕੀਤਾ ਏ?

ਧੁੱਪ ਜਦ ਕਲਮ ਦੀ ਕੁੱਖ ਵਿਚੋਂ ਪੈਦਾ ਹੁੰਦੀ ਤਾਂ ਹਰਫਾਂ ਵਿਚ ਜੁਗਨੂੰ ਟਿਮਟਮਾਉਂਦੇ, ਅਰਥਾਂ ਵਿਚ ਸਰਘੀ ਦਾ ਸੂਰਜ ਲਿਸ਼ਕਾਂ ਮਾਰਦਾ ਅਤੇ ਵਰਕੇ 'ਤੇ ਸਵੇਰ ਦਾ ਟਿੱਕਾ ਲੱਗਦਾ। ਇਹ ਸ਼ਬਦੀ-ਸੰਵੇਦਨਾ ਵਿਚਲੀ ਧੁੱਪ ਹੀ ਹੁੰਦੀ ਜੋ ਚਾਨਣ ਅਤੇ ਨਿੱਘ ਬਣ ਕੇ ਮਨੁੱਖੀ ਸਰੋਕਾਰਾਂ ਨੂੰ ਨਵੀਨਤਮ ਪ੍ਰਵਾਜ਼ ਦਿੰਦੀ। ਧਾਰਮਿਕ ਗ੍ਰੰਥਾਂ, ਵੇਦਾਂ ਅਤੇ ਮਹਾਨ ਕਲਾ-ਕਿਰਤਾਂ ਵਿਚੋਂ ਉਜਵਲ ਹੁੰਦੀ ਧੁੱਪ, ਹਰ ਯੁੱਗ ਵਿਚ ਮਾਨਵਤਾ ਦਾ ਮਾਰਗ ਦਰਸ਼ਨ ਕਰਦੀ ਏ।

ਧੁੱਪ, ਧੁੱਪ ਵਰਗੇ ਮਨੁੱਖਾਂ ਦਾ ਸਾਥ ਲੋਚਦੀ, ਧੁੱਪ ਨੂੰ ਨਵੇਂ ਦਿਸਹੱਦਿਆਂ ਦਾ ਸਿਰਨਾਵਾਂ ਬਣਾਉਣਾ ਲੋਚਦੀ, ਧੁੱਪੀਲੀ ਕਰਮਯੋਗਤਾ ਦੀ ਢੂੰਡਾਓ ਅਤੇ ਧੁੱਪ 'ਚੋਂ ਧੁੱਪ ਨੂੰ ਨਵੇਂ ਅਰਥ ਦੇਣ ਦੀ ਚਾਹਨਾ।

ਧੁੱਪ, ਸਾਡੇ ਆਲੇ-ਦੁਆਲੇ ਫੈਲੀ, ਰੋਲ-ਮਾਡਲਾਂ ਦੇ ਰੂਪ ਵਿਚ ਹਾਜ਼ਰ। ਸੂਰਜ, ਤਾਰੇ ਧੁੱਪ ਦਾ ਹੋਕਰਾ ਲਾਉਂਦੇ। ਪਰ ਅਸੀਂ ਕੇਹੇ ਨਿਕਰਮੇ ਹਾਂ ਕਿ ਧੁੱਪ ਨੂੰ ਪਿੱਠ ਕਰੀ ਬੈਠੇ ਹਾਂ ਅਤੇ ਧੁੱਪ ਨੂੰ ਝੋਲੀ ਵਿਚ ਪਾਉਣ ਤੋਂ ਨਾਬਰ।

ਧੁੱਪ ਦੇ ਨੈਣਾਂ ਵਿਚ ਖਾਰੇ ਪਾਣੀਆਂ ਦੀ ਨੈਂਅ ਵਗਦੀ ਜਦ ਮਨੁੱਖ ਨਾ-ਸ਼ੁਕਰਾ ਹੋ, ਧੁੱਪ ਦੀ ਹਾਜਰੀ ਤੋਂ ਅਣਜਾਣ ਅਤੇ ਇਸ ਦੀ



ਸਾਰਥਕਤਾ ਨੂੰ ਅਪਨਾਉਣ ਤੇ ਨਿਭਾਉਣ ਤੋਂ ਆਕੀ ਹੋ ਜਾਂਦਾ। ਪਰ ਧੁੱਪ ਬਹੁਤ ਹਠੀਲੀ। ਉਹ ਬੰਦ ਮੁੱਠੀਆਂ, ਮੁੰਦ ਨੈਣਾਂ ਅਤੇ ਬੰਦ ਕਿਤਾਬਾਂ ਦੇ ਵਰਕਿਆਂ 'ਤੇ ਵੀ ਆਪਣੀ ਦਸਤਕ ਦਿੰਦੀ ਤਾਂ ਕਿ ਅਸੀਂ ਕਿਤਾਬਾਂ ਨੂੰ ਸਿਰਫ ਧੂਫ ਦੇਣ ਤੀਕ ਹੀ ਸੀਮਤ ਨਾ ਰੱਖੀਏ। ਇਨ੍ਹਾਂ ਵਿਚ ਉਸਲਵਾਟੇ ਲੈਂਦੀ ਧੁੱਪ ਨੂੰ ਜਗਾਈਏ। ਗਲ ਨਾਲ ਲਾਈਏ ਅਤੇ ਇਸ ਦੀ ਹਮਸਫਰਤਾ ਨਾਲ ਆਪਣੇ ਰਾਹਾਂ ਨੂੰ ਰੁਸ਼ਨਾਈਏ।

ਇਕ ਧੁੱਪ ਸਾਡੀ ਮਾਂ ਦੀ ਕੁੱਖ ਵਿਚ ਉਤਰੀ ਜੋ ਸਾਡੀ ਹੋਂਦ ਦੀ ਜਾਮਨ ਬਣੀ, ਇਕ ਧੁੱਪ ਬਾਪ ਦੀ ਫੜ੍ਹੀ ਹੋਈ ਉਂਗਲ ਰਾਹੀਂ ਸਾਡੇ ਮਸਤਕ ਵਿਚ ਉਤਰੀ ਜਿਸ ਨੇ ਸਾਨੂੰ ਸੁਪਨੇ ਦੇਖਣ ਅਤੇ ਸੁਪਨ-ਮਾਰਗ 'ਤੇ ਤੁਰਨ ਦੀ ਤੌਫੀਕ ਬਖਸ਼ੀ। ਇਕ ਧੁੱਪ ਸਾਡੇ ਅਧਿਆਪਕਾਂ ਨੇ ਜੀਵਨ-ਪੈਂਡੇ ਵਿਚ ਤਰੌਂਕੀ ਜਿਸ ਨਾਲ ਸਾਡੇ ਸੁਪਨਿਆਂ ਨੂੰ ਪ੍ਰਵਾਜ਼ ਮਿਲੀ ਅਤੇ ਅਸੀਂ ਉਨ੍ਹਾਂ ਸੁਪਨਿਆਂ ਰਾਹੀਂ 'ਨੇਰਿਆਂ ਦੇ ਮੱਥਿਆਂ 'ਚ ਧੁੱਪ ਉਗਾਉਣ ਦੇ ਸਮਰੱਥ ਹੋਏ।

ਘਰ ਦੇ ਵਿਹੜੇ ਵਿਚ ਜਦ ਧੁੱਪ ਉਤਰਦੀ ਸੀ ਤਾਂ ਬਜ਼ੁਰਗ ਮਾਂਵਾਂ ਸੂਰਜ ਨੂੰ ਨਮਸਕਾਰਦੀਆਂ, ਇਸ ਦੇ ਸਦਕੇ ਜਾਂਦੀਆਂ, ਧੁੱਪ ਵਿਚੋਂ ਹੀ ਆਪਣੀ ਜੀਵਨ-ਸਾਧਨਾ ਨੂੰ ਕਿਆਸਦੀਆਂ ਸਨ। ਵਿਹੜਾ ਚਾਨਣ ਨਾਲ ਭਰ ਜਾਂਦਾ ਸੀ ਅਤੇ ਇਸ ਚਾਨਣ ਵਿਚੋਂ ਨਵੀਆਂ ਉਮੰਗਾਂ ਜਨਮ ਲੈਂਦੀਆਂ ਸਨ।

ਕਦੇ ਕਦਾਈਂ ਜੋਬਨ ਰੁੱਤ ਦੀ ਤਿਖੇਰੀ ਧੁੱਪ ਅੱਖਾਂ ਚੁੰਧਿਆਉਂਦੀ ਤਾਂ ਕੁਰਾਹੀ ਪੈੜ, ਪੈਰਾਂ ਦੇ ਨਾਮ ਹੋ ਜਾਂਦੀ। ਪਰ ਜਦ ਅਜਿਹੀ ਧੁੱਪ ਦੇ ਸੱਚ, ਸੁਹਜ ਅਤੇ ਸੁੰਦਰਤਾ ਵਿਚੋਂ ਸੁਖਨ-ਸੋਚ ਅਤੇ ਸੁੱਚੀ ਸੰਵੇਦਨਾ ਨਾਮ ਹੁੰਦੀ ਤਾਂ ਸੁਗੰਧੀ ਭਰੇ ਸਾਹਾਂ ਦਾ ਸਫਰਨਾਮਾ ਜ਼ਿੰਦਗੀ ਦੇ ਨਾਮ ਹੋ ਜਾਂਦਾ।

ਧੁੱਪ ਨੂੰ ਕਦੇ ਵੀ ਅਪਾਹਜ ਜਾਂ ਕੋਹਝੀ ਨਹੀਂ ਕੀਤਾ ਜਾ ਸਕਦਾ। ਧੁੱਪ ਸਿਰਫ ਧੁੱਪ ਹੁੰਦੀ ਜਿਸ ਵਿਚੋਂ ਨਵੇਂ ਨਕਸ਼ਾਂ ਦੀ ਨਿਸ਼ਾਨਦੇਹੀ ਕਰਨਾ ਮਨੁੱਖ ਦਾ ਮਾਣ ਹੋਣਾ ਚਾਹੀਦਾ।

ਕਈ ਵਾਰ ਬਦਲੋਟੀਆਂ ਧੁੱਪ ਨੂੰ ਛੁਪਾਉਣ ਦੇ ਆਹਰ ਵਿਚ ਖੁਦ ਦੀ ਹੋਂਦ ਤੇ ਪ੍ਰਸ਼ਨ ਚਿੰਨ ਖੁਦਵਾ ਲੈਂਦੀਆਂ। ਧੁੱਪ ਨੂੰ ਕਿੰਨਾ ਵੀ ਲੁਕਾਉਣ ਦੀ ਕੋਸ਼ਿਸ਼ ਕਰੋ, ਆਖਰ ਨੂੰ ਤਾਂ ਇਸ ਨੇ ਦਸਤਕ ਦੇਣੀ ਹੀ ਹੁੰਦੀ।

ਜਿਹੜੇ ਲੋਕ ਧੁਪੀਲੇ ਰਾਹਾਂ ਦੇ ਪਾਂਧੀ ਬਣ ਜਾਂਦੇ, ਉਨ੍ਹਾਂ ਦੇ ਰਾਹਾਂ ਵਿਚ ਦੀਵਿਆਂ ਦੀ ਲਾਮਡੋਰੀ ਕਦੇ ਨਾ ਟੁੱਟਦੀ। ਉਹ ਧੁੱਪ ਦੇ ਹਾਣੀ ਬਣ ਇਕਸੁਰਤਾ ਅਤੇ ਇਕਸਾਰਤਾ ਦਾ ਅਜਿਹਾ ਕਰਮਯੋਗ ਸਿਰਜਦੇ ਕਿ ਉਨ੍ਹਾਂ ਦੀ ਅਸੀਮਤਾ ਉਨ੍ਹਾਂ ਨੂੰ ਮੁਖਾਤਬ ਹੋਣ ਤੋਂ ਵੀ ਝਿਜਕਣ ਲੱਗਦੀ।

ਧੁੱਪ ਬਹੁਰੂਪਾਂ ਸੰਗ ਵੱਖ-ਵੱਖ ਪੜਾਵਾਂ 'ਤੇ ਮਨੁੱਖ ਦੇ ਰੂਬਰੂ ਹੁੰਦੀ, ਕਦੇ ਬਚਪਨੇ ਦੀ ਮਾਸੂਮ ਜਿਹੀ ਕੋਸੀ ਕੋਸੀ ਧੁੱਪ, ਕਦੇ ਜਵਾਨੀ ਦੀ ਤਿੱਖੜ ਦੁਪਹਿਰ ਜਿਸ ਵਿਚ ਢਲਦੇ ਸੂਰਜਾਂ ਦਾ ਕਿਆਸ ਵੀ ਨਹੀਂ ਹੁੰਦਾ, ਕਦੇ ਢਲਦੇ ਪ੍ਰਛਾਵੇਂ ਮਨੁੱਖ ਨੂੰ ਮੁਖਾਤਬ ਹੁੰਦੇ ਅਤੇ ਉਸ ਦੇ ਅੰਦਰਲੇ ਸੇਕ ਵਿਚੋਂ ਰਿਸ਼ਮ ਅਤੇ ਨਿੱਘ ਦਾ ਸਿਰਨਾਵਾਂ ਪੁਛਦੇ।

ਧੁੱਪ ਹਰ ਵਿਹੜੇ ਅਤੇ ਦਰ 'ਤੇ ਦਸਤਕ ਦਿੰਦੀ। ਅਸੀਂ ਹੀ ਅਣਭੋਲਪੁਣੇ ਵਿਚ ਇਸ ਨੂੰ ਅਣਗੌਲਿਆ ਕਰ ਦਿੰਦੇ। ਕਦੇ ਵੀ ਧੁੱਪ ਨੂੰ ਅਣਗੌਲਿਆ ਨਾ ਕਰੋ ਕਿਉਂਕਿ ਧੁੱਪਾਂ ਦੀ ਰੁੱਤ ਸਦੀਵ ਨਹੀਂ ਰਹਿੰਦੀ ਅਤੇ ਨਾ ਹੀ ਲਹਿੰਦੀ ਧੁੱਪ ਨੇ ਚੜ੍ਹਦੀ ਧੁੱਪ ਦਾ ਰੂਪ ਵਟਾਉਣਾ ਏ।

ਧੁੱਪ ਦਾ ਟੋਟਾ ਹਨੇਰ-ਨਗਰੀ ਦੇ ਰਾਹ ਰੁਸ਼ਨਾਵੇ, ਜੋਤਹੀਣ ਹੱਥ ਧੁੱਪ-ਡੰਗੋਰੀ ਫੜ੍ਹਾਵੇ। ਧੁੱਪ ਜਦ ਧੁੱਪ ਨੂੰ ਪਿੰਡੇ ਲਾਵੇ ਤਾਂ ਧੁੱਪ ਦੀ ਨਗਰੀ ਧੁੱਪ ਖਿੰਡਾਵੇ। ਧੁੱਪ ਦੀ ਚਾਹਨਾ ਨਿੱਘ ਦਿਲਾਸਾ, ਧੁੱਪ ਦੀ ਆਮਦ, ਮਿਟੇ ਨਿਰਾਸ਼ਾ। ਧੁੱਪ ਸੰਗ ਆੜੀ ਮਸਤਕ-ਚਿਰਾਗ, ਧੁੱਪ 'ਚ ਬੈਠਿਆਂ ਜਾਗਣ ਭਾਗ। ਧੁੱਪ ਦੀ ਬੀਹੀ ਗੇੜਾ ਮਾਰੋ, ਦਰ-ਦਰਵਾਜੀਂ ਧੁੱਪ-ਆਰਤੀ ਉਤਾਰੋ। ਧੁੱਪ ਬਿਨਾ ਦੱਸੋ ਕਾਹਦਾ ਜੀਣਾ, ਧੁੱਪ ਨੂੰ ਪਹਿਨਣਾ ਤੇ ਧੁੱਪ ਥੀਂ ਥੀਣਾ। ਧੁੱਪ ਦੀ ਪੁਸਤਕ ਪੜ੍ਹਨ ਦੀ ਸੋਚੋ, ਅਰਥਾਂ ਵਿਚੋਂ ਲੰਘਣਾ ਲੋਚੋ। ਧੁੱਪ 'ਚ ਧੁੱਪ ਦਾ ਨਗਮਾ ਗਾਵੋ ਅਤੇ ਰੁੱਸੇ ਹੋਠੀਂ ਧੁੱਪ ਟਿਕਾਵੋ। ਧੁੱਪ, ਧੂੜਾਂ 'ਚ ਚਾਨਣ-ਲਾਟ, ਧੁੱਪ ਵਿਚ ਮੁੱਕੇ ਲੰਮੇਰੀ ਵਾਟ। ਧੁੱਪ ਦੇ ਬਸਤਰ ਜਿਹੜਾ ਪਾਵੇ, ਕਦੇ ਨਾ ਹੱਡੀਂ ਸਿਆਲ ਹੰਢਾਵੇ। ਧੁੱਪ ਦੀ ਬਾਣੀ, ਉਤਮ ਬਾਣੀ, ਜੀਵਨ-ਜਾਚ ਜਿਸ ਨੈਣੀਂ ਵਿਛਾਣੀ।

ਧੁੱਪ ਵਰਗਾ ਸਾਥ ਜੇ ਜੀਵਨ-ਸਾਥ ਬਣ ਜਾਵੇ ਤਾਂ ਜੀਵਨ-ਦੁਸ਼ਵਾਰੀਆਂ ਨਾਲ ਮੱਥਾ ਲਾਉਣਾ ਅਸਾਨ ਹੋ ਜਾਂਦਾ। ਤੁਸੀਂ ਸਹਿਜ ਨਾਲ ਇਨ੍ਹਾਂ ਦੇ ਮੱਥਿਆਂ 'ਤੇ ਚਾਨਣ-ਕ੍ਰਿਤ ਦੀ ਕਲਾ-ਨਿਕਾਸ਼ੀ ਕਰ ਸਕਦੇ ਹੋ ਜਿਸ ਵਿਚੋਂ ਚਾਨਣ-ਰੱਤੇ ਰਾਹ ਨਜ਼ਰ ਆਉਂਦੇ।

ਇਕ ਧੁੱਪ ਬਾਹਰੀ ਹੁੰਦੀ ਜੋ ਬਾਹਰਲੀ ਦੁਨੀਆਂ ਨੂੰ ਰੌਸ਼ਨ ਕਰਦੀ ਅਤੇ ਚੌਗਿਰਦੇ ਨੂੰ ਨਿਹਾਰਨ ਦੇ ਸਮਰੱਥ ਕਰਦੀ। ਪਰ ਸਭ ਤੋਂ ਅਜ਼ੀਮ ਉਹ ਧੁੱਪ ਹੁੰਦੀ ਜੋ ਸਾਡੇ ਅੰਦਰ ਉਗਦੀ, ਅੰਤਰੀਵ ਨੂੰ ਰੁਸ਼ਨਾਉਂਦੀ, ਸੋਚ ਤੇ ਕਰਮਸਾਧਨਾ ਵਿਚ ਸੁੱਚਮ, ਸਾਦਗੀ, ਸਮਰਪਣ ਦਾ ਜਾਗ ਲਾ, ਸਾਡੀ ਝੋਲੀ 'ਚ ਸੁਖਨ, ਸੰਤੋਖ, ਸਬਰ ਅਤੇ ਸੰਤੁਸ਼ਟੀ ਦਾ ਸ਼ਗਨ ਪਾਉਂਦੀ। ਅਗਰ ਮਨੁੱਖ ਦੀ ਸਭ ਤੋਂ ਪਹਿਲੀ ਤੇ ਆਖਰੀ ਇੱਛਾ ਅੰਤਰੀਵ ਨੂੰ ਰੁਸ਼ਨਾਉਣ ਤੀਕ ਫੈਲ ਜਾਵੇ ਤਾਂ ਜ਼ਿੰਦਗੀ ਦੇ ਅਰਥ ਬਦਲ ਜਾਂਦੇ ਨੇ।

ਅੰਦਰਲੀ ਧੁੱਪ ਨੂੰ ਮਾਣਨ ਖਾਤਰ ਹੀ ਬੁੱਧ ਨੇ ਬਾਦਸ਼ਾਹੀ ਤਿਆਗੀ। ਧੁੱਪ ਦਾ ਹੋਕਰਾ ਦਿੰਦਿਆ ਹੀ ਨਾਨਕ ਦਰਵੇਸ਼, ਸ਼ਾਇਰੀ ਦਾ ਮਹਾਂ-ਸਾਗਰ ਸਿਰਜ ਗਿਆ ਅਤੇ ਇਸ ਦੇ ਮੰਥਨ ਵਿਚੋਂ ਯੁੱਗਾਂ ਵਰਗੀ ਆਰਜਾ ਦਾ ਸੰਦੇਸ਼ ਅਤੇ ਸਰਬੱਤ ਦੇ ਭਲੇ ਦਾ ਪੈਗਾਮ ਮਾਨਵਤਾ ਦਾ ਸ਼ਿੰਗਾਰ ਬਣਿਆ।

ਮੱਥੇ ਵਿਚਲੀ ਧੁੱਪ ਨੂੰ ਜਗਾਉਣ ਲਈ ਇਕ ਚੰਗਿਆੜੀ ਦੀ ਲੋੜ ਹੁੰਦੀ। ਫਿਰ ਧੁੱਪ ਖੁਦ ਫੈਲਦੀ, ਰਾਹ ਰੁਸ਼ਨਾਉਂਦੀ, ਖਲਕਤ ਦੀ ਮਾਰਗ-ਦਰਸ਼ਕ ਬਣ ਜਾਂਦੀ ਏ।

ਧੁੱਪ ਨੂੰ ਕਤਲ ਨਾ ਕਰੋ। ਮਨੁੱਖ, ਰੁੱਖ ਜਾਂ ਕੁੱਖ ਦੇ ਕਤਲ 'ਚੋਂ ਤੁਸੀਂ ਬਰੀ ਹੋ ਸਕਦੇ ਹੋ। ਪਰ ਤੁਸੀਂ ਆਤਮਾ ਦੀ ਕਚਹਿਰੀ ਵਿਚੋਂ ਖੁਦ ਦੇ ਕਤਲ ਦਾ ਇਲਜ਼ਾਮ ਕਿੰਜ ਧੋਵੋਗੇ? ਸਾਰੀ ਉਮਰ ਸੂਲੀ 'ਤੇ ਲਟਕਦਿਆਂ ਹੀ ਬਿਤਾਉਣੀ ਪਵੇਗੀ।

ਜੇ ਹਾਲਾਤ ਵਿਚ ਬੱਝਿਆਂ ਬਾਹਰੀ ਧੁੱਪ ਨਸੀਬ ਨਾ ਹੋਵੇ ਤਾਂ ਆਪਣੇ ਅੰਦਰ ਵਿਚ ਸੂਰਜ ਬਾਲੋ। ਇਸ ਦੇ ਸੇਕ ਨਾਲ ਰਿਸ਼ਤਿਆਂ ਅਤੇ ਸਬੰਧਾਂ ਵਿਚ ਨਿੱਘ ਤਰੌਂਕੋ ਅਤੇ ਚਾਨਣ ਨਾਲ ਮਨੁੱਖੀ-ਸੋਚ ਨੂੰ ਰੁਸ਼ਨਾਉਣ ਦੇ ਸ਼ੁਭ-ਕਰਮਨ ਵਿਚ ਰੁੱਝੇ ਰਹੋ।

ਕਦੇ ਵੀ ਧੁੱਪ ਨੂੰ ਆਪਣੇ ਤੀਕ ਸੀਮਤ ਨਾ ਕਰੋ ਸਗੋਂ ਸੂਰਜ ਵਾਂਗ ਝੋਲੀਆਂ ਭਰ ਭਰ ਕੇ ਵੰਡੋ। ਤੁਹਾਨੂੰ ਧੁੱਪ ਦੇ ਅਸੀਮ ਭੰਡਾਰੇ ਪ੍ਰਾਪਤ ਹੋਣਗੇ। ਕੀ ਸੂਰਜ ਨੇ ਕਦੇ ਧੁੱਪ ਦੀ ਘਾਟ ਮਹਿਸੂਸ ਕੀਤੀ ਏ? ਗੁਰੂਆਂ, ਪੀਰਾਂ, ਸ਼ਹੀਦਾਂ, ਮਹਾਂ-ਪੁਰਖਾਂ ਦੀ ਇਹ ਨਸੀਹਤ ਹੀ ਕਿਸੇ ਕੌਮ ਦਾ ਸਭ ਤੋਂ ਵੱਡਾ ਸਰਮਾਇਆ ਏ ਜਿਸ ਨੂੰ ਮੰਨ ਕੇ ਕੌਮ ਦਾ ਵਿਗਸਣਾ ਨਿਰੰਤਰ ਜਾਰੀ ਰਹਿੰਦਾ ਏ।

***ਧੁੱਪ ਦਾ ਟੋਟਾ ਹਨੇਰ-ਨਗਰੀ ਦੇ ਰਾਹ ਰੁਸ਼ਨਾਵੇ, ਜੋਤਹੀਣ ਹੱਥ ਧੁੱਪ-ਡੰਗੋਰੀ ਫੜ੍ਹਾਵੇ। ਧੁੱਪ ਜਦ ਧੁੱਪ ਨੂੰ ਪਿੰਡੇ ਲਾਵੇ ਤਾਂ ਧੁੱਪ ਦੀ ਨਗਰੀ ਧੁੱਪ ਖਿੰਡਾਵੇ। ਧੁੱਪ ਦੀ ਚਾਹਨਾ ਨਿੱਘ ਦਿਲਾਸਾ, ਧੁੱਪ ਦੀ ਆਮਦ, ਮਿਟੇ ਨਿਰਾਸ਼ਾ। ਧੁੱਪ ਸੰਗ ਆੜੀ ਮਸਤਕ-ਚਿਰਾਗ, ਧੁੱਪ 'ਚ ਬੈਠਿਆਂ ਜਾਗਣ ਭਾਗ। ਧੁੱਪ ਦੀ ਬੀਹੀ ਗੇੜਾ ਮਾਰੋ, ਦਰ-ਦਰਵਾਜੀਂ ਧੁੱਪ-ਆਰਤੀ ਉਤਾਰੋ। ਧੁੱਪ ਬਿਨਾ ਦੱਸੋ ਕਾਹਦਾ ਜੀਣਾ, ਧੁੱਪ ਨੂੰ ਪਹਿਨਣਾ ਤੇ ਧੁੱਪ ਥੀਂ ਥੀਣਾ। ਧੁੱਪ ਦੀ ਪੁਸਤਕ ਪੜ੍ਹਨ ਦੀ ਸੋਚੋ, ਅਰਥਾਂ ਵਿਚੋਂ ਲੰਘਣਾ ਲੋਚੋ। ਧੁੱਪ 'ਚ ਧੁੱਪ ਦਾ ਨਗਮਾ ਗਾਵੋ ਅਤੇ ਰੁੱਸੇ ਹੋਠੀਂ ਧੁੱਪ ਟਿਕਾਵੋ। ਧੁੱਪ, ਧੂੜਾਂ 'ਚ ਚਾਨਣ-ਲਾਟ, ਧੁੱਪ ਵਿਚ ਮੁੱਕੇ ਲੰਮੇਰੀ ਵਾਟ। ਧੁੱਪ ਦੇ ਬਸਤਰ ਜਿਹੜਾ ਪਾਵੇ, ਕਦੇ ਨਾ ਹੱਡੀਂ ਸਿਆਲ ਹੰਢਾਵੇ। ਧੁੱਪ ਦੀ ਬਾਣੀ, ਉਤਮ ਬਾਣੀ, ਜੀਵਨ-ਜਾਚ ਜਿਸ ਨੈਣੀਂ ਵਿਛਾਣੀ।***

ਧੁੱਪ ਵਿਚ ਕੁਕਰਮਾਂ ਦਾ ਭੇਤ ਜੱਗ ਜਾਹਰ ਹੁੰਦਾ ਜਦ ਕਿ ਚੰਗਿਆਈ ਦੀ ਬੁਲੰਦੀ ਹੋਰ ਬੁਲੰਦ ਹੁੰਦੀ। ਧੁੱਪ ਵਿਚ ਤੁਸੀਂ ਖੁਦ ਨੂੰ ਖੁਦ ਤੋਂ ਹੀ ਨਹੀਂ ਛੁਪਾ ਸਕਦੇ। ਖੁਦਾ ਤੋਂ ਤਾਂ ਦੂਰ ਦੀ ਗੱਲ ਏ।

ਯਾਦ ਰੱਖਣਾ! ਧੁੱਪ ਤੋਂ ਬਗੈਰ ਬਨਸਪਤੀ ਵਿਗਸ ਨਹੀਂ ਸਕਦੀ। ਕੁਦਰਤੀ ਪਸਾਰਾ ਪ੍ਰਫੁਲਿਤ ਨਹੀਂ ਹੋ ਸਕਦਾ। ਮਨੁੱਖੀ ਹੋਂਦ ਨੂੰ ਕਿਆਸਣਾ ਤਾਂ ਦੂਰ ਦੀ ਗੱਲ ਹੈ।

ਧੁੱਪ ਦਾ ਕੋਈ ਬਦਲ ਨਹੀਂ ਭਾਵੇਂ ਅਸੀਂ ਗਰੀਨ ਹਾਊਸਾਂ ਰਾਹੀਂ ਸਬਜ਼ੀਆਂ ਅਤੇ ਫਲ ਉਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਪਰ ਕੁਦਰਤੀ ਰੂਪ ਵਿਚ ਉਗੀਆਂ ਅਤੇ ਪ੍ਰਵਾਨ ਹੋਈਆਂ ਨਿਆਮਤਾਂ ਦਾ ਰੀਸ ਕੌਣ ਕਰੇਗਾ?

ਫੁੱਲ ਹਮੇਸ਼ਾ ਧੁੱਪ ਵਿਚ ਹੀ ਖਿੜਦੇ ਨੇ। ਆਪਣੇ ਅੰਦਰ ਝਾਕ ਕੇ ਦੇਖਣਾ ਕਿ ਤੁਸੀਂ ਹੁਣ ਤੱਕ ਕਿੰਨੇ ਕੁ ਫੁੱਲਾਂ ਨੂੰ ਖਿੜਾ ਸਕੇ ਹੋ?

ਸ਼ਾਇਦ ਤੁਹਾਨੂੰ ਯਾਦ ਹੋਵੇ ਜਦ ਨਿਆਣੀ ਉਮਰੇ ਬਾਪ ਲੀਰਾਂ ਵਰਗੇ ਪਰਨੇ ਨਾਲ ਤਿੱਖੜ ਦੁਪਹਿਰਾਂ ਵਿਚ ਆਪਣੇ ਲਾਡਲੇ ਨੂੰ ਸੇਕ ਤੋਂ ਬਚਾਇਆ ਕਰਦਾ ਸੀ। ਕਦੇ ਉਸ ਡੱਬ-ਖੜੱਬੀ ਛਾਂ ਅਤੇ ਲੀਰਾਂ ਹੋਏ ਪਰਨੇ ਨੂੰ ਯਾਦ ਜਰੂਰ ਕਰਨਾ। ਏ. ਸੀ. ਕਾਰਾਂ ਅਤੇ ਘਰਾਂ ਵਿਚ ਬੈਠਿਆਂ ਉਹ ਸਕੂਨ ਨਹੀਂ ਆਵੇਗਾ ਜੋ ਬਾਲ ਉਮਰੇ ਬਾਪੂ ਵਲੋਂ ਕੀਤੀ ਛਾਂ ਨਾਲ ਆਇਆ ਸੀ?

ਧੁੱਪ ਦੀਆਂ ਕਣੀਆਂ ਜਦ ਚਾਨਣ ਵਿਹੂਣੀ ਅਤੇ ਯੱਖ ਸੋਚ-ਜੂਹ 'ਤੇ ਦਸਤਕ ਦਿੰਦੀਆਂ ਤਾਂ ਚਾਨਣ ਕਾਲਖ ਪੂੰਝਦਾ, ਯੱਖ ਕੁੱਖ ਵਿਚ ਨਿੱਘ ਦੀ ਸਰਗੋਸ਼ੀ ਦੀ ਆਮਦ ਬਣਦਾ।

ਕਦੇ ਕਦਾਈਂ ਧੁੱਪ ਦੀ ਭਲਿਆਈ ਅਤੇ ਇਸ ਦੀ ਮਾਨਵੀ ਦੇਣ ਨੂੰ ਸੋਚ ਧਰਾਤਲ 'ਤੇ ਖਿਆਲਣਾ ਅਤੇ ਇਸ ਦੀ ਅਣਹੋਂਦ ਨਾਲ ਉਭਰਨ ਵਾਲੀ ਸਰਬਨਾਸ਼ਤਾ ਨੂੰ ਕਿਆਸਣਾ, ਤੁਹਾਨੂੰ ਧੁੱਪ ਦੀ ਧਰਮ-ਬੰਦਗੀ ਅਤੇ ਧਾਰਮਿਕਤਾ ਦਾ ਅਹਿਸਾਸ ਹੋ ਜਾਵੇਗਾ ਅਤੇ ਤੁਸੀਂ ਇਸ ਦੀ ਸ਼ੁਕਰਗੁਜ਼ਾਰੀ ਨੂੰ ਨਤਮਤਸਕ ਜਰੂਰ ਹੋਵੋਗੇ!

ਧੁੱਪਾਂ ਵਰਗੇ ਪਹਿਰ ਵੇ ਰੱਬਾ ਹਰ ਝੋਲੀ ਵਿਚ ਪਾਈਂ, ਹਰ ਹਨੇਰੀ ਕੁੱਖ ਨੂੰ ਸਾਈਆਂ ਸੂਰਜ ਨਾਲ ਗਰਭਾਈਂ। ਧੁੱਪਾਂ ਵਰਗੀਆਂ ਰੁੱਤਾਂ ਬਣਨ ਹਰ ਬਨੇਰੇ ਦਾ ਮਾਣ, ਧੁੱਪਾਂ ਵਰਗੇ ਪਲਾਂ ਦਾ ਪੀਹੜਾ, ਹਰ ਵਿਹੜੇ ਦੀ ਸ਼ਾਨ। ਧੁੱਪਾਂ ਵਰਗੇ ਬਾਪੂ ਸਦਕਾ ਸਦਾ ਮਾਣੀਆਂ ਛਾਂਵਾਂ, ਧੁੱਪਾਂ ਬਣ ਕੇ, ਸੰਗ ਬੱਚਿਆਂ ਦੇ ਰਹਿਣ ਜਿਉਂਦੀਆਂ ਮਾਂਵਾਂ।

ਧੁੱਪ ਤੇ ਬਾਰਸ਼-ਬੂੰਦਾਂ ਦੀ ਸੰਗਮੀ ਸਾਂਝ, ਰੰਗ-ਬਿਰੰਗੇ ਵਰਤਾਰਿਆਂ ਦੀ ਗਵਾਹੀ ਜੋ ਸੱਤਰੰਗੀ ਨਾਲ ਅਸਮਾਨੀ ਵਿਹੜੇ ਵਿਚ ਰੰਗਾਂ ਦੀ ਛਹਿਬਰ ਲਾਉਂਦੀ।

ਕਕਰੀਲੀਆਂ ਸਵੇਰਾਂ ਵਿਚ ਚੜ੍ਹਦੀ ਧੁੱਪ ਦਾ ਕੋਸਾ ਕੋਸਾ ਅਹਿਸਾਸ, ਚਾਰੇ ਪਾਸੇ ਫੈਲੇ ਧੁੰਦ-ਪਸਾਰੇ ਦਾ ਉਡ ਜਾਣਾ ਅਤੇ ਨਿੱਘੇ ਬਜ਼ੁਰਗੀ ਹੱਥਾਂ ਵਿਚ ਸੇਕੇ ਹੋਏ ਬਚਪਨੀ ਹੱਥਾਂ ਦਾ ਸੁਖਨ ਜਦ ਚੇਤਿਆਂ ਵਿਚ ਤਰਦਾ ਤਾਂ ਧੁੱਪ ਦੇ ਬਲਿਹਾਰੇ ਜਾਣ ਨੂੰ ਜੀਅ ਕਰਦਾ।

ਸਰਬਗੁਣੀ ਅਤੇ ਸਰਬ-ਵਿਆਪਕ ਧੁੱਪ ਦੀ ਅਰਾਧਨਾ ਵਿਚੋਂ ਹੀ ਖੁਦ ਨੂੰ ਵਿਕਸਿਤ ਕੀਤਾ ਜਾ ਸਕਦਾ ਏ। ਅਜਿਹਾ ਕਰਨ ਦੀ ਚੇਸ਼ਟਾ ਜੇ ਮਨ ਵਿਚ ਪੈਦਾ ਹੋ ਜਾਵੇ ਤਾਂ ਧੁੱਪ ਦਾ ਧਰਮ-ਕਰਮ ਪੂਰਾ ਹੋ ਜਾਵੇਗਾ।

ਜ਼ਿੰਦਗੀ, ਧੁੱਪਾਂ ਅਤੇ ਛਾਂਵਾਂ ਦਾ ਸੁਮੇਲ। ਹਰ ਰੰਗ ਵਿਚੋਂ ਹੀ ਜ਼ਿੰਦਗੀ ਨੂੰ ਖੁਸ਼ਆਮਦੀਦ ਕਹਿਣਾ, ਮਨੁੱਖੀ ਸੋਚ ਦੀ ਪਹਿਲ। ਧੁੱਪਾਂ-ਛਾਂਵਾਂ ਸਦੀਵ ਨਹੀਂ ਰਹਿੰਦੀਆਂ, ਪਰ ਧੁੱਪਾਂ ਦਾ ਵੱਧ ਲਾਹਾ ਲੈਣ ਵਾਲੇ ਹੀ ਜੀਵਨ ਦਾ ਸੁੱਚਾ ਨਗ ਹੁੰਦੇ।

ਜ਼ਿੰਦਗੀ ਵਿਚ ਵਿਚਰਦਿਆਂ ਧੁੱਪ ਦਾ ਹੋਕਰਾ ਲਾਓ, ਧੁੱਪ ਦੀਆਂ ਰਿਸ਼ਮਾਂ ਬਰਸਾਓ ਅਤੇ ਧੁੱਪ ਦੇ ਲੰਗਰ ਲਗਾਓ। ਧੁੱਪ ਨਾਲ ਧੋਤੀਆਂ ਰਾਹਾਂ ਵਿਚ ਧੰਨਭਾਗਤਾ ਉਗੇਗੀ ਅਤੇ ਪੈਰਾਂ ਦੇ ਨਾਮ ਮੰਜ਼ਿਲ-ਮਸਤਕ ਉਕਰਨਗੀਆਂ।

# ਜਦੋਂ ਸ੍ਰੀਦੇਵੀ ਕੇ. ਪੀ. ਐਸ. ਗਿੱਲ ਦੀ 'ਹੀਰੋਇਨ' ਬਣਨ ਨੂੰ ਰਾਜ਼ੀ ਹੋਈ

"ਮੈਂ ਪਹਿਲਾਂ ਪੰਜਾਬ ਆਉਣ ਤੋਂ ਡਰਦੀ ਸੀ, ਪਰ ਇਥੇ ਆ ਕੇ ਮੇਰਾ ਸਾਰਾ ਡਰ ਨਿਕਲ ਗਿਆ ਹੈ।"

"ਜੇ ਕੇ. ਪੀ. ਐਸ. ਗਿੱਲ ਨਾਇਕ ਦੀ ਭੂਮਿਕਾ ਨਿਭਾਉਣ ਤਾਂ ਮੈਂ ਉਨ੍ਹਾਂ ਦੀ ਨਾਇਕਾ ਦੀ ਭੂਮਿਕਾ ਨਿਭਾਉਣ ਲਈ ਤਿਆਰ ਹਾਂ।"

ਮਰਹੂਮ ਸ੍ਰੀਦੇਵੀ ਦੇ ਇਹ ਬਿਆਨ ਮਾਰਚ 1993 ਵਿਚ ਪੰਜਾਬ ਦੀਆਂ ਅਖਬਾਰਾਂ ਵਿਚ ਛਪੇ ਸਨ। 'ਅਜੀਤ' ਅਖਬਾਰ ਵਿਚ ਸੁਰਖੀ ਸੀ: 'ਗਿੱਲ ਨੂੰ ਆਖਰ ਸੁਪਨਿਆਂ ਦੀ ਰਾਣੀ ਮਿਲ ਹੀ ਗਈ'। ਇਸ ਸੁਰਖੀ ਦੇ ਉਸ ਵੇਲੇ ਕਈ ਮਾਅਨੇ ਨਿਕਲਦੇ ਸਨ। ਸ਼ੋਭਾ ਡੇਅ ਨੇ 25 ਅਪਰੈਲ 1993 ਦੇ 'ਇੰਡੀਅਨ ਐਕਸਪ੍ਰੈਸ'

ਦਲਜੀਤ ਅਮੀ

ਵਿਚ ਵਿਅੰਗ ਕੀਤਾ ਸੀ ਕਿ ਸ੍ਰੀਦੇਵੀ ਦੇ ਕੇ. ਪੀ. ਐਸ. ਗਿੱਲ ਦੀ ਫਿਲਮ ਵਿਚ ਨਾਇਕਾ ਬਣਨ ਦੀ ਖਬਰ ਸਾਡੇ ਮੁਲਕ ਖ਼ਿਲਾਫ ਕਿਸੇ ਵਿਦੇਸ਼ੀ ਖੁਫੀਆ ਏਜੰਸੀ ਦੀ ਸਾਜ਼ਿਸ਼ ਨਹੀਂ ਤਾਂ ਹੋਰ ਕੀ ਹੈ!

ਯਾਦ ਰਹੇ, ਸ੍ਰੀਦੇਵੀ ਚੰਡੀਗੜ੍ਹ ਵਿਚ ਸ਼ੂਟਿੰਗ ਲਈ ਆਈ ਸੀ। ਅੱਜ ਤੋਂ 26 ਕੁ ਸਾਲ ਪਹਿਲਾਂ ਉਹ ਪੰਜਾਬ ਪੁਲਿਸ ਦੇ ਖਾੜਕੂ ਲਹਿਰ ਖਿਲਾਫ ਸਰਕਾਰੀ ਦਾਬੇ ਦਾ ਚਿਹਰਾ ਬਣੀ ਸੀ। ਅਹਿਮ ਖਾੜਕੂ ਜਥੇਬੰਦੀਆਂ ਦੇ ਫੈਸਲਾਕੁਨ ਨੁਕਸਾਨ ਪਿਛੋਂ ਪੰਜਾਬ ਪੁਲਿਸ ਗਾਇਕੀ ਅਤੇ ਨਾਟਕਾਂ ਦੀਆਂ ਪੇਸ਼ਕਾਰੀਆਂ ਰਾਹੀਂ ਸਰਕਾਰ ਆਪਣੀ ਜਿੱਤ ਦਾ ਐਲਾਨ ਕਰ ਰਹੀ ਸੀ। ਪੰਜਾਬ ਵਿਚ ਅਮਨ ਦੇ ਪਰਤ ਆਉਣ ਅਤੇ ਲੋਕਾਂ ਵਿਚ ਇਸ ਗੱਲ ਦੇ ਅਹਿਸਾਸ ਨੂੰ ਜਗਾਉਣ ਲਈ ਪੰਜਾਬ ਪੁਲਿਸ ਦੀ ਸਰਪ੍ਰਸਤੀ ਵਿਚ ਗਾਇਕੀ ਦੇ ਅਖਾੜੇ ਲੱਗ ਰਹੇ ਸਨ। ਸ੍ਰੀਦੇਵੀ ਚੰਡੀਗੜ੍ਹ ਵਿਚ ਸਾਵਨ ਕੁਮਾਰ ਦੀ ਫਿਲਮ 'ਚਾਂਦ ਕਾ ਟੁਕੜਾ' ਦੀ ਸ਼ੂਟਿੰਗ ਲਈ ਆਈ ਸੀ। ਇਸ ਫਿਲਮ ਵਿਚ ਅਹਿਮ ਕਿਰਦਾਰ ਸਲਮਾਨ ਖਾਨ, ਸ਼ਤਰੂਘਨ ਸਿਨਹਾ ਅਤੇ ਅਨੁਪਮ ਖੇਰ ਨੇ ਨਿਭਾਏ ਸਨ। ਚੰਡੀਗੜ੍ਹ ਵਿਚ ਸ੍ਰੀਦੇਵੀ ਨੇ ਉਕਤ ਬਿਆਨ ਪੰਜਾਬ ਪੁਲਿਸ ਦੇ ਤਤਕਾਲੀ ਮੁਖੀ ਕੇ. ਪੀ. ਐਸ. ਗਿੱਲ ਦੀ ਮਹਿਮਾਨ ਨਿਵਾਜ਼ੀ ਵਿਚ ਚੋਣਵੇਂ ਪੱਤਰਕਾਰਾਂ ਦੇ ਸੁਆਲਾਂ ਦੇ ਜੁਆਬ ਵਿਚ ਦਿੱਤੇ ਸਨ।

ਇਸੇ ਚੰਡੀਗੜ੍ਹ ਦੇ ਕਰੀਬ ਦੂਜੇ ਪਾਸੇ ਬੁੜੈਲ ਕੇਂਦਰੀ ਜੇਲ੍ਹ ਹੈ। ਇਸ ਜੇਲ੍ਹ ਵਿਚ ਕੈਦ ਖਾੜਕੂ ਸ੍ਰੀਦੇਵੀ ਦੀਆਂ ਫਿਲਮਾਂ ਦੇਖਦੇ ਰਹੇ ਸਨ। ਪੰਜਾਬ ਸੰਕਟ ਦੀ ਖੂਨੀ ਲੜਾਈ ਦੌਰਾਨ ਦੋਵੇਂ ਧਿਰਾਂ ਵਿਚ ਸ੍ਰੀਦੇਵੀ ਦੇ ਕਦਰਦਾਨ ਰਹੇ ਸਨ। ਸੰਨ 1987 ਤੋਂ 1990 ਤੱਕ ਜੇਲ੍ਹਬੰਦ ਰਹੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਕੁਨ ਸੁਰਿੰਦਰ ਸਿੰਘ ਕ੍ਰਿਸ਼ਨਪੁਰਾ ਨੂੰ ਸ੍ਰੀਦੇਵੀ ਦੀ ਮੌਤ ਦੀ ਖਬਰ ਉਨ੍ਹਾਂ ਦੇ ਪੁੱਤਰ ਨੇ ਸੁਣਾਈ। ਕ੍ਰਿਸ਼ਨਪੁਰਾ ਦੇ ਮੂੰਹੋਂ ਅੱਭੜਵਾਹੇ ਨਿਕਲਿਆ, "ਸ੍ਰੀਦੇਵੀ ਨਹੀਂ ਮਰ ਸਕਦੀ।" ਕ੍ਰਿਸ਼ਨਪੁਰਾ ਨੂੰ ਯਾਦ ਹੈ ਕਿ ਉਨ੍ਹਾਂ ਨੇ ਬੁੜੈਲ ਜੇਲ੍ਹ ਵਿਚ ਵੀ. ਸੀ. ਆਰ. ਨਾਲ ਟੈਲੀਵਿਜ਼ਨ ਉਤੇ ਸ੍ਰੀਦੇਵੀ ਦੀ ਫਿਲਮ 'ਰੂਪ ਕੀ ਰਾਣੀ ਚੋਰੋਂ ਕਾ ਰਾਜਾ' ਦੇਖੀ ਸੀ।

ਅਹਿਮ ਖਾੜਕੂਆਂ ਨੂੰ ਮਾਰਨ ਜਾਂ ਗ੍ਰਿਫਤਾਰ ਕਰਨ ਤੋਂ ਬਾਅਦ ਪੰਜਾਬ ਪੁਲਿਸ ਨੇ ਅਪਰੇਸ਼ਨ 'ਹੀਲਿੰਗ ਟੱਚ' ਸ਼ੁਰੂ ਕੀਤਾ ਸੀ।

ਉਨ੍ਹਾਂ ਦਿਨਾਂ ਵਿਚ ਕੇ. ਪੀ. ਐਸ. ਗਿੱਲ ਦੀਆਂ ਤਿੰਨ ਤਰ੍ਹਾਂ ਦੀਆਂ ਤਸਵੀਰਾਂ ਅਖਬਾਰਾਂ ਵਿਚ ਛਪਦੀਆਂ ਸਨ। ਇਕ ਉਨ੍ਹਾਂ ਦੀ ਪੰਜਾਬ ਵਿਚ ਪੁਲਿਸ ਮੁਲਾਜ਼ਮਾਂ ਦਾ ਸਨਮਾਨ ਕਰਦਿਆਂ ਜਾਂ ਖਾੜਕੂਆਂ ਦੇ ਪੀੜਤਾਂ ਨੂੰ ਮੁਆਵਜ਼ਾ ਦਿੰਦਿਆਂ ਦੀ ਤਸਵੀਰ ਹੁੰਦੀ ਸੀ। ਦੂਜੀ ਖੁੱਲ੍ਹੀ ਜੀਪ ਵਿਚ ਮਾਰਚ ਪਾਸਟ ਦੀ ਸਲਾਮੀ ਲੈਣ ਦੀ ਤਸਵੀਰ ਹੁੰਦੀ ਸੀ। ਤੀਜੀ ਪੰਜਾਬ ਤੋਂ ਬਾਹਰ ਕਿਤੇ ਸਨਮਾਨ ਲੈਣ ਦੀ ਤਸਵੀਰ ਹੁੰਦੀ ਸੀ। ਇਸ ਤੋਂ ਇਲਾਵਾ ਖਾੜਕੂਆਂ ਦੇ ਹਥਿਆਰ ਸੁੱਟਣ ਜਾਂ ਅਸਲੇ ਦੀਆਂ ਖੇਪਾਂ ਫੜ੍ਹੇ ਜਾਣ ਦੀਆਂ ਖਬਰਾਂ ਨਾਲ ਵੀ ਉਨ੍ਹਾਂ ਦੀਆਂ ਤਸਵੀਰਾਂ ਹੁੰਦੀਆਂ ਸਨ।

ਇਸ ਤਰ੍ਹਾਂ ਦੇ ਮਾਹੌਲ ਵਿਚ ਸ੍ਰੀਦੇਵੀ ਨਾਲ ਕੇ. ਪੀ. ਐਸ. ਗਿੱਲ ਦੀ ਤਸਵੀਰ ਛਪਣਾ ਵੀ ਬਾਕੀ ਤਸਵੀਰਾਂ ਵਾਲਾ ਹੀ ਕਾਰਜ ਸਿਰੇ ਚੜ੍ਹਾਉਂਦਾ ਸੀ। ਸਾਰੀਆਂ ਤਸਵੀਰਾਂ ਦੇ ਨਾਇਕ ਕੇ. ਪੀ. ਐਸ. ਗਿੱਲ ਸਨ ਅਤੇ ਇਸ ਤਸਵੀਰ ਵਿਚ ਨਾਇਕਾ ਵੀ ਸੀ। 'ਟਾਈਮਜ਼ ਆਫ ਇੰਡੀਆ' ਨੇ 8 ਮਾਰਚ 1993 ਨੂੰ ਲਿਖਿਆ ਸੀ, "ਉਸ (ਕੇ. ਪੀ. ਐਸ. ਗਿੱਲ) ਦੀ 'ਕਾਰਗੁਜ਼ਾਰੀ' ਅਤੇ ਉਸ (ਸ੍ਰੀਦੇਵੀ) ਦੀ ਅਦਾਕਾਰੀ ਨੇ ਉਨ੍ਹਾਂ ਨੂੰ ਇਕ-ਦੂਜੇ ਦੇ ਪ੍ਰਸ਼ੰਸਕ ਬਣਾ ਦਿੱਤਾ ਹੈ।" ਇਸ ਖਬਰ ਵਿਚ 'ਐਨਕਾਉਂਟਰ' ਸ਼ਬਦ ਇਕ ਪਾਸੇ ਮੁਲਾਕਾਤ ਦੀ ਬਾਤ ਪਾਉਂਦਾ ਸੀ ਅਤੇ ਦੂਜੇ ਪਾਸੇ 'ਪੁਲਿਸ ਮੁਕਾਬਲੇ' ਯਾਦ ਕਰਵਾਉਂਦਾ ਸੀ।

ਇਹੋ ਖੇਡ 'ਪੰਜਾਬੀ ਟ੍ਰਿਬਿਊਨ' ਨੇ ਸੱਤ ਮਾਰਚ ਦੇ ਅਖਬਾਰ ਵਿਚ 'ਮੁੱਠਭੇੜ' ਸ਼ਬਦ ਰਾਹੀਂ ਖੇਡੀ ਸੀ। ਪੁਲਿਸ ਦੀ ਸਭਿਆਚਾਰਕ ਮਸ਼ਕ ਕੇ. ਪੀ. ਐਸ. ਗਿੱਲ ਨੂੰ ਨਾਇਕ ਬਣਾ ਰਹੀ ਸੀ। ਸ੍ਰੀਦੇਵੀ ਦਾ ਅਦਾਕਾਰ ਵਜੋਂ ਲੋਕਾਂ ਦੇ ਦਿਲੋ-ਦਿਮਾਗ ਵਿਚ ਨਾਇਕਾ ਦਾ ਅਕਸ ਬਣਿਆ ਹੋਇਆ ਸੀ। ਇਸ ਨਾਇਕਾ ਨਾਲ ਬੈਠੇ ਕੇ. ਪੀ. ਐਸ. ਗਿੱਲ ਦਾ ਨਾਇਕ ਵਜੋਂ ਅਕਸ ਉਘਾੜਨ



(ਫੋਟੋ: ਪੰਜਾਬੀ ਟ੍ਰਿਬਿਊਨ)

ਚੋਟੀ ਦੇ ਪੁਲੀਸ ਅਫਸਰ ਦੀ ਅਦਾਕਾਰਾ ਸ੍ਰੀਦੇਵੀ ਨਾਲ 'ਮੁਠਭੇੜ'

*ਮਾਰਚ 1993 ਵਿਚ ਕੇ. ਪੀ. ਐਸ. ਗਿੱਲ ਨਾਲ ਅਦਾਕਾਰਾ ਸ੍ਰੀਦੇਵੀ।*

ਦਾ ਕੰਮ ਸ੍ਰੀਦੇਵੀ ਦੇ ਬਿਆਨ ਕਰਦੇ ਹਨ। ਜਦੋਂ ਕੇ. ਪੀ. ਐਸ. ਗਿੱਲ ਕਹਿੰਦੇ ਕਿ ਉਨ੍ਹਾਂ ਨੇ ਸ੍ਰੀਦੇਵੀ ਦੀਆਂ ਫਿਲਮਾਂ ਵੀਹ ਵੀਹ ਵਾਰ ਦੇਖੀਆਂ ਹਨ ਤਾਂ ਉਨ੍ਹਾਂ ਦਾ ਸਖਤ ਪੁਲਿਸ ਅਫਸਰ ਵਾਲਾ ਅਕਸ ਵੀ ਕੁਝ ਮੁਲਾਇਮ ਹੋ ਜਾਂਦਾ ਹੈ।

ਸੰਨ 2004 ਤੋਂ 2007 ਤੱਕ ਡੀ.ਜੀ.ਪੀ. ਰਹੇ ਜੀ. ਐਸ. ਔਜਲਾ ਨੇ ਤਤਕਾਲੀ ਮਾਹੌਲ ਬਾਬਤ ਦੱਸਿਆ, "ਉਸ ਵੇਲੇ ਲੋਕਾਂ ਦਾ ਭਰੋਸਾ ਬਹਾਲ ਕਰਨ ਅਤੇ ਫਿਜ਼ਾ ਵਿਚ ਤਬਦੀਲੀ ਦਾ ਸੁਨੇਹਾ ਭਰਨ ਲਈ ਪੁਲਿਸ ਨੇ ਬਹੁਤ ਸਾਰੇ ਕਲਾਕਾਰਾਂ ਨੂੰ ਆਪਣੇ ਨਾਲ ਜੋੜਿਆ ਅਤੇ ਉਨ੍ਹਾਂ ਦੀਆਂ ਪੇਸ਼ਕਾਰੀਆਂ ਰਾਹੀਂ ਲੋਕਾਂ ਦਾ ਮਨੋਰੰਜਨ ਕੀਤਾ।" ਔਜਲਾ ਨੂੰ ਪੁਲਿਸ ਦੀ ਇਸ ਮੁਹਿੰਮ ਵਿਚ ਸ਼ਾਮਿਲ ਹੋਣ ਵਾਲੇ ਕਈ ਗਾਇਕਾਂ ਦੇ ਨਾਮ ਯਾਦ ਹਨ, ਪਰ ਉਹ ਸ੍ਰੀਦੇਵੀ ਬਾਬਤ ਕਹਿੰਦੇ ਹਨ, "ਮੈਨੂੰ ਸ੍ਰੀਦੇਵੀ ਬਾਬਤ ਕੁਝ ਯਾਦ ਨਹੀਂ, ਪਰ ਪੁਲਿਸ ਨੇ ਕਲਾਕਾਰਾਂ ਰਾਹੀਂ ਲੋਕਾਂ ਨੂੰ ਅਮਨ ਦੀ ਬਹਾਲੀ ਦਾ ਸੁਨੇਹਾ ਦੇਣ ਲਈ ਮੁਹਿੰਮ ਜ਼ਰੂਰ ਚਲਾਈ ਸੀ।"

ਪੁਲੀਟੀਕਲ ਸਾਇੰਸ ਦੇ ਕਾਲਜ ਅਧਿਆਪਕ ਡਾ. ਤਗਿੰਦਰ ਇਸ ਤਸਵੀਰ ਦੀ ਰਮਜ਼ ਇਸ ਤਰ੍ਹਾਂ ਫੜ੍ਹਦੇ ਹਨ, "ਸ੍ਰੀਦੇਵੀ ਉਸ ਵੇਲੇ ਭਾਵੇਂ ਰਸਮੀ ਤੌਰ ਉਤੇ ਪੁਲਿਸ ਦੀ ਮੁਹਿੰਮ ਦਾ ਹਿੱਸਾ ਨਾ ਵੀ ਹੋਵੇ, ਪਰ ਅਖਬਾਰ ਦੀ ਖਬਰ ਅਤੇ ਤਸਵੀਰ ਸਰਕਾਰੀ ਸਭਿਆਚਾਰਕ ਮੁਹਿੰਮ ਦੇ ਚੌਖਟੇ ਵਿਚ ਪੂਰੀ ਉਤਰਦੀ ਸੀ।"

ਪੰਜਾਬੀ ਕਵੀ ਗੁਰਭਜਨ ਗਿੱਲ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਦੇ ਉਸ ਸਮਾਗਮ ਵਿਚ ਦਰਸ਼ਕ ਵਜੋਂ ਹਾਜ਼ਰ ਸਨ ਜਿਸ ਦੇ ਸਰਪ੍ਰਸਤ ਕੇ. ਪੀ. ਐਸ. ਗਿੱਲ ਸਨ, ਮੁੱਖ ਮਹਿਮਾਨ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਸਨ ਅਤੇ ਕਲਾਕਾਰ ਸ੍ਰੀਦੇਵੀ ਸੀ। ਗੁਰਭਜਨ ਗਿੱਲ ਨੇ ਦੱਸਿਆ, "ਸ੍ਰੀਦੇਵੀ ਨੇ ਸਾਦੇ ਜਿਹੇ ਸ਼ਬਦਾਂ ਵਿਚ ਪੰਜਾਬ ਵਿਚ ਅਮਨ ਦੀ ਬਹਾਲੀ ਦਾ ਸੁਆਗਤ ਕੀਤਾ ਸੀ ਅਤੇ ਲੋਕਾਂ ਨੂੰ ਮਿਲਜੁਲ ਕੇ ਰਹਿਣ ਦੀ ਬੇਨਤੀ ਕੀਤੀ ਸੀ।"

ਉਸ ਸਮਾਗਮ ਦੇ ਪ੍ਰਬੰਧਕਾਂ ਵਿਚ ਕਾਂਗਰਸੀ ਕਾਰਕੁਨ ਅਮਰਜੀਤ ਸਿੰਘ ਟਿੱਕਾ ਨੇ ਕਿਹਾ, "ਸ੍ਰੀਦੇਵੀ ਰਾਸ਼ਟਰਵਾਦੀ ਕਲਾਕਾਰ ਸੀ ਅਤੇ ਉਹ ਪੂਰਾ ਖ਼ਤਰਾ ਸਹੇੜ ਕੇ ਲੁਧਿਆਣੇ ਆਈ ਸੀ।" 'ਇੰਡੀਆ ਟੂਡੇ' ਦੇ ਪੱਤਰਕਾਰ ਰਮੇਸ਼ ਵਿਨਾਇਕ ਨੇ 31 ਮਈ 1993 ਦੇ ਆਪਣੇ ਲੇਖ ਵਿਚ ਬੰਦੂਕਾਂ ਦੀ ਥਾਂ ਪੰਜਾਬ ਵਿਚ ਤੂੰਬੀਆਂ ਵੱਜਣ ਦੀ ਦਲੀਲ ਇਸ ਤਰ੍ਹਾਂ ਦਿੱਤੀ ਹੈ: "ਸੂਬਾ ਸਰਕਾਰ ਨੇ ਸਮਝ ਲਿਆ ਹੈ ਕਿ ਲੋਕਾਂ ਨੂੰ ਸਰਕਾਰੀ ਸਮਾਗਮਾਂ ਵਿਚ ਲਿਆਉਣ ਲਈ ਲੋਕ ਕਲਾਵਾਂ ਮਿਕਨਾਤੀਸੀ ਖਿੱਚ ਰੱਖਦੀਆਂ ਹਨ। ਕੁਝ ਮਹੀਨੇ ਪਹਿਲਾਂ ਸਰਕਾਰੀ ਸਰਪ੍ਰਸਤੀ ਹੇਠ ਲੱਗੇ ਮਕਬੂਲ ਗਾਇਕਾਂ ਦੇ ਅਖਾੜੇ ਇਹ ਸੁਨੇਹਾ ਦੇਣ ਵਿਚ ਕਾਮਯਾਬ ਰਹੇ ਸਨ ਕਿ ਹੁਣ ਹਾਲਾਤ ਬਦਲ ਗਏ ਹਨ।" ਇਸੇ ਲੇਖ ਵਿਚ ਸਭਿਆਚਾਰਕ ਮਾਮਲਿਆਂ ਦੇ ਤਤਕਾਲੀ ਨਿਰਦੇਸ਼ਕ ਜੇ. ਐਸ. ਬੀਰ ਦਾ ਬਿਆਨ ਦਰਜ ਹੈ, "ਇਨ੍ਹਾਂ ਅਖਾੜਿਆਂ ਤੋਂ ਲੋਕਾਂ ਦੇ ਰੌਂਅ ਅਤੇ ਖਾੜਕੂ ਲਹਿਰ ਦੀ ਹਾਲਤ ਦਾ ਅੰਦਾਜ਼ਾ ਹੁੰਦਾ ਹੈ।"

ਸੁਰਿੰਦਰ ਸਿੰਘ ਕ੍ਰਿਸ਼ਨਪੁਰਾ ਆਪਣੇ ਸਾਥੀਆਂ ਅਤੇ ਕੇ. ਪੀ. ਐਸ. ਗਿੱਲ ਦੇ ਸ੍ਰੀਦੇਵੀ ਬਾਬਤ ਝੁਕਾਅ ਵਿਚ ਫਰਕ ਕਰਦੇ ਹਨ, "ਸਿੰਘਾਂ ਨੂੰ ਸ੍ਰੀਦੇਵੀ ਦੀ ਅਦਾਕਾਰੀ ਪਸੰਦ ਸੀ, ਪਰ ਕੇ. ਪੀ. ਐਸ. ਗਿੱਲ ਦਾ ਸੁਭਾਅ ਕੁਝ ਹੋਰ ਤਰ੍ਹਾਂ ਦਾ ਸੀ...।" ਕ੍ਰਿਸ਼ਨਪੁਰਾ ਇਸ ਤੋਂ ਬਾਅਦ ਅੰਦਾਜ਼ਿਆਂ ਅਤੇ ਕਿਆਸਿਆਂ ਭਰੀ ਚੁੱਪ ਧਾਰ ਲੈਂਦੇ ਹਨ। ਫਿਰ ਉਹ ਆਪਣੀ ਚੁੱਪ ਨੂੰ ਤੋੜ ਕੇ ਕਹਿੰਦੇ ਹਨ, "ਉਹ ਸਾਡੀ ਚੜ੍ਹਾਈ ਦਾ ਸਮਾਂ ਸੀ ਅਤੇ ਹੁਣ ਮਾਹੌਲ ਬਦਲ ਗਿਆ।"

ਸ੍ਰੀਦੇਵੀ ਦਾ ਹੁਕਮਰਾਨ ਤੇ ਬਾਗੀਆਂ ਵਿਚਾਲੇ ਵਿਚਰਨਾ ਸਿਰਫ ਪੰਜਾਬ ਤੱਕ ਮਹਿਦੂਦ ਨਹੀਂ ਹੈ। ਜਦੋਂ ਪਾਕਿਸਤਾਨ ਵਿਚ ਫੌਜੀ ਤਾਨਾਸ਼ਾਹ ਜ਼ਿਆ ਉਲ ਹੱਕ ਨੇ ਭਾਰਤੀ ਫਿਲਮਾਂ ਦੇਖਣ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਤਾਂ ਕਰਾਚੀ ਦੇ ਵਿਦਿਆਰਥੀ ਹੋਸਟਲਾਂ ਵਿਚ ਬਗਾਵਤ ਦੀ ਨਿਸ਼ਾਨੀ ਵਜੋਂ ਸ੍ਰੀਦੇਵੀ ਦੀਆਂ ਤਸਵੀਰਾਂ ਲਾਈਆਂ ਜਾਂਦੀਆਂ ਸਨ ਅਤੇ ਖਿੜਕੀਆਂ-ਬਾਰੀਆਂ ਖੋਲ੍ਹ ਕੇ ਉਸ ਦੀਆਂ ਫਿਲਮਾਂ ਦੇਖੀਆਂ ਜਾਂਦੀਆਂ ਹਨ।

ਸ਼ਾਇਦ ਇਸੇ ਲਈ ਸ੍ਰੀਦੇਵੀ ਦੀ ਮੌਤ ਦਾ ਸੋਗ ਹੱਦਾਂ-ਬੰਨ੍ਹਿਆ ਤੋਂ ਛਲਕ ਪਿਆ ਸੀ। ਵੁਸਤ-ਉਲ੍ਹਾ ਖਾਨ ਦੀ ਲਿਖਤ ਇਹੋ ਸੁਝਾਉਂਦੀ ਜਾਪਦੀ ਹੈ ਕਿ ਸ੍ਰੀਦੇਵੀ ਦੇ 'ਰੂਪ ਕੀ ਰਾਣੀ...' ਹੋਣ ਬਾਬਤ ਕੋਈ ਬਹਿਸ ਨਹੀਂ ਹੈ, ਪਰ 'ਚੋਰੋਂ ਕਾ ਰਾਜਾ' ਦੇ ਅਰਥ ਸਮੇਂ-ਸਥਾਨ ਨਾਲ ਬਦਲਦੇ ਰਹਿਣੇ ਹਨ।

# ਸਭ ਤੋਂ ਮਹਿੰਗੀ ਅਦਾਕਾਰਾ

ਪ੍ਰਿਅੰਕਾ ਚੋਪੜਾ ਅੱਜ ਕੱਲ੍ਹ ਹਾਲੀਵੁੱਡ ਵਿਚ ਰੁਝੀ ਹੋਈ ਹੈ ਅਤੇ ਬਾਲੀਵੁੱਡ ਦੀਆਂ ਸਭ ਤੋਂ ਮਹਿੰਗੀਆਂ ਅਭਿਨੇਤਰੀਆਂ ਵਿਚੋਂ ਇਕ ਹੈ। ਐਵਾਰਡ ਸ਼ੋਅ ਵਿਚ ਪੇਸ਼ਕਾਰੀ ਦੇਣ ਲਈ ਉਹ ਇਕ ਮਿੰਟ ਦੀ ਪੇਸ਼ਕਾਰੀ ਲਈ ਇਕ ਕਰੋੜ ਰੁਪਏ ਫੀਸ ਵਸੂਲਦੀ ਹੈ। ਸਿਰਫ ਪੰਜ ਮਿੰਟ ਦੀ ਪੇਸ਼ਕਾਰੀ ਲਈ ਉਸ ਨੂੰ ਪੰਜ ਕਰੋੜ ਰੁਪਏ ਮਿਲਦੇ ਹਨ।

ਪ੍ਰਿਅੰਕਾ ਨੇ ਆਪਣੇ ਹੁਣ ਤਕ ਦੇ ਫ਼ਿਲਮੀ ਕਰੀਅਰ ਵਿਚ ਸਭ ਤੋਂ ਉਤਮ ਅਭਿਨੇਤਰੀ ਦਾ ਰਾਸ਼ਟਰੀ ਫ਼ਿਲਮ ਐਵਾਰਡ, ਚਾਰ ਸ਼੍ਰੇਣੀਆਂ ਵਿਚ ਫ਼ਿਲਮਫੇਅਰ ਐਵਾਰਡ ਸਮੇਤ ਕਈ ਹੋਰ ਇਨਾਮ ਪ੍ਰਾਪਤ ਕੀਤੇ ਹਨ। ਉਸ ਨੇ ਆਪਣੇ ਕਰੀਅਰ ਵਿਚ ਜੋ ਮੁਕਾਮ ਹਾਸਲ ਕੀਤਾ ਹੈ, ਉਹ ਘੱਟ ਅਭਿਨੇਤਰੀਆਂ ਨੂੰ ਨਸੀਬ ਹੁੰਦਾ ਹੈ।



ਬਾਲੀਵੁੱਡ ਵਿਚ ਬਤੌਰ ਅਭਿਨੇਤਰੀ ਆਪਣੀ ਧਾਕ ਜਮਾਉਣ ਤੋਂ ਬਾਅਦ ਪ੍ਰਿਅੰਕਾ ਨੇ ਹਾਲੀਵੁੱਡ ਦੀ ਉੜਾਨ ਭਰੀ ਤਾਂ ਉਥੇ ਵੀ ਆਪਣੇ ਨਾਮ ਦਾ ਡੰਕਾ ਵਜਾਇਆ। ਪਹਿਲਾਂ ਸਿੰਗਲਸ, ਫਿਰ ਟੀ ਵੀ ਸੀਰੀਜ਼ 'ਕੁਆਂਟਿਕੋ' ਤੋਂ ਅਮਰੀਕੀ ਟੈਲੀਵੀਜ਼ਨ ਉਤੇ ਰਾਜ ਕਰਨ ਤੋਂ ਬਾਅਦ ਫ਼ਿਲਮ 'ਬੇਅਵਾਚ' ਤੋਂ ਉਹ ਵੱਡੇ ਪਰਦੇ ਉਤੇ ਧੁੰਮਾਂ ਪਾਉਂਦੀ ਹੋਈ ਕੌਮਾਂਤਰੀ ਸ਼ੋਅ ਬਿਜ਼ ਦਾ ਅਹਿਮ ਹਿੱਸਾ ਬਣ ਗਈ ਹੈ। ਉਸ ਦੀਆਂ ਗੱਲਾਂ ਦਾ ਖੁੱਲ੍ਹਾਪਣ ਉਸ ਦੇ ਗਲੈਮਰਸ ਅਕਸ ਨਾਲ ਮੇਲ ਖਾਂਦਾ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਪੱਛਮੀ ਮੀਡੀਆ ਵੀ ਪ੍ਰਿਅੰਕਾ ਨੂੰ ਸੁਣਾਉਣ ਅਤੇ ਦਿਖਾਉਣ ਲਈ ਬੇਤਾਬ ਰਹਿੰਦਾ ਹੈ। ਯਾਨੀ, ਇਹ 'ਦੇਸੀ ਗਰਲ' ਦੇਖਦਿਆਂ ਦੇਖਦਿਆਂ ਹਾਲੀਵੁੱਡ ਵਿਚ ਵੱਡੀ ਸਟਾਰ ਬਣ ਚੁੱਕੀ ਹੈ। ਪ੍ਰਿਅੰਕਾ ਦਾ ਕਹਿਣਾ ਹੈ ਕਿ ਹਿੱਟ ਹੋਣਾ ਕਦੇ ਵੀ ਉਸ ਦਾ ਟੀਚਾ ਨਹੀਂ ਸੀ।

ਦੋ ਵਾਰ ਦੀ 'ਗੋਲਡਨ ਗਲੋਬ' ਜੇਤੂ ਪ੍ਰਿਅੰਕਾ ਚੋਪੜਾ ਦਾ ਕਹਿਣਾ ਹੈ ਕਿ ਉਹ ਹਾਲੀਵੁਡ ਵਿਚ ਕੋਈ ਝੰਡਾ ਗੱਡਣ ਦੇ ਇਰਾਦੇ ਨਾਲ ਨਹੀਂ ਗਈ ਸੀ। ਉਸ ਨੂੰ ਮੌਕੇ ਮਿਲਦੇ ਗਏ ਅਤੇ ਉਹ ਪੂਰੀ ਮਿਹਨਤ ਨਾਲ ਉਨ੍ਹਾਂ ਨੂੰ ਕਰਦੀ ਗਈ, ਪਰ ਕਾਮਯਾਬੀ ਦੇ ਇਸ ਮੋੜ ਉਤੇ ਆ ਕੇ ਉਹ ਜਦੋਂ ਪਿੱਛੇ ਮੁੜ ਕੇ ਦੇਖਦੀ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਉਹ ਇੰਨੀ ਸੁੰਦਰ ਨਹੀਂ ਸੀ ਕਿ ਮਿਸ ਇੰਡੀਆ ਵਰਗਾ ਮੁਕਾਬਲਾ ਜਿੱਤ ਸਕੇ। ਇਸ ਦੇ ਬਾਵਜੂਦ ਉਸ ਦਾ ਇਹ ਵੀ ਮੰਨਣਾ ਹੈ ਕਿ ਮਨੋਰੰਜਨ ਜਗਤ ਵਿਚ ਉਸ ਦਾ ਕਰੀਅਰ ਚੁਣੌਤੀਆਂ ਭਰਿਆ ਰਿਹਾ ਹੈ। ਇਸ ਬਾਰੇ ਉਸ ਦੀ ਦਲੀਲ ਹੈ ਕਿ ਪਹਿਲਾਂ ਉਹ ਕੋਈ ਲੰਬੀ ਯੋਜਨਾ ਨਹੀਂ ਬਣਾਉਂਦੀ ਸੀ, ਕਿਉਂਕਿ ਉਹ ਫ਼ਿਲਮੀ ਪਿਛੋਕੜ ਤੋਂ ਨਹੀਂ ਹੈ। ਉਸ ਦੇ ਕਰੀਅਰ ਵਿਚ ਹਮੇਸ਼ਾ ਖ਼ਤਰਨਾਕ ਬਦਲ ਰਹੇ ਹਨ, ਪਰ ਉਸ ਨੇ ਹਮੇਸ਼ਾ ਪੱਕਾ ਫ਼ੈਸਲਾ ਹੀ ਕੀਤਾ ਹੈ। ਉਸ ਦੀ ਸਭ ਤੋਂ ਵੱਡੀ ਚੁਣੌਤੀ ਇਹ ਜਾਣਨਾ ਰਹੀ ਹੈ ਕਿ ਉਹ ਖ਼ਤਰਾ ਮੁੱਲ ਲੈ ਰਹੀ ਹੈ। ਇਸ ਵਿਚ ਦੋ ਰਾਵਾਂ ਨਹੀਂ ਕਿ ਕਰੀਅਰ ਦੇ ਸ਼ੁਰੂਆਤੀ ਦੌਰ ਤੋਂ ਲੈ ਕੇ ਅੱਜ ਤਕ ਪ੍ਰਿਅੰਕਾ ਖ਼ਤਰੇ ਹੀ ਮੁੱਲ ਲੈ ਰਹੀ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਫਿਰ ਉਹ ਵੀ ਆਮ ਭਾਰਤੀ ਵਾਂਗ ਆਮਦਨ ਕਰ ਭਰਨ ਵਿਚ ਹਿੰਮਤ ਜ਼ਰੂਰ ਦਿਖਾਉਂਦੀ; ਹਾਲਾਂਕਿ ਉਸ ਨੇ ਅਜਿਹਾ ਨਹੀਂ ਕੀਤਾ ਤਾਂ ਅੱਜ ਉਸ ਉਤੇ ਨਾ ਕੇਵਲ ਟੈਕਸ ਚੋਰੀ ਦਾ ਇਲਜ਼ਾਮ ਲੱਗ ਗਿਆ ਹੈ, ਸਗੋਂ ਉਸ ਉਤੇ ਆਮਦਨ ਕਰ ਵਿਭਾਗ ਸ਼ਿਕੰਜਾ ਵੀ ਕੱਸਦਾ ਨਜ਼ਰ ਆ ਰਿਹਾ ਹੈ। ਦਰਅਸਲ, ਪ੍ਰਿਅੰਕਾ ਚੋਪੜਾ ਆਪਣੀਆਂ ਕੁਝ ਲਗਜਰੀ ਚੀਜ਼ਾਂ ਨੂੰ ਲੈ ਕੇ ਆਮਦਨ ਕਰ ਮਾਮਲੇ ਵਿਚ ਫਸ ਗਈ ਹੈ। ਆਮਦਨ ਕਰ ਵਿਭਾਗ ਦਾ ਕਹਿਣਾ ਹੈ ਕਿ ਭਾਰਤੀ ਕਾਨੂੰਨ ਤਹਿਤ ਪ੍ਰਿਅੰਕਾ ਨੂੰ ਤੋਹਫ਼ੇ ਦੇ ਰੂਪ ਵਿਚ ਕੁਝ ਵੀ ਮਿਲਿਆ ਹੋਵੇ, ਪਰ ਉਸ ਨੂੰ ਲਗਜਰੀ ਦੀਆਂ ਵਸਤਾਂ ਉੱਤੇ ਟੈਕਸ ਭਰਨਾ ਲਾਜ਼ਮੀ ਹੈ। 2011 ਵਿਚ ਕਮਾਈ ਤੋਂ ਜ਼ਿਆਦਾ ਜਾਇਦਾਦ ਦੇ ਮਾਮਲੇ ਵਿਚ ਇਨਕਮ ਟੈਕਸ ਅਪੀਲੇਟ ਟ੍ਰਿਬਿਊਨਲ (ਆਈ ਟੀ ਏ ਟੀ) ਨੇ ਉਸ ਦੇ ਘਰ ਛਾਪੇ ਮਾਰੇ ਸਨ। ਉਸ ਦੇ ਘਰ ਤੋਂ ਇਕ ਲਗਜਰੀ ਘੜੀ ਅਤੇ ਇਕ ਲਗਜਰੀ ਕਾਰ ਮਿਲੀ, ਜਿਸ ਦਾ ਟੈਕਸ ਉਸ ਨੇ ਨਹੀਂ ਭਰਿਆ ਸੀ। ਪ੍ਰਿਅੰਕਾ ਚੋਪੜਾ ਤੋਂ ਜਦੋਂ ਇਨ੍ਹਾਂ ਚੀਜ਼ਾਂ ਸਬੰਧੀ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਐਲ ਵੀ ਐਮ ਐਚ-ਟੈਗ ਵਾਚ (ਕੀਮਤ ਕਰੀਬ 40 ਲੱਖ ਰੁਪਏ) ਅਤੇ ਟੋਯੋਟਾ ਦੀ ਕਾਰ (ਕੀਮਤ ਕਰੀਬ 27 ਲੱਖ ਰੁਪਏ) ਉਸ ਨੂੰ ਇਕ ਕੰਪਨੀ ਵੱਲੋਂ ਉਸ ਦੀ ਪੇਸ਼ਕਾਰੀ ਲਈ ਤੋਹਫ਼ੇ ਵਜੋਂ ਦਿੱਤੀ ਗਈ ਸੀ, ਪਰ ਆਮਦਨ ਕਰ ਵਿਭਾਗ ਉਸ ਦੀਆਂ ਇਨ੍ਹਾਂ ਦਲੀਲਾਂ ਨੂੰ ਨਾ ਕੇਵਲ ਖਾਰਜ ਕਰ ਰਿਹਾ ਹੈ, ਸਗੋਂ ਉਸ ਦਾ ਇਹ ਵੀ ਕਹਿਣਾ ਹੈ ਕਿ ਭਾਰਤੀ ਆਮਦਨ ਕਰ ਨਿਯਮ ਤਹਿਤ ਪੇਸ਼ੇਵਾਰਾਨਾ ਤੌਰ ਉਤੇ ਮਿਲੇ ਤੋਹਫ਼ੇ ਉਤੇ ਵੀ ਉਸ ਨੂੰ ਸਰਕਾਰ ਨੂੰ ਟੈਕਸ ਚੁਕਾਉਣਾ ਪਵੇਗਾ।

# ਚਿਤਰਾਂਗਦਾ ਸਿੰਘ ਜੱਜ ਬਣੀ

ਚਾਰ ਸਾਲਾਂ ਵਿਚ 'ਗੱਬਰ ਇਜ਼ ਬੈਕ' ਤੇ 'ਮੁੰਨਾ ਮਾਈਕਲ' ਵਿਚ ਛੋਟੀ ਭੂਮਿਕਾ ਵਿਚ ਨਜ਼ਰ ਆਈ ਚਿਤਰਾਂਗਦਾ ਸਿੰਘ ਉਦੋਂ ਖ਼ਬਰਾਂ ਵਿਚ ਆਈ ਜਦੋਂ ਉਸ ਨੇ ਨਵਾਜ਼ੂਦੀਨ ਸਿਦੀਕੀ ਨੂੰ ਮੁੱਖ ਭੂਮਿਕਾ ਵਿਚ ਚਮਕਾਉਂਦੀ 'ਬਾਬੂਮੋਸ਼ਾਏ ਬੰਦੂਕਬਾਜ਼' ਛੱਡ ਦਿੱਤੀ ਸੀ। ਇਸ ਤੋਂ ਇਲਾਵਾ ਚਿਤਰਾਂਗਦਾ ਦੀਆਂ ਸਰਗਰਮੀਆਂ ਬਾਰੇ ਜ਼ਿਆਦਾ ਕੁਝ ਸੁਣਨ ਵਿਚ ਨਹੀਂ ਆਇਆ। ਹੁਣ ਉਸ ਨੂੰ ਲੈ ਕੇ ਇਹ ਖ਼ਬਰ ਆਈ ਹੈ ਕਿ ਉਹ ਡਾਂਸ ਸ਼ੋਅ ਵਿਚ ਜੱਜ ਦੀ ਕੁਰਸੀ 'ਤੇ ਬੈਠੀ ਨਜ਼ਰ ਆਏਗੀ। 'ਡਾਂਸ ਇੰਡੀਆ ਡਾਂਸ ਲਿਟਲ ਮਾਸਟਰਜ਼' ਸ਼ੋਅ ਲਈ ਚਿਤਰਾਂਗਦਾ ਨੂੰ ਜੱਜ ਦੇ ਤੌਰ 'ਤੇ ਸਾਈਨ ਕਰ ਲਿਆ ਗਿਆ ਹੈ ਅਤੇ ਇਸ ਸ਼ੋਅ ਦੀ ਸ਼ੂਟਿੰਗ ਵੀ ਸ਼ੁਰੂ ਹੋ ਗਈ ਹੈ। ਉਂਜ ਚਿਤਰਾਂਗਦਾ ਲਈ ਜੱਜ ਦੇ ਕੰਮ ਨੂੰ ਅੰਜਾਮ ਦੇਣਾ ਸੌਖਾ ਰਹੇਗਾ, ਕਿਉਂਕਿ 'ਮੁੰਨਾ ਮਾਈਕਲ' ਵਿਚ ਵੀ ਉਹ ਡਾਂਸਿੰਗ ਸ਼ੋਅ ਦੀ ਜੱਜ ਬਣ ਕੇ ਆਪਣੀ ਰਾਏ ਦਿੰਦੀ ਨਜ਼ਰ ਆਈ ਸੀ।; ਭਾਵ ਜੋ ਉਸ ਨੇ ਵੱਡੇ ਪਰਦੇ 'ਤੇ ਕੀਤਾ, ਉਹੀ ਕੰਮ ਹੁਣ ਛੋਟੇ ਪਰਦੇ 'ਤੇ ਕਰ ਰਹੀ ਹੈ।




PUNJABI STARLIVE EVENT MANAGEMENT PVT LTD.
PRESENTS
VISA APPROVED
Nirmal Sidhu
Resham Anmol
Sara Gurpal
USA TOUR 2018
Bunty Bains
GUEST APPEARANCE
MEDIA PARTNER
BOSTON DESI CONNECTION
BDCtv
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com